16-JULY-PAGE-1.qxd 7/15/2025 10:46 PM Page 1

ਬੁੱਧਵਾਰ, 16 ਜੁਲਾਈ, 2025
1 ਸਾਉਣ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 45

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 16 JULY, 2025 ਜਲੰਧਰ

**ਸਟਾਫ ਦੀ ਲੋੜ**
**ਭੰਡਾਰੀ ਕਾਰ ਬਾਜ਼ਾਰ ਭੋਗਪੁਰ**
ਵਿਖੇ ਦਫਤਰੀ ਕੰਮਾਂ ਲਈ ਸਟਾਫ ਅਤੇ ਕਾਰ ਵਾਸ਼ਿੰਗ ਲਈ ਲੜਕਿਆਂ ਦੀ ਜ਼ਰੂਰਤ ਹੈ। ਤਨਖਾਹ 10,000 ਤੋਂ 20,000 ਰੁਪਏ। ਚਾਹਵਾਨ 62800-30861 'ਤੇ ਸੰਪਰਕ ਕਰਨ।
ਮਿਲਣ ਦਾ ਸਮਾਂ : ਸਵੇਰੇ 8 ਤੋਂ 10 ਵਜੇ ਤੱਕ

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਹੈਦਰਾਬਾਦ 'ਚ ਕਮਿਊਨਿਸਟ ਆਗੂ ਦੀ ਹੱਤਿਆ

**ਹੈਦਰਾਬਾਦ** : ਤਿਲੰਗਾਨਾ ਦੇ ਸੀ ਪੀ ਆਈ ਆਗੂ ਦੀ ਮੰਗਲਵਾਰ ਸਵੇਰ ਇੱਥੇ ਮਲਕਪੇਟ ਵਿੱਚ ਅਣਪਛਾਤੇ ਵਿਅਕਤੀਆਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਪੁਲਸ ਨੇ ਦੱਸਿਆ ਕਿ ਅਣਪਛਾਤੇ ਹਮਲਾਵਰ ਇੱਕ ਕਾਰ ਵਿੱਚ ਆਏ ਅਤੇ ਪਤਨੀ ਤੇ ਬੇਟੇ ਨਾਲ ਸਵੇਰ ਦੀ ਸੈਰ ਕਰ ਰਹੇ ਕਮਿਊਨਿਸਟ ਪਾਰਟੀ ਦੀ ਸਟੇਟ ਕੌਂਸਲ ਦੇ ਮੈਂਬਰ ਕੇ ਚੰਦੂ ਨਾਇਕ 'ਤੇ ਗੋਲੀਆਂ ਚਲਾ ਦਿੱਤੀਆਂ। ਕਈ ਗੋਲੀਆਂ ਲੱਗਣ ਕਾਰਨ ਆਗੂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹਮਲਾਵਰ ਫਰਾਰ ਹੋ ਗਏ।

## ਦੋ ਯਾਤਰੀ ਜਹਾਜ਼ ਤੋਂ ਉਤਾਰੇ

**ਨਵੀਂ ਦਿੱਲੀ** : ਸੋਮਵਾਰ ਦਿੱਲੀ ਤੋਂ ਮੁੰਬਈ ਜਾਣ ਲਈ ਰਨਵੇਅ 'ਤੇ ਤਿਆਰ ਸਪਾਈਸਜੈੱਟ ਦੇ ਜਹਾਜ਼ ਦੀ ਕੌਕਪਿਟ 'ਚ ਜਬਰੀ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲੇ ਦੋ ਯਾਤਰੀਆਂ ਨੂੰ ਜਹਾਜ਼ 'ਚੋਂ ਉਤਾਰ ਕੇ ਸੀ ਆਈ ਐੱਸ ਐੱਫ ਦੇ ਹਵਾਲੇ ਕਰ ਦਿੱਤਾ ਗਿਆ। ਸਪਾਈਸਜੈੱਟ ਮੁਤਾਬਕ ਕੈਬਿਨ ਦੇ ਅਮਲੇ, ਸਾਥੀ ਯਾਤਰੀਆਂ ਅਤੇ ਕੈਪਟਨ ਵੱਲੋਂ ਵਾਰ-ਵਾਰ ਬੇਨਤੀਆਂ ਕਰਨ ਦੇ ਬਾਵਜੂਦ ਦੋਵਾਂ ਯਾਤਰੀਆਂ ਨੇ ਆਪਣੀਆਂ ਸੀਟਾਂ 'ਤੇ ਵਾਪਸ ਜਾਣ ਤੋਂ ਇਨਕਾਰ ਕਰ ਦਿੱਤਾ। ਫਲਾਈਟ, ਜੋ ਅਸਲ ਵਿੱਚ ਦੁਪਹਿਰ 12:30 ਵਜੇ ਰਵਾਨਾ ਹੋਣ ਵਾਲੀ ਸੀ, ਸ਼ਾਮ 7:21 ਵਜੇ ਰਵਾਨਾ ਹੋਈ।

## ਆਤਮਦਾਹ ਕਰਨ ਵਾਲੀ ਵਿਦਿਆਰਥਣ ਦੀ ਮੌਤ

**ਭੁਬਨੇਸ਼ਵਰ** : ਪ੍ਰੋਫੈਸਰ ਵੱਲੋਂ ਜਿਨਸੀ ਤੌਰ 'ਤੇ ਪਰੇਸ਼ਾਨ ਕੀਤੇ ਜਾਣ ਤੋਂ ਬਾਅਦ ਖੁਦ ਨੂੰ ਅੱਗ ਲਗਾਉਣ ਵਾਲੀ ਓਡੀਸ਼ਾ ਦੀ ਵਿਦਿਆਰਥਣ ਦੀ ਏਮਜ਼ ਹਸਪਤਾਲ ਵਿੱਚ ਇਲਾਜ ਦੌਰਾਨ ਮੌਤ ਹੋ ਗਈ ਹੈ। ਬਾਲਾਸੋਰ ਦੇ ਫਕੀਰ ਮੋਹਨ (ਆਟੋਨੋਮਸ) ਕਾਲਜ ਦੀ ਦੂਜੇ ਸਾਲ ਦੀ ਇੰਟੈਗ੍ਰੇਟਿਡ ਬੀ ਐੱਡ ਦੀ ਵਿਦਿਆਰਥਣ ਤਿੰਨ ਦਿਨ ਤੋਂ ਗੰਭੀਰ ਹਾਲਤ ਵਿਚ ਸੀ। ਉਸ ਨੇ ਪ੍ਰੋਫੈਸਰ ਵਿਰੁੱਧ ਕਾਰਵਾਈ ਨਾ ਹੋਣ 'ਤੇ ਸ਼ਨਿੱਚਰਵਾਰ ਨੂੰ ਇਹ ਵੱਡਾ ਕਦਮ ਚੁੱਕਿਆ ਸੀ ਅਤੇ 95 ਫੀਸਦੀ ਝੁਲਸ ਗਈ ਸੀ। ਕਾਲਜ ਦੇ ਸਿੱਖਿਆ ਵਿਭਾਗ ਦੇ ਮੁਖੀ ਸਮੀਰ ਕੁਮਾਰ ਸਾਹੂ ਅਤੇ ਪ੍ਰਿੰਸੀਪਲ ਦਿਲੀਪ ਘੋਸ਼ ਨੂੰ ਇਸ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ।

## ਟੈਸਲਾ ਦੀ ਐਂਟਰੀ, ਕੀਮਤ 60 ਲੱਖ



**ਮੁੰਬਈ** : ਐਲਨ ਮਸਕ ਦੀ ਮਾਲਕੀ ਵਾਲੀ ਟੈਸਲਾ ਕਾਰ ਦੀ ਮੰਗਲਵਾਰ ਭਾਰਤ ਵਿੱਚ ਐਂਟਰੀ ਹੋ ਗਈ, ਜਦੋਂ ਇਲੈਕਟ੍ਰਿਕ ਵਾਹਨ ਬਣਾਉਣ ਵਾਲੀ ਕੰਪਨੀ ਦੇ ਪਹਿਲੇ ਸ਼ੋਅਰੂਮ ਦਾ ਇੱਥੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਉਦਘਾਟਨ ਕੀਤਾ। ਟੈਸਲਾ ਭਾਰਤ ਵਿੱਚ ਫਿਲਹਾਲ ਮਾਡਲ ਵਾਈ ਕਾਰਾਂ ਵੇਚੇਗੀ। ਰੀਅਰ-ਵ੍ਹੀਲ ਡਰਾਈਵ ਮਾਡਲ ਦੀ ਕੀਮਤ 60.1 ਲੱਖ ਰੁਪਏ ਹੈ ਅਤੇ ਲੰਬੀ ਰੇਂਜ ਵਾਲਾ ਵੈਰੀਐਂਟ 67.8 ਲੱਖ ਰੁਪਏ ਦਾ ਹੈ। ਇਹ ਕੀਮਤਾਂ ਦੂਜੇ ਬਾਜ਼ਾਰਾਂ ਨਾਲੋਂ ਕਾਫੀ ਜ਼ਿਆਦਾ ਹਨ। ਇਹੀ ਵਾਹਨ ਅਮਰੀਕਾ ਵਿੱਚ 38.6 ਲੱਖ, ਚੀਨ ਵਿੱਚ 30.5 ਲੱਖ ਅਤੇ ਜਰਮਨੀ ਵਿੱਚ 46 ਲੱਖ ਰੁਪਏ ਤੋਂ ਸ਼ੁਰੂ ਹੁੰਦਾ ਹੈ। ਕੀਮਤਾਂ ਵਿਚਲਾ ਇਹ ਫ਼ਰਕ ਮੁੱਖ ਤੌਰ 'ਤੇ ਭਾਰਤ ਵੱਲੋਂ ਲਾਇਆ ਭਾਰੀ ਦਰਾਮਦ ਟੈਕਸ ਹੈ।

## ਟੈਂਪੂ ਖੱਡ 'ਚ, 5 ਮੌਤਾਂ



**ਜੰਮੂ** : ਪਹਾੜੀ ਜ਼ਿਲ੍ਹੇ ਡੋਡਾ ਵਿੱਚ ਮੰਗਲਵਾਰ ਸਵੇਰੇ ਟੈਂਪੂ ਟਰੈਵਲਰ ਦੇ ਡੂੰਘੀ ਖੱਡ ਵਿਚ ਡਿੱਗਣ ਨਾਲ ਮਹਿਲਾ ਸਮੇਤ ਪੰਜ ਵਿਅਕਤੀਆਂ ਦੀ ਮੌਤ ਹੋ ਗਈ, ਜਦੋਂਕਿ 17 ਜਣੇ ਜ਼ਖ਼ਮੀ ਹੋ ਗਏ। ਹਾਦਸਾ ਡੋਡਾ ਤੋਂ 30 ਕਿੱਲੋਮੀਟਰ ਦੂਰ ਡੋਡਾ-ਭਾਰਥ ਰੋਡ 'ਤੇ ਪੌਂਡਾ ਨੇੜੇ ਹੋਇਆ। ਟੈਂਪੂ ਟਰੈਵਲਰ ਵਿੱਚ ਸਮਰੱਥਾ ਨਾਲੋਂ ਵੱਧ ਸਵਾਰੀਆਂ ਸਨ ਤੇ ਸਵੇਰੇ 9 ਵਜੇ ਦੇ ਕਰੀਬ ਇਕ ਕੂਹਣੀ ਮੋੜ 'ਤੇ ਬੇਕਾਬੂ ਹੋ ਕੇ ਖੱਡ ਵਿੱਚ ਜਾ ਡਿੱਗਾ। ਮ੍ਰਿਤਕਾਂ ਦੀ ਪਛਾਣ ਮੁਹੰਮਦ ਅਸ਼ਰਫ਼ (35), ਮੰਗਤਾ ਵਾਨੀ (51), ਅਤਾ ਮੁਹੰਮਦਾ (33), ਤਾਲਿਬ ਹੁਸੈਨ (35) ਤੇ ਰਫ਼ੀਕਾ ਬੇਗਮ (60) ਵਜੋਂ ਹੋਈ ਹੈ।

**ਜੈ ਮਾਤਾ ਦੀ ਜੈ ਮਾਤਾ ਦੀ**

ਚਿੰਤਪੁਰਨੀ ਮਾਤਾ ਦੇ ਮੇਲੇ 'ਤੇ ਮੰਗੂਵਾਲ ਬੈਰੀਅਰ 'ਤੇ ਭੋਗਪੁਰ ਵਾਸੀਆਂ ਦੀ ਸਰਾਂ ਹੈ, ਜਿਸ ਦਾ ਪੱਕਾ ਲੈਂਟਰ ਵਾਲਾ ਹਾਲ ਹੈ, ਜਿਸ ਦਾ ਵਾਇਆ ਦਸ ਹਜ਼ਾਰ ਸਕੇਅਰ ਫੁੱਟ ਹੈ। ਜੇਕਰ ਕਿਸੇ ਵੀ ਸੇਵਾਦਾਰ ਨੇ ਮੇਲੇ 'ਤੇ ਲੰਗਰ ਲਗਾਉਣਾ ਹੈ ਤਾਂ ਹੇਠ ਲਿਖੇ ਨੰਬਰ 'ਤੇ ਸੰਪਰਕ ਕਰ ਸਕਦਾ ਹੈ।

**ਪੱਪੂ ਸੇਵਾਦਾਰ : 98143-75023**

# ਬੇਅਦਬੀ ਰੋਕਥਾਮ ਬਿੱਲ ਸਿਲੈਕਟ ਕਮੇਟੀ ਹਵਾਲੇ



**ਚੰਡੀਗੜ੍ਹ** : ਪੰਜਾਬ ਵਿਧਾਨ ਸਭਾ ਨੇ ਮੰਗਲਵਾਰ ਬੇਅਦਬੀ ਖਿਲਾਫ ਬਿੱਲ ਪਾਸ ਕਰਨ ਤੋਂ ਪਹਿਲਾਂ ਲੋਕ ਰਾਏ ਲੈਣ ਲਈ ਸਿਲੈਕਟ ਕਮੇਟੀ ਕੋਲ ਭੇਜ ਦਿੱਤਾ। ਮੁੱਖ ਮੰਤਰੀ ਭਗਵੰਤ ਮਾਨ ਨੇ ਬਿੱਲ ਨੂੰ ਸਿਲੈਕਟ ਕਮੇਟੀ ਕੋਲ ਭੇਜਣ ਦਾ ਮਸ਼ਵਰਾ ਦਿੱਤਾ। ਸਪੀਕਰ ਨੇ ਸਿਲੈਕਟ ਕਮੇਟੀ ਦਾ ਗਠਨ ਕਰਨ ਅਤੇ ਇਸ ਕਮੇਟੀ ਵੱਲੋਂ 6 ਮਹੀਨੇ 'ਚ ਰਿਪੋਰਟ ਦਿੱਤੇ ਜਾਣ ਦੀ ਗੱਲ ਕਹੀ।

ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੇ ਚੌਥੇ ਦਿਨ ਸਦਨ ਵਿਚ 'ਪੰਜਾਬ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਰੋਕਥਾਮ ਬਿੱਲ 2025' ਉੱਤੇ ਚਰਚਾ ਸ਼ੁਰੂ ਹੋਈ। ਇਸ ਤੋਂ ਪਹਿਲਾਂ ਵਿਸ਼ਵ ਪ੍ਰਸਿੱਧ ਦੌੜਾਕ ਫੌਜਾ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ, ਜਿਨ੍ਹਾਂ ਦੀ ਸੋਮਵਾਰ ਵਾਹਨ ਦੀ ਟੱਕਰ ਨਾਲ ਮੌਤ ਹੋ ਗਈ ਸੀ।

ਬੇਅਦਬੀ ਖਿਲਾਫ ਬਿੱਲ 'ਤੇ ਚਰਚਾ ਦੀ ਸ਼ੁਰੂਆਤ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਵੱਲੋਂ ਕੀਤੀ ਗਈ। ਉਨ੍ਹਾ ਅਜਿਹੇ ਮਾਮਲਿਆਂ ਦੀ ਸਮਾਂਬੱਧ ਜਾਂਚ ਕੀਤੇ ਜਾਣ ਦੀ ਮੰਗ ਕੀਤੀ। ਉਨ੍ਹਾ ਕਿਹਾ ਕਿ ਇਹ ਜਾਂਚ 30 ਦਿਨਾਂ ਵਿੱਚ ਪੂਰੀ ਹੋਣੀ ਚਾਹੀਦੀ ਹੈ ਅਤੇ ਲੋੜ ਪੈਣ 'ਤੇ ਐੱਸ ਐੱਸ ਪੀ ਵੱਲੋਂ ਹੀ 15 ਦਿਨਾਂ ਲਈ ਮਿਆਦ ਵਧਾਈ ਜਾ ਸਕੇ। ਇਸ ਤੋਂ ਬਾਅਦ ਜਾਂਚ ਦਾ ਸਮਾਂ ਵਧਾਉਣ ਦਾ ਅਧਿਕਾਰ ਡੀ ਜੀ ਪੀ ਨੂੰ ਦਿੱਤਾ ਜਾਵੇ, ਜਿਸ ਨਾਲ ਜਾਂਚ ਦੀ ਢਿੱਲੀ ਕਾਰਗੁਜ਼ਾਰੀ ਬਾਰੇ ਸੀਨੀਅਰ ਅਧਿਕਾਰੀਆਂ ਨੂੰ ਪਤਾ ਹੋਵੇ। ਬਾਜਵਾ ਨੇ ਕਿਹਾ ਕਿ ਬਿੱਲ ਵਿੱਚ ਬੇਅਦਬੀ ਦੀ ਜਾਂਚ ਡੀ ਐੱਸ ਪੀ ਨੂੰ ਕਰਨ ਦੇ ਅਧਿਕਾਰ ਦਿੱਤੇ ਗਏ ਹਨ, ਜਦੋਂ ਕਿ ਇਸ ਨੂੰ ਹੋਰ ਉੱਚ ਅਧਿਕਾਰੀਆਂ ਵੱਲੋਂ ਜਾਂਚ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਜਾਵੇ। ਇਸ ਤੋਂ ਪਹਿਲਾਂ ਬਾਜਵਾ ਨੇ ਬੇਅਦਬੀ ਦੀਆਂ ਘਟਨਾਵਾਂ 'ਤੇ ਕਾਰਵਾਈ ਲਈ ਸੂਬਾ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਉੱਤੇ ਸਵਾਲ ਚੁੱਕੇ। ਉਨ੍ਹਾ ਕਿਹਾ ਕਿ 'ਆਪ' ਸਰਕਾਰ ਵੱਲੋਂ ਬੇਅਦਬੀ ਦੇ ਮਾਮਲੇ ਵਿੱਚ ਕੁਝ ਲੋਕਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਲੰਘੇ ਦਿਨ ਬਿੱਲ ਦਾ ਖਰੜਾ ਵਿਚਾਰ ਚਰਚਾ ਲਈ ਸਦਨ ਵਿਚ ਰੱਖਿਆ ਸੀ। ਬਿੱਲ ਵਿੱਚ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਲਈ ਘੱਟੋ-ਘੱਟ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਜ਼ਾ ਦੀ ਤਜਵੀਜ਼ ਹੈ।

# ਸਰਕਾਰ ਕਿਸਾਨਾਂ ਨੂੰ ਬਰਬਾਦ ਕਰਨ ਵਾਲੀ 'ਲੈਂਡ ਪੂਲਿੰਗ ਸਕੀਮ' ਤੁਰੰਤ ਬੰਦ ਕਰੇ : ਸੀ ਪੀ ਆਈ

**ਚੰਡੀਗੜ੍ਹ** : ਸੀ ਪੀ ਆਈ ਦੀ ਪੰਜਾਬ ਸਕੱਤਰੇਤ ਦੀ ਮੀਟਿੰਗ ਵਿਚ ਹਾਜ਼ਰ ਹੋਏ ਕੇਂਦਰੀ ਲੀਡਰਸ਼ਿਪ ਵੱਲੋਂ ਅਮਰਜੀਤ ਕੌਰ ਨੇ ਦੱਸਿਆ ਕਿ ਚੰਡੀਗੜ੍ਹ ਵਿਖੇ 21 ਤੋਂ 25 ਸਤੰਬਰ ਤੱਕ ਹੋਣ ਵਾਲੇ ਸੀ ਪੀ ਆਈ ਦੇ 25ਵੇਂ ਮਹਾਂ-ਸੰਮੇਲਨ ਵਿਚ ਸਾਰੇ ਦੇਸ਼ ਵਿਚੋਂ 900 ਦੇ ਕਰੀਬ ਡੈਲੀਗੇਟ ਸ਼ਾਮਲ ਹੋਣਗੇ। ਇਸ ਤੋਂ ਇਲਾਵਾ ਉਦਘਾਟਨੀ ਸਮਾਰੋਹ ਵਿਚ ਸੀ ਪੀ ਆਈ (ਐੱਮ), ਸੀ ਪੀ ਆਈ (ਐੱਮ ਐੱਲ), ਫਾਰਵਰਡ ਬਲਾਕ ਅਤੇ ਆਰ ਐੱਸ ਪੀ ਦੇ ਜਨਰਲ ਸਕੱਤਰ ਵੀ ਪੁੱਜ ਰਹੇ ਹਨ। ਉਹਨਾਂ ਕਿਹਾ ਕਿ ਸੀ ਪੀ ਆਈ ਦਾ ਇਹ ਮਹਾਂ-ਸੰਮੇਲਨ ਅਜੋਕੇ ਸਮੇਂ ਵਿਚ ਇਕ ਇਤਿਹਾਸਕ ਸੰਮੇਲਨ ਹੋਵੇਗਾ। ਮੀਟਿੰਗ ਨੇ ਪੰਜਾਬ ਦੀ ਬੁਰੀ ਤਰ੍ਹਾਂ ਵਿਗੜੀ ਹੋਈ ਅਮਨ ਕਾਨੂੰਨ ਦੀ ਹਾਲਤ 'ਤੇ ਗਹਿਰੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ ਤਿੰਨ ਸਾਲਾਂ ਦੇ ਰਾਜ ਵਿਚ ਪੰਜਾਬ ਦੀ ਆਰਥਿਕਤਾ ਨੂੰ ਬਰਬਾਦ ਕਰ ਸੁੱਟਿਆ ਹੈ, ਪੰਜਾਬ ਸਿਰ ਕਰਜ਼ਾ ਲਗਾਤਾਰ ਵਧਾਇਆ ਜਾ ਰਿਹਾ ਹੈ ਤੇ ਇਸ ਸਾਲ ਦੇ ਅੰਤ ਤੱਕ ਇਹ ਕਰਜ਼ਾ 4 ਲੱਖ ਕਰੋੜ ਦੇ ਕਰੀਬ ਪਹੁੰਚ ਜਾਣਾ ਹੈ, ਦੂਜੇ ਪਾਸੇ ਅਰਵਿੰਦ ਕੇਜਰੀਵਾਲ ਦਿੱਲੀ ਤੋਂ ਆਪਣੀ ਸਾਰੀ ਟੀਮ ਲਿਆ ਕੇ ਸਾਰੇ ਖਰਚੇ ਪੰਜਾਬ ਦੇ ਖਜ਼ਾਨੇ 'ਤੇ ਪਾ ਰਿਹਾ ਹੈ ਅਤੇ ਪੰਜਾਬ ਦੀ ਚੁਣੀ ਹੋਈ ਸਰਕਾਰ ਦੇ ਮੁਕਾਬਲੇ ਸਾਰਾ ਸਰਕਾਰੀ ਕਾਰੋਬਾਰ ਆਪਣੀ ਮਰਜ਼ੀ ਨਾਲ ਗੈਰ-ਜਮਹੂਰੀ ਅਤੇ ਗੈਰ-ਸੰਵਿਧਾਨਕ ਢੰਗ ਅਨੁਸਾਰ ਚਲਾ ਰਿਹਾ ਹੈ। ਅਮਨ-ਕਾਨੂੰਨ ਵਰਗੀ ਕੋਈ ਗੱਲ ਨਹੀਂ, ਗੈਂਗਸਟਰ ਹਰ ਰੋਜ਼ ਕਤਲ ਕਰ ਰਹੇ ਹਨ ਅਤੇ ਫਰੌਤੀਆਂ ਵਸੂਲ ਕਰ ਰਹੇ ਹਨ। ਕੁਰੱਪਸ਼ਨ ਕਈ ਗੁਣਾ ਵਧ ਗਈ ਹੈ ਅਤੇ ਨਸ਼ਾ, ਰੇਤ, ਬੱਜਰੀ ਅਤੇ ਜ਼ਮੀਨ ਮਾਫੀਆ ਦਾ ਬੋਲਬਾਲਾ ਹੈ। ਪੰਜਾਬ ਅੰਦਰ ਪੂਰੀ ਤਰ੍ਹਾਂ ਪੁਲਸ ਅਤੇ ਗੈਂਗਸਟਰਾਂ ਦਾ ਰਾਜ ਹੈ। ਕੇਜਰੀਵਾਲ ਨੇ ਪੰਜਾਬ ਅੰਦਰ ਦਖਲ ਦਿੰਦਿਆਂ ਹੀ ਵੱਡੇ ਪੂੰਜੀਵਾਦੀਆਂ ਨਾਲ ਲੁਧਿਆਣਾ ਮੀਟਿੰਗ ਕਰਕੇ ਕਿਸਾਨ ਅੰਦੋਲਨਾਂ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ ਅਤੇ ਸਪੱਸ਼ਟ ਤੌਰ 'ਤੇ ਕਿਸਾਨ ਅਤੇ ਮਜ਼ਦੂਰ ਵਿਰੋਧੀ ਰੁਖ ਨੂੰ ਪ੍ਰਗਟ ਕੀਤਾ ਹੈ।

ਸੀ ਪੀ ਆਈ ਨੇ ਕਿਹਾ ਕਿ ਹੁਣ ਕਾਰਪੋਰੇਟ ਅਤੇ ਵੱਡੇ ਪੂੰਜੀਪਤੀ ਬਿਲਡਰਾਂ ਨਾਲ ਸੌਦਾ ਕਰਕੇ ਕਿਸਾਨਾਂ ਦੀਆਂ ਜ਼ਮੀਨਾਂ 'ਲੈਂਡ ਪੂਲਿੰਗ ਸਕੀਮ' ਦੇ ਨਾਂਅ 'ਤੇ ਹੜੱਪਣ ਦੀ ਸਾਜ਼ਿਸ਼ ਤਿਆਰ ਕਰ ਲਈ ਹੈ ਤੇ ਪਹਿਲਾਂ ਤੋਂ ਹੀ 'ਭਾਰਤ ਮਾਲਾ' ਦੇ ਨਾਂਅ 'ਤੇ ਪੰਜਾਬ ਵਿਚੋਂ ਵੱਡੀਆਂ ਕੌਮੀ ਸੜਕਾਂ ਬਣਾਉਣ ਦੇ 29 ਪ੍ਰਾਜੈਕਟਾਂ ਰਾਹੀਂ ਜ਼ਮੀਨਾਂ ਖਤਮ ਕੀਤੀਆਂ ਜਾ ਰਹੀਆਂ ਹਨ। ਹੁਣ 'ਲੈਂਡ ਪੂਲਿੰਗ ਸਕੀਮ' ਰਾਹੀਂ 40,000 ਏਕੜ ਤੋਂ ਵੱਧ ਜ਼ਮੀਨਾਂ 'ਤੇ ਕਬਜ਼ੇ ਕਰਨ ਦੇ ਇਰਾਦੇ ਨਾਲ ਖੇਤੀ ਸੈਕਟਰ ਨੂੰ ਉਕਾ ਹੀ ਤਬਾਹ ਕਰਨ ਦੀ ਯੋਜਨਾ ਹੈ।

ਸੀ ਪੀ ਆਈ ਨੇ ਕਿਹਾ ਕਿ ਜਦੋਂ ਪੰਜਾਬ ਸਰਕਾਰ ਦਾ ਸਮਾਂ ਡੇਢ ਸਾਲ ਵਿਚ ਪੂਰਾ ਹੋਣ ਵਾਲਾ ਹੈ ਤਾਂ ਇਸ ਸਕੀਮ ਰਾਹੀਂ ਸ਼ਹਿਰਾਂ ਵਿਚ ਬਸਤੀਆਂ ਬਣਾ ਕੇ ਕਿਵੇਂ ਵਿਕਾਸ ਹੋ ਸਕਦਾ ਹੈ, ਜਦੋਂਕਿ ਪਿਛਲੇ ਤਜਰਬੇ ਦੱਸਦੇ ਹਨ ਕਿ ਵਿਕਾਸ ਲਈ ਦਰਜਨਾਂ ਸਾਲ ਲੱਗ ਜਾਂਦੇ ਹਨ।

ਪੰਜਾਬ ਸੀ ਪੀ ਆਈ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਪਾਰਟੀ ਫੈਸਲੇ ਜਾਰੀ ਕਰਦਿਆਂ ਆਖਿਆ ਕਿ ਸੀ ਪੀ ਆਈ ਪੰਜਾਬ ਦੀ ਕਿਸਾਨੀ ਅਤੇ ਮਜ਼ਦੂਰ ਜਥੇਬੰਦੀਆਂ ਦੇ 'ਜ਼ਮੀਨ ਬਚਾਓ' ਅੰਦੋਲਨ ਦੀ ਪੂਰੀ ਹਮਾਇਤ ਕਰਦੀ ਹੈ ਅਤੇ ਸਾਰੀਆਂ ਪੰਜਾਬ ਹਿਤੈਸ਼ੀ ਸ਼ਕਤੀਆਂ ਨੂੰ ਪੰਜਾਬ ਸਰਕਾਰ ਦੀਆਂ ਲੋਕ ਦੁਸ਼ਮਣ ਨੀਤੀਆਂ ਦਾ ਜ਼ੋਰਦਾਰ ਵਿਰੋਧ ਕਰਨ ਦੀ ਅਪੀਲ ਕਰਦੀ ਹੈ।

## ਸ਼ੁਕਲਾ ਦੀ ਸਫਲ ਵਾਪਸੀ



**ਨਵੀਂ ਦਿੱਲੀ** : ਕੌਮਾਂਤਰੀ ਪੁਲਾੜ ਸਟੇਸ਼ਨ 'ਤੇ 18 ਦਿਨ ਰਹਿਣ ਤੋਂ ਬਾਅਦ ਸ਼ੁਭਾਂਸ਼ੂ ਸ਼ੁਕਲਾ ਐਕਸੀਓਮ-4 ਮਿਸ਼ਨ ਦੇ ਆਪਣੇ ਤਿੰਨ ਸਾਥੀ ਪੁਲਾੜ ਯਾਤਰੀਆਂ ਨਾਲ ਮੰਗਲਵਾਰ ਬਾਅਦ ਦੁਪਹਿਰ 3:01 ਵਜੇ ਪ੍ਰਸ਼ਾਂਤ ਮਹਾਸਾਗਰ ਵਿੱਚ ਕੈਲੀਫੋਰਨੀਆ ਤੱਟ 'ਤੇ ਉਤਰੇ। ਸ਼ੁਭਾਂਸ਼ੂ ਨੂੰ ਧਰਤੀ 'ਤੇ ਪਹੁੰਚਣ ਲਈ ਲਗਭਗ ਸਾਢੇ 22 ਘੰਟੇ ਲੱਗੇ। ਸ਼ੁਭਾਂਸ਼ੂ ਤੇ ਤਿੰਨ ਹੋਰ ਪੁਲਾੜ ਯਾਤਰੀ ਪੈਗੀ ਵਿਟਸਨ, ਪੋਲੈਂਡ ਦੇ ਸਲਾਵੋਸਜ਼ ਉਜਨਾਂਸਕੀ-ਵਿਸਨੀਵਸਕੀ, ਹੰਗਰੀ ਦੇ ਟਿਬੋਰ ਕਾਪੂ ਐਕਸੀਓਮ-4 ਮਿਸ਼ਨ ਤਹਿਤ 26 ਜੂਨ ਨੂੰ ਪੁਲਾੜ ਸਟੇਸ਼ਨ 'ਚ ਪਹੁੰਚੇ ਸਨ। ਉੱਥੇ ਉਨ੍ਹਾਂ 18 ਦਿਨ ਧਰਤੀ ਦੇ 288 ਚੱਕਰ ਲਗਾਏ।

## ਧੀਰਜ ਕੁਮਾਰ ਦਾ ਦੇਹਾਂਤ



**ਮੁੰਬਈ** : ਅਦਾਕਾਰ ਤੇ ਨਿਰਮਾਤਾ ਧੀਰਜ ਕੁਮਾਰ (79) ਦਾ ਮੰਗਲਵਾਰ ਇੱਥੇ ਕੋਕਿਲਾਬੇਨ ਧੀਰੂਭਾਈ ਅੰਬਾਨੀ ਹਸਪਤਾਲ 'ਚ ਦੇਹਾਂਤ ਹੋ ਗਿਆ। ਉਹ ਮਨੋਜ ਕੁਮਾਰ ਦੀ ਫਿਲਮ 'ਰੋਟੀ ਕਪੜਾ ਔਰ ਮਕਾਨ' ਵਿੱਚ ਨਿਭਾਈ ਭੂਮਿਕਾ ਅਤੇ 'ਓਮ ਨਮਹਾ ਸ਼ਿਵਾਏ' ਤੇ 'ਅਦਾਲਤ' ਵਰਗੇ ਟੈਲੀਵਿਜ਼ਨ ਸ਼ੋਅ ਦੇ ਨਿਰਮਾਣ ਲਈ ਮਕਬੂਲ ਸਨ। ਉਹ ਕੁਝ ਸਮੇਂ ਤੋਂ ਨਿਮੋਨੀਆ ਦੀ ਲਾਗ ਤੋਂ ਪੀੜਤ ਸਨ। ਧੀਰਜ ਕੁਮਾਰ ਨੇ 1970 ਵਿੱਚ ਫਿਲਮ 'ਰਾਤੋਂ ਕਾ ਰਾਜਾ' ਨਾਲ ਸ਼ੁਰੂਆਤ ਕੀਤੀ। ਮਗਰੋਂ 'ਰੋਟੀ ਕਪੜਾ ਔਰ ਮਕਾਨ', 'ਸਰਗਮ' ਅਤੇ 'ਕ੍ਰਾਂਤੀ' (1981) ਵਰਗੀਆਂ ਫਿਲਮਾਂ ਵਿੱਚ ਸਹਾਇਕ ਭੂਮਿਕਾਵਾਂ ਨਿਭਾਈਆਂ। ਉਨ੍ਹਾਂ ਕਈ ਪੰਜਾਬੀ ਫਿਲਮਾਂ ਵੀ ਕੀਤੀਆਂ।

## ਜੈਸ਼ੰਕਰ ਦੀ ਜਿਨਪਿੰਗ ਨਾਲ ਮੁਲਾਕਾਤ



**ਬੀਜਿੰਗ** : ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਮੰਗਲਵਾਰ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਮੁਲਾਕਾਤ ਕੀਤੀ। ਜੈਸ਼ੰਕਰ ਸ਼ੰਘਾਈ ਸਹਿਯੋਗ ਸੰਗਠਨ ਦੇ ਮੈਂਬਰ ਮੁਲਕਾਂ ਦੇ ਵਿਦੇਸ਼ ਮੰਤਰੀਆਂ ਦੇ ਵਫਦ ਵਿੱਚ ਸ਼ਾਮਲ ਸਨ, ਜਿਨ੍ਹਾਂ ਚੀਨੀ ਰਾਸ਼ਟਰਪਤੀ ਨਾਲ ਮੁਲਾਕਾਤ ਕੀਤੀ।

ਜੈਸ਼ੰਕਰ ਨੇ ਐਕਸ 'ਤੇ ਇੱਕ ਪੋਸਟ ਵਿਚ ਕਿਹਾ, "ਰਾਸ਼ਟਰਪਤੀ ਸ਼ੀ ਨੂੰ ਸਾਡੇ (ਭਾਰਤ-ਚੀਨ) ਦੁਵੱਲੇ ਸੰਬੰਧਾਂ ਦੇ ਹਾਲੀਆ ਵਿਕਾਸ ਬਾਰੇ ਜਾਣੂ ਕਰਵਾਇਆ।" ਜੈਸ਼ੰਕਰ ਨੇ ਪੋਸਟ ਦੇ ਨਾਲ ਇੱਕ ਤਸਵੀਰ ਵੀ ਟੈਗ ਕੀਤੀ, ਜਿਸ ਵਿੱਚ ਉਹ ਸ਼ੀ ਨਾਲ ਹੱਥ ਮਿਲਾਉਂਦੇ ਨਜ਼ਰ ਆ ਰਹੇ ਹਨ।

## ਹਰਮੀਤ ਸੰਧੂ ਆਪ 'ਚ



**ਚੰਡੀਗੜ੍ਹ** : ਅਕਾਲੀ ਦਲ ਦੇ ਵਿਧਾਇਕ ਰਹੇ ਹਰਮੀਤ ਸਿੰਘ ਸੰਧੂ ਮੰਗਲਵਾਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾ ਨੂੰ ਪਾਰਟੀ ਵਿਚ ਸ਼ਾਮਲ ਕਰਵਾਇਆ। ਸੰਧੂ ਹਲਕਾ ਤਰਨ ਤਾਰਨ ਤੋਂ ਤਿੰਨ ਵਾਰ ਵਿਧਾਇਕ ਬਣੇ ਅਤੇ ਸੰਸਦੀ ਸਕੱਤਰ ਵੀ ਰਹਿ ਚੁੱਕੇ ਹਨ।

# ਓਵੈਸੀ ਦੀ ਪਾਰਟੀ ਖਿਲਾਫ ਪਟੀਸ਼ਨ 'ਤੇ ਸੁਪਰੀਮ ਕੋਰਟ ਵੱਲੋਂ ਸੁਣਵਾਈ ਤੋਂ ਨਾਂਹ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਮੰਗਲਵਾਰ ਉਸ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸ ਵਿੱਚ ਅਸਦੁਦੀਨ ਓਵੈਸੀ ਦੀ ਅਗਵਾਈ ਵਾਲੀ ਆਲ ਇੰਡੀਆ ਮਜਲਿਸ-ਏ-ਇੱਤੇਹਾਦੁਲ ਮੁਸਲਮੀਨ (ਏ ਆਈ ਐੱਮ ਆਈ ਐੱਮ) ਨੂੰ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਸਿਆਸੀ ਪਾਰਟੀ ਵਜੋਂ ਰਜਿਸਟਰੇਸ਼ਨ ਨੂੰ ਚੁਣੌਤੀ ਦਿੱਤੀ ਗਈ ਸੀ। ਪਟੀਸ਼ਨਰ ਤਿਰੁਪਤੀ ਨਰਸਿਮ੍ਹਾ ਮੁਰਾਰੀ ਨੇ ਦਾਅਵਾ ਕੀਤਾ ਸੀ ਕਿ ਏ ਆਈ ਐੱਮ ਆਈ ਐੱਮ ਧਰਮ ਦੇ ਆਧਾਰ 'ਤੇ ਵੋਟ ਮੰਗਣ ਦਾ ਕੰਮ ਕਰਦੀ ਹੈ, ਜੋ ਪੂਰੀ ਤਰ੍ਹਾਂ ਧਰਮ ਨਿਰਪੱਖਤਾ ਦੇ ਸਿਧਾਂਤ ਦੇ ਖਿਲਾਫ ਹੈ।

ਜਸਟਿਸ ਸੂਰੀਆਕਾਂਤ ਤੇ ਜਸਟਿਸ ਜੌਇਮਾਲਿਆ ਬਾਗਚੀ ਦੀ ਬੈਂਚ ਨੇ ਇਸ ਮਾਮਲੇ 'ਤੇ ਦਿੱਲੀ ਹਾਈ ਕੋਰਟ ਦੇ ਫੈਸਲੇ 'ਚ ਦਖਲ ਦੇਣ ਤੋਂ ਇਨਕਾਰ ਕਰ ਦਿੱਤਾ, ਜਿਸ ਵਿੱਚ ਲੋਕ ਨੁਮਾਇੰਦਗੀ ਐਕਟ ਤਹਿਤ ਏ ਆਈ ਐੱਮ ਆਈ ਐੱਮ ਨੂੰ ਸਿਆਸੀ ਪਾਰਟੀ ਦੇ ਰੂਪ 'ਚ ਰਜਿਸਟਰ ਕਰਨ ਦੇ ਖਿਲਾਫ ਤਿਰੁਪਤੀ ਨਰਸਿਮ੍ਹਾ ਮੁਰਾਰੀ ਵੱਲੋਂ ਦਾਇਰ ਕੀਤੀ ਗਈ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਗਿਆ ਸੀ।

ਸੁਪਰੀਮ ਕੋਰਟ ਦੀ ਬੈਂਚ ਨੇ ਕਿਹਾ ਕਿ ਪਟੀਸ਼ਨਰ ਦੇ ਵਕੀਲ ਮੌਜੂਦਾ ਪਟੀਸ਼ਨ ਨੂੰ ਵਾਪਸ ਲੈਣ ਦੀ ਇਜਾਜ਼ਤ ਚਾਹੁੰਦੇ ਹਨ ਅਤੇ ਉਨ੍ਹਾਂ ਨੂੰ ਇੱਕ ਨਵੀਂ ਰਿੱਟ ਪਟੀਸ਼ਨ ਦਾਇਰ ਕਰਨ ਦੀ ਆਜ਼ਾਦੀ ਹੈ, ਜਿਸ ਵਿੱਚ ਉਹ ਵੱਖ-ਵੱਖ ਆਧਾਰਾਂ 'ਤੇ ਸਿਆਸੀ ਪਾਰਟੀਆਂ ਦੇ ਸੰਬੰਧ 'ਚ ਸੁਧਾਰਾਂ ਲਈ ਵੱਡੇ ਮੁੱਦੇ ਉਠਾਉਣਾ ਚਾਹੁੰਦੇ ਹਨ, ਇਜਾਜ਼ਤ ਪ੍ਰਦਾਨ ਕੀਤੀ ਜਾਂਦੀ ਹੈ।

ਪਟੀਸ਼ਨਰ ਵੱਲੋਂ ਪੇਸ਼ ਹੋਏ ਵਕੀਲ ਵਿਸ਼ਨੂ ਸ਼ੰਕਰ ਜੈਨ ਨੇ ਦਲੀਲ ਦਿੱਤੀ ਸੀ ਕਿ ਇੱਕ ਸਿਆਸੀ ਪਾਰਟੀ ਦੇ ਰੂਪ 'ਚ ਏ ਆਈ ਐੱਮ ਆਈ ਐੱਮ ਦਾ ਸੰਵਿਧਾਨ ਸਿਰਫ ਇਕ ਧਾਰਮਕ • ਬਾਕੀ ਸਫਾ 2 'ਤੇ

# ਪਾਰਟੀ ਕਾਂਗਰਸ 'ਚ ਖੱਬੀਆਂ, ਧਰਮ ਨਿਰਪੱਖ ਤੇ ਪ੍ਰਗਤੀਸ਼ੀਲ ਧਿਰਾਂ ਦਾ ਸਾਂਝਾ ਮੰਚ ਉਸਾਰਨ ਦੀ ਰਣਨੀਤੀ ਤਿਆਰ ਕੀਤੀ ਜਾਵੇਗੀ : ਅਮਰਜੀਤ ਕੌਰ



ਦਰਿਆਓ ਸਿੰਘ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ, ਮੰਚ 'ਤੇ ਅਮਰਜੀਤ ਕੌਰ ਤੇ ਹੋਰ ਆਗੂ।

**ਸ਼ਾਹਕੋਟ (ਗਿਆਨ ਸੈਦਪੁਰੀ)**

ਭਾਰਤੀ ਕਮਿਊਨਿਸਟ ਪਾਰਟੀ ਦੀ 25ਵੀਂ ਪਾਰਟੀ ਕਾਂਗਰਸ ਦੇ ਅਵਸਰ 'ਤੇ 21 ਸਤੰਬਰ ਨੂੰ ਮੁਹਾਲੀ ਵਿੱਚ ਹੋਣ ਵਾਲੀ ਰੈਲੀ ਵਿੱਚ ਹਰਿਆਣਾ ਤੋਂ ਹਜ਼ਾਰਾਂ ਕਮਿਊਨਿਸਟ ਕਾਰਕੁਨ ਸ਼ਾਮਲ ਹੋਣਗੇ। ਇਹ ਫੈਸਲਾ ਪਾਣੀਪਤ ਵਿੱਚ ਭਗਤ ਸਿੰਘ ਯਾਦਗਾਰ ਵਿੱਚ ਟੀਕਾ ਰਾਮ ਸੁਖਨ ਹਾਲ ਅੰਦਰ ਹਰਿਆਣਾ ਦੀ ਸੂਬਾ ਕੌਂਸਲ ਦੀ ਮੀਟਿੰਗ ਦੌਰਾਨ ਲਿਆ ਗਿਆ। ਮੀਟਿੰਗ ਦੀ ਪ੍ਰਧਾਨਗੀ ਨਰੇਸ਼ ਕੁਮਾਰ ਠੋਲ ਨੇ ਕੀਤੀ। ਮੀਟਿੰਗ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੀ ਕੌਮੀ ਸਕੱਤਰ ਅਮਰਜੀਤ ਕੌਰ ਨੇ ਮੌਜੂਦਾ ਸਿਆਸੀ ਸਥਿਤੀ 'ਤੇ ਵਿਸਥਾਰ ਨਾਲ ਚਾਨਣਾ ਪਾਇਆ। ਸੀ ਪੀ ਆਈ ਦੀ ਹਰਿਆਣਾ ਇਕਾਈ ਦੇ ਸਕੱਤਰ ਦਰਿਆਓ ਸਿੰਘ ਨੇ ਪਾਰਟੀ ਦੀਆਂ ਸੂਬਾ ਸਰਗਰਮੀਆਂ ਦੀ ਰਿਪੋਰਟ ਪੇਸ਼ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਅਮਰਜੀਤ ਕੌਰ ਨੇ ਸੀ ਪੀ ਆਈ ਦੇ ਚੰਡੀਗੜ੍ਹ ਵਿੱਚ ਹੋਣ ਵਾਲੇ ਮਹਾਂ-ਸੰਮੇਲਨ ਵਿੱਚ ਪੇਸ਼ ਹੋਣ ਵਾਲੇ ਸਿਆਸੀ ਪ੍ਰਸਤਾਵ 'ਤੇ ਚਰਚਾ ਕਰਦਿਆਂ ਕਿਹਾ ਕਿ ਪਾਰਟੀ ਸ਼ਕਤੀਸ਼ਾਲੀ, ਜੀਵੰਤ ਅਤੇ ਸੰਘਰਸ਼ਸ਼ੀਲ ਹੋ ਕੇ ਉਭਰੇ, ਜੋ ਲੋਕ ਮੁੱਦਿਆਂ ਦੇ ਸੰਘਰਸ਼ਾਂ ਦੀਆਂ ਮੋਹਰਲੀਆਂ ਕਤਾਰਾਂ ਵਿੱਚ ਨਜ਼ਰ ਆਵੇ।ਸੀ ਪੀ ਆਈ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ, ਵਿਦਿਆਰਥੀਆਂ, ਔਰਤਾਂ ਸਮੇਤ ਹਾਸ਼ੀਏ 'ਤੇ ਖੜੇ ਲੋਕਾਂ ਵਿੱਚ ਆਪਣੀ ਪਹੁੰਚ ਵਧਾਏਗੀ। ਜਨ-ਸੰਗਠਨਾਂ ਨੂੰ ਮਜ਼ਬੂਤ ਕਰੇਗੀ ਅਤੇ ਪਾਰਟੀ ਦੇ ਪ੍ਰਗਤੀਸ਼ੀਲ ਤੇ ਕ੍ਰਾਂਤੀਕਾਰੀ ਸੰਦੇਸ਼ ਨੂੰ ਦੇਸ਼ ਦੇ ਕੋਨੇ-ਕੋਨੇ ਤੱਕ ਪਹੁੰਚਾਏਗੀ।ਉਹਨਾ ਕਿਹਾ ਕਿ ਆਰ ਐੱਸ ਐੱਸ ਦੇ ਦਿਸ਼ਾ-ਨਿਰਦੇਸ਼ਾਂ 'ਤੇ ਚੱਲਣ ਵਾਲੀ ਭਾਜਪਾ ਸਰਕਾਰ ਦੇਸ਼ ਦੀ ਮਿਹਨਤਕਸ਼ ਜਨਤਾ ਵਿਰੁੱਧ ਨੀਤੀਆਂ ਬਣਾ ਕੇ ਕਾਰਪੋਰੇਟ ਘਰਾਣਿਆਂ ਦੀਆਂ ਤਜੌਰੀਆਂ ਨੂੰ ਭਰ ਰਹੀ ਹੈ। ਉਹਨਾ ਕਿਹਾ ਕਿ ਮਹਾਂ-ਸੰਮੇਲਨ ਵਿੱਚ ਖੱਬੇ ਪੱਖੀ ਧਿਰਾਂ, ਧਰਮ ਨਿਰਪੱਖ ਸਿਆਸੀ ਪਾਰਟੀਆਂ ਅਤੇ ਪ੍ਰਗਤੀਸ਼ੀਲ ਤਾਕਤਾਂ ਨੂੰ ਇੱਕਜੁੱਟ ਕਰਕੇ ਵੱਡਾ ਅੰਦੋਲਨ ਚਲਾਉਣ ਦੀ ਰਣਨੀਤੀ ਤਿਆਰ ਕਰੇਗੀ।ਸੀ ਪੀ ਆਈ ਦੀ ਸੂਬਾ ਕੌਂਸਲ ਨੇ ਹਰਿਆਣਾ ਸਰਕਾਰ ਵੱਲੋਂ ਬਿਜਲੀ ਦਰਾਂ ਵਧਾਉਣ, ਰਾਸ਼ਨ ਕਾਰਡ 'ਤੇ ਮਿਲਣ ਵਾਲੇ ਸਰ੍ਹੋਂ ਦੇ ਤੇਲ ਦੀਆਂ ਦਰਾਂ ਵਿੱਚ ਭਾਰੀ ਵਾਧਾ ਕਰਨ ਅਤੇ ਕੁਝ ਹੀ ਦਿਨਾਂ ਵਿੱਚ ਲੱਖਾਂ ਪਰਵਾਰਾਂ ਦੇ ਬੀ ਪੀ ਐੱਲ ਸੂਚੀ ਵਿੱਚੋਂ ਨਾਂਅ ਕੱਟਣ ਦੀ ਨਿਖੇਧੀ ਕੀਤੀ ਹੈ। ਮੀਟਿੰਗ ਵਿੱਚ ਸੰਗਠਨ ਦੇ ਸਵਾਲਾਂ 'ਤੇ ਵਿਸਥਾਰ ਨਾਲ ਚਰਚਾ ਕਰਦਿਆਂ ਕਿਹਾ ਗਿਆ ਕਿ ਸੀ ਪੀ ਆਈ ਦੀ ਸਥਾਪਨਾ ਦੇ ਸੌ ਸਾਲ ਪੂਰੇ ਹੋਣ 'ਤੇ ਆਉਣ ਵਾਲੀ 26 ਦਸੰਬਰ ਨੂੰ ਨਗੌਰ ਵਿੱਚ ਸੂਬਾ ਪੱਧਰੀ ਸਨਮਾਨ ਕੀਤਾ ਜਾਵੇਗਾ।ਮੀਟਿੰਗ ਵਿੱਚ ਧਰਮਪਾਲ ਸਿੰਘ ਚੌਹਾਨ, ਤਿਲਕ ਰਾਜ ਵਿਨਾਇਕ, ਹਰਭਜਨ ਸਿੰਘ ਸੰਧੂ, ਸਤਿੰਦਰ ਗਿਰੀ, ਆਰ ਐੱਨ ਸਿੰਘ, ਪਵਨ ਕੁਮਾਰ ਸੈਨੀ, ਸੰਤੋਸ਼ ਸੈਨੀ, ਡਾ. ਸੁਖਦੇਵ ਸਿੰਘ ਜੰਮੂ, ਮਨੀ ਰੱਖਾ, ਬੇਲ ਰੱਖਾ, ਰਾਜੀਵ ਵਰਮਾ, ਅਰੁਣ ਕੁਮਾਰ, ਸਤੀਸ਼ ਕੁਮਾਰ ਨਹਾਡ, ਫੂਲ ਸਿੰਘ ਇੰਦੌਰਾ, ਨੀਰਜ ਚੌਹਾਨ ਆਦਿ ਨੇ ਵੀ ਵਿਚਾਰ-ਚਰਚਾ 'ਚ ਹਿੱਸਾ ਲਿਆ।

# ਭਾਰਤੀ ਨਰਸ ਦੀ ਫਾਂਸੀ ਟਲੀ



**ਨਵੀਂ ਦਿੱਲੀ** : ਯਮਨ 'ਚ ਕੇਰਲਾ ਦੀ ਨਰਸ ਨਿਮਿਸ਼ਾ ਪ੍ਰਿਆ ਦੀ 16 ਜੁਲਾਈ ਨੂੰ ਫਾਂਸੀ ਟਲ ਗਈ ਹੈ। ਸਰਕਾਰ ਨੇ ਯਮਨ ਤੋਂ ਕੁਝ ਹੋਰ ਦਿਨਾਂ ਦੀ ਮੰਗ ਕੀਤੀ ਸੀ, ਤਾਂ ਕਿ ਨਿਮਿਸ਼ਾ ਦਾ ਪਰਵਾਰ ਪੀੜਤ ਪਰਵਾਰ ਨੂੰ ਬਲੱਡ ਮਨੀ ਲਈ ਮਨਾ ਸਕੇ। ਪੀੜਤ ਪਰਵਾਰ ਨੂੰ 10,000 ਅਮਰੀਕੀ ਡਾਲਰ (8.5 ਕਰੋੜ ਰੁਪਏ) ਦੀ ਬਲੱਡ ਮਨੀ ਦੇਣ ਦੀ ਪੇਸ਼ਕਸ਼ ਕੀਤੀ ਗਈ ਹੈ। ਮੀਡੀਆ ਰਿਪੋਰਟਾਂ ਅਨੁਸਾਰ ਪ੍ਰਭਾਵਸ਼ਾਲੀ ਧਾਰਮਕ ਆਗੂਆਂ ਦੇ ਦਖਲ ਤੋਂ ਬਾਅਦ ਫਾਂਸੀ ਮੁਲਤਵੀ ਕੀਤੀ ਗਈ ਹੈ।

ਭਾਰਤ ਦੇ ਕੰਠਪੁਰਮ ਦੇ ਗ੍ਰੈਂਡ ਮੁਫਤੀ ਏ ਪੀ ਅਬੂਬਕਰ ਮੁਸਲੀਅਰ ਅਤੇ ਯਮਨ ਦੇ ਪ੍ਰਸਿੱਧ ਸੂਫੀ ਵਿਦਵਾਨ ਸ਼ੇਖ ਹਬੀਬ ਉਮਰ ਬਿਨ ਹਾਫਿਜ਼ ਇਸ ਮੁੱਦੇ 'ਤੇ ਚਰਚਾ ਕਰ ਰਹੇ ਹਨ। ਇਸ ਵਿੱਚ ਯਮਨ ਦੀ ਸੁਪਰੀਮ ਕੋਰਟ ਦਾ ਇੱਕ ਜੱਜ ਅਤੇ ਮ੍ਰਿਤਕ ਦਾ ਭਰਾ ਵੀ ਸ਼ਾਮਲ ਹੈ। ਮੁਫਤੀ ਮੁਸਲੀਅਰ ਨੇ ਯਮਨ ਦੇ ਸ਼ੇਖ ਹਬੀਬ ਨੂੰ ਗੱਲਬਾਤ ਲਈ ਮਨਾ ਲਿਆ। ਇਹ ਵੀ ਪਹਿਲੀ ਵਾਰ ਹੈ, ਜਦੋਂ ਪੀੜਤ ਪਰਵਾਰ ਦਾ ਕੋਈ ਨਜ਼ਦੀਕੀ ਮੈਂਬਰ ਗੱਲ ਕਰਨ ਲਈ ਸਹਿਮਤ ਹੋਇਆ ਹੈ। ਇਹ ਗੱਲਬਾਤ ਸ਼ਰੀਆ ਕਾਨੂੰਨ ਦੇ ਤਹਿਤ ਹੋ ਰਹੀ ਹੈ, ਜੋ ਪੀੜਤ ਪਰਵਾਰ ਨੂੰ ਬਿਨਾਂ ਕਿਸੇ ਸ਼ਰਤ ਦੇ ਜਾਂ ਬਲੱਡ ਮਨੀ ਦੇ ਬਦਲੇ ਦੋਸ਼ੀ ਨੂੰ ਮੁਆਫ ਕਰਨ ਦਾ ਕਾਨੂੰਨੀ ਅਧਿਕਾਰ ਦਿੰਦਾ ਹੈ।

ਨਿਮਿਸ਼ਾ 2017 ਤੋਂ ਜੇਲ੍ਹ ਵਿੱਚ ਹੈ। ਉਸ 'ਤੇ ਯਮਨੀ ਨਾਗਰਿਕ ਤਲਾਲ ਅਬਦੋ ਮਹਿਦੀ ਨੂੰ ਨਸ਼ੇ ਦੀ ਓਵਰਡੋਜ਼ ਦੇ ਕੇ ਮਾਰਨ ਦਾ ਦੋਸ਼ ਹੈ। ਨਿਮਿਸ਼ਾ ਅਤੇ ਮਹਿਦੀ ਯਮਨ ਦੇ ਇੱਕ ਨਿੱਜੀ ਕਲੀਨਿਕ ਵਿੱਚ ਸਾਥੀ ਸਨ। ਦੋਸ਼ ਹੈ ਕਿ ਮਹਿਦੀ ਨੇ ਨਿਮਿਸ਼ਾ ਦਾ ਪਾਸਪੋਰਟ ਆਪਣੇ ਕੋਲ ਰੱਖਿਆ ਸੀ ਅਤੇ ਉਸ ਨੂੰ ਤਸੀਹੇ ਦਿੱਤੇ ਸਨ। ਜੁਲਾਈ 2017 ਵਿੱਚ ਮਹਿਦੀ ਤੋਂ ਪਾਸਪੋਰਟ ਲੈਣ ਲਈ, ਨਿਮਿਸ਼ਾ ਨੇ ਉਸ ਨੂੰ ਬੇਹੋਸ਼ ਕਰਨ ਲਈ ਇੱਕ ਟੀਕਾ ਲਗਾਇਆ ਅਤੇ ਫਿਰ ਨਿਮਿਸ਼ਾ ਨੇ ਮਹਿਦੀ ਨੂੰ ਓਵਰਡੋਜ਼ ਦੇ ਦਿੱਤੀ, ਜਿਸ ਦੇ ਨਤੀਜੇ ਵਜੋਂ ਉਸ ਦੀ ਮੌਤ ਹੋ ਗਈ। ਮੀਡੀਆ ਰਿਪੋਰਟਾਂ ਅਨੁਸਾਰ ਨਿਮਿਸ਼ਾ ਨੇ ਮਹਿਦੀ ਦੀ ਲਾਸ਼ ਦੇ ਟੁਕੜੇ ਕਰ ਦਿੱਤੇ ਅਤੇ ਪਾਣੀ ਦੀ ਟੈਂਕੀ ਵਿੱਚ ਸੁੱਟ ਦਿੱਤੇ। ਇਸ ਤੋਂ ਬਾਅਦ ਪੁਲਸ ਨੇ ਨਿਮਿਸ਼ਾ ਨੂੰ ਗ੍ਰਿਫਤਾਰ ਕਰ ਲਿਆ।

## ਅੱਜ-ਨਾਮਾ

ਨਿਯਮ ਟੁੱਟਣ ਦੇ ਨਿਕਲਦੇ ਨੁਕਸ ਭਾਵੇਂ,
ਬਦਲਦੀ ਚਾਲੇ ਨਾ ਕਦੀ ਸਰਕਾਰ ਬੇਲੀ।
ਜਹਾਜ਼ ਡਿੱਗਿਆ, ਕਈ ਗਏ ਲੋਕ ਮਾਰੇ,
ਲੱਭਾ ਸਿਸਟਮ ਦੇ ਅੰਦਰ ਨਿਘਾਰ ਬੇਲੀ।
ਅਸਲੀ ਮੁੱਦੇ ਵੱਲ ਆਵੇ ਸਰਕਾਰ ਨਾਹੀਂ,
ਰਹੀ ਆ ਫੋਕੇ ਟਰਪੱਲ ਜਿਹੇ ਮਾਰ ਬੇਲੀ।
ਉਹੀ ਚਰਚਾ ਕੋਤਾਹੀਆਂ ਦੀ ਹੋਈ ਜਾਂਦੀ,
ਮਿਲਦੀ ਸੁਣਨ ਲਈ ਜੋ ਹਰ ਵਾਰ ਬੇਲੀ।
ਪੂਰਤੀ ਫਰਜ਼ ਦਾ ਕੋਈ ਧਿਆਨ ਹੈ ਨਹੀਂ,
ਦਿੱਸਦਾ ਜੀਵਨ ਦਾ ਨਹੀਂ ਸਨਮਾਨ ਬੇਲੀ।
ਸੁਰੱਖਿਆ ਕੀਤੀ ਅਣਗੌਲੀ ਹੈ ਹਰ ਪਾਸੇ,
ਸਿਆਸਤ ਵੱਲ ਹੈ ਸਿਰਫ ਧਿਆਨ ਬੇਲੀ।

-ਤੀਸ ਮਾਰ ਖਾਂ

# ਬਲਵਿੰਦਰ ਸਿੰਘ ਸੇਲਬਰਾਹ ਨੂੰ ਸੈਂਕੜੇ ਲੋਕਾਂ ਵੱਲੋਂ ਅੰਤਮ ਵਿਦਾਈ

**ਬਠਿੰਡਾ (ਬਖਤੌਰ ਢਿੱਲੋਂ)**

ਟੀਚਰਜ਼ ਹੋਮ ਟਰੱਸਟ (ਰਜਿ.) ਬਠਿੰਡਾ ਦੇ ਬਹੁਤ ਹੀ ਸਰਗਰਮ ਮੈਂਬਰ ਤੇ ਸੇਵਾ-ਮੁਕਤ ਮੁੱਖ ਅਧਿਆਪਕ ਕਾਮਰੇਡ ਬਲਵਿੰਦਰ ਸਿੰਘ ਸੇਲਬਰਾਹ ਜਿਹੜੇ ਸੋਮਵਾਰ ਸਦੀਵੀ ਵਿਛੋੜਾ ਦੇ ਗਏ ਸਨ, ਦਾ ਅੰਤਮ ਸੰਸਕਾਰ ਮੰਗਲਵਾਰ ਰਾਮਪੁਰਾ ਦੇ ਸ਼ਮਸ਼ਾਨਘਾਟ ਵਿਖੇ ਭਰਵੇਂ ਇਕੱਠ ਵਿਚ ਕੀਤਾ ਗਿਆ। ਕਾਮਰੇਡ ਬਲਵਿੰਦਰ ਸਿੰਘ ਜਿੱਥੇ ਇੱਕ ਵਧੀਆ ਅਧਿਆਪਕ ਤੇ ਵਧੀਆ ਇਨਸਾਨ ਸਨ, ਉੱਥੇ ਉਹ ਸਮਰਪਿਤ ਕਮਿਊਨਿਸਟ ਵਜੋਂ ਆਪਣੇ ਆਖ਼ਰੀ ਸਾਹਾਂ ਤੱਕ ਭਾਰਤੀ ਕਮਿਊਨਿਸਟ ਪਾਰਟੀ ਦੇ ਵਫਾਦਾਰ ਸਿਪਾਹੀ ਵਜੋਂ ਵਿਚਰਦੇ ਰਹੇ। ਜਿੱਥੇ ਉਹਨਾ ਅਧਿਆਪਨ ਦੇ ਸਮੇਂ ਵੱਖ-ਵੱਖ ਸਕੂਲਾਂ ਵਿੱਚ ਪੂਰੀ ਮਿਹਨਤ ਤੇ ਜ਼ਿੰਮੇਵਾਰੀ ਨਾਲ਼ ਬਹੁਤ ਵਧੀਆ ਕੰਮ ਕੀਤੇ, ਉੱਥੇ ਉਹ ਅਧਿਆਪਕਾਂ ਦੀ ਸਿਰਮੌਰ ਜਥੇਬੰਦੀ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਤੇ ਸੂਬਾ ਪੱਧਰ ਦੇ ਪ੍ਰਪੱਕ ਆਗੂ ਵਜੋਂ ਵੀ ਭੂਮਿਕਾ ਅਦਾ ਕਰਦੇ ਰਹੇ।ਉਹਨਾ ਕੁਸ਼ਲ ਜਥੇਬੰਦਕ ਵਜੋਂ ਪੂਰੀ ਜ਼ਿੰਮੇਵਾਰੀ ਨਾਲ ਜਥੇਬੰਦੀ ਨੂੰ ਚਲਾਇਆ ਅਤੇ ਅਧਿਆਪਕ ਘੋਲਾਂ ਦੀ ਅਗਵਾਈ ਕੀਤੀ। ਉਹਨਾ ਦੇ ਅੰਤਮ ਸੰਸਕਾਰ ਮੌਕੇ ਜਿੱਥੇ ਉਹਨਾ ਦੀ ਧਰਮ ਪਤਨੀ ਗੁਰਚਰਨ ਕੌਰ,



ਦੋਵੇਂ ਡਾਕਟਰ ਬੇਟੇ, ਰਿਸ਼ਤੇਦਾਰ ਤੇ ਸਾਕ-ਸੰਬੰਧੀ ਗਮ ਵਿੱਚ ਡੁੱਬੇ ਹੋਏ ਸਨ, ਉੱਥੇ ਵੱਡੀ ਗਿਣਤੀ ਵਿਚ ਅਧਿਆਪਕਾਂ ਤੇ ਸ਼ਹਿਰ ਨਿਵਾਸੀਆਂ ਨੇ ਵੀ ਉਹਨਾਂ ਨੂੰ ਨਮ ਅੱਖਾਂ ਨਾਲ ਵਿਦਾ ਕੀਤਾ। ਭਾਰਤੀ ਕਮਿਊਨਿਸਟ ਪਾਰਟੀ ਦੇ ਸਾਬਕਾ ਸੂਬਾ ਸਕੱਤਰ ਜਗਰੂਪ ਸਿੰਘ, ਜ਼ਿਲ੍ਹਾ ਬਠਿੰਡਾ ਦੇ ਸਕੱਤਰ ਬਲਕਰਨ ਬਰਾੜ, ਜ਼ਿਲ੍ਹਾ ਮੋਗਾ ਦੇ ਸਕੱਤਰ ਕੁਲਦੀਪ ਭੋਲਾ, ਡਾ: ਇੰਦਰਵੀਰ ਗਿੱਲ, ਭੋਲਾ ਸਿੰਘ, ਟੀਚਰਜ਼ ਹੋਮ ਟਰੱਸਟ ਦੇ ਚੇਅਰਮੈਨ ਬੀਰਬਲ ਦਾਸ, ਲਛਮਣ ਮਲੂਕਾ, ਪਰਮਜੀਤ ਰਾਮਾਂ, ਹਰਭਜਨ ਸਿੰਘ ਤੇ ਅਮਰ ਸਿੰਘ ਨੇ ਪਾਰਟੀ ਦਾ ਲਾਲ਼ ਝੰਡਾ ਪਾ ਕੇ ਬਲਵਿੰਦਰ ਸਿੰਘ ਸੇਲਬਰਾਹ ਨੂੰ ਸਨਮਾਨ ਦਿੱਤਾ। ਇਸ ਮੌਕੇ ਸਾਥੀ ਬਲਵਿੰਦਰ ਸਿੰਘ ਨੂੰ ਲਾਲ ਸਲਾਮ, ਸਾਥੀ ਬਲਵਿੰਦਰ ਸਿੰਘ ਅਮਰ ਹੈ, ਭਾਰਤੀ ਕਮਿਊਨਿਸਟ ਪਾਰਟੀ ਜ਼ਿੰਦਾਬਾਦ, ਇਨਕਲਾਬ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਉਹਨਾ ਨੂੰ ਸਲਾਮੀ ਦਿੱਤੀ ਗਈ।

## ਕਾਰਟੂਨਿਸਟ ਦਾ ਗ੍ਰਿਫਤਾਰੀ ਤੋਂ ਬਚਾਅ



**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਮੰਗਲਵਾਰ ਸੋਸ਼ਲ ਮੀਡੀਆ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਆਰ ਐੱਸ ਐੱਸ ਵਰਕਰਾਂ ਦੇ ਕਥਿਤ ਇਤਰਾਜ਼ਯੋਗ ਕਾਰਟੂਨ ਸ਼ੇਅਰ ਕਰਨ ਦੇ ਮੁਲਜ਼ਮ ਕਾਰਟੂਨਿਸਟ ਹੇਮੰਤ ਮਾਲਵੀਆ ਨੂੰ ਗ੍ਰਿਫਤਾਰੀ ਤੋਂ ਅੰਤਰਮ ਸੁਰੱਖਿਆ ਦੇ ਦਿੱਤੀ। ਜਸਟਿਸ ਸੁਧਾਂਸ਼ੂ ਧੂਲੀਆ ਅਤੇ ਜਸਟਿਸ ਅਰਵਿੰਦ ਕੁਮਾਰ ਦੀ ਬੈਂਚ ਨੇ ਕਿਹਾ ਕਿ ਜੇ ਉਸ ਨੇ ਸੋਸ਼ਲ ਮੀਡੀਆ 'ਤੇ ਕੋਈ ਹੋਰ ਇਤਰਾਜ਼ਯੋਗ ਪੋਸਟ ਸਾਂਝੀ ਕੀਤੀ ਹੈ ਤਾਂ ਉਸ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ। ਸੁਪਰੀਮ ਕੋਰਟ ਨੇ ਕਥਿਤ ਅਪਮਾਨਜਨਕ ਆਨਲਾਈਨ ਪੋਸਟਾਂ 'ਤੇ ਖਾਸੀ ਨਾਰਾਜ਼ਗੀ ਜ਼ਾਹਰ ਕੀਤੀ ਅਤੇ ਕਿਹਾ ਕਿ ਲੋਗ ਕਿਸੀ ਕੋ ਭੀ, ਕੁਛ ਭੀ ਕਹਿ ਦੇਤੇ ਹੈਂ। ਹੇਮੰਤ ਮਾਲਵੀਆ ਨੇ ਮੱਧ ਪ੍ਰਦੇਸ਼ ਹਾਈ ਕੋਰਟ ਦੇ 3 ਜੁਲਾਈ ਦੇ ਹੁਕਮਾਂ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ, ਜਿਨ੍ਹਾਂ ਵਿੱਚ ਉਸ ਨੂੰ ਅਗਾਊਂ ਜ਼ਮਾਨਤ ਦੇਣ ਤੋਂ ਇਨਕਾਰ ਕੀਤਾ ਗਿਆ ਸੀ। ਉਸ ਖਿਲਾਫ ਮਈ ਵਿੱਚ ਇੰਦੌਰ ਦੇ ਲਾਸੂੜੀਆ ਪੁਲਸ ਸਟੇਸ਼ਨ ਵਿੱਚ ਵਕੀਲ ਅਤੇ ਆਰ ਐੱਸ ਐੱਸ ਵਰਕਰ ਵਿਨੈ ਜੋਸ਼ੀ ਨੇ ਸ਼ਿਕਾਇਤ ਦਰਜ ਕਰਵਾਈ ਸੀ ਤੇ ਉਸ ਵਿਰੁੱਧ ਕੇਸ ਦਰਜ ਕੀਤਾ ਗਿਆ ਸੀ। ਜੋਸ਼ੀ ਨੇ ਦੋਸ਼ ਲਗਾਇਆ ਕਿ ਮਾਲਵੀਆ ਨੇ ਸੋਸ਼ਲ ਮੀਡੀਆ 'ਤੇ ਇਤਰਾਜ਼ਯੋਗ ਸਮੱਗਰੀ ਅਪਲੋਡ ਕਰਕੇ ਹਿੰਦੂਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਅਤੇ ਫਿਰਕੂ ਸਦਭਾਵਨਾ ਨੂੰ ਵਿਗਾੜਿਆ।

ਐਫਆਈਆਰ ਵਿੱਚ ਕਈ ਇਤਰਾਜ਼ਯੋਗ ਪੋਸਟਾਂ ਦਾ ਜ਼ਿਕਰ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਭਗਵਾਨ ਸ਼ਿਵ 'ਤੇ ਕਥਿਤ ਤੌਰ 'ਤੇ ਗਲਤ ਟਿੱਪਣੀਆਂ ਦੇ ਨਾਲ-ਨਾਲ ਕਾਰਟੂਨ, ਵੀਡੀਓ, ਫੋਟੋਆਂ ਅਤੇ ਮੋਦੀ, ਆਰ ਐੱਸ ਐੱਸ ਵਰਕਰਾਂ ਤੇ ਹੋਰਾਂ ਬਾਰੇ ਟਿੱਪਣੀਆਂ ਸ਼ਾਮਲ ਹਨ।

## ਸ਼ਹੀਦ ਕਿਰਨਜੀਤ ਕੌਰ ਮੈਮੋਰੀਅਲ ਸਕੂਲ ਆਫ ਐਮੀਨੈਂਸ ਮੈਨੇਜਮੈਂਟ ਕਮੇਟੀ ਦੀ ਚੋਣ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸ਼ਹੀਦ ਬੀਬੀ ਕਿਰਨਜੀਤ ਕੌਰ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਆਫ ਐਮੀਨੈਂਸ ਮਹਿਲ ਕਲਾਂ ਮੈਨੇਜਮੈਂਟ ਕਮੇਟੀ ਦੀ ਚੋਣ ਮਹਿਕਮੇ ਦੀਆਂ ਹਦਾਇਤਾਂ ਅਨੁਸਾਰ ਸਾਲ 2025-27 ਦੋ ਸਾਲ ਲਈ ਸਰਬਸੰਮਤੀ ਨਾਲ ਸਕੂਲ ਕੰਪਲੈਕਸ ਵਿਖੇ ਹੋਈ।ਇਸ ਮੌਕੇ ਚੁਣੇ ਹੋਏ ਮੈਂਬਰਾਂ ਸਰਬਜੀਤ ਸਿੰਘ, ਰਾਜੂ ਸਿੰਘ, ਗੁਰਪ੍ਰੀਤ ਸਿੰਘ, ਪਰਮਜੀਤ ਕੌਰ, ਦਵਿੰਦਰਪਾਲ ਕੌਰ, ਸੁਖਪਾਲ ਕੌਰ, ਅਮਨਦੀਪ ਸਿੰਘ, ਰੇਸ਼ਮ ਸਿੰਘ, ਗੁਰਸੇਵਕ ਸਿੰਘ, ਸੁਖਪਾਲ ਕੌਰ, ਗੁਰਪ੍ਰੀਤ ਕੌਰ, ਅੱਕੀ ਕੌਰ ਮੈਂਬਰ, ਸਕੱਤਰ, ਕਨਵੀਨਰ ਪ੍ਰਿੰ. ਰਾਜਿੰਦਰਪਾਲ ਸਿੰਘ, ਅਧਿਆਪਕ ਮੈਂਬਰ ਜਗਦੀਪ ਸਿੰਘ ਲੈਕਚਰਾਰ, ਇਲਾਕੇ ਦਾ ਚੁਣਿਆ ਜਨਤਕ ਪ੍ਰਤੀਨਿਧੀ ਜਾਂ ਨਾਮਜ਼ਦ ਮਨਜੀਤ ਸਿੰਘ, ਸਿੱਖਿਆ ਸੇਵੀ ਜਸਮਿੰਦਰ ਸਿੰਘ, ਸੱਦਾ ਪੱਤਰ ਮੈਂਬਰ ਵਿਜੈ ਕੁਮਾਰ, ਵਿਸ਼ੇਸ਼ ਸੱਦਾ ਪੱਤਰ ਮੈਂਬਰ ਮੋਹਿਤ ਗਰਗ ਉਕਤ ਹਾਜ਼ਰ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਪਹਿਲੇ ਸਾਲ ਲਈ ਅਮਨਦੀਪ ਸਿੰਘ ਪੁੱਤਰ ਪ੍ਰੀਤਮ ਸਿੰਘ ਸਰੋਏ ਨੂੰ ਚੇਅਰਮੈਨ ਚੁਣਿਆ ਗਿਆ।ਵਾਈਸ ਚੇਅਰਮੈਨ ਮਨਜੀਤ ਸਿੰਘ ਪੁੱਤਰ ਬੰਤ ਸਿੰਘ ਚੁਣੇ ਗਏ।ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੀ ਧਰਮਪਤਨੀ ਜਸਵਿੰਦਰ ਕੌਰ ਪੰਡੋਰੀ, ਚੇਅਰਮੈਨ ਸੁਖਵਿੰਦਰ ਦਾਸ ਕੁਰੜ, ਸਰਪੰਚ ਸਰਬਜੀਤ ਸਿੰਘ ਸ਼ੰਭੂ, ਸਰਪੰਚ ਕਿਰਨਾ ਰਾਣੀ ਬਾਂਸਲ, ਅਰੁਣ ਕੁਮਾਰ ਬਾਂਸਲ, ਪੀ ਏ ਬਿੰਦਰ ਸਿੰਘ ਮਹਿਲ ਖੁਰਦ ਨੇ ਨਵੀ ਚੁਣੀ ਕਮੇਟੀ ਨੂੰ ਵਧਾਈ ਦਿੱਤੀ। ਉਨ੍ਹਾਂ ਸਮੂਹ ਅਹੁਦੇਦਾਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕਰਦਿਆਂ ਆਪਣੇ ਹਰ ਸੰਭਵ ਸਹਿਯੋਗ ਦਾ ਵਿਸ਼ਵਾਸ ਦੁਆਇਆ।

## ਮੋਦੀ ਸਰਕਾਰ ਮਨਰੇਗਾ ਦੇ ਖਾਤਮੇ ਦੀਆਂ ਸਾਜ਼ਿਸ਼ਾਂ ਘੜ ਰਹੀ ਐ : ਦੀਪਕ ਠਾਕੁਰ



**ਪਟਿਆਲਾ (ਨ ਜ਼ ਸ)**-ਮਨਰੇਗਾ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਦੋਸਤੀ ਭਵਨ ਪਟਿਆਲਾ ਵਿਖੇ ਸਰਵਸਾਥੀ ਪ੍ਰਹਿਲਾਦ ਸਿੰਘ ਨਿਆਲ, ਗੀਤਾ ਰਾਣੀ ਛਿੱਬਰ, ਲਖਵਿੰਦਰ ਸਿੰਘ ਰਾਠੀਆਂ, ਰਣਧੀਰ ਸਿੰਘ ਕਾਦਰਾਬਾਦ ਦੀ ਪ੍ਰਧਾਨਗੀ ਹੇਠ ਪ੍ਰਭਾਵਸ਼ਾਲੀ ਜ਼ਿਲ੍ਹਾ ਪੱਧਰੀ ਜਥੇਬੰਦਕ ਕਨਵੈਨਸ਼ਨ ਕਰਕੇ ਮਜ਼ਬੂਤ ਜਥੇਬੰਦੀ ਉਸਾਰਨ ਤੇ ਮਗਨਰੇਗਾ ਕਾਮਿਆਂ ਨੂੰ ਦਰਪੇਸ਼ ਮੁਸ਼ਕਲਾਂ ਦੇ ਹੱਲ ਲਈ ਹਰ ਪੱਧਰ 'ਤੇ ਘੋਲ ਵਿੱਢਣ ਦਾ ਨਿਰਣਾ ਲਿਆ ਗਿਆ ਹੈ।

ਕਨਵੈਨਸ਼ਨ ਦੇ ਮੁੱਖ ਬੁਲਾਰੇ, ਯੂਨੀਅਨ ਦੇ ਸੂਬਾਈ ਕਨਵੀਨਰ ਸਾਥੀ ਦੀਪਕ ਠਾਕੁਰ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਕਾਰਪੋਰੇਟ ਲੋਟੂਆਂ ਦੇ ਹੁਕਮਾਂ ਤਹਿਤ ਮਗਨਰੇਗਾ ਐਕਟ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਘੜ ਰਹੀ ਹੈ।ਇਸੇ ਲਈ ਕੇਂਦਰੀ ਸਰਕਾਰ ਹਰ ਬਜਟ ਵਿੱਚ ਮਨਰੇਗਾ ਫੰਡ ਘਟਾਉਂਦੀ ਜਾ ਰਹੀ ਹੈ।ਕਾਨੂੰਨ ਤਹਿਤ ਸੂਚੀਬੱਧ ਪੇਂਡੂ ਕਿਰਤੀ ਪਰਿਵਾਰਾਂ ਨੂੰ ਨਾ ਤਾਂ ਸਾਲ 'ਚ 100 ਦਿਨ ਰੁਜ਼ਗਾਰ ਦਿੱਤਾ ਜਾਂਦਾ ਹੈ ਤੇ ਨਾ ਹੀ ਸਮੇਂ ਸਿਰ ਤੈਅਸ਼ੁਦਾ ਮਿਹਨਤਾਨਾ ਅਦਾ ਕੀਤਾ ਜਾਂਦਾ ਹੈ।ਮਨਰੇਗਾ ਕਾਮੇ ਬੇਰੁਜ਼ਗਾਰੀ ਭੱਤੇ ਤੇ ਕੰਮ ਦੇ ਸੰਦਾਂ ਤੋਂ ਵਿਰਵੇ ਰੱਖੇ ਜਾ ਰਹੇ ਹਨ। ਹਾਦਸਿਆਂ 'ਚ ਜ਼ਖ਼ਮੀ ਹੋ ਜਾਣ ਜਾਂ ਮੌਤ ਹੋ ਜਾਣ ਦੀ ਸੂਰਤ 'ਚ ਮੁਆਵਜ਼ਾ ਨਹੀਂ ਦਿੱਤਾ ਜਾ ਰਿਹਾ।ਕਿਰਤੀ ਔਰਤਾਂ ਤੇ ਛੋਟੇ ਬੱਚਿਆਂ ਦੀਆਂ ਵਿਸ਼ੇਸ਼ ਲੋੜਾਂ ਦੀ ਜਾਣ-ਬੁੱਝ ਕੇ ਅਣਦੇਖੀ ਕੀਤੀ ਜਾ ਰਹੀ ਹੈ।ਦੂਜੇ ਪਾਸੇ ਸੂਬੇ ਦੀ ਭਗਵੰਤ ਸਿੰਘ ਮਾਨ ਸਰਕਾਰ ਨੇ ਮਨਰੇਗਾ ਕਿਰਤੀਆਂ ਦੇ ਮੰਗਾਂ-ਮਸਲਿਆਂ ਪ੍ਰਤੀ ਮੁਜਰਮਾਨਾ ਘੇਸਲ ਮਾਰੀ ਹੋਈ ਹੈ।ਇਸ ਲਈ ਅੱਜ ਨਾ ਕੇਵਲ ਮਨਰੇਗਾ ਕਾਨੂੰਨ ਦੀ ਰਾਖੀ ਲਈ, ਬਲਕਿ ਇਸ 'ਚ ਕਿਰਤੀ ਪੱਖੀ ਰੈਡੀਕਲ ਸੋਧਾਂ ਕਰਵਾਉਣ ਲਈ ਵੀ ਤਿੱਖੇ ਤੇ ਬੱਝਵੇਂ, ਆਜ਼ਾਦਾਨਾ ਤੇ ਸਾਂਝੇ ਸੰਘਰਸ਼ ਛੇੜਣੇ ਸਮੇਂ ਦੀ ਪਲੇਠੀ ਤੇ ਮਹੱਤਵਪੂਰਨ ਲੋੜ ਬਣ ਚੁੱਕੀ ਹੈ।ਉਨ੍ਹਾਂ ਮਨਰੇਗਾ ਕਾਨੂੰਨ ਨੂੰ ਅੱਖਰ-ਅੱਖਰ ਲਾਗੂ ਕਰਵਾਉਣ ਅਤੇ ਕੁਰੱਪਸ਼ਨ ਤੇ ਨਜਾਇਜ਼ ਦਖ਼ਲ ਦੇ ਖਾਤਮੇ ਲਈ ਪਿੰਡ-ਪਿੰਡ ਮਜ਼ਬੂਤ ਜਥੇਬੰਦੀ ਉਸਾਰਨ ਦਾ ਸੱਦਾ ਦਿੱਤਾ।ਸਾਥੀ ਦੀਪਕ ਨੇ ਕਿਰਤੀਆਂ ਨੂੰ ਸੁਤੰਤਰਤਾ ਪ੍ਰਾਪਤੀ ਤੋਂ ਆਮ ਲੋਕਾਂ ਨੂੰ ਹਾਸਲ ਹੋਈਆਂ ਮਾਮੂਲੀ ਸਹੂਲਤਾਂ ਦਾ ਖਾਤਮਾ ਕਰਨ ਵਾਲੀਆਂ ਕੇਂਦਰ ਦੀ ਮੋਦੀ ਸਰਕਾਰ ਤੇ ਪ੍ਰਾਂਤਕ ਸਰਕਾਰਾਂ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਲੋਕ ਮਾਰੂ, ਦੇਸ਼ ਵਿਰੋਧੀ ਨਵ-ਉਦਾਰਵਾਦੀ ਨੀਤੀਆਂ ਖਿਲਾਫ ਫੈਸਲਾਕੁੰਨ ਘੋਲ ਵਿੱਢਣ ਦੀ ਵੀ ਅਪੀਲ ਕੀਤੀ।ਭਾਜਪਾ ਦੇ ਵਿਚਾਰਧਾਰਕ ਆਕਾ ਆਰ.ਐਸ.ਐਸ. ਦੇ ਫਿਰਕੂ-ਫਾਸ਼ੀ ਹੱਲਿਆਂ ਤੇ ਵੰਡਵਾਦੀ ਕੁਚਾਲਾਂ ਨੂੰ ਸਮਝਣ ਤੇ ਭਾਂਜ ਦੇਣ ਲਈ ਵੀ ਘੋਲਾਂ ਦੇ ਪਿੜ 'ਚ ਨਿਤਰਨ ਦਾ ਸੱਦਾ ਦਿੱਤਾ।ਇਸ ਮੌਕੇ ਯੂਨੀਅਨ ਦਾ ਕੰਮ ਸੁਚਾਰੂ ਢੰਗ ਨਾਲ ਚਲਾਉਣ ਲਈ ਐਡਹਾਕ ਕਮੇਟੀ ਵੀ ਚੁਣੀ ਗਈ, ਜਿਸ ਦੇ ਕਨਵੀਨਰ ਦੀ ਜ਼ਿੰਮੇਵਾਰੀ ਸਾਥੀ ਪ੍ਰਹਿਲਾਦ ਨਿਆਲ ਨੂੰ ਸੌਂਪੀ ਗਈ ਹੈ।

ਉਚੇਚੇ ਤੌਰ ਤੇ ਸੀ.ਟੀ.ਯੂ. ਪੰਜਾਬ ਦੇ ਸੂਬਾ ਪ੍ਰਧਾਨ ਸਾਥੀ ਦੇਵ ਰਾਜ ਵਰਮਾ, ਸ਼ਹੀਦ ਭਗਤ ਨੌਜਵਾਨ ਸਭਾ ਪੰਜਾਬ (ਐਸ.ਬੀ.ਵਾਈ.ਐਫ.) ਦੇ ਜਨਰਲ ਸਕੱਤਰ ਸਾਥੀ ਧਰਮਿੰਦਰ ਸਿੰਘ ਮੁਕੇਰੀਆਂ, ਪੰਜਾਬ ਸਟੂਡੈਂਟਸ ਫੈਡਰੇਸ਼ਨ (ਪੀ.ਐਸ.ਐਫ.) ਦੇ ਸੂਬਾ ਕਨਵੀਨਰ ਸਾਥੀ ਗਗਨਦੀਪ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਆਗੂ ਸਾਥੀ ਮਹੀਪਾਲ ਨੇ ਆਪੋ-ਆਪਣੇ ਸੰਗਠਨਾਂ ਵੱਲੋਂ ਹਰ ਪੱਖੋਂ ਸਹਿਯੋਗ ਕਰਨ ਦਾ ਯਕੀਨ ਦਿਵਾਇਆ।ਪੂਰਨ ਚੰਦ ਨਨੋਤਾ, ਅਮਰਜੀਤ ਸਿੰਘ ਘਨੌਰ, ਰਾਜ ਕਿਸ਼ਨ ਨੂਰ ਖੇੜੀ, ਸੁਖਪਾਲ ਸਿੰਘ ਕਾਦਰਾਬਾਦ ਤੇ ਰਵਿੰਦਰ ਰਵੀ ਲੋਹਗੜ੍ਹ ਨੇ ਵੀ ਵਿਚਾਰ ਰੱਖੇ।ਮੰਚ ਸੰਚਾਲਕ ਦੇ ਫਰਜ਼ ਸਾਥੀ ਹਰੀ ਸਿੰਘ ਦੌਣ ਕਲਾਂ ਨੇ ਨਿਭਾਏ।

## ਮ੍ਰਿਤਕ ਪੈਨਸ਼ਨਧਾਰਕਾਂ ਦੇ ਬੈਂਕ ਖਾਤਿਆਂ 'ਚੋਂ 3.46 ਕਰੋੜ ਦੀ ਰਿਕਵਰੀ : ਡਾ. ਸੋਨਾ ਥਿੰਦ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਬੈਂਕਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਦਿਆਂ ਹਦਾਇਤ ਕੀਤੀ ਕਿ ਸਾਡੇ ਬਜ਼ੁਰਗ ਸਾਡਾ ਮਾਣ ਮੁਹਿੰਮ ਸਰਵੇਖਣ ਤਹਿਤ ਮ੍ਰਿਤਕ ਪੈਨਸ਼ਨਧਾਰਕਾਂ ਦੇ ਬੈਂਕ ਖਾਤਿਆਂ ਤੋਂ ਰਾਸ਼ੀ ਦੀ ਰਿਕਵਰੀ ਕਰਨ ਵਿੱਚ ਤੇਜ਼ੀ ਲਿਆਂਦੀ ਜਾਵੇ।ਅੱਜ ਜ਼ਿਲ੍ਹਾ ਸਮਾਜਿਕ ਸੁਰੱਖਿਆ ਵਿਭਾਗ ਦੇ ਅਧਿਕਾਰੀਆਂ ਤੇ ਬੈਂਕਾਂ ਦੇ ਮੈਨੇਜਰਾਂ ਦੀ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿਖੇ ਬਜ਼ੁਰਗਾਂ ਦੀ ਭਲਾਈ ਤੇ ਮਾਣ ਸਨਮਾਨ ਸਬੰਧੀ ਸਾਡੇ ਬਜ਼ੁਰਗ ਸਾਡਾ ਮਾਣ 2025 ਤਹਿਤ ਵਡੇਰੀ ਉਮਰ ਦੇ ਬਜ਼ੁਰਗਾਂ ਦਾ ਸਰਵੇ ਕਰਵਾਇਆ ਜਾ ਰਿਹਾ ਹੈ, ਜਿਸ ਤਹਿਤ 20 ਹਜ਼ਾਰ 101 ਪੈਨਸ਼ਨ ਲਾਭਪਾਤਰੀਆਂ ਵਿੱਚੋਂ ਮ੍ਰਿਤਕ ਪਾਏ ਗਏ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚੋਂ ਪੈਨਸ਼ਨ ਦੀ ਰਾਸ਼ੀ ਦੀ ਰਿਕਵਰੀ ਕੀਤੀ ਜਾ ਰਹੀ ਹੈ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਰਵੇਖਣ ਦੌਰਾਨ ਮ੍ਰਿਤਕ ਪਾਏ ਗਏ ਪੈਨਸ਼ਨ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚੋਂ 11 ਜੁਲਾਈ ਤੱਕ 3 ਕਰੋੜ 46 ਲੱਖ 14 ਹਜ਼ਾਰ 632 ਰੁਪਏ ਦੀ ਰਾਸ਼ੀ ਬੈਂਕਾਂ ਦੇ ਸਹਿਯੋਗ ਨਾਲ ਰਿਕਵਰ ਕਰਕੇ ਹੋਰ ਜ਼ਿਲ੍ਹਾ ਸਮਾਜਿਕ ਸੁਰੱਖਿਆ ਵਿਭਾਗ ਵੱਲੋਂ ਖ਼ਜ਼ਾਨੇ ਵਿੱਚ ਜਮ੍ਹਾਂ ਕਰਵਾ ਦਿੱਤੀ ਗਈ ਹੈ।ਉਨ੍ਹਾਂ ਦੱਸਿਆ ਕਿ ਜਿਹੜੇ ਪੈਨਸ਼ਨ ਧਾਰਕਾਂ ਦੀ ਮੌਤ ਹੋਣ ਤੋਂ ਬਾਅਦ ਵੀ ਪੈਨਸ਼ਨ ਰਾਸ਼ੀ ਬੈਂਕ ਖਾਤਿਆਂ ਵਿੱਚ ਜਾਂਦੀ ਰਹੀ ਹੈ, ਕੇਵਲ ਉਸ ਦੀ ਰਿਕਵਰੀ ਕੀਤੀ ਜਾ ਰਹੀ ਹੈ।ਡਿਪਟੀ ਕਮਿਸ਼ਨਰ ਨੇ ਬੈਂਕਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਅਜਿਹੇ ਬਕਾਇਆ ਮਾਮਲਿਆਂ ਵਿੱਚ ਵੀ ਤੇਜ਼ੀ ਲਿਆਉਣ ਤੇ ਬਾਕੀ ਰਾਸ਼ੀ ਨੂੰ ਤਰਜੀਹ ਦੇ ਅਧਾਰ 'ਤੇ ਰਿਕਵਰ ਕਰਨਾ ਯਕੀਨੀ ਬਣਾਉਣ।

ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਵਰਿੰਦਰ ਸਿੰਘ ਟਿਵਾਣਾ ਨੇ ਦੱਸਿਆ ਕਿ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿਖੇ 70827 ਬਜ਼ੁਰਗ, ਵਿਧਵਾਵਾਂ, ਬੇਸਹਾਰਾ ਬੱਚਿਆਂ ਤੇ ਦਿਵਿਆਂਗਜਨਾਂ ਨੂੰ ਸਿੱਧਾ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ 1500 ਰੁਪਏ ਦੀ ਦਰ ਨਾਲ ਮਾਸਿਕ ਪੈਨਸ਼ਨ ਮਿਲ ਰਹੀ ਹੈ। ਮੀਟਿੰਗ ਦੌਰਾਨ ਜ਼ਿਲ੍ਹਾ ਲੀਡ ਮੈਨੇਜਰ ਮੁਕੇਸ਼ ਸੈਣੀ ਤੇ ਵੱਖ ਵੱਖ ਬੈਂਕਾਂ ਦੇ ਨੁਮਾਇੰਦੇ ਮੌਜੂਦ ਸਨ।

## ਸਰਬੱਤ ਦਾ ਭੱਲਾ ਚੈਰੀਟੇਬਲ ਟਰੱਸਟ ਨੇ 138 ਲੋੜਵੰਦਾਂ ਨੂੰ ਪੈਨਸ਼ਨ ਦੇ ਚੈੱਕ ਵੰਡੇ

### ਮੈਡੀਕਲ ਸਹਾਇਤਾ ਲਈ 10 ਵਿਅਕਤੀਆਂ ਨੂੰ ਵੀ ਦਿੱਤੇ ਚੈੱਕ



**ਸੰਗਰੂਰ (ਪ੍ਰਵੀਨ ਸਿੰਘ)**-ਡਾ. (ਪ੍ਰੋ) ਐਸ. ਪੀ. ਸਿੰਘ ਓਬਰਾਏ ਵੱਲੋਂ ਚਲਾਏ ਜਾ ਰਹੇ ਸਰਬੱਤ ਦਾ ਭੱਲਾ ਚੈਰੀਟੇਬਲ ਟਰੱਸਟ ਦੀ ਜ਼ਿਲ੍ਹਾ ਸੰਗਰੂਰ ਇਕਾਈ ਦੇ ਪ੍ਰਧਾਨ ਸੁਖਮਿੰਦਰ ਸਿੰਘ ਹਰਮਨ ਦੀ ਪ੍ਰਧਾਨਗੀ ਹੇਠ ਹਰਮਨ ਹੋਟਲ ਵਿਖੇ ਲੋੜਵੰਦਾਂ ਨੂੰ ਚੈੱਕ ਵੰਡਣ ਸਬੰਧੀ ਸਮਾਗਮ ਕੀਤਾ ਗਿਆ।ਇਸ ਸਮੇਂ 138 ਲਾਭਪਾਤਰੀਆਂ ਨੂੰ 750 ਰੁਪਏ ਪ੍ਰਤੀ ਮਹੀਨਾ ਹਿਸਾਬ ਨਾਲ ਦਿੱਤੇ ਜਾਣ ਵਾਲੇ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ ਗਏ।ਇਸ ਸਮੇਂ ਮੈਡੀਕਲ ਸਹਾਇਤਾ ਲਈ 10 ਲੋੜਵੰਦਾਂ ਨੂੰ ਵੀ ਚੈੱਕ ਦਿੱਤੇ ਗਏ।ਸੁਖਮਿੰਦਰ ਸਿੰਘ ਹਰਮਨ ਨੇ ਬੋਲਦਿਆਂ ਕਿਹਾ ਕਿ ਸਰਬੱਤ ਦਾ ਭੱਲਾ ਚੈਰੀਟੇਬਲ ਟਰੱਸਟ ਦੇ ਟਰੱਸਟੀ ਡਾ. (ਪ੍ਰੋ) ਐਸ. ਪੀ. ਸਿੰਘ ਓਬਰਾਏ ਵੱਲੋਂ ਲੋੜਵੰਦਾਂ ਦੀ ਸਹਾਇਤਾ ਲਈ ਜਿੱਥੇ ਹੋਰ ਬਹੁਤ ਸਾਰੀਆਂ ਸਕੀਮਾਂ ਅਧੀਨ ਸਹਾਇਤਾ ਮਦਦ ਭੇਜੀ ਜਾਂਦੀ ਹੈ, ਉਥੇ ਜ਼ਿਲ੍ਹਾ ਸੰਗਰੂਰ ਵੱਲੋਂ ਵੀ ਸਹਾਇਤਾ ਦੇ ਚੈੱਕ ਦਿੱਤੇ ਗਏ।ਇਸ ਸਮੇਂ ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸੁਧਾਰ ਘਰ ਸੰਗਰੂਰ ਵਿਖੇ ਕਿਸੇ ਨਾ ਕਿਸੇ ਕੇਸ ਵਿੱਚ ਕੈਦ ਕੱਟ ਰਹੀਆਂ ਔਰਤਾਂ ਦੇ ਛੋਟੇ ਬੱਚਿਆਂ ਨੂੰ ਸੰਭਾਲਣ ਲਈ ਕਰੈੱਚ ਵੀ ਪਿਛਲੇ ਲੰਮੇ ਸਮੇਂ ਤੋਂ ਚਲਾਇਆ ਜਾ ਰਿਹਾ ਹੈ।ਉਸੇ ਤਰ੍ਹਾਂ ਪਿੰਡ ਖੇੜੀ-ਜੱਟਾਂ ਤਹਿਸੀਲ ਧੂਰੀ ਵਿਖੇ 2015 ਤੋਂ ਪੇਂਡੂ ਬੱਚਿਆਂ ਨੂੰ ਸਮੇਂ ਦੇ ਹਾਣੀ ਬਣਾਉਣ ਤੇ ਰੁਜ਼ਗਾਰ ਦੇ ਯੋਗ ਬਣਾਉਣ ਹਿੱਤ ਕੰਪਿਊਟਰ ਸੈਂਟਰ ਸਫ਼ਲਤਾਪੂਰਵਕ ਚਲਾਇਆ ਜਾ ਰਿਹਾ ਹੈ।ਇਸ ਸਮੇਂ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਟੀਮ ਦੇ ਜਨਰਲ ਸਕੱਤਰ ਬਲਕਾਰ ਸਿੰਘ, ਕੁਲਵੰਤ ਸਿੰਘ ਬਾਜਵਾ, ਹਰਮੇਲ ਸਿੰਘ ਲੱਡਾ, ਪ੍ਰੋ. ਸੰਤੋਖ ਕੌਰ, ਸੁਖਵਿੰਦਰ ਸ਼ਰਮਾ ਤੇ ਫਤਿਹ ਪ੍ਰਭਾਕਰ ਹਾਜ਼ਰ ਸਨ।

## ਭਾਰਤੀ ਜਨਤਾ ਪਾਰਟੀ ਨੇ ਦਫਤਰ ਦਾ ਕੀਤਾ ਉਦਘਾਟਨ



**ਫ਼ਿਰੋਜ਼ਪੁਰ (ਗੁਰਬਚਨ ਸਿੰਘ)**

ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਭਾਰਤ ਨਗਰ ਵਿਖੇ ਆਪਣੇ ਨਵੇਂ ਜ਼ਿਲ੍ਹਾ ਦਫਤਰ ਦਾ ਸ਼ਾਨਦਾਰ ਤੇ ਯਾਦਗਾਰ ਉਦਘਾਟਨ ਕੀਤਾ, ਜੋ ਸਰਹੱਦੀ ਖੇਤਰ ਵਿੱਚ ਪਾਰਟੀ ਦੀ ਮਜ਼ਬੂਤ ਪਹੁੰਚ ਤੇ ਵਿਕਾਸ ਦੀਆਂ ਯੋਜਨਾਵਾਂ ਦਾ ਪ੍ਰਤੀਕ ਹੈ।ਸਮਾਗਮ ਵਿੱਚ ਭਾਜਪਾ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਦਫਤਰ ਦਾ ਰਸਮੀ ਉਦਘਾਟਨ ਕੀਤਾ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸ਼ਮਸ਼ੇਰ ਸਿੰਘ ਕਾਕੜ ਦੀ ਅਗਵਾਈ ਵਿਚ ਸੈਂਕੜਿਆਂ ਪਾਰਟੀ ਵਰਕਰਾਂ, ਆਗੂਆਂ ਤੇ ਨਾਗਰਿਕਾਂ ਨੇ ਹਿੱਸਾ ਲਿਆ, ਜਿਸ ਨਾਲ ਸਮਾਗਮ ਵਿੱਚ ਭਾਰੀ ਉਤਸ਼ਾਹ ਤੇ ਜੋਸ਼ ਦੇਖਣ ਨੂੰ ਮਿਲਿਆ।ਰਾਣਾ ਗੁਰਮੀਤ ਸਿੰਘ ਸੋਢੀ ਨੇ ਆਪਣੇ ਸੰਬੋਧਨ ਵਿਚ ਫ਼ਿਰੋਜ਼ਪੁਰ ਦੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਇਹ ਨਵਾਂ ਜ਼ਿਲ੍ਹਾ ਦਫਤਰ ਸਿਰਫ਼ ਇੱਕ ਇਮਾਰਤ ਨਹੀਂ, ਸਗੋਂ ਸਰਹੱਦੀ ਖੇਤਰ ਦੀਆਂ ਸਮੱਸਿਆਵਾਂ ਨੂੰ ਸੁਣਨ ਤੇ ਹੱਲ ਕਰਨ ਲਈ ਇੱਕ ਮਜ਼ਬੂਤ ਪਲੇਟਫਾਰਮ ਹੋਵੇਗਾ।ਉਨ੍ਹਾਂ ਕਿਹਾ ਅਸੀਂ ਫਿਰੋਜ਼ਪੁਰ ਦੇ ਲੋਕਾਂ ਦੇ ਪਰਵਾਰ ਦਾ ਅਟੁੱਟ ਹਿੱਸਾ ਹਾਂ।ਸਾਡਾ ਮੁੱਖ ਟੀਚਾ ਸਰਹੱਦੀ ਜ਼ਿਲ੍ਹੇ ਵਿੱਚ ਵਿਕਾਸ ਦੀ ਨਵੀਂ ਲਹਿਰ ਲਿਆਉਣਾ, ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨਾ ਅਤੇ ਹਰ ਵਰਗ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨਾ ਹੈ।ਸੋਢੀ ਨੇ ਜ਼ੋਰ ਦੇ ਕੇ ਕਿਹਾ ਕਿ ਭਾਜਪਾ ਸਰਕਾਰ ਦੇ ਰਾਸ਼ਟਰੀ ਤੇ ਸਥਾਨਕ ਪੱਧਰ 'ਤੇ ਵਿਕਾਸ ਦੇ ਏਜੰਡੇ ਨੂੰ ਲੈ ਕੇ ਪੂਰੀ ਤਰ੍ਹਾਂ ਵਚਨਬੱਧ ਹੈ।ਉਨ੍ਹਾਂ ਖਾਸ ਤੌਰ 'ਤੇ ਨੌਜਵਾਨਾਂ ਤੇ ਕਿਸਾਨਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਵਿਸ਼ੇਸ਼ ਯਤਨ ਕਰਨ ਦੀ ਗੱਲ ਕੀਤੀ।ਨਵੇਂ ਦਫਤਰ ਨੂੰ ਉਨ੍ਹਾਂ ਨੇ 'ਜਨ ਸੰਪਰਕ ਦਾ ਕੇਂਦਰ' ਕਰਾਰ ਦਿੱਤਾ, ਜਿੱਥੇ ਲੋਕ ਆਪਣੀਆਂ ਸਮੱਸਿਆਵਾਂ ਲੈ ਕੇ ਆ ਸਕਦੇ ਹਨ ਅਤੇ ਤੁਰੰਤ ਹੱਲ ਦੀ ਉਮੀਦ ਕਰ ਸਕਦੇ ਹਨ।

## ਭਾਕਿਯੂ ਏਕਤਾ ਉਗਰਾਹਾਂ ਦੀ ਬੇਨੜਾ ਇਕਾਈ ਦਾ ਗਠਨ

ਧੂਰੀ (ਬਿੰਨੀ ਗਰਗ, ਮੋਹਿਤ ਗਰਗ) ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਧੂਰੀ ਦੀ ਜਨਰਲ ਸਕੱਤਰ ਹਰਪਾਲ ਸਿੰਘ ਪੇਧਨੀ, ਹਰਬੰਸ ਸਿੰਘ ਲੱਡਾ ਅਤੇ ਰਾਮ ਸਿੰਘ ਕੱਕੜਵਾਲ, ਕਰਮਜੀਤ ਸਿੰਘ ਬੇਨੜਾ ਦੀ ਅਗਵਾਈ ਹੇਠ ਇਕਾਈ ਬੇਨੜਾ ਦੀ ਕੀਤੀ ਗਈ ਚੋਣ ਵਿੱਚ ਸ਼ਿਗਾਰਾ ਸਿੰਘ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ, ਜਦਕਿ ਨਾਇਬ ਸਿੰਘ ਜਨਰਲ ਸਕੱਤਰ, ਜੋਰਾ ਸਿੰਘ ਮੀਤ ਪ੍ਰਧਾਨ, ਕਰਨੈਲ ਸਿੰਘ ਸੀ. ਮੀਤ ਪ੍ਰਧਾਨ, ਰਣ ਸਿੰਘ ਖ਼ਜ਼ਾਨਚੀ, ਸੱਤਪਾਲ ਸਿੰਘ ਸਹਾਇਕ ਖ਼ਜ਼ਾਨਚੀ, ਕਾਕਾ ਸਿੰਘ ਢਿੱਲੋਂ, ਸ਼ੇਰ ਸਿੰਘ ਪ੍ਰਚਾਰ ਸਕੱਤਰ, ਰਾਮ ਆਸਰਾ ਸਿੰਘ, ਮਹਿੰਦਰ ਸਿੰਘ ਪ੍ਰੈੱਸ ਸਕੱਤਰ, ਕੁਲਦੀਪ ਸਿੰਘ ਸੰਗਠਨ ਸਕੱਤਰ, ਬਿੱਕਰ ਸਿੰਘ, ਗੁਰਤੇਜ ਸਿੰਘ ਸਲਾਹਕਾਰ, ਨਾਜਰ ਸਿੰਘ, ਮਹਿੰਦਰ ਸਿੰਘ, ਬਲਵੀਰ ਸਿੰਘ, ਮਿੱਠੂ ਸਿੰਘ, ਗੁਰਮੇਲ ਸਿੰਘ, ਦਲਵਾਰਾ ਸਿੰਘ, ਦੀਵਾਨ ਸਿੰਘ, ਸੁਖਦੇਵ ਸਿੰਘ, ਮੇਜਰ ਸਿੰਘ, ਕਰਨੈਲ ਸਿੰਘ, ਅਮਰਜੀਤ ਸਿੰਘ, ਦਰਸ਼ਨ ਸਿੰਘ, ਕਾਲੂ ਢਿੱਲੋਂ, ਅਮਰਜੀਤ ਸਿੰਘ, ਹਾਕਮ ਸਿੰਘ, ਮੇਜਰ ਸਿੰਘ ਨੂੰ ਕਮੇਟੀ ਮੈਂਬਰ ਸ਼ੁਮਾਰ ਕੀਤਾ ਗਿਆ।



## ਉੱਘੇ ਸ਼ਾਇਰ ਗੁਰਪ੍ਰੀਤ ਨਾਲ ਰੂ-ਬ-ਰੂ ਸਮਾਗਮ



**ਮਾਨਸਾ (ਆਤਮਾ ਸਿੰਘ ਪਮਾਰ)**-ਮੈਂ ਕਵਿਤਾ ਨੂੰ ਬਹੁਤ ਸਹਿਜ ਰੂਪ 'ਚ ਲੈਂਦਾ ਹਾਂ ਤੇ ਕਦੇ ਵੀ ਆਪਣੀ ਸ਼ਾਇਰੀ ਦੇ ਸਨਮੁੱਖ ਹੁੰਦਿਆਂ ਅਸਹਿਜ ਨਹੀਂ ਹੁੰਦਾ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬੀ ਦੇ ਉੱਘੇ ਕਵੀ ਗੁਰਪ੍ਰੀਤ ਨੇ ਇੱਥੇ ਸਰ ਜੈਫਰੀ ਇੰਸਟੀਚਿਊਟ ਵਿਖੇ ਅਦਬ ਲੋਕ ਮਾਨਸਾ ਵੱਲੋਂ ਕਰਵਾਏ ਰੂ-ਬ-ਰੂ ਸਮਾਗਮ ਮੌਕੇ ਕੀਤਾ।ਗੁਰਪ੍ਰੀਤ ਨੇ ਦੱਸਿਆ ਕਿ ਉਹ ਕਵਿਤਾ ਰਚਣ ਵੇਲੇ ਸ਼ਬਦਾਂ ਦੀ ਚੋਣ ਕਦੇ ਵੀ ਸੁਚੇਤ ਰੂਪ 'ਚ ਨਹੀਂ ਕਰਦਾ, ਬਲਕਿ ਸ਼ਬਦ ਇੱਕ-ਦੂਜੇ ਨਾਲ ਅਰਾਮਦਾਇਕ ਸਥਿਤੀ 'ਚ ਆ ਮਿਲਦੇ ਹਨ।ਉਨ੍ਹਾਂ ਆਪਣੀਆਂ ਅਣਛਪੀਆਂ ਕਵਿਤਾਵਾਂ ਸੁਣਾ ਕੇ ਮਾਹੌਲ ਨੂੰ ਰੰਗੀਨ ਬਣਾ ਦਿੱਤਾ। ਉੱਘੇ ਆਲੋਚਕ ਪ੍ਰੋ. ਗੁਰਦੀਪ ਸਿੰਘ ਢਿੱਲੋਂ ਨੇ ਕਿਹਾ ਕਿ ਗੁਰਪ੍ਰੀਤ ਦੀ ਕਵਿਤਾ ਘਰ ਦੇ ਆਸ-ਪਾਸ ਰਹਿੰਦੀ ਹੈ ਤੇ ਉਸ ਵਿਚਲਾ ਵਿਵਰਣ ਘਰ ਦਾ ਨਾ ਹੋ ਕੇ ਦੂਰ ਤੱਕ ਫੈਲਦਾ ਹੈ।ਸੰਸਥਾ ਦੇ ਪ੍ਰਧਾਨ ਐਡਵੋਕੇਟ ਬਲਵੰਤ ਭਾਟੀਆ ਨੇ ਕਿਹਾ ਕਿ ਗੁਰਪ੍ਰੀਤ ਸੂਖਮ ਤੇ ਸੀਮਤ ਸ਼ਬਦਾਂ ਦਾ ਸ਼ਾਇਰ ਹੈ, ਜਿਸ ਨੇ ਪੰਜਾਬੀ ਕਵਿਤਾ ਦੇ ਖੇਤਰ 'ਚ ਦੇਸ਼-ਵਿਦੇਸ਼ 'ਚ ਵੱਡਾ ਨਾਮਣਾ ਖੱਟਿਆ ਹੈ।ਅਦਬ ਲੋਕ ਦੇ ਜਨਰਲ ਸਕੱਤਰ ਬਲਵਿੰਦਰ ਸਿੰਘ ਧਾਲੀਵਾਲ, ਸੀਨੀਅਰ ਮੀਤ ਪ੍ਰਧਾਨ ਗੁਰਚੇਤ ਸਿੰਘ ਫੱਤੇਵਾਲੀਆ, ਦਫ਼ਤਰ ਇੰਚਾਰਜ ਲਖਵਿੰਦਰ ਸਿੰਘ ਮੂਸਾ, ਪ੍ਰੈੱਸ ਸਕੱਤਰ ਡਾ. ਬੱਲਮ ਲੀਂਬਾ ਨੇ ਵੀ ਵਿਚਾਰ ਚਰਚਾ 'ਚ ਭਾਗ ਲੈਂਦਿਆਂ ਗੁਰਪ੍ਰੀਤ ਦੀ ਸ਼ਾਇਰੀ ਬਾਰੇ ਵਿਸਥਾਰਤ ਚਰਚਾ ਕੀਤੀ।

## ਵਰਲਡ 'ਵਰਸਿਟੀ ਵਿਖੇ ਨਵੇਂ ਅਧਿਆਪਕਾਂ ਲਈ ਪੰਜ-ਰੋਜ਼ਾ ਸਿਖਲਾਈ ਕੈਂਪ ਸ਼ੁਰੂ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਨੇ 'ਰਿਫਲੈਕਟਿਵ ਪ੍ਰੈਕਟਿਸਜ਼ ਐਂਡ ਰਿਸਪੌਂਸੀਬਲ ਪੈਡਾਗੋਜੀ : ਫਾਊਂਡੇਸ਼ਨ ਫਾਰ ਅਕੈਡਮਿਕ ਇੰਟੀਗ੍ਰਿਟੀ' ਵਿਸ਼ੇ 'ਤੇ ਨਵੇਂ ਭਰਤੀ ਹੋਏ ਅਧਿਆਪਕਾਂ ਲਈ ਪੰਜ-ਰੋਜ਼ਾ ਫੈਕਲਟੀ ਇੰਡਕਸ਼ਨ ਪ੍ਰੋਗਰਾਮ ਸ਼ੁਰੂ ਕੀਤਾ।ਇੰਡਕਸ਼ਨ ਪ੍ਰੋਗਰਾਮ ਦਾ ਆਯੋਜਨ ਸਿੱਖਿਆ ਵਿਭਾਗ ਦੇ ਮੁਖੀ ਡਾ. ਹਰਨੀਤ ਬਿਲਿੰਗ ਦੁਆਰਾ ਕੀਤਾ ਗਿਆ।ਉਨ੍ਹਾਂ ਪ੍ਰੋਗਰਾਮ ਦੇ ਉਦੇਸ਼ਾਂ ਤੇ ਥੀਮ ਨੂੰ ਪੇਸ਼ ਕਰਦਿਆਂ ਦੱਸਿਆ ਕਿ ਕਿਵੇਂ ਪ੍ਰਤੀਬਿੰਬਤ ਅਭਿਆਸ ਤੇ ਜ਼ਿੰਮੇਵਾਰ ਪੈਡਾਗੋਜੀ ਅਕਾਦਮਿਕ ਇਮਾਨਦਾਰੀ ਤੇ ਪੇਸ਼ੇਵਰ ਵਿਕਾਸ ਲਈ ਇੱਕ ਮਜ਼ਬੂਤ ਨੀਂਹ ਬਣਾਉਣ ਵਿੱਚ ਜ਼ਰੂਰੀ ਹਨ।ਪ੍ਰੋਗਰਾਮ ਦਾ ਉਦਘਾਟਨ ਵਾਈਸ-ਚਾਂਸਲਰ ਪ੍ਰੋ. ਪਰਿਤ ਪਾਲ ਸਿੰਘ ਨੇ ਕੀਤਾ।ਵਾਈਸ-ਚਾਂਸਲਰ ਨੇ ਪ੍ਰਤੀਬਿੰਬ, ਜ਼ਿੰਮੇਵਾਰੀ ਤੇ ਅਕਾਦਮਿਕ ਇਮਾਨਦਾਰੀ ਦੇ ਸੱਭਿਆਚਾਰ ਨੂੰ ਪ੍ਰਫੁਲਤ ਕਰਨ ਵਿੱਚ ਅਧਿਆਪਕਾਂ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ।ਉਨ੍ਹਾਂ ਨਵੇਂ ਫੈਕਲਟੀ ਨੂੰ ਉੱਚ ਸਿੱਖਿਆ ਵਿੱਚ ਉੱਤਮਤਾ ਤੇ ਯੂਨੀਵਰਸਿਟੀ ਦੇ ਮਿਸ਼ਨ ਵਿੱਚ ਅਰਥਪੂਰਨ ਯੋਗਦਾਨ ਪਾਉਣ ਲਈ ਉਤਸ਼ਾਹਤ ਕੀਤਾ। ਪ੍ਰੋ. ਸੁਖਵਿੰਦਰ ਸਿੰਘ ਬਿਲਿੰਗ ਡੀਨ ਅਕਾਦਮਿਕ ਮਾਮਲੇ ਨੇ ਯੂਨੀਵਰਸਿਟੀ ਦੇ ਢਾਂਚੇ, ਅਕਾਦਮਿਕ ਨੀਤੀਆਂ ਤੇ ਕਾਰਜ ਸੱਭਿਆਚਾਰ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਸੰਸਥਾਗਤ ਮੁੱਲਾਂ ਤੇ ਨੈਤਿਕ ਮਿਆਰਾਂ ਨਾਲ ਸਿੱਖਿਆ ਸ਼ਾਸਤਰੀ ਅਭਿਆਸਾਂ ਨੂੰ ਇਕਸਾਰ ਕਰਨ ਦੀ ਮਹੱਤਤਾ ਨੂੰ ਰੇਖਾਂਕਿਤ ਕੀਤਾ।ਉਦਘਾਟਨੀ ਸੈਸ਼ਨ ਵਿੱਚ ਪ੍ਰੋ. (ਡਾ.) ਨਵਦੀਪ ਕੌਰ ਡੀਨ ਰਿਸਰਚ, ਪ੍ਰੋ. (ਡਾ.) ਤੇਜਬੀਰ ਸਿੰਘ ਰਜਿਸਟਰਾਰ ਤੇ ਡਾ. ਸਿਕੰਦਰ ਸਿੰਘ, ਡੀਨ ਸਟੂਡੈਂਟਸ ਵੈੱਲਫੇਅਰ ਨੇ ਸ਼ਿਰਕਤ ਕੀਤੀ, ਜਿਨ੍ਹਾਂ ਨੇ ਭਾਗੀਦਾਰਾਂ ਨਾਲ ਖੋਜ ਨੈਤਿਕਤਾ, ਪ੍ਰਸ਼ਾਸਕੀ ਸਹਿਯੋਗ ਤੇ ਵਿਦਿਆਰਥੀ ਭਲਾਈ ਦੀ ਮਹੱਤਤਾ 'ਤੇ ਚਰਚਾ ਕੀਤੀ।ਡਾ. ਮੋਨਿਕਾ ਐਰੀ ਤੇ ਡਾ. ਗਗਨਦੀਪ ਟਿਵਾਣਾ ਵੱਲੋਂ ਇੱਕ ਆਈਸ ਬ੍ਰੇਕਿੰਗ ਸੈਸ਼ਨ ਦਾ ਸੰਚਾਲਨ ਕੀਤਾ ਗਿਆ, ਜਿਸ ਵਿੱਚ ਭਾਗੀਦਾਰਾਂ ਨੇ ਆਪਣੀਆਂ ਇੱਛਾਵਾਂ ਤੇ ਅਧਿਆਪਕ ਹੋਣ ਦੇ ਦ੍ਰਿਸ਼ਟੀਕੋਣ ਨੂੰ ਸਾਂਝਾ ਕੀਤਾ।ਪੰਜ ਦਿਨਾਂ ਦੌਰਾਨ ਪਾਠਕ੍ਰਮ ਵਿਕਾਸ, ਮੁਲਾਂਕਣ ਰਣਨੀਤੀਆਂ, ਸਲਾਹ, ਖੋਜ ਪ੍ਰਮੋਸ਼ਨ ਤੇ ਸੰਸਥਾਗਤ ਜ਼ਿੰਮੇਵਾਰੀਆਂ ਬਾਰੇ ਇੰਟਰਐਕਟਿਵ ਸੈਸ਼ਨ ਸ਼ਾਮਲ ਹੋਣਗੇ।

## ਪੰਜਾਬ ਨੂੰ ਕਿਸੇ ਬਾਹਰੀ ਨਹੀਂ, ਸਗੋਂ ਟਿਕਾਊ ਮਾਡਲ ਦੀ ਲੋੜ ਹੈ : ਚੌਧਰੀ ਨਿਰਮਲ ਭੱਟੀਆਂ

### ਪੰਜਾਬ ਦੀ ਅਣਖ ਤੇ ਆਦਰਸ਼ਾਂ ਨੂੰ ਕੇਜਰੀਵਾਲ ਮਾਡਲ ਨੁਕਸਾਨ ਪਹੁੰਚਾ ਰਿਹਾ



**ਪਟਿਆਲਾ (ਰਾਜਿੰਦਰ ਥਿੰਦ)**-ਪੰਜਾਬ ਵਰਗੀ ਜਰਖੇਜ਼ ਤੇ ਅਣਖੀ ਧਰਤੀ ਨੂੰ ਕਿਸੇ ਵੀ ਬਾਹਰੀ ਮਾਡਲ ਦੀ ਲੋੜ ਨਹੀਂ ਸਗੋਂ ਦੇਸ਼ ਨੂੰ ਟਿਕਾਊ ਮਾਡਲ ਦੀ ਲੋੜ ਹੈ ਇਸ ਲਈ ਉਹ ਹੋਣਾ ਚਾਹੀਦਾ ਹੈ ਜਿਸ ਵਿਚ ਮਨੁੱਖਤਾ ਦੀ ਸੇਵਾ, ਲੋੜਵੰਦਾਂ ਦੀ ਸਹਾਇਤਾ, ਹਰ ਧਰਮ ਦਾ ਸਤਿਕਾਰ ਅਤੇ ਦੇਸ਼ ਭਗਤੀ ਵਾਲੇ ਜਜ਼ਬੇ ਹੋਣ।ਪੰਜਾਬ ਦੇ ਕੇਜਰੀਵਾਲ ਮਾਡਲ ਬਣਾਉਣ ਨਾਲ ਸੂਬਾ ਕਿਸੇ ਵੀ ਤਰ੍ਹਾਂ ਆਰਥਿਕ ਤੌਰ 'ਤੇ ਮਜ਼ਬੂਤ ਨਹੀਂ ਹੋ ਸਕਦਾ, ਕਿਉਂਕਿ ਆਮ ਆਦਮੀ ਪਾਰਟੀ ਦੇ ਦਿੱਲੀ ਚੋਣਾਂ ਹਾਰੇ ਹੋਏ ਆਗੂ ਭਮੱਕੜਾਂ ਵਾਂਗ ਪੰਜਾਬ ਨੂੰ ਲੁੱਟ ਕੇ ਖਾ ਰਹੇ ਹਨ।ਭਗਵੰਤ ਸਿੰਘ ਮਾਨ ਪੰਜਾਬ ਦਾ ਕਾਗਜ਼ੀ ਮੁੱਖ ਮੰਤਰੀ ਹੈ, ਜਦੋਂ ਕਿ ਪੰਜਾਬ ਦੇ ਸਮੁੱਚੇ ਫ਼ੈਸਲੇ ਦਿੱਲੀ ਹਾਰੇ ਹੋਏ ਆਮ ਆਦਮੀ ਪਾਰਟੀ ਦੇ ਆਗੂ ਪੰਜਾਬ ਦੀ ਸਰਕਾਰ ਨੂੰ ਚਲਾ ਰਹੇ ਹਨ।ਕਾਂਗਰਸ ਦੇ ਸੀਨੀਅਰ ਆਗੂ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਤੇ ਪੰਜਾਬ ਬੈਂਕਫਿੰਕੋ ਦੇ ਸਾਬਕਾ ਚੇਅਰਮੈਨ ਚੌਧਰੀ ਨਿਰਮਲ ਭੱਟੀਆਂ ਵੱਲੋਂ ਇਸ ਦਾ ਪ੍ਰਗਟਾਵਾ ਕੀਤਾ ਗਿਆ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦੀ ਸਖ਼ਤ ਅਲੋਚਨਾ ਕਰਦਿਆਂ ਕਿਹਾ ਕਿ ਇਹ ਮਾਡਲ ਪੰਜਾਬ ਵਿੱਚ ਗੈਂਗਸਟਰ ਸਿਸਟਮ ਨੂੰ ਉਤਸ਼ਾਹਤ ਕਰ ਰਿਹਾ ਹੈ, ਜਿੱਥੇ ਕਾਨੂੰਨ ਵਿਵਸਥਾ ਠੱਪ ਹੋ ਚੁੱਕੀ ਹੈ।ਇੱਥੋਂ ਤੱਕ ਕਿ ਪੰਜਾਬੀਆਂ ਦੀ ਥਾਂ ਰਾਜ ਸਭਾ ਵਿੱਚ ਬਾਹਰੀ ਲੋਕ ਭੇਜੇ ਜਾ ਰਹੇ ਹਨ, ਜੋ ਪੰਜਾਬ ਦੀ ਅਣਖ ਨੂੰ ਚੁਣੌਤੀ ਦੇਣ ਵਾਲੀ ਗੱਲ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਲਾਪ੍ਰਵਾਹੀ ਤੇ ਪਿੱਛੜੀ ਨੀਤੀਆਂ ਕਾਰਨ ਪੰਜਾਬ ਦੀ ਸਵੈ-ਮਾਣ ਵਾਲੀ ਅਨਾਜ ਉਤਪਾਦਨ ਸ਼ਮੂਲੀਅਤ ਵੀ ਘੱਟ ਕੇ 11.97 ਫੀਸਦੀ ਤੋਂ ਘੱਟ ਕੇ 11.1 ਫ਼ੀਸਦੀ ਹੋ ਗਈ ਹੈ ਜੋ ਕਿ ਦੇਸ਼ ਦੇ ਭਵਿੱਖ ਲਈ ਵੀ ਸਹੀ ਨਹੀਂ ਹੈ। ਜੇ ਇਹੀ ਕੇਜਰੀਵਾਲ ਮਾਡਲ ਹੈ ਤਾਂ ਪੰਜਾਬ ਨੂੰ ਇਹ ਕਦੇ ਵੀ ਨਹੀਂ ਚਾਹੀਦਾ। ਪੰਜਾਬੀ ਮੋਹਰੀ ਹੋਣਗੇ, ਪੰਜਾਬੀ ਆਗੂ ਹੋਣਗੇ, ਬਾਹਰੀ ਚੌਧਰਾਹਟ ਸਹਿਣ ਨਹੀਂ ਕਰੀ ਜਾਵੇਗੀ।ਇਸ ਦਾ ਗਵਾਹ ਪੰਜਾਬ ਦਾ ਮਾਣਮੱਤਾ ਇਤਿਹਾਸ ਹੈ।ਚੌਧਰੀ ਭੱਟੀਆਂ ਨੇ ਦਿੱਲੀ ਮਾਡਲ ਤਹਿਤ ਲੈਂਡ ਪੂਲਿੰਗ ਸਕੀਮ ਨੂੰ ਕਿਸਾਨ ਮਾਰੂ ਕਰਾਰ ਦਿੰਦਿਆਂ ਕਿਹਾ ਕਿ ਪੰਜਾਬ ਦੀ ਖੇਤੀਯੋਗ ਜ਼ਮੀਨ ਪਹਿਲਾਂ ਹੀ ਘੱਟ ਰਹੀ ਹੈ।ਲੈਂਡ ਪੂਲਿੰਗ ਜਿਹੀ ਸਕੀਮ ਨਾਲ ਸਤਿਗੁਰੂ ਨਾਨਕ ਦੇ ਵਰਸੋਏ ਕਿੱਤੇ ਨੂੰ ਵੱਡਾ ਝਟਕਾ ਲੱਗੇਗਾ।ਪੰਜਾਬੀ ਕਿਸਾਨ ਕਦੇ ਵੀ ਇਹ ਨੀਤੀ ਕਬੂਲ ਨਹੀਂ ਕਰਨਗੇ।

## ਸਰਕਾਰੀ ਸਕੂਲ ਗੰਢੂਆਂ ਵਿਖੇ ਟ੍ਰੈਫਿਕ ਨਿਯਮਾਂ ਤੇ ਕਾਨੂੰਨਾਂ ਬਾਰੇ ਕੀਤਾ ਜਾਗਰੂਕ



**ਚੀਮਾ ਮੰਡੀ (ਰਵਿੰਦਰ ਚੀਮਾ)**-ਸੀਨੀਅਰ ਸੈਕੰਡਰੀ ਸਕੂਲ ਗੰਢੂਆਂ ਵਿਖੇ ਐਸ ਆਈ ਜ਼ਿਲ੍ਹਾ ਟ੍ਰੈਫਿਕ ਇੰਚਾਰਜ ਪਵਨ ਕੁਮਾਰ ਨੇ ਇੱਕ ਟ੍ਰੈਫਿਕ ਸੈਮੀਨਾਰ ਰਾਹੀਂ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਤੇ ਅਪਰਾਧਿਕ ਮਾਮਲਿਆਂ ਬਾਰੇ ਜਾਣਕਾਰੀ ਦਿੱਤੀ।ਸ੍ਰੀ ਪਵਨ ਕੁਮਾਰ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਉਹ ਇਨ੍ਹਾਂ ਕਾਨੂੰਨਾਂ ਨੂੰ ਮੰਨਣਗੇ ਤਾਂ ਉਨ੍ਹਾਂ ਨੂੰ ਜ਼ਿੰਦਗੀ ਵਿੱਚ ਕਦੇ ਵੀ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ।ਉਨ੍ਹਾਂ ਇਸ ਮੌਕੇ ਸਟਾਫ ਤੇ ਵਿਦਿਆਰਥੀਆਂ ਨੂੰ ਸਾਈਬਰ ਕ੍ਰਾਈਮ ਬਾਰੇ ਵੀ ਜਾਣਕਾਰੀ ਦਿੱਤੀ ਕਿ ਅਸੀਂ ਮੋਬਾਈਲ ਫੋਨ ਦੀ ਵਰਤੋਂ ਕਿਵੇਂ ਸਹੀ ਢੰਗ ਨਾਲ ਕਰਨੀ ਹੈ ਤੇ ਜੇਕਰ ਅਸੀਂ ਇਸ ਦਾ ਦੁਰਪ੍ਰਯੋਗ ਕਰਾਂਗੇ ਤਾਂ ਇਸ ਦੇ ਭਿਆਨਕ ਨਤੀਜੇ ਸਾਹਮਣੇ ਆਉਣਗੇ।ਇਸ ਮੌਕੇ ਉਨ੍ਹਾਂ ਨਾਲ ਵਿਸ਼ੇਸ਼ ਤੌਰ 'ਤੇ ਏ ਐੱਸ ਆਈ ਬਲਵਿੰਦਰ ਸਿੰਘ ਏ ਐੱਸ ਆਈ ਰਾਮ ਪ੍ਰਤਾਪ ਤੇ ਕਾਂਸਟੇਬਲ ਮਨਜੀਤ ਸਿੰਘ ਵੀ ਮੌਜੂਦ ਸਨ।ਅਖੀਰ ਵਿੱਚ ਸਕੂਲ ਪ੍ਰਿੰਸੀਪਲ ਸੁਖਪਾਲ ਸਿੰਘ ਜਖੇਪਲ ਨੇ ਉਨ੍ਹਾਂ ਦਾ ਸਕੂਲ ਕੈਂਪਸ ਵਿੱਚ ਆਉਣ ਲਈ ਧੰਨਵਾਦ ਕੀਤਾ। ਇਸ ਮੌਕੇ ਸਮੂਹ ਨਗਰ ਪੰਚਾਇਤ ਪਿੰਡ ਗੰਢੂਆਂ ਐੱਸ ਐੱਮ ਸੀ ਕਮੇਟੀ, ਸਕੂਲ ਭਲਾਈ ਕਮੇਟੀ, ਅਧਿਆਪਕ ਮਨਜੀਤ ਸਿੰਘ, ਜਗਦੀਪ ਸਿੰਘ, ਲਾਡੀ ਗੋਇਲ, ਸੁਖਵੀਰ ਸਿੰਘ, ਮਨਦੀਪ ਗੋਇਲ, ਜਸਵੀਰ ਸਿੰਘ, ਅਧਿਆਪਕਾ ਸੁਰਭੀ, ਮਨਜੀਤ ਕੌਰ, ਮੰਨੂੰ ਗੋਇਲ, ਸੋਨਪ੍ਰੀਤ ਕੌਰ, ਸੁਪੀਤ ਕੌਰ, ਅਜੈਬ ਸਿੰਘ, ਜਗਤਾਰ ਸਿੰਘ ਆਦਿ ਹਾਜ਼ਰ ਸਨ।

## ਕਾਲਜਾਂ ਮੂਹਰੇ ਕੁੜੀਆਂ ਛੇੜਦੇ ਸੀ, ਪੁਲਸ ਨੇ ਜਾ ਦਬੋਚੇ



**ਲੁਧਿਆਣਾ (ਰੈਕਟਰ ਕਥੂਰੀਆ)**-ਸਿੱਖਿਆਤਮਕ ਤੇ ਮਨੋਰੰਜਨ ਥਾਂਵਾਂ ਨੇੜੇ ਸੁਰੱਖਿਆ ਨੂੰ ਯਕੀਨੀ ਬਣਾਉਣ ਵੱਲ ਇੱਕ ਵੱਡੇ ਕਦਮ ਦੇ ਤੌਰ 'ਤੇ ਕਮਿਸ਼ਨਰੇਟ ਪੁਲਸ ਲੁਧਿਆਣਾ ਨੇ ਈਵ-ਟੀਜ਼ਿੰਗ ਤੇ ਉਤਪੀੜਨ ਵਿਰੁੱਧ ਇੱਕ ਵਿਸ਼ੇਸ਼ ਮੁਹਿੰਮ ਸੁਰੂ ਕੀਤੀ ਹੈ। ਇਹ ਮੁਹਿੰਮ ਪੁਲਿਸ ਕਮਿਸ਼ਨਰ ਸ੍ਰੀ ਸਵਪਨ ਸ਼ਰਮਾ, ਆਈ.ਪੀ.ਐਸ. ਦੀ ਅਗਵਾਈ ਹੇਠ ਚਲਾਈ ਜਾ ਰਹੀ ਹੈ। ਇਸ ਮੁਹਿੰਮ ਦੌਰਾਨ ਕੁੱਲ 12 ਪੁਲਸ ਟੀਮਾਂ, ਜਿਨ੍ਹਾਂ ਵਿੱਚ 4 ਐਡੀਸ਼ਨਲ ਡਿਪਟੀ ਕਮਿਸ਼ਨਰ ਆਫ ਪੁਲਸ ਤੇ ਹੋਰ ਗ਼ਜ਼ਟਿਡ ਅਧਿਕਾਰੀ ਸ਼ਾਮਲ ਸਨ, ਜਿਨ੍ਹਾਂ ਨੂੰ ਕਮਿਸ਼ਨਰੇਟ ਦੇ ਅਹਿਮ ਸਥਾਨਾਂ 'ਤੇ ਤਾਇਨਾਤ ਕੀਤਾ ਗਿਆ। ਇਹ ਟੀਮਾਂ ਸਕੂਲਾਂ, ਕਾਲਜਾਂ ਤੇ ਮਨੋਰੰਜਨ ਥਾਵਾਂ ਨੇੜੇ ਤਿੱਖੀ ਜਾਂਚ ਕਰਦੀਆਂ ਰਹੀਆਂ। ਕਾਰਵਾਈ ਦੇ ਨਤੀਜੇ ਵਜੋਂ ਪੁਲਸ ਵੱਲੋਂ 118 ਚਾਲਾਨ ਜਾਰੀ ਕੀਤੇ ਗਏ ਤੇ 12 ਵਾਹਨ ਜ਼ਬਤ ਕੀਤੇ ਗਏ। ਕਮਿਸ਼ਨਰ ਸ੍ਰੀ ਸਵਪਨ ਸ਼ਰਮਾ ਨੇ ਨਿਰਦੇਸ਼ ਜਾਰੀ ਕੀਤੇ ਕਿ ਅਜਿਹੀਆਂ ਇਨਫੋਰਸਮੈਂਟ ਮੁਹਿੰਮਾਂ ਨੂੰ ਆਉਣ ਵਾਲੇ ਦਿਨਾਂ ਵਿੱਚ ਹੋਰ ਤੇਜ਼ੀ ਨਾਲ ਅੱਗੇ ਵਧਾਇਆ ਜਾਵੇ, ਤਾਂ ਜੁ ਸ਼ਰਾਰਤੀ ਤੱਤਾਂ ਵਿਰੁੱਧ ਸਖਤੀ ਨਾਲ ਕਾਰਵਾਈ ਕੀਤੀ ਜਾ ਸਕੇ ਤੇ ਅਨੁਸ਼ਾਸਨ ਬਰਕਰਾਰ ਰਹੇ।

## ਬੀ ਬੀ ਐੱਸ ਬੀ ਕਾਨਵੈਂਟ ਸਕੂਲ 'ਚ ਬਿਨਾਂ ਅੱਗ ਤੇ ਖੰਡ ਦੇ ਪਕਵਾਨ ਬਣਾਉਣ ਦੇ ਮੁਕਾਬਲੇ




**ਜਗਰਾਓਂ (ਅਮਿਤ ਖੰਨਾ)**-ਬੀ.ਬੀ.ਐੱਸ.ਬੀ ਕਾਨਵੈਂਟ ਸਕੂਲ ਵਿਖੇ ਬਿਨਾਂ ਅੱਗ ਤੇ ਖੰਡ ਤੋਂ ਕੁਕਿੰਗ ਮੁਕਾਬਲੇ ਕਰਾਏ ਗਏ, ਜਿਸ ਵਿੱਚ ਨੌਵੀਂ ਤੋਂ ਲੈ ਕੇ ਬਾਰ੍ਹਵੀ ਤੱਕ ਦੇ ਵਿਦਿਆਰਥੀਆਂ ਕੇ ਵਧ-ਚੜ੍ਹ ਕੇ ਹਿੱਸਾ ਲਿਆ। ਇਸ ਮੁਕਾਬਲੇ ਵਿੱਚ ਚਾਰ ਤੋਂ ਪੰਜ ਬੱਚਿਆਂ ਦੀ ਇੱਕ ਟੀਮ ਬਣਾਈ ਗਈ, ਜੋ ਵੱਖ-ਵੱਖ ਤਰ੍ਹਾਂ ਦੇ ਖਾਣ ਵਾਲੇ ਪਦਾਰਥ ਬਣਾ ਕੇ ਆਪਣੀ ਕਾਰਗੁਜ਼ਾਰੀ ਵਿਖਾ ਰਹੀ ਸੀ। ਬੱਚਿਆਂ ਨੇ ਇਸ ਵਿੱਚ ਪੀਣ ਲਈ ਮੋਜੀਟੋ ਬਣਾਏ ਤੇ ਮਿੱਠੇ ਵਿੱਚ ਚਾਕਲੇਟ ਪੁਡਿੰਗਜ ਤੇ ਸੈਂਡਵਿਚ ਬਣਾਏ ਗਏ। ਕਈ ਵਿਦਿਆਰਥੀਆਂ ਨੇ ਪਕਵਾਨ ਨੂੰ ਸੁੰਦਰ ਢੰਗ ਨਾਲ ਸਜਾਉਣ ਦੇ ਲਈ ਅਲੱਗ-ਅਲੱਗ ਸਬਜ਼ੀਆਂ ਅਤੇ ਸਲਾਦ ਦੀ ਵਰਤੋਂ ਵੀ ਕੀਤੀ। ਗਿਆਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਸਰਧਾਈ ਤਿਆਰ ਕੀਤੀ ਗਈ। ਇੱਕ ਘੰਟੇ ਦੇ ਇਸ ਕੰਪੀਟੀਸ਼ਨ ਵਿੱਚ ਬੱਚਿਆ ਵੱਲੋਂ ਤਿਆਰ ਖਾਣ ਵਾਲੇ ਪਦਾਰਥਾਂ ਨੂੰ ਵੱਖ-ਵੱਖ ਜੱਜਾਂ ਵੱਲੋਂ ਖਾ ਕੇ ਚੈੱਕ ਕੀਤਾ ਗਿਆ ਤੇ ਉਨ੍ਹਾਂ ਦੇ ਅਨੁਸਾਰ ਉਨ੍ਹਾਂ ਨੂੰ ਨੰਬਰ ਦਿੱਤੇ ਗਏ। ਪਹਿਲੇ ਨੰਬਰ 'ਤੇ ਆਉਣ ਵਾਲੇ ਬੱਚਿਆਂ ਨੇ ਸ਼ਰਦਈ ਤੇ ਸੈਂਡਵਿਚ ਬਣਾਇਆ ਤੇ ਦੂਜੇ ਨੰਬਰ 'ਤੇ ਵੈਜੀਟੇਬਲ ਸੈਂਡਵਿਚ ਤੇ ਮਜੀਟੋ ਤੇ ਤੀਜੇ ਨੰਬਰ ਤੇ ਕੋਕੋਨਟ ਲੱਡੂ ਅਤੇ ਕੇਕ ਬਣਾਉਣ ਵਾਲੇ ਬੱਚੇ ਆਏ। ਸਕੂਲ ਪ੍ਰਿੰਸੀਪਲ ਮੈਡਮ ਸ੍ਰੀਮਤੀ ਮੋਨਾ ਠਾਕੁਰ ਨੇ ਬੱਚਿਆਂ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਘਰੇਲੂ ਕੰਮਾਂ ਵਿੱਚ ਵੀ ਮੁਹਾਰਤ ਹਾਸਲ ਹੋਣੀ ਚਾਹੀਦੀ ਹੈ ਤਾਂ ਜੁ ਉਹ ਵੇਲੇ-ਕਵੇਲੇ ਆਪਣੇ ਲਈ ਤੇ ਪਰਵਾਰ ਲਈ ਕੁਝ ਨਾ ਕੁਝ ਤਿਆਰ ਕਰ ਸਕਣ।

## 13 ਬੋਤਲਾਂ ਨਜਾਇਜ਼ ਸ਼ਰਾਬ ਸਣੇ ਕਾਬੂ



**ਤਪਾ ਮੰਡੀ (ਅਰੁਣ ਗੋਇਲ)**-ਤਪਾ ਪੁਲਸ ਨੇ ਇੱਕ ਮੁਲਜ਼ਮ ਨੂੰ 13 ਬੋਤਲਾਂ ਨਜਾਇਜ਼ ਸਰਾਬ ਸਮੇਤ ਕਾਬੂ ਕਰ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਸੰਬੰਧੀ ਥਾਣਾ ਮੁਖੀ ਸਰੀਫ ਖਾਂ ਨੇ ਦੱਸਿਆ ਕਿ ਐੱਸ.ਐੱਸ.ਪੀ. ਬਰਨਾਲਾ ਮੁਹੰਮਦ ਸਰਫਰਾਜ਼ ਆਲਮ ਦੇ ਨਿਰਦੇਸ਼ਾਂ ਤੇ ਡੀ.ਐੱਸ.ਪੀ. ਤਪਾ ਗੁਰਬਿੰਦਰ ਸਿੰਘ ਦੀ ਅਗਵਾਈ 'ਚ ਪੁਲਸ ਪਾਰਟੀ ਨੂੰ ਕਿਸੇ ਮੁਖਬਰ ਨੇ ਸੂਚਨਾ ਦਿੱਤੀ ਕਿ ਸ਼ੌਕਤ ਅਲੀ ਪੁੱਤਰ ਮੰਗਤ ਰਾਏ ਨਜਾਇਜ਼ ਸ਼ਰਾਬ ਵੇਚਣ ਦਾ ਆਦੀ ਹੈ। ਇਸ ਸਮੇਂ ਉਹ ਢਿੱਲਵਾਂ ਰੋਡ ਸਥਿਤ ਗੰਦਾ ਨਾਲੇ ਕੋਲ ਲੋਕਾਂ ਨੂੰ ਵੇਚਣ ਦੀ ਤਾਕ ਵਿੱਚ ਹੈ ਤਾਂ ਚੌਕੀ ਇੰਚਾਰਜ ਬਲਜੀਤ ਸਿੰਘ ਢਿੱਲੋਂ, ਥਾਣੇਦਾਰ ਬਲਜੀਤ ਸਿੰਘ, ਹੌਲਦਾਰ ਸੰਦੀਪ ਸਿੰਘ ਤੇ ਕਾਂਸਟੇਬਲ ਗੁਰਜੀਤ ਸਿੰਘ ਦੀ ਅਗਵਾਈ 'ਚ ਪੁਲਸ ਪਾਰਟੀ ਨੇ ਮੁਲਜ਼ਮ ਸ਼ੌਕਤ ਅਲੀ ਦੇ ਕਬਜ਼ੇ ਵਿੱਚੋਂ ਇੱਕ ਕੈਨੀ 13 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਕਰਕੇ ਐਕਸਾਈਜ਼ ਐਕਟ ਅਧੀਨ ਮਾਮਲਾ ਦਰਜ ਕਰਕੇ ਮਾਨਯੋਗ ਅਦਾਲਤ 'ਚ ਪੇਸ਼ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਨੇਕੀ ਫਾਊਂਡੇਸ਼ਨ ਨੇ ਮਾਤਾ ਹਰਬਿੰਦਰ ਕੌਰ ਦੀਆਂ ਅੱਖਾਂ ਏਮਜ਼ ਨੂੰ ਦਾਨ ਕਰਵਾਈਆਂ



**ਬੁਢਲਾਡਾ (ਅਸ਼ੋਕ ਲਾਕੜਾ)**-ਇਲਾਕੇ ਦੀ ਸਮਾਜ ਸੇਵੀ ਸੰਸਥਾ ਨੇਕੀ ਫਾਊਂਡੇਸ਼ਨ ਬੁਢਲਾਡਾ ਦੀ ਪ੍ਰੇਰਨਾ ਨਾਲ ਮਰਨ ਉਪਰੰਤ ਮ੍ਰਿਤਕ ਦੀਆਂ ਅੱਖਾਂ ਦਾਨ ਕਰਨ ਦਾ ਸਮਾਚਾਰ ਮਿਲਿਆ ਹੈ।ਜਾਣਕਾਰੀ ਦਿੰਦਿਆਂ ਸੰਸਥਾ ਦੇ ਮੈਂਬਰਾਂ ਨੇ ਦੱਸਿਆ ਕਿ ਜਦੋਂ ਸ਼ਹਿਰ ਦੇ ਵਸਨੀਕ ਮਾਤਾ ਹਰਬਿੰਦਰ ਕੌਰ (65 ਸਾਲ) ਦੀ ਅਚਾਨਕ ਦਿਲ ਦਾ ਦੌਰਾ ਪੈਣ ਕਰਕੇ ਮੌਤ ਹੋਣ ਦਾ ਪਤਾ ਲੱਗਿਆ ਤਾਂ ਸੰਸਥਾ ਨੇ ਪਰਵਾਰ ਦਾ ਦੁੱਖ ਸਾਂਝਾ ਕਰਦੇ ਹੋਏ ਅੱਖਾਂ ਦਾਨ ਕਰਨ ਲਈ ਪ੍ਰੇਰਿਤ ਕੀਤਾ ਗਿਆ।ਇਸੇ ਮੌਕੇ ਸੰਸਥਾ ਵੱਲੋਂ ਏਮਜ਼ ਹਸਪਤਾਲ ਬਠਿੰਡਾ ਦੀ ਡਾਕਟਰੀ ਟੀਮ ਨੂੰ ਬੁਲਾਇਆ ਗਿਆ ਤੇ ਮ੍ਰਿਤਕ ਦੇ ਪਤੀ ਅਮਰਜੀਤ ਸਿੰਘ ਸਾਹਨੀ, ਪੁੱਤਰ ਜਸਵਿੰਦਰ ਸਿੰਘ ਰੋਮੀ ਤੇ ਬੇਟੀ ਮਨਪ੍ਰੀਤ ਕੌਰ ਵੱਲੋਂ ਅੱਖਾਂ ਹਸਪਤਾਲ ਦੀ ਟੀਮ ਨੂੰ ਸੌਂਪੀਆਂ ਗਈਆਂ।ਫਾਊਂਡੇਸ਼ਨ ਦੇ ਮੈਂਬਰਾਂ ਨੇ ਉੱਥੇ ਮੌਜੂਦ ਲੋਕਾਂ ਨੂੰ ਅੱਖਾਂ ਦਾਨ ਕਰਨ ਦੀ ਮਹੱਤਤਾ ਦੱਸੀ ਤੇ ਪਰਵਾਰਾਂ ਨਾਲ ਦੁੱਖ ਸਾਂਝਾ ਕਰਦਿਆਂ ਉਨ੍ਹਾਂ ਦੇ ਨੇਕ ਉਪਰਾਲੇ ਦੀ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਇਸ ਨਾਲ ਦੋ ਵਿਅਕਤੀਆਂ ਨੂੰ ਅੱਖਾਂ ਦੀ ਰੌਸ਼ਨੀ ਮਿਲ ਜਾਵੇਗੀ।ਸੰਸਥਾ ਨੇ ਦੱਸਿਆ ਕਿ ਇਹ ਅੱਖਾਂ ਬਿਲਕੁੱਲ ਮੁਫ਼ਤ ਏਮਜ਼ ਹਸਪਤਾਲ ਵਿਖੇ ਨੇਤਰਹੀਣ ਵਿਅਕਤੀਆਂ ਨੂੰ ਲਗਾਈਆਂ ਜਾਂਦੀਆਂ ਹਨ। ਜੇਕਰ ਕੋਈ ਮਰਨ ਤੋਂ ਬਾਅਦ ਅੱਖਾਂ ਦਾਨ ਕਰਨਾ ਚਾਹੁੰਦਾ ਹੈ ਜਾਂ ਨੇਤਰਹੀਣ ਅੱਖਾਂ ਲਗਵਾਉਣਾ ਚਾਹੁੰਦਾ ਹੈ, ਉਹ ਸੰਸਥਾ ਨਾਲ ਹੈਲਪਲਾਈਨ 8760371000 'ਤੇ ਸੰਪਰਕ ਕਰ ਸਕਦੇ ਹਨ।ਇਸ ਮੌਕੇ ਚਰਨਜੀਤ ਸਿੰਘ ਐੱਸ ਡੀ ਓ, ਪ੍ਰਭਜੋਤ ਸਿੰਘ ਸਾਹਨੀ, ਮਨਿੰਦਰਪਾਲ ਸਿੰਘ ਤੋਂ ਇਲਾਵਾ ਪਰਿਵਾਰਕ ਮੈਂਬਰ ਤੇ ਸ਼ਹਿਰ ਨਿਵਾਸੀ ਮੌਜੂਦ ਸਨ।

## ਨਾਬਾਰਡ ਦੇ 44ਵੇਂ ਸਥਾਪਨਾ ਦਿਵਸ ਮੌਕੇ ਰੁੱਖ ਲਗਾਓ ਮੁਹਿੰਮ ਦਾ ਆਗਾਜ਼



**ਮਮਦੋਟ (ਹਰਪਾਲ ਸਿੰਘ ਸੋਢੀ)**-ਨਾਬਾਰਡ ਦੇ ਸਥਾਪਨਾ ਦਿਵਸ ਮੌਕੇ 'ਇੱਕ ਪੌਦਾ ਮਾਂ ਦੇ ਨਾਮ' ਮੁਹਿੰਮ ਤਹਿਤ ਨਾਬਾਰਡ ਫਿਰੋਜ਼ਪੁਰ ਵੱਲੋਂ ਫਿਰੋਜ਼ਪੁਰ ਸੈਂਟਰਲ ਕੋਆਪ੍ਰੇਟਿਵ ਬੈਂਕ (ਸੀ. ਸੀ. ਬੀ.) ਮਮਦੋਟ ਸ਼ਾਖਾ ਵਿਖੇ ਇੱਕ ਰੁੱਖ ਲਗਾਓ ਮੁਹਿੰਮ ਦਾ ਆਯੋਜਨ ਕੀਤਾ ਗਿਆ। ਇਸ ਮੁਹਿੰਮ ਦਾ ਉਦੇਸ਼ ਪਿੰਡ ਪੱਧਰ 'ਤੇ ਵਾਤਾਵਰਣੀ ਜਾਗਰਕੂਤਾ ਤੇ ਪੌਦਿਆਂ ਰਾਹੀਂ ਟਿਕਾਊ ਵਿਕਾਸ ਨੂੰ ਉਤਸ਼ਾਹਤ ਕਰਨਾ ਹੈ। ਇਸ ਸਮਾਗਮ ਵਿੱਚ ਡਵੀਜ਼ਨਲ ਫਾਰੈਸਟ ਅਫ਼ਸਰ ਫਿਰੋਜ਼ਪੁਰ ਸੁਰਿੰਦਰ ਸਿੰਘ, ਡੀ. ਡੀ. ਐੱਮ ਨਾਬਾਰਡ ਰੋਹਿਤ ਕਸ਼ਅਪ, ਸ਼ਾਖਾ ਮੈਨੇਜਰ ਸੁਖਬੀਰ ਸਿੰਘ, ਸੀ. ਸੀ. ਬੀ. ਦੇ ਅਧਿਕਾਰੀ ਤੇ ਕਿਸਾਨ ਉਤਪਾਦਕ ਸੰਗਠਨਾਂ ਦੇ ਮੈਂਬਰਾਂ ਨੇ ਵੀ ਹਿੱਸਾ ਲਿਆ। ਮਮਦੋਟ ਸੀ. ਸੀ. ਬੀ. ਸ਼ਾਖਾ ਅੰਦਰ ਪੌਦੇ ਲਗਾਏ ਗਏ, ਜੋ ਕਿ ਮਾਂ ਨੂੰ ਸਪਰਮਪਤ ਤੇ ਵਾਤਾਵਰਣ ਪ੍ਰਤੀ ਵਚਨਬੱਧਤਾ ਦਾ ਪ੍ਰਤੀਕ ਬਣੇ।

ਇਸ ਮੌਕੇ ਜ਼ਿਲ੍ਹਾ ਵਿਕਾਸ ਪ੍ਰਬੰਧਕ (ਨਾਬਾਰਡ) ਰੋਹਿਤ ਕਸ਼ਯਪ ਨੇ 1982 ਤੋਂ ਲੈ ਕੇ ਹੁਣ ਤੱਕ ਨਾਬਾਰਡ ਵੱਲੋਂ ਚਲਾਈਆਂ ਗਈਆਂ ਮੁੱਖ ਸਕੀਮਾਂ ਤੇ ਸਹਿਕਾਰੀ ਸੰਸਥਾਵਾਂ ਨੂੰ ਮਜ਼ਬੂਤ ਕਰਨ ਵਾਲੀ ਇਸ ਦੀ ਕੇਂਦਰੀ ਭੂਮਿਕਾ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਇਹ ਯਤਨ ਅੰਤਰਰਾਸ਼ਟਰੀ ਸਹਿਕਾਰੀ ਸਾਲ (ਆਈ. ਵੀ. ਸੀ. 2025) ਮੁਹਿੰਮ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ। ਉਨ੍ਹਾਂ ਸਭ ਸਟੇਕਹੋਲਡਰਾਂ ਨੂੰ ਇਸ ਅੰਦੋਲਨ ਨਾਲ ਸਰਗਰਮ ਤੌਰ 'ਤੇ ਜੁੜਨ ਦੀ ਅਪੀਲ ਕੀਤੀ। ਡਵੀਜ਼ਨਲ ਫਾਰੈਸਟ ਅਫਸਰ ਫਿਰੋਜ਼ਪੁਰ ਨੇ ਲਗਾਏ ਜਾ ਰਹੇ ਰੁੱਖਾਂ ਦੇ ਤਕਨੀਕੀ ਪੱਖਾਂ ਬਾਰੇ ਜਾਣਕਾਰੀ ਦਿੰਦੇ ਹੋਏ ਕਿਸਾਨਾਂ ਨੂੰ ਪ੍ਰੋਤਸ਼ਾਹਤ ਕੀਤਾ ਕਿ ਉਹ ਖੇਤੀ ਦੇ ਨਾਲ ਨਾਲ ਰੁੱਖ ਲਗਾ ਕੇ ਆਪਣੀ ਆਮਦਨ 'ਚ ਵਾਧਾ ਕਰਨ ਤੇ ਵਾਤਾਵਰਣ ਸੰਤੁਲਨ ਨੂੰ ਬਰਕਰਾਰ ਰੱਖਣ ਵਿੱਚ ਬਣਦਾ ਯੋਗਦਾਨ ਪਾਉਣ। ਇਸ ਮੌਕੇ ਉਪਰੋਕਤ ਅਧਿਕਾਰੀਆਂ ਤੋਂ ਇਲਾਵਾ ਪਰਮਿੰਦਰ ਸਿੰਘ ਸਕੱਤਰ ਮਮਦੋਟ ਸੋਸਾਇਟੀ, ਸੁਨੀਲ ਕੁਮਾਰ ਸਕੱਤਰ ਖੁੰਦਰ ਉਤਾੜ ਸੋਸਾਇਟੀ, ਚਿਮਨ ਲਾਲ ਸਕੱਤਰ ਹਾਮਦ ਸੋਸਾਇਟੀ ਆਦਿ ਹਾਜ਼ਰ ਸਨ।

## ਅਸਲੀ ਤੇ ਨਕਲੀ ਅਕਾਲੀ ਦਾ ਫਰਕ ਲੋਕ ਆਉਣ ਵਾਲੇ ਸਮੇਂ 'ਚ ਕੱਢਣਗੇ : ਮੱਖਣ ਬਰਾੜ

ਮੋਗਾ (ਇਕਬਾਲ ਸਿੰਘ ਖਹਿਰਾ)-ਸ੍ਰੀ ਅਕਾਲ ਤਖਤ ਸਾਹਿਬ ਨੂੰ ਸਿਰ ਝੁਕਾ ਕੇ ਹੁਕਮ ਮੰਨਣ ਵਾਲੇ ਅਸਲੀ ਅਕਾਲੀ ਹਨ ਜਾਂ ਹੁਕਮ ਮੰਨਣੋ ਭੱਜ ਜਾਣ ਵਾਲੇ ? ਇਹ ਨਿਰਣਾ ਸਿੱਖ ਸੰਗਤ ਆਉਣ ਵਾਲੇ ਸਮੇਂ ਵਿੱਚ ਬਾਖੂਬੀ ਕਰ ਦੇਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬਰਜਿੰਦਰ ਸਿੰਘ ਮੱਖਣ ਬਰਾੜ ਸਾਬਕਾ ਚੇਅਰਮੈਨ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਨੇ ਕੀਤਾ।ਉਨ੍ਹਾਂ ਕਿਹਾ ਕਿ ਉਹ ਸਹੀ ਅਕਾਲੀ ਹਨ, ਜਿਨ੍ਹਾਂ ਦੇ ਪੁਰਖੇ ਜਿਵੇਂ ਬੀਬੀ ਸਤਵੰਤ ਕੌਰ ਦੇ ਪਿਤਾ ਦੀ ਕੁਰਬਾਨੀ, ਜਿਨ੍ਹਾਂ ਆਪਣੇ ਖ਼ੂਨ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਨੂੰ ਧੋਹ ਦਿੱਤਾ ਜਾਂ ਉਹ ਨਕਲੀ ਅਕਾਲੀ ਜਿਨ੍ਹਾਂ ਫਸੀਲ ਤੋਂ ਆਇਆ ਹੁਕਮ ਚਿੱਟੇ ਦਿਨ ਮੋੜਿਆ ਜਾਂ ਫਿਰ ਕਹਿ ਲਓ ਉਹ ਜਿੰਨਾ ਅਕਾਲ ਤਖਤ ਸਾਹਿਬ ਦੇ ਜਥੇਦਾਰਾਂ ਨੂੰ ਘਰ ਬੁਲਾ ਕੇ ਹੁਕਮ ਲਿਖਵਾਏ ਸਰਸੇ ਆਦਿ ਮੁਆਫੀ ਤੇ ਹੋਰ ਪੰਥਕ ਸੱਟਾਂ ਮਾਰੀਆਂ। ਅਕਾਲੀ ਸ਼ਬਦ ਬਹੁਤ ਕੁਰਬਾਨੀਆਂ ਭਰਿਆ ਸ਼ਬਦ ਹੈ, ਜਿਸ ਨਾਮ ਤੋਂ ਅਫਗਾਨਿਸਤਾਨ ਦੀਆਂ ਕੰਧਾਂ ਕੰਬਦੀਆਂ ਸਨ ਜਿਵੇਂ ਅਕਾਲੀ ਫੂਲਾ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਜਿਨ੍ਹਾਂ ਤੋਂ ਮਹਾਰਾਜਾ ਰਣਜੀਤ ਸਿੰਘ ਵਰਗੇ ਵੱਡੇ ਮਹਾਰਾਜੇ ਵੀ ਤ੍ਰਿਭੱਕਦੇ ਸਨ।ਸ੍ਰੀ ਅਕਾਲ ਤਖਤ ਸਾਹਿਬ ਦੇ ਭਗੋੜੇ ਅੱਜ ਨਹੀਂ ਤਾਂ ਕੱਲ੍ਹ ਜ਼ਰੂਰ ਸਤਿਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਦਰ 'ਤੇ ਨੱਕ ਰਗੜ ਕੇ ਮੁਆਫੀਆਂ ਮੰਗਣਗੇ।

## ਸੁਨਾਮ ਨੇਤਰ ਬੈਂਕ ਸਮਿਤੀ ਵੱਲੋਂ ਉਦਯੋਗਪਤੀ ਸੰਜੇ ਬਾਂਸਲ ਦਾ ਸਨਮਾਨ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸੁਨਾਮ ਨੇਤ੍ਰ ਬੈਂਕ ਸਮਿਤੀ ਵੱਲੋਂ ਆਧੁਨਿਕ ਅੱਖਾਂ ਦਾ ਹਸਪਤਾਲ ਬਣਾਇਆ ਜਾ ਰਿਹਾ ਹੈ। ਇਹ ਹਸਪਤਾਲ ਲੋਕਾਂ ਨੂੰ ਪੂਰੀ ਤਰ੍ਹਾਂ ਮੁਫ਼ਤ ਸਹੂਲਤਾਂ ਦੇਣ ਵਾਲਾ ਹੋਵੇਗਾ ਤੇ ਆਪਣੀ ਕਿਸਮ 'ਚ ਬੇਮਿਸਾਲ ਹੋਵੇਗਾ। ਇਸ ਦੇ ਨਿਰਮਾਣ ਕੰਮ ਨੂੰ ਤੇਜ਼ੀ ਨਾਲ ਅੰਜਾਮ ਦਿੱਤਾ ਜਾ ਰਿਹਾ ਹੈ ਤੇ ਰੋਟਰੀ ਇੰਟਰਨੈਸ਼ਨਲ ਵਰਗੀਆਂ ਵੱਡੀਆਂ ਸਮਾਜ ਸੇਵੀ ਸੰਸਥਾਵਾਂ ਦੇ ਨਾਲ-ਨਾਲ ਇਲਾਕੇ ਦੇ ਲੋਕ ਵੀ ਇਸ ਪ੍ਰੋਜੈਕਟ ਵਿੱਚ ਯੋਗਦਾਨ ਪਾ ਰਹੇ ਹਨ। ਸੋਹਣ ਲਾਲ ਜੈਨ ਮੈਮੋਰੀਅਲ ਆਈ ਹਸਪਤਾਲ ਦੇ ਨਾਂਅ ਨਾਲ ਬਣ ਰਹੇ ਇਸ ਨੇਤ੍ਰ ਹਸਪਤਾਲ ਲਈ ਸਿਰਫ਼ ਸੁਨਾਮ ਹੀ ਨਹੀਂ, ਸਗੋਂ ਪੰਜਾਬ ਦੇ ਹਰ ਕੋਨੇ ਤੋਂ ਲੋਕ ਸਹਿਯੋਗ ਦੇ ਰਹੇ ਹਨ। ਇਸੇ ਤਰ੍ਹਾਂ ਪ੍ਰਸਿੱਧ ਉਦਯੋਗਪਤੀ ਸੰਜੇ ਬਾਂਸਲ ਨੇ ਵੀ ਹਸਪਤਾਲ ਲਈ ਐਲਮੀਨਿਅਮ ਦੀਆਂ ਖਿੜਕੀਆਂ ਤੇ ਮੁੱਖ ਗੇਟ ਦਾਨ ਕਰਕੇ ਆਪਣਾ ਯੋਗਦਾਨ ਦਿੱਤਾ। ਇਹ ਸਾਰਾ ਸਮਾਨ ਲੱਖਾਂ ਰੁਪਏ ਦੀ ਕੀਮਤ ਵਾਲਾ ਹੈ। ਹਸਪਤਾਲ ਲਈ ਕੀਤੇ ਇਸ ਮਹੱਤਵਪੂਰਨ ਯੋਗਦਾਨ ਲਈ ਕਮੇਟੀ ਦੇ ਮੈਂਬਰਾਂ ਨੇ ਪ੍ਰੋਜੈਕਟ ਚੇਅਰਮੈਨ ਜਗਦੀਪ ਭਾਰਦਵਾਜ ਤੇ ਕਮੇਟੀ ਪ੍ਰਧਾਨ ਰਾਕੇਸ਼ ਜਿੰਦਲ ਦੀ ਅਗਵਾਈ ਹੇਠ ਲੁਧਿਆਣਾ ਪਹੁੰਚ ਕੇ ਉਨ੍ਹਾਂ ਦਾ ਸਨਮਾਨ ਕੀਤਾ ਤੇ ਉਨ੍ਹਾਂ ਦੇ ਸਹਿਯੋਗ ਲਈ ਧੰਨਵਾਦ ਪ੍ਰਗਟਾਇਆ।

...ਸ.ਫ਼ਾ 1 ਦੇ ਬਾਕੀ

### ਓਵੈਸੀ ਦੀ ਪਾਰਟੀ...

ਭਾਈਚਾਰੇ ਯਾਨੀ ਮੁਸਲਮਾਨਾਂ ਦੇ ਹਿੱਤਾਂ ਨੂੰ ਅੱਗੇ ਵਧਾਉਣ ਲਈ ਹੈ। ਇਹ ਧਰਮ ਨਿਰਪੱਖਤਾ ਦੇ ਸਿਧਾਂਤ ਦੇ ਖਿਲਾਫ਼ ਹੈ, ਜਿਸ ਦੀ ਪਾਲਣ ਸੰਵਿਧਾਨ ਤੇ ਲੋਕ ਨੁਮਾਇੰਦਗੀ ਐਕਟ ਤਹਿਤ ਹਰ ਸਿਆਸੀ ਪਾਰਟੀ ਨੂੰ ਕਰਨੀ ਚਾਹੀਦੀ ਹੈ।

ਇੱਕ ਸਾਲ ਪਹਿਲਾਂ ਦਿੱਲੀ ਹਾਈ ਕੋਰਟ ਨੇ ਇਹ ਕਹਿੰਦੇ ਹੋਏ ਪਟੀਸ਼ਨ ਖਾਰਜ ਕਰ ਦਿੱਤੀ ਸੀ ਕਿ ਏ ਆਈ ਐੱਮ ਆਈ ਐੱਮ ਇਸ ਕਾਨੂੰਨੀ ਜ਼ਰੂਰਤ ਨੂੰ ਪੂਰਾ ਕਰਦੀ ਹੈ ਕਿ ਕਿਸੇ ਸਿਆਸੀ ਪਾਰਟੀ ਦੇ ਸੰਵਿਧਾਨਕ ਦਸਤਾਵੇਜ਼ਾਂ 'ਚ ਇਹ ਐਲਾਨਿਆ ਕੀਤਾ ਜਾਣਾ ਚਾਹੀਦਾ ਹੈ ਕਿ ਉਹ ਸੰਵਿਧਾਨ ਪ੍ਰਤੀ ਸੱਚੀ ਆਸਥਾ ਅਤੇ ਨਿਸ਼ਠਾ ਰੱਖਦੀ ਹੈ।


## ਤਨਖਾਹਾਂ ਨੂੰ ਤਰਸੇ ਸਰਕਾਰੀ ਕਾਲਜਾਂ ਦੇ ਗੈੱਸਟ ਪ੍ਰੋਫੈਸਰ

### ਗੈਸਟ ਪ੍ਰੋਫੈਸਰਾਂ ਦੀਆਂ ਸੇਵਾਵਾਂ ਕੀਤੀਆਂ ਜਾਣ ਨਿਯਮਤ : ਪ੍ਰੋ. ਗੁਰਜੀਤ ਸਿੰਘ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਪੰਜਾਬ ਦਾ ਉਚੇਰੀ ਸਿੱਖਿਆ ਵਿਭਾਗ ਹਮੇਸ਼ਾ ਚਰਚਾ ਦਾ ਵਿਸ਼ਾ ਬਣਿਆ ਰਹਿੰਦਾ ਹੈ। ਹਾਲ ਹੀ ਵਿੱਚ ਭਾਰਤ ਦੀ ਮਾਨਯੋਗ ਸੁਪਰੀਮ ਕੋਰਟ ਵੱਲੋਂ ਪੰਜਾਬ ਸਰਕਾਰ ਵੱਲੋਂ ਕੀਤੀ 1158 ਸਹਾਇਕ ਪ੍ਰੋਫੈਸਰਾਂ ਦੀ ਭਰਤੀ ਨੂੰ ਰੱਦ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਇਸ ਭਰਤੀ ਨੂੰ ਨੇਪਰੇ ਚਾੜ੍ਹਨ ਲਈ ਪੰਜਾਬ ਸਰਕਾਰ ਪਾਸੋਂ ਛੁੱਟੀ ਵਾਲੇ ਦਿਨਾਂ ਵਿੱਚ ਵੀ ਦਫਤਰ ਖੋਲ੍ਹੇ ਗਏ ਤੇ ਰਾਤਾਂ ਨੂੰ ਜੁਆਇਨਿੰਗਾਂ ਕਰਵਾਈਆਂ ਗਈਆਂ, ਪ੍ਰੰਤੂ ਅਖੀਰ ਮਾਣਯੋਗ ਸਰਬਉੱਚ ਅਦਾਲਤ ਵੱਲੋਂ ਇਹ ਭਰਤੀ ਰੱਦ ਕਰ ਦਿੱਤੀ ਗਈ ਹੈ। ਜਿੱਥੇ ਇਹ ਖਬਰ 1158 ਉਮੀਦਵਾਰਾਂ ਲਈ ਨਿਰਾਸ਼ਾ ਭਰੀ ਹੈ, ਓਥੇ ਹੀ ਪੰਜਾਬ ਦੇ ਸਰਕਾਰੀ ਕਾਲਜਾਂ ਨੂੰ ਬਚਾਉਣ ਵਾਲੇ ਗੈਸਟ ਪ੍ਰੋਫੈਸਰਾਂ ਦੇ ਹਾਲਾਤ ਵੀ ਸੰਤੁਲਿਤ ਨਹੀਂ ਹਨ। ਗੈਸਟ ਫੈਕਲਟੀ ਆਗੂ ਪ੍ਰੋ. ਗੁਰਜੀਤ ਨੇ ਦੱਸਿਆ ਕਿ ਉਚੇਰੀ ਸਿੱਖਿਆ ਵਿਭਾਗ ਅਧੀਨ ਸਰਕਾਰੀ ਕਾਲਜਾਂ ਨੂੰ ਮਾੜੇ ਸਮੇਂ ਵਿੱਚ ਚਲਦਾ ਰੱਖਣ ਵਾਲੀ ਗੈਸਟ ਫੈਕਲਟੀ ਹਮੇਸ਼ਾ ਤੋਂ ਹੀ ਨੌਕਰੀ ਚਲੇ ਜਾਣ ਦੇ ਸਹਿਮ ਅਧੀਨ ਵਿਚਰਦੀ ਰਹੀ ਹੈ। ਕਦੇ ਕਿਸੇ ਰੈਗੂਲਰ ਪ੍ਰੋਫੈਸਰ ਦੀ ਬਦਲੀ ਕਰਕੇ ਜਾਂ ਨਵੀਂ ਨਿਯੁਕਤੀ ਕਰਕੇ ਗੈਸਟ ਪ੍ਰੋਫੈਸਰਾਂ ਨੂੰ ਪ੍ਰਭਾਵਿਤ ਕੀਤਾ ਜਾਂਦਾ ਰਿਹਾ ਹੈ। ਸਰਕਾਰ ਪਾਸੋਂ ਇਨ੍ਹਾਂ ਕੱਚੇ ਪ੍ਰੋਫੈਸਰਾਂ ਦੀਆਂ ਸੇਵਾਵਾਂ ਨੂੰ ਨਿਯਮਤ ਕਰਨ ਲਈ ਕੋਈ ਪਾਲਿਸੀ ਨਹੀਂ ਬਣਾਈ ਗਈ। ਪ੍ਰੋ. ਗੁਰਜੀਤ ਨੇ ਦੱਸਿਆ ਕਿ ਪੰਜਾਬ ਸਰਕਾਰ ਪਾਸੋਂ 1158 ਭਰਤੀ ਨੂੰ ਨੇਪਰੇ ਚਾੜ੍ਹਨ ਦੀ ਕਾਹਲੀ ਨੇ ਜਿੱਥੇ 1158 ਉਮੀਦਵਾਰਾਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਹੈ, ਓਥੇ ਹੀ ਇਨ੍ਹਾਂ ਪ੍ਰੋਫੈਸਰਾਂ ਨੂੰ ਖਾਲੀ ਪੋਸਟਾਂ 'ਤੇ ਭੇਜਣ ਦੀ ਥਾਂ ਗੈਸਟ ਪ੍ਰੋਫੈਸਰਾਂ ਦੀ ਜਗ੍ਹਾ ਭੇਜ ਕੇ ਲੰਮੇ ਸਮੇਂ ਕੰਮ ਕਰਦੇ ਗੈਸਟ ਪ੍ਰੋਫੈਸਰਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ, ਜਿਸ ਨਾਲ ਪੰਜਾਬ ਦੇ ਕਰੀਬ 200 ਗੈਸਟ ਪ੍ਰੋਫੈਸਰ ਪ੍ਰਭਾਵਿਤ ਹੋਏ ਤੇ 80 ਦੇ ਕਰੀਬ ਗੈਸਟ ਪ੍ਰੋਫੈਸਰ ਪਿਛਲੇ 6 ਮਹੀਨਿਆਂ ਤੋਂ ਤਨਖਾਹਾਂ ਤੋਂ ਵਾਂਝੇ ਹਨ। ਗੈਸਟ ਫੈਕਲਟੀ ਆਗੂ ਪ੍ਰੋ. ਗੁਰਜੀਤ ਸਿੰਘ ਨੇ ਪੰਜਾਬ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਦੇ ਸਰਕਾਰੀ ਕਾਲਜਾਂ ਨੂੰ ਬਚਾਉਣ ਵਾਲੀ ਧਿਰ ਦੀਆਂ ਨੌਕਰੀਆਂ ਨਿਯਮਤ ਕਰਨ ਵਾਲੀ ਪਾਲਿਸੀ ਬਣਾ ਕੇ ਉਨ੍ਹਾਂ ਦੇ ਰੁਜ਼ਗਾਰ ਨੂੰ ਬਚਾਇਆ ਜਾਵੇ ਤੇ ਰੁਕੀਆਂ ਤਨਖਾਹਾਂ ਜਲਦ ਜਾਰੀ ਕੀਤੀਆਂ ਜਾਣ। ਇਸ ਮੌਕੇ ਪ੍ਰੋ. ਪ੍ਰਦੀਪ ਸਿੰਘ, ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਰਮਨਦੀਪ ਕੌਰ, ਪ੍ਰੋ. ਭਜਨ ਲਾਲ, ਪ੍ਰੋ. ਗੁਰਮੀਤ ਸਿੰਘ, ਪ੍ਰੋ. ਸੁਨੀਲ ਕੁਮਾਰ, ਡਾ. ਬਲਕਾਰ ਸਿੰਘ ਆਦਿ ਮੌਜੂਦ ਰਹੇ।

## ਬਾਬਾ ਫਰੀਦ ਕਮੇਟੀ ਪੰਜਾਬ ਦੀ ਮੀਟਿੰਗ ਹੋਈ



**ਜਗਰਾਓਂ (ਅਮਿਤ ਖੰਨਾ)**-ਜਗਰਾਓਂ ਵਿਖੇ ਪੀਰ ਬਾਬਾ ਮੋਹਕਮਦੀਨ ਦੀ ਦਰਗਾਹ 'ਤੇ ਬਾਬਾ ਫਰੀਦ ਕਮੇਟੀ ਪੰਜਾਬ ਵੱਲੋਂ ਇੱਕ ਅਹਿਮ ਮੀਟਿੰਗ ਵਿੱਚ ਪ੍ਰਧਾਨ ਸਾਈਂ ਤਿਲਕ ਰਾਜ ਤੇ ਵਾਈਸ ਚੇਅਰਮੈਨ ਬਾਬਾ ਨੂਰਦੀਨ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਅੱਜ ਦੀ ਮੀਟਿੰਗ ਵਿੱਚ ਕੁਝ ਅਹਿਮ ਫੈਸਲੇ ਗਏ ਲਏ ਗਏ, ਜਿਸ ਵਿੱਚ ਜ਼ਰੂਰਤਮੰਦ ਲੜਕੀਆਂ ਦੀਆਂ ਸ਼ਾਦੀਆਂ ਕਰਵਾਈ ਜਾਣਗੀਆਂ ਅਤੇ ਅੱਖਾਂ ਦੇ ਕੈਂਪ ਤੇ ਖੂਨਦਾਨ ਕੈਂਪ ਵੀ ਲਗਾਏ ਜਾਣਗੇ ਅਤੇ ਹੋਰ ਵੀ ਸਮਾਜਿਕ ਕੰਮਾਂ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ ਜਾਵੇਗਾ। ਇਸ ਮੌਕੇ ਪ੍ਰਧਾਨ ਸਾਈਂ ਤਿਲਕ ਰਾਜ, ਵਾਈਸ ਚੇਅਰਮੈਨ ਬਾਬਾ ਨੂਰਦੀਨ ਨਕਸ਼ਬੰਦੀ, ਸੈਕਟਰੀ ਬਾਬਾ ਸੇਮੇ ਸ਼ਾਹ ਜੀ, ਸਰਪ੍ਰਸਤ ਸਾਈਂ ਬਾਬਾ ਚਨੀ ਸ਼ਾਹ ਜੀ, ਬਿੱਟੂ ਸਾਈ, ਰਾਜਾ ਵਰਮਾ, ਸੁੰਦਰ ਦਾਸ, ਨਿਰਮਲ ਦਾਸ, ਬਾਲੀ ਸਾਈਂ, ਸਨੀ ਸਾਈਂ, ਨਿਰਮਿਲਾ ਨਾਥ, ਸੰਗਤ ਰਾਮ, ਭੋਲਾ, ਸੋਨੀ, ਫ਼ਜ਼ਲ ਦੀਨ, ਗੁਰਤੇਜ, ਅਜਮੇਰ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

16 July Page 3.qxd 7/15/2025 11:03 PM Page 1



# ਬਿਜਲੀ ਕਾਮਿਆਂ ਵੱਲੋਂ ਸਰਕਲ ਹੈੱਡਕੁਆਰਟਰ ਗੁਰਦਾਸਪੁਰ ਵਿਖੇ ਰੋਸ ਧਰਨਾ ਭਲਕੇ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)-** ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਸਰਕਲ ਵਰਕਿੰਗ ਕਮੇਟੀ ਗੁਰਦਾਸਪੁਰ ਦੀ ਮੀਟਿੰਗ ਸਰਕਲ ਪ੍ਰਧਾਨ ਅਤੇ ਪੰਜਾਬ ਦੇ ਮੀਤ ਪ੍ਰਧਾਨ ਕਾਮਰੇਡ ਬਲਵਿੰਦਰ ਉਦੀਪੁਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸਰਕਲ ਕਮੇਟੀ ਦੇ ਆਗੂਆਂ ਤੋਂ ਇਲਾਵਾ ਮੰਡਲ ਪ੍ਰਧਾਨ ਸਕੱਤਰ ਨੇ ਹਿੱਸਾ ਲਿਆ।ਮੀਟਿੰਗ ਵਿੱਚ ਪਾਵਰਕਾਮ ਅਤੇ ਟਰਾਂਸਕੋ ਦੀ ਮੈਨੇਜਮੈਂਟ ਵੱਲੋਂ ਬਿਜਲੀ ਕਾਮਿਆਂ ਦੀਆਂ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਕਰਨ ਲਈ ਅਪਣਾਈ ਜਾ ਰਹੀ ਟਾਲ ਮਟੋਲ ਦੀ ਨੀਤੀ ਦੀ ਸਖ਼ਤ ਨਿੰਦਿਆ ਕੀਤੀ ਗਈ ਅਤੇ ਅਤੇ ਸਮੂਹ ਬਿਜਲੀ ਮੁਲਾਜ਼ਮਾਂ ਨੂੰ ਕਿਹਾ ਕਿ ਜੁਆਇੰਟ ਫ਼ੋਰਮ ਅਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਵਲੋਂ ਪਾਵਰਕਾਮ ਦੀ ਮੈਨੇਜਮੈਂਟ ਵਿਰੁੱਧ ਉਲੀਕੇ ਸੰਘਰਸ਼ ਨੂੰ ਫੀਲਡ ਵਿੱਚ ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ ਜਿਸ ਦੇ ਤਹਿਤ ਬਿਜਲੀ ਕਾਮਿਆਂ ਵੱਲੋਂ ਆਪਣੀ ਬਣਦੀ ਘੱਟੋ ਘੱਟ ਡਿਊਟੀ ਕੀਤੀ ਜਾ ਰਹੀ ਅਤੇ ਵਰਕ ਟੂ ਰੂਲ ਅਨੁਸਾਰ ਕੰਮ ਕੀਤਾ ਜਾ ਰਿਹਾ ਹੈ ਅਤੇ 17 ਜੁਲਾਈ ਨੂੰ ਸਰਕਲ



ਹੈਡਕੁਆਰਟਰ ਗੁਰਦਾਸਪੁਰ ਵਿਖੇ ਰੋਸ ਧਰਨਾ ਦਿੱਤਾ ਜਾ ਰਿਹਾ ਹੈ।ਉਨ੍ਹਾਂ ਨੇ ਜਥੇਬੰਦੀ ਵਲੋਂ ਮੰਗ ਕੀਤੀ ਕਿ ਤਨਖ਼ਾਹਾਂ ਸਕੇਲਾਂ ਵਿੱਚ ਪਾੜਾ ਖ਼ਤਮ ਕੀਤਾ ਜਾਵੇ, ਨਵੀਂ ਭਰਤੀ ਪੂਰੀਆਂ ਤਨਖ਼ਾਹਾਂ ਤੇ ਕੀਤੀ ਜਾਵੇ, ਪਰਵੀਜ਼ਨਲ ਪੀਰੀਅਡ ਖ਼ਤਮ ਕੀਤਾ ਜਾਵੇ, 2004 ਤੇ ਬਾਅਦ ਭਰਤੀ ਹੋਏ ਕਰਮਚਾਰੀਆਂ ਦਾ ਜੀਪੀਐੱਫ ਕੱਟ ਕੇ ਉਨ੍ਹਾਂ ਕਰਮਚਾਰੀਆਂ ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ ਅਤੇ ਐੱਨਪੀਐੱਸ ਰੱਦ ਕੀਤੀ ਜਾਵੇ, ਮਹਿਕਮੇ ਅੰਦਰ 50000 ਦੇ ਕਰੀਬ ਖਾਲੀ ਅਸਾਮੀਆਂ ਭਰੀਆਂ ਜਾਣ।ਇਸ ਮੌਕੇ ਸਾਥੀ ਰਣਧੀਰ ਸਿੰਘ ਕਾਹਲੋਂ, ਨਿਸ਼ਾਨ ਸਿੰਘ ਸੋਹਲ, ਅਮਨਦੀਪ ਸਿੰਘ ਧਾਲੀਵਾਲ, ਸਤਪਾਲ, ਪਿਆਰਾ ਸਿੰਘ ਭਾਮੜੀ, ਮਨੋਜ ਸ਼ਰਮਾ, ਸਤਨਾਮ ਸਿੰਘ, ਰਾਮ ਲੁਭਾਇਆ, ਕੁਲਦੀਪ ਸਿੰਘ ਅਠਵਾਲ, ਗੁਰਵਿੰਦਰ ਸਿੰਘ, ਗੁਰਦੀਪ ਸਿੰਘ ਆਦਿ ਆਗੂ ਹਾਜ਼ਰ ਸਨ।

# 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮਾਂ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਉੱਚ ਪੱਧਰੀ ਤਾਲਮੇਲ ਕਮੇਟੀ ਦੀ ਬੈਠਕ

**● ਰਾਸ਼ਟਰਪਤੀ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਚੀਫ਼ ਜਸਟਿਸ ਸਮੇਤ ਦੇਸ਼-ਵਿਦੇਸ਼ ਦੀਆਂ ਸ਼ਖ਼ਸੀਅਤਾਂ ਨੂੰ ਦਿੱਤਾ ਜਾਵੇਗਾ ਸੱਦਾ : ਧਾਮੀ**

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-** ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਯਾਦਗਾਰੀ ਢੰਗ ਨਾਲ ਮਨਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਗਈ ਉਚ ਪੱਧਰੀ ਤਾਲਮੇਲ ਕਮੇਟੀ ਦੀ ਅੱਜ ਹੋਈ ਇਕੱਤਰਤਾ ਵਿਚ ਜਿਥੇ ਗੁਰਮਤਿ ਸਮਾਗਮ, ਸੈਮੀਨਾਰ, ਨਗਰ ਕੀਰਤਨ ਆਦਿ ਸਜਾਉਣ ਲਈ ਰੂਪ ਰੇਖਾ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ, ਉਥੇ ਹੀ ਇਨ੍ਹਾਂ ਸਮਾਗਮਾਂ ਮੌਕੇ ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਲੋਕ ਸਭਾ ਦੇ ਸਪੀਕਰ, ਚੀਫ ਜਸਟਿਸ ਆਫ਼ ਇੰਡੀਆ ਤੋਂ ਇਲਾਵਾ ਵੱਖ-ਵੱਖ ਸੂਬਿਆਂ ਦੇ ਮੁੱਖ ਮੰਤਰੀਆਂ ਅਤੇ ਵਿਦੇਸ਼ਾਂ ਅੰਦਰ ਸਿੱਖ ਐੱਮਪੀ ਅਤੇ ਵਿਧਾਇਕਾਂ ਨੂੰ ਸ਼ਮੂਲੀਅਤ ਲਈ ਸੱਦਾ ਪੱਤਰ ਦੇਣ ਦੀ ਵੀ ਸਾਂਝੀ ਰਾਇ ਬਣੀ। ਇਕੱਤਰਤਾ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਤਾਲਮੇਲ ਕਮੇਟੀ ਦੀ ਬੈਠਕ ਵਿਚ ਵੱਖ-ਵੱਖ ਆਗੂਆਂ, ਮਹਾਂਪੁਰਖਾਂ ਅਤੇ ਵਿਦਵਾਨਾਂ ਨੇ ਬਹੁਤ ਭਾਵਪੂਰਤ ਸੁਝਾਅ



ਦਿੱਤੇ ਹਨ, ਜਿਨ੍ਹਾਂ ਨੂੰ ਸ਼ਤਾਬਦੀ ਸਮਾਗਮਾਂ ਦੀ ਰੂਪ ਰੇਖਾ ਲਈ ਅਮਲ ਵਿਚ ਲਿਆਂਦਾ ਜਾਵੇਗਾ।ਉਨ੍ਹਾਂ ਦੱਸਿਆ ਕਿ ਇਕੱਤਰਤਾ ਵਿਚ ਸਾਂਝੀ ਰਾਇ ਇਹ ਬਣੀ ਹੈ ਕਿ ਵੱਖ-ਵੱਖ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਮਾਗਮਾਂ ਲਈ ਨਿੱਜੀ ਤੌਰ 'ਤੇ ਮਿਲ ਕੇ ਅਤੇ ਚਿੱਠੀ ਪੱਤਰ ਰਾਹੀਂ ਸੱਦਾ ਦਿੱਤਾ ਜਾਵੇ।ਇਸ ਅਨੁਸਾਰ ਸ਼੍ਰੋਮਣੀ ਕਮੇਟੀ ਵੱਖ-ਵੱਖ ਵਫ਼ਦਾਂ ਰਾਹੀਂ ਪ੍ਰਮੁੱਖ ਸ਼ਖ਼ਸੀਅਤਾਂ ਤੱਕ ਪਹੁੰਚ ਕਰੇਗੀ। ਵੱਖ-ਵੱਖ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਵਿਚ ਨੌਵੇਂ ਪਾਤਸ਼ਾਹ ਨਾਲ ਸਬੰਧਤ ਸੈਮੀਨਾਰ ਆਯੋਜਤ ਕੀਤੇ ਜਾਣਗੇ। ਹੋਰ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਤੌਰ 'ਤੇ ਇਕ 'ਕੌਫ਼ੀ ਟੇਬਲ ਬੁੱਕ' ਤਿਆਰ ਕੀਤੀ ਜਾਵੇਗੀ ਅਤੇ ਸੋਸ਼ਲ ਮੀਡੀਆ 'ਤੇ ਗੁਰੂ ਸਾਹਿਬ ਸੰਖੇਪ ਰੂਪ ਵਿਚ ਪ੍ਰੇਰਨਾਦਾਇਕ ਵੀਡੀਓ ਬਣਾ ਕੇ ਸੰਗਤਾਂ ਤੱਕ ਪਹੁੰਚਾਏ ਜਾਣਗੇ।ਸਜਾਏ ਜਾਣ ਵਾਲੇ ਨਗਰ ਕੀਰਤਨਾਂ ਬਾਰੇ ਉਨ੍ਹਾਂ ਜਾਣਕਾਰੀ ਦਿੱਤੀ ਕਿ ਇਕ ਵਿਸ਼ਾਲ ਨਗਰ ਕੀਰਤਨ ਆਸਾਮ ਤੋਂ ਸ਼ੁਰੂ ਕੀਤਾ ਜਾਵੇਗਾ, ਜੋ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਨੌਵੇਂ ਪਾਤਸ਼ਾਹ ਜੀ ਦੇ ਜੀਵਨ ਇਤਿਹਾਸ ਅਤੇ ਸ਼ਹਾਦਤ ਬਾਰੇ ਪ੍ਰੇਰਣਾ ਦਿੰਦਾ 23 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁੱਜੇਗਾ।ਇਸੇ ਤਰ੍ਹਾਂ ਇਕ ਨਗਰ ਕੀਰਤਨ ਕਸ਼ਮੀਰ ਤੋਂ ਸ਼ੁਰੂ ਕੀਤਾ ਜਾਵੇਗਾ, ਜੋ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਪੰਨ ਹੋਵੇਗਾ ਅਤੇ ਇਕ ਨਗਰ ਕੀਰਤਨ ਦਿੱਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਤੱਕ ਸਜਾਇਆ ਜਾਵੇਗਾ।ਉਨ੍ਹਾਂ ਦੱਸਿਆ ਕਿ ਸ਼ਤਾਬਦੀ ਦੇ ਮੁੱਖ ਸਮਾਗਮਾਂ ਦੌਰਾਨ 51 ਹਜ਼ਾਰ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ ਅਤੇ ਇਕ ਪੂਰਾ ਦਿਨ ਬੱਚਿਆਂ ਨੂੰ ਸਮਰਪਿਤ ਸਮਾਗਮ ਕੀਤੇ ਜਾਣਗੇ।25 ਨਵੰਬਰ ਨੂੰ ਮੁੱਖ ਸਮਾਗਮ ਵਿਚ ਦੇਸ਼ ਦੁਨੀਆਂ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਹਿੱਸਾ ਲੈਣਗੀਆਂ ਅਤੇ ਕੌਮ ਦੇ ਪ੍ਰਸਿੱਧ ਕਥਾਵਾਚਕ ਅਤੇ ਰਾਗੀ ਹਾਜ਼ਰੀ ਭਰਨਗੇ।ਉਨ੍ਹਾਂ ਦੱਸਿਆ ਕਿ ਨੌਵੇਂ ਪਾਤਸ਼ਾਹ ਜੀ ਨਾਲ ਸ਼ਹੀਦ ਹੋਣ ਵਾਲੇ ਪ੍ਰਮੁੱਖ ਸਿੱਖਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ ਨਾਲ ਬਾਬਾ ਜੀਵਨ ਸਿੰਘ ਜੀ ਨੂੰ ਸਮਰਪਿਤ ਸਮਾਗਮ ਵੀ ਕੀਤੇ ਜਾਣਗੇ ਅਤੇ ਦਸਵੇਂ ਪਾਤਸ਼ਾਹ ਜੀ ਦੇ 350ਵੇਂ ਗੁਰਤਾਗੱਦੀ ਦਿਵਸ ਨੂੰ ਯਾਦਗਾਰੀ ਢੰਗ ਨਾਲ ਮਨਾਇਆ ਜਾਵੇਗਾ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਡੋਰੀ ਸਿੱਧਵਾਂ ਦੀ ਪਸਵਕ ਕਮੇਟੀ ਦਾ ਗਠਨ



**ਝਬਾਲ (ਹਰਜਿੰਦਰ ਸਿੰਘ ਸੋਨੀ)-** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਡੋਰੀ ਸਿੱਧਵਾਂ ਵਿਖੇ ਸਕੂਲ ਦੀ ਪਸਵਕ ਕਮੇਟੀ ਦੀ ਚੋਣ ਹੋਈ ਜਿਸ ਵਿੱਚ ਸਰਬਸੰਮਤੀ ਨਾਲ ਪਸਵਕ ਕਮੇਟੀ ਦੇ ਚੇਅਰਮੈਨ ਹਰਦੇਵ ਸਿੰਘ, ਵਾਇਸ ਚੇਅਰਮੈਨ ਸੰਦੀਪ ਸਿੰਘ ਸਮੇਤ ਮਰਦ ਤੇ ਔਰਤਾਂ ਦੀ 14 ਕਮੇਟੀ ਮੈਂਬਰਾਂ ਨੂੰ ਚੁਣਿਆ ਗਿਆ।ਇਸ ਮੌਕੇ ਜਿੱਥੇ ਨਵੀਂ ਚੁਣੀ ਗਈ ਪਸਵਕ ਸਕੂਲ ਕਮੇਟੀ ਨੇ ਵਿਸ਼ਵਾਸ ਦਿਵਾਇਆ ਕਿ ਸਕੂਲ ਦੀ ਬੇਹਤਰੀ ਲਈ ਤਨਦੇਹੀ ਨਾਲ ਕੰਮ ਕਰਨਗੇ ਉਥੇ ਹੀ ਸਕੂਲ ਦੇ ਪ੍ਰਿੰਸੀਪਲ ਸ੍ਰ: ਅਰਵਿੰਦਰ ਸਿੰਘ ਤੇ ਸਕੂਲ ਸਟਾਫ ਵੱਲੋਂ ਚੇਅਰਮੈਨ ਹਰਦੇਵ ਸਿੰਘ, ਵਾਇਸ ਚੇਅਰਮੈਨ ਸੰਦੀਪ ਸਿੰਘ, ਆਮ ਪਾਰਟੀ ਦੇ ਸੀਨੀਅਰ ਆਗੂ ਚਾਚਾ ਮੋਹਨ ਸਿੰਘ ਪੰਡੋਰੀ ਸਿੱਧਵਾਂ ਆਦਿ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਆਧਿਆਪਕ ਰਣਜੀਤ ਸਿੰਘ, ਅਵਤਾਰ ਸਿੰਘ ਸਕੂਲ ਕੈਂਪਸ ਮੈਂਬਰ, ਹਰਿੰਦਰਪਾਲ ਸਿੰਘ, ਮੈਡਮ ਕੁਲਜੀਤ ਕੌਰ, ਮਲਵਿੰਦਰ ਕੌਰ, ਸ਼ਰਨਜੀਤ ਕੌਰ, ਰਮਨਦੀਪ ਕੌਰ, ਮਨਪ੍ਰੀਤ ਕੌਰ, ਮਨਦੀਪ ਕੌਰ ਅਤੇ ਰਮਨ ਕੁਮਾਰ ਆਦਿ ਵੀ ਹਾਜ਼ਰ ਸਨ।

# ਠੇਠਰਕੇ ਦੇ ਖੇਤਾਂ 'ਚੋਂ 3 ਕਿਲੋ ਹੈਰੋਇਨ ਬਰਾਮਦ, ਪੁਲਸ ਵੱਲੋਂ ਪਰਚਾ ਦਰਜ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-** ਪੁਲਸ ਥਾਣਾ ਡੇਰਾ ਬਾਬਾ ਨਾਨਕ ਅਧੀਨ ਪੈਂਦੇ ਪਿੰਡ ਠੇਠਰਕੇ ਦੇ ਖੇਤਾਂ ਵਿੱਚੋਂ ਪੁਲਸ ਅਤੇ ਬੀਐੱਸਐੱਫ ਵੱਲੋਂ ਚਲਾਏ ਗਏ ਸਾਂਝੇ ਸਰਚ ਅਪ੍ਰੇਸ਼ਨ ਦੌਰਾਨ 3 ਕਿਲੋ ਹੈਰੋਇਨ ਬਰਾਮਦ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਇਸ ਸਬੰਧੀ ਪੱਤਰਕਾਰਾਂ ਨੂੰ ਵਧੇਰੇ ਜਾਣਕਾਰੀ ਦਿੰਦਿਆਂ ਹੋਇਆਂ ਪੁਲਸ ਥਾਣਾ ਡੇਰਾ ਬਾਬਾ ਨਾਨਕ ਦੇ ਐੱਸਐੱਚਓ ਸਤਪਾਲ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਸਿਆਂ ਨੂੰ ਠੱਲ੍ਹ ਪਾਉਣ ਲਈ ਵਿੱਢੀ ਮੁਹਿੰਮ ਤਹਿਤ ਅੱਜ ਦੇਰ ਸਾਂਮ ਡੇਰਾ ਬਾਬਾ ਨਾਨਕ ਪੁਲਸ ਅਤੇ ਬੀਐੱਸਐੱਫ ਦੀ 113 ਬਟਾਲੀਅਨ ਦੇ ਜਵਾਨਾਂ ਵੱਲੋਂ ਚਲਾਏ ਗਏ ਸਾਂਝੇ ਸਰਚ ਅਭਿਆਨ ਦੌਰਾਨ ਨਜ਼ਦੀਕੀ ਪਿੰਡ ਠੇਠਰਕੇ ਦੇ ਕਿਸਾਨ ਗੁਲਸ਼ਨ ਮਾਨ ਸਿੰਘ ਪੁੱਤਰ ਹਰਭਜਨ ਸਿੰਘ ਜਿਸ ਨੇ ਆਪਣੀ ਜ਼ਮੀਨ ਗੁਰਪ੍ਰੀਤ ਸਿੰਘ ਪੁੱਤਰ ਅਜਮੇਰ ਸਿੰਘ ਤੇ ਜਗਤਾਰ ਸਿੰਘ ਪੁੱਤਰ ਗੁਰਮੇਤ ਸਿੰਘ ਵਾਸੀ ਠੇਠਰਕੇ ਨੂੰ ਠੇਕੇ 'ਤੇ ਦਿੱਤੀ ਹੋਈ ਹੈ, ਵਿੱਚੋਂ ਇੱਕ ਪੀਲੇ ਰੰਗ ਦਾ ਲਿਫਾਫਾ ਦਿਖਾਈ ਦਿੱਤਾ ਜਿਸ ਵਿੱਚ ਕੁਝ ਲਪੇਟਿਆ ਹੋਇਆ ਸੀ।ਉਨ੍ਹਾਂ ਦੱਸਿਆ ਕਿ ਜਦ ਸ਼ੱਕ ਪੈਣ 'ਤੇ ਉਕਤ ਲਿਫਾਫੇ ਨੂੰ ਖੋਲ੍ਹ ਕੇ ਦੇਖਿਆ ਗਿਆ ਤਾਂ ਉਸ ਵਿੱਚੋਂ 3 ਕਿਲੋ ਹੈਰੋਇਨ ਜਿਸ ਨੂੰ ਟੇਪਾਂ ਨਾਲ ਲਪੇਟਿਆ ਹੋਇਆ ਸੀ, ਬਰਾਮਦ ਹੋਈ।ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਉਕਤ ਹੈਰੋਇਨ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਪੁਲਸ ਥਾਣਾ ਡੇਰਾ ਬਾਬਾ ਨਾਨਕ ਵਿਖੇ ਐੱਨਡੀਪੀਐੱਸ ਏਅਰ ਕਰਾਫਟ ਐਕਟ 1934 ਜੁਰਮ 10,11,12, ਮਿਤੀ 14/07/2025 ਅਧੀਨ ਅਣਪਛਾਤੇ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।ਇਸ ਮੌਕੇ ਏ ਐਸ ਆਈ ਬਲਵਿੰਦਰ ਸਿੰਘ,ਏ ਐਸ ਆਈ ਸੁਖਜਿੰਦਰ ਸਿੰਘ,ਏ ਐਸ ਆਈ ਬਲਜਿੰਦਰ ਸਿੰਘ ਆਦਿ ਹਾਜ਼ਰ ਸਨ।



# ਐਮਾਜ਼ਾਨ ਮਿਊਜ਼ਿਕ ਵੱਲੋਂ ਪ੍ਰਾਈਮ ਡੇ 2025 ਲਈ ਬਹੁ-ਭਾਸ਼ਾਈ ਬੇਲਿਸਟ ਪਲੇਲਿਸਟ ਲਾਂਚ

**ਚੰਡੀਗੜ੍ਹ :** ਐਮਾਜ਼ਾਨ ਮਿਊਜ਼ਿਕ ਇੰਡੀਆ ਪ੍ਰਾਈਮ ਡੇ 2025 ਨੂੰ ਕਈ ਦਿਲਚਸਪ ਪੇਸ਼ਕਸ਼ਾਂ ਨਾਲ ਮਨਾ ਰਿਹਾ ਹੈ, ਜਿਸ ਵਿੱਚ ਬੇਲਿਸਟ ਦੀ ਸ਼ੁਰੂਆਤ ਸ਼ਾਮਲ ਹੈ। ਇੱਕ ਵਿਸ਼ੇਸ਼ ਤੌਰ ਤੇ ਤਿਆਰ ਕੀਤੀ ਬਹੁ-ਭਾਸ਼ਾਈ ਪਲੇਲਿਸਟ ਹੈ।ਪਲੇਲਿਸਟ ਵਿੱਚ ਚਾਰਟ-ਟੌਪਿੰਗ ਸਿੰਗਲਜ਼, ਭਾਰਤੀ ਪੌਪ, ਇੰਡੀ ਹਿੱਟ, ਅਤੇ ਹਿੰਦੀ, ਪੰਜਾਬੀ, ਤਾਮਿਲ ਅਤੇ ਤੇਲਗੂ ਵਿੱਚ ਫਿਲਮਾਂ ਦੇ ਪਸੰਦੀਦਾ ਗੀਤ ਸ਼ਾਮਲ ਹਨ।ਲਾਂਚ ਨੂੰ ਉਤਸ਼ਾਹਿਤ ਕਰਨ ਲਈ, ਐਮਾਜ਼ਾਨ ਮਿਊਜ਼ਿਕ ਨੇ ਗੁਰੂ ਰੰਧਾਵਾ, ਅਕਸ਼ਥ ਆਚਾਰੀਆ, ਤਾਮਿਲ ਸਨਸੇਸ਼ਨ ਸਾਈ ਅਭਿਅੰਕਰ ਵਰਗੇ ਪ੍ਰਸਿੱਧ ਕਲਾਕਾਰਾਂ ਨਾਲ ਸਾਂਝੇਦਾਰੀ ਕੀਤੀ ।ਆਰਟਿਸਟ ਡਾਇਰੀਜ਼ ਲੜੀ ਦੇ ਤਹਿਤ ਵਿਸ਼ੇਸ਼ ਵੀਡੀਓ ਸਮੱਗਰੀ, ਸਾਇਰਸ ਸੇਜ਼ ਵਰਗੇ ਪੋਡਕਾਸਟਾਂ ਤੱਕ ਜਲਦੀ ਪਹੁੰਚ ਅਤੇ ਆਧਾਰ ਮਲਿਕ, ਨੇਵਿਲ ਸ਼ਾਹ, ਕੌਤੁਕ ਸ਼੍ਰੀਵਾਸਤਵ ਅਤੇ ਵਰੁਣ ਠਾਕੁਰ ਦੁਆਰਾ ਹੋਸਟ ਕੀਤਾ ਗਿਆ।ਐਮਾਜ਼ਾਨ ਮਿਊਜ਼ਿਕ ਇੰਡੀਆ ਦੇ ਕੰਟਰੀ ਹੈੱਡ ਰਿਸ਼ਭ ਗੁਪਤਾ ਨੇ ਕਲਾਕਾਰ-ਸਰੋਤਿਆਂ ਦੇ ਸਬੰਧਾਂ ਨੂੰ ਹੋਰ ਪੀਡਾ ਕਰਨ ਦੇ ਪਲੇਟਫਾਰਮ ਦੇ ਟੀਚੇ 'ਤੇ ਜ਼ੋਰ ਦਿੱਤਾ।ਸਾਰੀ ਸਮੱਗਰੀ ਐਮਾਜ਼ਾਨ ਮਿਊਜ਼ਿਕ ਐਪ ਰਾਹੀਂ ਪ੍ਰਾਈਮ ਮੈਂਬਰਾਂ ਲਈ ਵਿਸ਼ੇਸ਼ ਤੌਰ 'ਤੇ ਉਪਲਬਧ ਹੈ।

# ਟਰੈਫ਼ਿਕ ਪੁਲਸ ਨੇ ਕੱਸਿਆ ਸ਼ਿਕੰਜਾ, ਆਵਾਜਾਈ ਨਿਯਮਾਂ ਦੀਆਂ ਧੱਜੀਆਂ ਉਡਾਉਣ ਵਾਲਿਆਂ ਦੇ ਕੱਟੇ ਚਲਾਨ

**ਗੁਰਦਾਸਪੁਰ (ਜਨਕ ਮਹਾਜਨ)-** ਸਥਾਨਕ ਸ਼ਹਿਰ ਅੰਦਰ ਟਰੈਫ਼ਿਕ ਸਮੱਸਿਆ ਦਾ ਹੱਲ ਕਰਨ ਵਾਸਤੇ ਟਰੈਫ਼ਿਕ ਇੰਚਾਰਜ ਏਐੱਸਆਈ ਸਤਨਾਮ ਸਿੰਘ ਤੇ ਉਨ੍ਹਾਂ ਦੀ ਟੀਮ ਵੱਲੋਂ ਕਾਫ਼ੀ ਮਿਹਨਤ ਕਰਕੇ ਸਮੱਸਿਆ ਦਾ ਹੱਲ ਕੀਤਾ ਜਾ ਰਿਹਾ ਹੈ। ਫ਼ਿਰ ਵੀ ਈ ਰਿਕਸ਼ਾ ਚਾਲਕ ਗਲਤੀਆਂ ਤੋਂ ਬਾਜ਼ ਨਹੀਂ ਆ ਰਹੇ ਅਤੇ ਕਈ ਈ ਰਿਕਸ਼ਾ ਚਾਲਕ ਗਲਤ ਸਾਈਡ ਸੜਕ ਪਾਰ ਕਰਦੇ ਜਾਂ ਫ਼ਿਰ ਸ਼ਰਾਬ ਪੀ ਕੇ ਰਿਕਸ਼ਾ ਚਲਾਉਂਦੇ ਹਨ ਜਿਸ ਕਾਰਨ ਕਈ ਤਰ੍ਹਾਂ ਦੇ ਹਾਦਸੇ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਟਰੈਫ਼ਿਕ ਪੁਲਸ ਦੇ ਇੰਚਾਰਜ ਸਤਨਾਮ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਦੀ ਟੀਮ ਵਲੋਂ ਟਰੈਫ਼ਿਕ ਨਿਯਮਾਂ ਦੀਆਂ ਧੱਜੀਆਂ ਉਡਾਉਣ ਵਾਲਿਆਂ 'ਤੇ ਸਖ਼ਤੀ ਨਾਲ ਨਜ਼ਰ ਰੱਖੀ ਜਾ ਰਹੀ ਹੈ ਤਾਂ ਜੋ ਸ਼ਹਿਰ ਅੰਦਰ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ। ਉਨ੍ਹਾਂ ਦੱਸਿਆ ਕਿ ਸਵੇਰੇ ਸਰਕਾਰੀ ਹਸਪਤਾਲ ਗੁਰਦਾਸਪੁਰ ਬਬਰੀ ਵੱਲੋਂ ਆਉਂਦੇ ਗਲਤ ਸਾਈਡ ਤੋਂ ਈ ਰਿਕਸ਼ਾ ਚਾਲਕ ਨੇ ਸ਼ਰਾਬ ਪੀਤੀ ਹੋਈ ਸੀ ਅਤੇ ਸਵਾਰੀਆਂ ਵੀ ਬਿਠਾਈਆਂ ਹੋਈਆਂ ਸਨ, ਜਦੋਂ ਉਸ ਨੂੰ ਪੁੱਛਿਆ ਗਿਆ ਤਾਂ ਉਸ ਨੇ ਦੱਸਿਆ ਕਿ ਉਹ ਸ਼ਰਾਬ ਪੀ ਕੇ ਰਿਕਸ਼ਾ ਚਲਾ ਰਿਹਾ ਹੈ। ਪੁਲਸ ਨੇ ਮੌਕੇ 'ਤੇ ਉਸ ਦਾ ਚਲਾਨ ਕੱਟ ਕੇ ਈ ਰਿਕਸ਼ਾ ਬੰਦ ਕਰ ਦਿੱਤਾ। ਇਸ ਤੋਂ ਇਲਾਵਾ ਪੁਲਸ ਨੇ 30-35 ਦੇ ਕਰੀਬ ਚਲਾਨ ਕੱਟੇ। ਉਨ੍ਹਾਂ ਦੱਸਿਆ ਕਿ ਸ਼ਹਿਰ ਅੰਦਰ ਕਈ ਵਾਰ ਈ ਰਿਕਸ਼ਾ ਚਾਲਕਾਂ ਨੂੰ ਚਿਤਾਵਨੀ ਦਿੱਤੀ ਗਈ ਹੈ ਕਿ ਰਿਕਸ਼ੇ ਸਹੀ ਤਰੀਕੇ ਨਾਲ ਚਲਾਉਣ ਅਤੇ ਆਪਣੇ ਕਾਗਜ਼ਾਤ ਪੂਰੇ ਰੱਖਣ। ਇਸ ਮੌਕੇ ਉਨ੍ਹਾਂ ਨਾਲ ਏਐੱਸਆਈ ਹਰਦੀਪ ਸਿੰਘ, ਏਐੱਸਆਈ ਪ੍ਰਦੂਮਣ ਸਿੰਘ ਅਤੇ ਹੌਲਦਾਰ ਸੁਭਾਸ਼ ਚੰਦ ਆਦਿ ਹਾਜ਼ਰ ਸਨ।



# ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਤੇ ਡੀਸੀ ਵੱਲੋਂ ਸੈਂਟਰਲ ਜੇਲ੍ਹ ਗੋਇੰਦਵਾਲ ਸਾਹਿਬ ਦਾ ਦੌਰਾ

**ਪੱਟੀ (ਬਲਦੇਵ ਸਿੰਘ ਸੰਧੂ)-** ਕੰਵਲਜੀਤ ਸਿੰਘ ਬਾਜਵਾ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਤਰਨ ਤਾਰਨ ਅਤੇ ਸ਼੍ਰੀ ਰਾਹੁਲ ਡਿਪਟੀ ਕਮਿਸ਼ਨਰ ਵੱਲੋਂ ਸੈਂਟਰਲ ਜੇਲ੍ਹ ਸ਼੍ਰੀ ਗੋਇੰਦਵਾਲ ਸਾਹਿਬ ਦਾ ਦੌਰਾ ਕੀਤਾ ਗਿਆ।ਇਸ ਸਮੇਂ ਬਲਜੀਤ ਸਿੰਘ ਕਪਤਾਨ ਪੁਲਸ, ਤਰਨ ਤਾਰਨ ਅਤੇ ਮਿਸ ਸ਼ਿਲਪਾ ਚੀਫ਼ ਜੁਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ, ਗੁਰਪ੍ਰੀਤ ਸਿੰਘ ਰਾਏ ਸਿਵਲ ਸਰਜਨ ਤਰਨ ਤਾਰਨ ਤੋਂ ਇਲਾਵਾ ਜਸਪ੍ਰੀਤ ਸਿੰਘ, ਡਿਪਟੀ ਚੀਫ਼, ਲੀਗਲ ਏਡ ਡਿਫੈਂਸ ਕੌਂਸਲ, ਤਰਨ ਤਾਰਨ, ਕਰਨਬੀਰ ਸਿੰਘ, ਅਸਿਸਟੈਂਟ, ਲੀਗਲ ਏਡ ਡਿਫੈਂਸ ਕੌਂਸਲ, ਤਰਨ ਤਾਰਨ ਅਤੇ ਕਰਨਬੀਰ ਸਿੰਘ, ਅਸਿਸਟੈਂਟ, ਲੀਗਲ ਏਡ ਡਿਫੈਂਸ ਕੌਂਸਲ, ਤਰਨ ਤਾਰਨ ਅਤੇ ਮਿਸ ਜੀਆ ਖੁੱਲਰ, ਅਸਿਸਟੈਂਟ, ਲੀਗਲ ਡਿਫੈਂਸ ਕੌਂਸਲ, ਤਰਨ ਤਾਰਨ ਨਾਲ ਹਾਜ਼ਰ ਰਹੇ। ਇਸ ਸਮੇਂ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਤਰਨ ਤਾਰਨ ਦੇ ਨਿਰਦੇਸ਼ਾ ਅਨੁਸਾਰ ਜੇਲ੍ਹ ਵਿੱਚ ਮੈਡੀਕਲ ਕੈਂਪ ਅਤੇ ਆਧਾਰ ਕਾਰਡ ਕੈਂਪ ਲਗਾਇਆ ਗਿਆ।ਮਾਨਯੋਗ ਜੱਜ ਸਾਹਿਬ



ਨੇ ਇਸ ਮੌਕੇ ਬੰਦ ਹਵਾਲਾਤੀਆਂ ਅਤੇ ਕੈਦੀਆਂ ਦੀਆਂ ਮੁਸ਼ਕਲਾਂ ਨੂੰ ਸੁਣਿਆ ਅਤੇ ਮੌਕੇ ਤੇ ਹੀ ਜੇਲ੍ਹ ਦੇ ਸੁਪਰਡੈਂਟ ਨੂੰ ਉਨ੍ਹਾਂ ਦੀਆਂ ਮਸ਼ਕਲਾਂ ਹੱਲ ਕਰਨ ਦੇ ਦਿਸ਼ਾ ਨਿਰਦੇਸ਼ ਦਿੱਤੇ। ਹਵਾਲਾਤੀਆਂ ਅਤੇ ਕੈਦੀਆਂ ਦੀਆਂ ਬੈਰਿਕਾਂ ਵਿੱਚ ਜਾ ਕੇ ਉਨ੍ਹਾਂ ਦੇ ਰਹਿਣ-ਸਹਿਣ ਦੀ ਸਾਫ-ਸਫਾਈ ਦੀ ਜਾਂਚ ਕੀਤੀ, ਹਸਪਤਾਲ ਅਤੇ ਜੇਲ੍ਹ ਦੀ ਮੈਸ (ਰਸੋਈ) ਵੀ ਚੈੱਕ ਕੀਤੀ। ਜੱਜ ਸਾਹਿਬ ਨੇ ਜੇਲ੍ਹ ਸੁਪਰਡੈਂਟ ਨੂੰ ਨਿਰਦੇਸ਼ ਦਿੱਤੇ ਕਿ ਹਵਾਲਾਤੀਆਂ ਅਤੇ ਕੈਦੀਆਂ ਦੀ ਨਿਯਮਿਤ ਮੈਡੀਕਲ ਜਾਂਚ ਹੁੰਦੀ ਰਹੇ।ਜੱਜ ਸਾਹਿਬ ਵੱਲੋਂ ਮੌਜੂਦ ਹਵਾਲਾਤੀਆਂ ਅਤੇ ਕੈਦੀਆਂ ਨੂੰ ਉਨ੍ਹਾਂ ਦੇ ਕਾਨੂੰਨੀ ਹੱਕਾਂ ਬਾਰੇ ਜਾਣਕਾਰੀ ਦਿੱਤੀ। ਹਵਾਲਾਤੀਆਂ ਅਤੇ ਕੈਦੀਆਂ ਦੇ ਮੁਫਤ ਕਾਨੂੰਨੀ ਸਹਾਇਤਾ ਲੈਣ ਵਾਸਤੇ ਫਾਰਮ ਵੀ ਭਰਵਾਏ ਗਏ। ਇਸ ਮੌਕੇ ਉਨ੍ਹਾਂ ਕੈਦੀਆਂ ਅਤੇ ਹਵਾਲਾਤੀਆਂ ਨੂੰ ਇਹ ਸਲਾਹ ਦਿੱਤੀ ਕਿ ਜੇਲ ਵਿੱਚੋਂ ਰਿਹਾਅ ਹੋਣ ਤੋਂ ਬਾਅਦ ਉਹ ਸਮਾਜ ਵਿੱਚ ਰਹਿ ਕੇ ਆਮ ਇਨਸਾਨ ਵਾਂਗ ਆਪਣਾ ਜੀਵਨ ਦਾ ਨਿਰਬਾਹ ਕਰਨ ਅਤੇ ਦੁਬਾਰਾ ਕੋਈ ਵੀ ਗੈਰ-ਕਾਨੂੰਨੀ ਕੰਮ ਕਰਕੇ ਜੇਲ੍ਹ ਵਿੱਚ ਨਾ ਆਉਣ।ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਦੇ ਦਫ਼ਤਰ ਵਿਖੇ ਮਿਲਣ ਜਾਂ ਜਾਣਕਾਰੀ ਵਾਸਤੇ ਜ਼ਿਲ੍ਹਾ ਕਚਹਿਰੀ, ਤਰਨ ਤਾਰਨ ਵਿਖੇ ਦਫ਼ਤਰ ਦੇ ਸਮੇਂ ਵਿੱਚ ਆ ਕੇ ਮਿਲਿਆ ਜਾ ਸਕਦਾ।



# ਵਿਸ਼ਾਲ ਵੱਲੋਂ ਪੁਸਤਕਾਂ ਦਾ ਦਾਨ

**ਬਿਆਸ (ਡੀ. ਕੇ. ਰੈੱਡੀ)-** ਬਿਆਸ ਨਿਵਾਸੀ ਸ਼੍ਰੀ ਵਿਸ਼ਾਲ ਵੱਲੋਂ ਸਾਡੇ ਸਕੂਲ ਦਾ ਦੌਰਾ ਇੱਕ ਯਾਦਗਾਰੀ ਅਨੁਭਵ ਰਿਹਾ।ਉਹ ਨਾ ਸਿਰਫ਼ ਪੁਸਤਕਾਂ ਦਾ ਦਾਨ ਲੈ ਕੇ ਆਏ, ਸਗੋਂ ਵਿਦਿਆਰਥੀਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਵੱਧ ਤੋਂ ਵੱਧ ਪੁਸਤਕਾਂ ਪੜ੍ਹਨ ਵੱਲ ਪ੍ਰੇਰਿਤ ਵੀ ਕੀਤਾ।ਉਨ੍ਹਾਂ ਦਾ ਮੰਨਣਾ ਹੈ ਕਿ ਪੜ੍ਹਾਈ ਸਿਰਫ਼ ਅੰਕਾਂ ਤੇ ਸ਼ਬਦਾਂ ਦੀ ਹੀ ਖੇਡ ਨਹੀਂ, ਸਗੋਂ ਇਹ ਜੀਵਨ ਦੀ ਦਿਸ਼ਾ ਨੂੰ ਬਦਲ ਸਕਦੀ ਹੈ।ਵਿਸ਼ਾਲ ਨੇ ਵਿਦਿਆਰਥੀਆਂ ਨੂੰ ਸਮਝਾਇਆ ਕਿ ਭਾਸ਼ਾ ਹਿੰਦੀ, ਪੰਜਾਬੀ ਜਾਂ ਅੰਗਰੇਜ਼ੀ ਕੋਈ ਵੀ ਹੋਵੇ, 'ਚ ਛਪੀਆਂ ਵਧੀਆ ਪੁਸਤਕਾਂ ਦਾ ਪਾਠ ਜੀਵਨ ਵਿੱਚ ਨਵੇਂ ਵਿਚਾਰ ਤੇ ਨਵੀਆਂ ਦਿਸ਼ਾਵਾਂ ਖੋਲ੍ਹਦਾ ਹੈ।ਉਨ੍ਹਾਂ ਦੀ ਇਸ ਅਦਭੁਤ ਸੋਚ ਅਤੇ ਉਪਰਾਲੇ ਦੀ ਸਾਡੇ ਸਕੂਲ ਦੇ ਪ੍ਰਿੰਸੀਪਲ ਰਾਜੀਵ ਕਪੂਰ ਨੇ ਵੀ ਖੂਬ ਸਰਾਹਨਾ ਕੀਤੀ।ਇਸ ਮੌਕੇ ਵਿਦਿਆਰਥੀਆਂ ਦੇ ਖੁਸ਼ੀ ਅਤੇ ਉਤਸ਼ਾਹ ਨਾਲ ਚਮਕਦੇ ਚਿਹਰੇ ਸਾਬਤ ਕਰਦੇ ਸਨ ਕਿ ਉਨ੍ਹਾਂ ਅੰਦਰ ਪੁਸਤਕ ਪ੍ਰੇਮ ਹੈ ਜੋ ਉਨ੍ਹਾਂ ਨੂੰ ਜੀਵਨ ਭਰ ਪੁਸਤਕਾਂ ਨਾਲ ਜੁੜੇ ਰਹਿਣ ਦਾ ਸੰਕੇਤ ਮਾਤਰ ਹੈ।

# ਮੱਧੀਪੁਰਾ ਦੇ ਸਰਪੰਚ ਤੇ ਪੰਚਾਂ ਨੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦਾ ਕੀਤਾ ਸਨਮਾਨ

**ਮਜੀਠਾ (ਸੋਇਮ ਆਨੰਦ)-** ਵਿਧਾਨ ਸਭਾ ਹਲਕਾ ਮਜੀਠਾ ਤੋਂ ਤਲਬੀਰ ਸਿੰਘ ਗਿੱਲ ਨੂੰ ਆਮ ਆਦਮੀ ਪਾਰਟੀ ਵੱਲੋਂ ਮਜੀਠਾ ਦਾ ਹਲਕਾ ਇੰਚਾਰਜ ਬਣਾਉਣ ਤੇ ਹਲਕੇ ਵਿਚ ਭਾਰੀ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ਜਿਸ ਨਾਲ ਪਾਰਟੀ ਵਰਕਰਾਂ ਦੇ ਹੌਂਸਲੇ ਬੁਲੰਦ ਹੋ ਗਏ ਹਨ। ਹਲਕੇ ਵਿੱਚੋਂ ਪਿੰਡ ਪੱਧਰ 'ਤੇ ਪੰਚਾਇਤਾਂ ਅਤੇ ਮੋਹਤਬਰ ਵਿਆਕਤੀਆਂ ਵੱਲੋਂ ਤਲਬੀਰ ਸਿੰਘ ਗਿੱਲ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਵਧਾਈਆਂ ਦੇਣ ਦਾ ਤਾਂਤਾ ਲੱਗਿਆ ਹੋਇਆ ਹੈ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਵੱਡੀ ਪੱਧਰ 'ਤੇ ਸਨਮਾਨਿਤ ਕੀਤਾ ਜਾ ਰਿਹਾ ਹੈ।ਇਸੇ ਤਹਿਤ ਪਿੰਡ ਮੱਧੀਪੁਰਾ ਦੇ ਸਰਪੰਚ ਅਤੇ ਸਮੂਹ ਪੰਚਾਇਤ ਨੇ ਤਲਬੀਰ ਸਿੰਘ ਗਿੱਲ ਨੂੰ ਹਲਕਾ ਇੰਚਾਰਜ ਬਣਨ 'ਤੇ ਵਧਾਈ ਦੱਤੀ ਅਤੇ ਸਨਮਾਨਿਤ ਵੀ ਕੀਤਾ ।ਇਸ ਮੌਕੇ ਸਮੁੱਚੀ ਪੰਚਾਇਤ ਨੇ ਤਲਬੀਰ ਸਿੰਘ ਗਿੱਲ ਨੂੰ ਭਰੋਸਾ ਦਿਵਾਇਆ ਕਿ ਅਗਾਮੀ ਵਿਧਾਨ ਸਭਾ ਚੋਣਾਂ ਵਿਚ ਉਨ੍ਹਾਂ ਨੂੰ ਵੋਟਾਂ ਦੇ ਵੱਡੇ ਫਰਕ ਨਾਲ ਜਿਤਾ ਕੇ ਵਿਧਾਨ ਸਭਾ ਵਿਚ ਭੇਜਣਗੇ।ਇਸ ਮੌਕੇ ਸਰਪੰਚ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਮਜੀਠਾ ਵਿਚ ਜੁਝਾਰੂ ਆਗੂ ਤਲਬੀਰ ਸਿੰਘ ਗਿੱਲ ਦੇ ਆਉਣ ਨਾਲ ਸਾਰੇ ਸਮੀਕਰਨ ਹੀ ਬਦਲ ਚੁੱਕੇ ਹਨ। ਹਲਕੇ ਦੇ ਪਾਰਟੀ ਵਰਕਰਾਂ ਵਿਚ



ਨਵਾਂ ਜੋਸ਼ ਤੇ ਨਵੀਂ ਚੇਤਨਾ ਭਰ ਗਈ ਹੈ।ਵਰਕਰਾਂ ਵਿਚ ਭਾਰੀ ਉਤਸ਼ਾਹ ਪਾਇਆ ਰਿਹਾ ਹੈ। ਉਨ੍ਹਾਂ ਕਿਹਾ ਕਿ ਗਿੱਲ ਨੇ ਪੰਚਾਇਤ ਅਤੇ ਪਿੰਡ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਪਿੰਡ ਵਿਚ ਵਿਕਾਸ ਕਾਰਜਾਂ ਵਿਚ ਕਿਸੇ ਤਰ੍ਹਾਂ ਦੀ ਕਮੀ ਨਹੀਂ ਅਉਣ ਦਿੱਤੀ ਜਾਵੇਗੀ ਅਤੇ ਲੋਕਾਂ ਦੀਆਂ ਮੁਸ਼ਕਲਾਂ ਦਾ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾਵੇਗਾ ਅਤੇ ਪਾਰਟੀ ਦੇ ਕਿਸੇ ਵੀ ਮੋਹਤਬਰ ਜਾਂ ਵਰਕਰ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਇਸ ਮੌਕੇ ਸਰਪੰਚ ਗੁਰਪ੍ਰੀਤ ਸਿੰਘ ਨਾਲ ਮੁੱਖਾ ਸਿੰਘ, ਜਗੀਰ ਸਿੰਘ, ਹਰਜਿੰਦਰ ਸਿੰਘ, ਸੰਤੋਖ ਸਿੰਘ, ਅਮਰਜੀਤ ਸਿੰਘ, ਜੱਸਾ ਸਿੰਘ ਸਾਰੇ ਪੰਚ, ਮੰਗਾ ਸਿੰਘ, ਹਰਦੇਵ ਸਿੰਘ, ਹਰਜਿੰਦਰ ਸਿੰਘ, ਬਸ਼ੀਰ, ਸਰਮੇਲ ਸਿੰਘ, ਸੁੱਖਾ ਮਸੀਹ, ਗੁਰਵਿੰਦਰ ਸਿੰਘ, ਕੇਵਲ ਸਿੰਘ, ਪ੍ਰਿਤਪਾਲ ਸਿੰਘ ਬੱਲ ਬਲਾਕ ਪ੍ਰਧਾਨ ਮਜੀਠਾ, ਭੁਪਿੰਦਰ ਸਿੰਘ ਭੰਗਵਾਂ ਬਲਾਕ ਪ੍ਰਧਾਨ, ਬਲਜੀਤ ਸਿੰਘ ਭੰਗਵਾਂ, ਬਲਜੀਤ ਸਿੰਘ ਜਿਜੇਆਣੀ, ਜਸਬੀਰ ਸਿੰਘ ਭੰਗਵਾਂ ਕਿਸਾਨ ਆਗੂ ਆਦਿ ਹਾਜ਼ਰ ਸਨ।

# ਡਾਲਾ ਤੋਂ ਪਨਿਆੜ ਜਾਣ ਵਾਲੀ ਲਿੰਕ ਸੜਕ ਦਾ ਨਿਰਮਾਣ ਕਾਰਜ ਜੰਗੀ ਪੱਧਰ 'ਤੇ ਜਾਰੀ



**ਗੁਰਦਾਸਪੁਰ (ਜਨਕ ਮਹਾਜਨ)-** ਗੁਰਦਾਸਪੁਰ-ਬਹਿਰਾਮਪੁਰ ਰੋਡ ਵਿਚਕਾਰ ਪੈਂਦੇ ਪਿੰਡ ਡਾਲਾ ਤੋਂ ਪਨਿਆੜ ਨੂੰ ਜਾਣ ਵਾਲੀ ਲਿੰਕ ਸੜਕ ਦੇ ਪੱਕਿਆਂ ਹੋਣ 'ਤੇ ਇਲਾਕਾ ਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਮੀਤ ਸਿੰਘ, ਮਨਪ੍ਰੀਤ ਸਿੰਘ, ਬਖਸ਼ੀਸ਼ ਸਿੰਘ, ਸੁਲੱਖਣ ਸਿੰਘ ਡਾਲਾ ਨੇ ਦੱਸਿਆ ਕਿ ਇਹ ਲਿੰਕ ਸੜਕ ਪਿੰਡ ਡਾਲਾ ਤੋਂ ਵਾਇਆ ਭੋਲਾ ਆਦਿ ਪਿੰਡਾਂ ਤੋਂ ਹੁੰਦੀ ਹੋਈ ਪਿੰਡ ਪਨਿਆੜ ਨੂੰ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਸ ਸੜਕ ਦੀ ਲੰਬਾਈ ਲਗਭਗ ਚਾਰ ਕਿਲੋਮੀਟਰ ਦੇ ਕਰੀਬ ਹੈ ਅਤੇ ਇਸ ਦੀ ਉਸਾਰੀ ਮੰਡੀ ਬੋਰਡ ਗੁਰਦਾਸਪੁਰ ਵਲੋਂ ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਹਾ ਇਹ ਲਿੰਕ ਸੜਕ ਕਈ ਜਗ੍ਹਾ ਤੋਂ ਟੁੱਟ ਭੱਜ ਗਈ ਸੀ ਅਤੇ ਥਾਂ-ਥਾਂ ਇਸ ਵਿੱਚ ਡੂੰਘੇ ਟੋਏ ਪੈ ਗਏ ਸਨ ਜਿਨਾਂ ਵਿੱਚੋਂ ਸਕੂਟਰ ਆਦਿ ਦਾ ਲੰਘਣਾ ਬੇਹਦ ਮੁਸ਼ਕਲ ਹੋ ਚੁੱਕਾ ਸੀ। ਉਨ੍ਹਾਂ ਦੱਸਿਆ ਕਿ ਹੁਣ ਮੰਡੀ ਬੋਰਡ ਵਲੋਂ ਇਸ ਸੜਕ ਦਾ ਨਿਰਮਾਣ ਕਾਰਜ ਸ਼ੁਰੂ ਕਰ ਦਿੱਤਾ ਗਿਆ ਹੈ ਜਿਸ ਵਿਚ ਮੋਟਾ ਬਜਰਾ ਪਾਉਣਾ ਸ਼ੁਰੂ ਹੋ ਗਿਆ ਹੈ। ਉਮੀਦ ਹੈ ਕਿ ਇਹ ਸੜਕ ਜਲਦ ਹੀ ਬਣ ਕੇ ਤਿਆਰ ਹੋ ਜਾਵੇਗੀ ਜਿਸ ਨਾਲ ਇਲਾਕੇ ਦੇ ਕਈ ਪਿੰਡਾਂ ਨੂੰ ਇਸ ਦਾ ਲਾਭ ਮਿਲੇਗਾ।

# ਪਾਇਪਾਂ ਵਿਛਾਉਣ ਲਈ ਪੁੱਟੀਆਂ ਸੜਕਾਂ ਨੂੰ ਜਿਉਂ ਦਾ ਤਿਉਂ ਛੱਡਣ ਦੀ ਵਰਤੀ ਲਾਪ੍ਰਵਾਹੀ ਕਾਰਨ ਐੱਲ ਐਂਡ ਟੀ ਕੰਪਨੀ ਭਰੇਗੀ ਜੁਰਮਾਨਾ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)—** ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਅੰਮ੍ਰਿਤਸਰ ਵੱਲੋਂ ਨਹਿਰੀ ਪਾਣੀ ਸਪਲਾਈ ਪ੍ਰਾਜੈਕਟ ਯੋਜਨਾ ਅਧੀਨ ਪਾਈਪਾ ਵਿਛਾਉਣ ਵਾਲੀ ਕੰਪਨੀ ਐੱਲ. ਐਂਡ ਟੀ. ਅਤੇ ਪਿਮਸਿਪ ਦੇ ਅਧਿਕਾਰੀਆਂ ਨਾਲ ਹੰਗਾਮੀ ਮੀਟਿੰਗ ਲਈ ਗਈ।ਮੀਟਿੰਗ ਦੌਰਾਨ ਅਖਬਾਰਾਂ ਵਿੱਚ ਐੱਲ. ਐਂਡ ਟੀ. ਕੰਪਨੀ ਵੱਲੋਂ ਪਾਇਪਾਂ ਵਿਛਾਉਣ ਤੋਂ ਬਾਅਦ ਸੜਕਾਂ ਦਾ ਪੁਨਰ ਨਿਰਮਾਣ ਸਹੀ ਢੰਗ ਨਾਲ ਨਾ ਕਰਨ ਕਰਕ ਕਈ ਖਬਰਾਂ ਛਪੀਆਂ ਹਨ। ਕਮਿਸ਼ਨਰ ਵੱਲੋਂ ਕੰਪਨੀ ਨੂੰ ਸਖਤ ਹਦਾਇਤਾ ਕੀਤੀਆ ਗਈਆਂ ਕਿ ਜਿਨ੍ਹਾਂ ਵੀ ਸੜਕਾਂ ਤੇ ਪਾਇਪਾਂ ਵਿਛਾਉਣ ਤੋਂ ਬਾਅਦ ਰਿਪੇਅਰ ਕੀਤੀ ਗਈ ਹੈ, ਬਰਸਾਤ ਆਉਣ ਤੋਂ ਬਾਅਦ ਇਹ ਸੜਕਾਂ ਧਸਣ ਕਾਰਨ ਦੁਰਘਟਨਾ ਦਾ ਹਰ ਵੇਲੇ ਖਤਰਾ ਬਣਿਆ ਰਹਿੰਦਾ ਹੈ। ਇਸ ਲਈ ਇਨ੍ਹਾਂ ਸੜਕਾਂ ਦੀ ਮੁੜ ਰਿਪੇਅਰ ਕੀਤੀ ਜਾਵੇ। ਕਮਿਸ਼ਨਰ ਨੇ ਪਿਮਸਿਪ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਐੱਲ. ਐਂਡ ਟੀ. ਕੰਪਨੀ ਦੀਆਂ ਸਾਰੀਆਂ ਅਦਾਇਗੀਆਂ ਰੋਕ ਲਈਆਂ ਜਾਣ ਅਤੇ ਇਸ ਕੰਪਨੀ ਨੂੰ ਨੋਟਿਸ ਜਾਰੀ ਕਰਕੇ ਜੁਰਮਾਨਾ ਲਗਾਇਆ ਜਾਵੇ।ਮੀਟਿੰਗ ਵਿੱਚ ਨਿਗਰਾਨ ਇੰਜੀਨਿਅਰ ਸੰਦੀਪ ਸਿੰਘ, ਪ੍ਰੋਜੈਕਟ ਮੈਨੇਜਰ ਕੁਲਦੀਪ ਸਿੰਘ ਸੈਣੀ, ਨਰਿੰਦਰ ਪਾਲੀ ਸਿੰਘ, ਸੀਨੀਅਰ ਨਿਰਮਾਣ ਇੰਜੀਨਿਅਰ ਅਸ਼ਵਨੀ



ਕੁਮਾਰ ਅਤੇ ਹੋਰਨਾਂ ਤੋ ਇਲਾਵਾ ਐੱਲ. ਐਂਡ ਟੀ. ਕੰਪਨੀ ਦੇ ਰਾਹੁਲ ਪਟੇਲ ਆਪਣੀ ਟੀਮ ਨਾਲ ਹਾਜ਼ਰ ਸਨ।ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆ ਕਿ ਵਰਲਡ ਬੈਂਕ ਦੀ ਸਹਾਇਤਾ ਨਾਲ ਅੰਮ੍ਰਿਤਸਰ ਸ਼ਹਿਰ ਦੇ ਵਸਨੀਕਾਂ ਨੂੰ ਨਹਿਰੀ ਪਾਣੀ ਸਵੱਛ ਕਰਕੇ ਪੀਣ ਵਾਸਤੇ ਮੁਹਈਆ ਕਰਵਾਉਣ ਲਈ ਕੰਪਨੀ ਨੂੰ ਪਾਇਪਾਂ ਵਿਛਾਉਣ ਦਾ ਕੰਮ ਦਿਤਾ ਗਿਆ ਹੈ, ਜਿਸ ਅਧੀਨ ਕੰਪਨੀ ਵਲੋਂ ਸ਼ਹਿਰ ਵਿਚ ਇਹ ਪਾਇਪਾਂ ਵਿਛਾਈਆਂ ਜਾ ਰਹੀਆਂ ਹਨ।ਨਿਯਮਾਂ ਅਨੁਸਾਰ ਕੰਪਨੀ ਨੇ ਜਿਥੇ ਵੀ ਪਾਇਪਾਂ ਵਿਛਾਉਣ ਲਈ ਸੜਕਾਂ ਤੋੜੀਆਂ ਹਨ ਉਨ੍ਹਾਂ ਨੂੰ ਦੋਬਾਰਾ ਉਸੇ ਤਰ੍ਹਾਂ ਹੀ ਬਣਾਉਣ ਦੀ ਵੀ ਜ਼ੁੰਮੇਵਾਰੀ ਕੰਪਨੀ ਦੀ ਹੈ।ਇਸ ਤੋਂ ਇਲਾਵਾ ਸ਼ਹਿਰ ਦੀਆਂ ਕਈ ਸੜਕਾਂ ਤੇ ਅਜੇ ਤੱਕ ਕੰਪਨੀ ਵੱਲੋਂ ਰਿਪੇਅਰ ਦਾ ਕੰਮ ਹੀ ਨਹੀਂ ਸ਼ੁਰੂ ਕੀਤਾ ਗਿਆ ਜਿਸ ਨਾਲ ਆਵਾਜਾਈ ਦੇ ਵਿੱਚ ਸ਼ਹਿਰਵਾਸੀਆਂ ਨੂੰ ਬੜੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।ਕਮਿਸ਼ਨਰ ਨੇ ਕਿਹਾ ਕਿ ਇਸ ਕੰਪਨੀ ਦੇ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਰਿਪੇਅਰ ਕੀਤੀਆਂ ਗਈਆਂ ਸੜਕਾਂ ਨੂੰ ਮੁੜ ਸਹੀ ਤਰੀਕੇ ਨਾਲ ਮੌਜੂਦਾ ਸੜਕਾਂ ਦੇ ਲੈਵਲ ਤੇ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਭਵਿੱਖ ਲਈ ਕੰਪਨੀ ਦੀਆਂ ਅਦਾਇਗੀਆਂ ਰੋਕ ਲਈਆਂ ਗਈਆਂ ਹਨ ਅਤੇ ਕੰਪਨੀ ਨੂੰ ਨੋਟਿਸ ਜਾਰੀ ਕਰਨ ਦੀ ਵੀ ਹਦਾਇਤ ਕੀਤੀ ਗਈ ਹੈ ਤਾਂ ਜੋ ਕੰਪਨੀ ਨੂੰ ਜੁਰਮਾਨਾ ਲਗਾਇਆ ਜਾ ਸਕੇ। ਕਮਿਸ਼ਨਰ ਨੇ ਕਿਹਾ ਕਿ ਇਹ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਕਿ ਸੜਕਾਂ ਨੂੰ ਲੈ ਕੇ ਸ਼ਹਿਰ ਵਾਸੀਆਂ ਨੂੰ ਕੋਈ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਵੇ ।

# ਔਰਤ ਨਾਲ ਜਬਰ-ਜ਼ਨਾਹ ਕਰਨ ਦੇ ਦੋਸ਼ 'ਚ ਕੇਸ ਦਰਜ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)-** ਇਕ ਪਿੰਡ ਦੀ 32 ਸਾਲਾ ਔਰਤ ਨਾਲ ਜਬਰ-ਜ਼ਨਾਹ ਕਰਨ ਦੇ ਦੋਸ ਹੇਠ ਥਾਣਾ ਧਾਰੀਵਾਲ ਦੀ ਪੁਲਸ ਨੇ ਇਕ ਵਿਅਕਤੀ ਵਿਰੁੱਧ ਕੇਸ ਦਰਜ ਕੀਤਾ ਹੈ। ਇਸ ਸਬੰਧੀ ਥਾਣਾ ਧਾਰੀਵਾਲ ਦੇ ਮੁਖੀ ਇੰਸਪੈਕਟਰ ਹਰਪਾਲ ਸਿੰਘ ਨੇ ਦੱਸਿਆ ਕਿ ਥਾਣਾ ਧਾਰੀਵਾਲ ਦੇ ਇਕ ਪਿੰਡ ਦੀ ਪੀੜਤ ਔਰਤ ਨੇ ਉੱਚ ਪੁਲਸ ਅਧਿਕਾਰੀਆਂ ਨੂੰ ਦਰਖਾਸਤ ਰਾਹੀਂ ਦੱਸਿਆ ਕਿ ਪਰਮਜੀਤ ਸਿੰਘ ਜੌਹਲ ਪੁੱਤਰ ਜਗਿੰਦਰ ਸਿੰਘ ਦੀ ਜੌਹਲ ਵਾਸੀ ਨਵੀਂ ਅਬਾਦੀ ਧਾਰੀਵਾਲ ਦੀ ਸ਼ਹਿਰ ਵਿਖੇ ਜੀ. ਟੀ. ਰੋਡ ਧਾਰੀਵਾਲ ਉਪਰ ਗਾਰਮੈਂਟਸ ਦੀ ਦੁਕਾਨ ਹੈ। ਉਹ ਅਕਸਰ ਉਨ੍ਹਾਂ ਦੀ ਦੁਕਾਨ 'ਤੇ ਕੱਪੜੇ ਖਰੀਦਣ ਜਾਂਦੀ ਰਹਿੰਦੀ ਸੀ। ਸਾਲ 2020 ਵਿੱਚ ਦੁਕਾਨ ਦੇ ਮਾਲਕ ਪਰਮਜੀਤ ਸਿੰਘ ਜੌਹਲ ਨੇ ਉਸ (ਸ਼ਿਕਾਇਤ ਕਰਤਾ ਔਰਤ) ਨੂੰ ਫੋਨ ਕਰਕੇ ਕਿਹਾ ਕਿ ਦੁਕਾਨ 'ਤੇ ਬੱਚਿਆਂ ਦੇ ਨਵੇਂ ਕੱਪੜੇ ਆਏ ਹਨ ਆ ਕੇ ਲੈ ਜਾਵੋ। ਜਦੋਂ ਉਹ ਦੁਕਾਨ 'ਤੇ ਗਈ ਤਾਂ ਦੁਕਾਨ ਬੰਦ ਸੀ, ਜਿਸ 'ਤੇ ਉਸ (ਦਰਖਾਸਤ ਕਰਤੀ) ਨੇ ਪਰਮਜੀਤ ਸਿੰਘ ਜੌਹਲ ਨੂੰ ਫੋਨ ਕੀਤਾ ਕਿ ਦੁਕਾਨ ਬੰਦ ਹੈ। ਉਸ (ਪਰਮਜੀਤ ਸਿੰਘ ਜੌਹਲ) ਦਾ ਘਰ ਦੁਕਾਨ ਦੀ ਪਿੱਛਲੀ ਸਾਇਡ ਸੀ ਜੋ ਉਸਨੂੰ ਆਪਣੇ ਘਰ ਲੈ ਗਿਆ ਅਤੇ ਉਸ ਸਮੇਂ ਘਰ ਵਿੱਚ ਹੋਰ ਕੋਈ ਮੈਂਬਰ ਨਹੀਂ ਸੀ। ਇਸ ਦੌਰਾਨ ਪਰਮਜੀਤ ਸਿੰਘ ਨੇ ਉਸਦੀ (ਦਰਖਾਸਤ ਕਰਤੀ) ਦੀ ਇੱਛਾ ਦੇ ਵਿਰੁੱਧ ਉਸ ਨਾਲ ਜ਼ਬਰਦਸਤੀ ਬਲਾਤਕਾਰ ਕੀਤਾ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਉੱਕਤ ਮਾਮਲੇ ਦੀ ਜਾਂਚ ਡੀਐੱਸਪੀ (ਚਾਈਡ ਐਂਡ ਵੂਮੈਨ) ਗੁਰਦਾਸਪੁਰ ਦੁਆਰਾ ਕਰਨ ਦੇ ਬਾਅਦ ਪਹਿਲਾ ਸਬ ਇੰਸਪੈਕਟਰ ਅਮਨਦੀਪ ਕੌਰ ਨੇ ਪੀੜਤ ਔਰਤ ਦੇ ਬਿਆਨਾਂ ਅਨੁਸਾਰ ਪਰਮਜੀਤ ਸਿੰਘ ਜੌਹਲ ਵਿਰੁੱਧ ਧਾਰਾ 376 ਆਈਪੀਸੀ ਤਹਿਤ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪਿੰਡ ਨੌਸ਼ਹਿਰਾ ਅੱਜ ਵੀ ਸਰਬਪੱਖੀ ਵਿਕਾਸ ਤੋਂ ਸੱਖਣਾ, ਪੰਚਾਇਤ ਨੇ ਮੁੱਖ ਮੰਤਰੀ ਪਾਸੋਂ ਕੀਤੀ ਗਰਾਂਟ ਦੀ ਮੰਗ

**ਗੁਰਦਾਸਪੁਰ (ਜਨਕ ਮਹਾਜਨ)-** ਆਜ਼ਾਦੀ ਦੇ 77 ਸਾਲ ਬੀਤ ਜਾਣ ਦੇ ਬਾਅਦ ਵੀ ਗੁਰਦਾਸਪੁਰ ਜ਼ਿਲ੍ਹੇ ਅੰਦਰ ਇਕ ਅਜਿਹਾ ਪਿੰਡ ਹੈ ਜਿਸ ਦੀ ਹਾਲਤ ਅਜੇ ਵੀ ਤਰਸਯੋਗ ਬਣੀ ਪਈ ਹੈ। ਇੱਥੇ ਕਿਸੇ ਕਿਸਮ ਦੀ ਕੋਈ ਵੀ ਸੁਵਿਧਾ ਨਾਮ ਦੀ ਚੀਜ਼ ਨਜ਼ਰ ਨਹੀਂ ਆਉਂਦੀ। ਇਹ ਪਿੰਡ ਹੈ ਨੌਸ਼ਹਿਰਾ, ਜਿਹੜਾ ਦੋਰਾਂਗਲਾ ਬਲਾਕ ਅਧੀਨ ਆਉਂਦਾ ਹੈ। ਜਦ ਇਸ ਪਿੰਡ ਦਾ ਪੱਤਰਕਾਰ ਵੱਲੋਂ ਦੌਰਾ ਕੀਤਾ ਗਿਆ ਤਾਂ ਦੇਖਿਆ ਕਿ ਪਿੰਡ ਦੀ ਹਾਲਤ ਬੇਹੱਦ ਖਸਤਾ ਅਤੇ ਮਾੜੀ ਬਣੀ ਹੈ। ਪਿੰਡ ਦੇ ਸਰਪੰਚ ਬਲਦੇਵ ਰਾਜ ਅਤੇ ਕੁਝ ਮੋਹਤਬਰ ਡਾਕਟਰ ਸੁਰਿੰਦਰ ਪਾਲ, ਮੈਂਬਰ ਬਲਜਿੰਦਰ ਸਿੰਘ, ਸੁਭਾਸ਼, ਅੰਗਰੇਜ਼ ਸਿੰਘ ਮੈਂਬਰ, ਬਲਜੀਤ, ਸੁਲੱਖਣ ਸਿੰਘ ਆਦਿ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਪਿੰਡ ਦੀਆਂ ਗਲੀਆਂ-ਨਾਲੀਆਂ ਦੀ ਹਾਲਤ ਬਹੁਤ ਮਾੜੀ ਹੈ। ਜਦੋਂ ਤੋਂ ਸਾਡੀ ਪੰਚਾਇਤ ਬਣੀ ਹੈ ਉਸ ਸਮੇਂ ਤੋਂ ਪੰਜਾਬ ਦੀ ਆਮ ਆਦਮੀ ਦੀ ਸਰਕਾਰ ਵੱਲੋਂ ਸਾਡੇ ਪਿੰਡ ਨੂੰ ਕੋਈ ਗਰਾਂਟ ਨਹੀਂ ਦਿੱਤੀ ਗਈ ਜਿਸ ਕਾਰਨ ਪਿੰਡ ਦੇ ਕੰਮ ਰੁਕੇ ਪਏ ਹਨ। ਉਨ੍ਹਾਂ ਕਿਹਾ ਕਿ ਗਲੀਆਂ ਉਬੜ-ਖਾਬੜ ਹੋਣ ਦੇ ਕਾਰਨ ਵਰਖਾ ਦੇ ਪਾਣੀ ਤੋਂ ਇਲਾਵਾ ਲੋਕਾਂ ਦੇ ਘਰਾਂ ਦਾ ਗੰਦਾ ਪਾਣੀ ਵੀ ਨਾਲੀਆਂ ਰਾਹੀਂ ਹੋ ਕੇ ਗਲੀਆਂ 'ਚ ਪਏ ਟੋਇਆਂ ਵਿਚ ਜਮ੍ਹਾ ਹੋ ਜਾਂਦਾ ਹੈ ਅਤੇ ਗਲੀਆਂ ਛੱਪੜ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਪਿੰਡ ਵਿੱਚ 250 ਦੇ ਕਰੀਬ



ਘਰ ਤੇ 650 ਦੇ ਕਰੀਬ ਵੋਟਰ ਹਨ। ਇਸ ਪਿੰਡ ਵਿੱਚ 15 ਦੇ ਕਰੀਬ ਜਵਾਨ ਫੌਜ ਵਿਚ ਭਰਤੀ ਹਨ। ਸਰਪੰਚ ਨੇ ਦੱਸਿਆ ਕਿ ਸ਼ਮਸ਼ਾਨਘਾਟ ਦੀ ਹਾਲਤ ਬੇਹੱਦ ਮਾੜੀ ਹੈ। ਚਾਰਦੀਵਾਰੀ ਵੀ ਨਹੀਂ ਹੋਈ ਅਤੇ ਨਾ ਹੀ ਉਥੇ ਗਰਮੀ, ਮੀਂਹ ਆਦਿ ਤੋਂ ਬਚਣ ਲਈ ਕੋਈ ਸ਼ੈੱਡ ਵਗੈਰਾ ਬਣੀ ਹੋਈ ਹੈ। ਪੀਣ ਵਾਲੇ ਪਾਣੀ ਦਾ ਵੀ ਕੋਈ ਪ੍ਰਬੰਧ ਨਹੀਂ ਹੈ। ਪਿੰਡ ਅੰਦਰ ਲੰਘਦੀ ਸੜਕ ਜੋ ਅੱਗੇ ਜਾ ਕੇ ਪਿੰਡ ਮਲੂਕਚੱਕ, ਮਿਆਣੀ, ਸਲਾਮਪੁਰ ਆਦਿ ਨੂੰ ਮਿਲਦੀ ਹੈ, ਉਸ ਵਿਚਕਾਰ ਡੂੰਘੇ-ਡੂੰਘੇ ਟੋਏ ਪੈ ਚੁੱਕੇ ਹਨ। ਪੰਚਾਇਤ ਨੂੰ ਅਜੇ ਤੀਕ ਸਰਕਾਰ ਵੱਲੋਂ ਕੋਈ ਗਰਾਂਟ ਨਹੀਂ ਮਿਲੀ ਜਿਸ ਕਾਰਨ ਪਿੰਡ ਦੇ ਜ਼ਰੂਰੀ ਕੰਮ ਵੀ ਨਹੀਂ ਹੋ ਰਹੇ। ਉਨ੍ਹਾਂ ਦੱਸਿਆ ਕਿ ਪਿੰਡ ਦੇ ਆਂਗਣਵਾੜੀ ਸਕੂਲ ਦੀ ਇਮਾਰਤ ਵੀ ਖਸਤਾ ਹਾਲਤ 'ਚ ਹੈ। ਇਸ ਸਬੰਧੀ ਜਦੋਂ ਬਲਾਕ ਦੋਰਾਂਗਲਾ ਦੇ ਬੀਡੀਪੀਓ ਦਿਲਬਾਗ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਪਿੰਡ ਵਾਸਤੇ ਗਰਾਂਟ 15ਵੇਂ ਫਾਈਨਾਂਸ ਕਮਿਸ਼ਨ ਦੀ ਗਰਾਂਟ ਸਿੱਧੇ ਤੌਰ 'ਤੇ ਪੰਚਾਇਤ ਦੇ ਖ਼ਾਤਿਆਂ ਵਿਚ ਆਉਂਦੀ ਹੈ ਜਾਂ ਦੂਸਰੇ ਪਿੰਡ ਦੀ ਪੰਚਾਇਤ ਜ਼ਮੀਨ ਦੀ ਬੋਲੀ ਆਦਿ ਰਾਹੀਂ ਆਮਦਨ ਹੁੰਦੀ ਹੈ। ਪਿੰਡ ਦੇ ਸਰਪੰਚ, ਪੰਚਾਇਤ ਮੈਂਬਰਾਂ ਤੇ ਹੋਰ ਪਿੰਡ ਵਾਸੀਆਂ ਨੇ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਪਿੰਡ ਨੌਸ਼ਹਿਰਾ ਅੰਦਰ ਵਿਕਾਸ ਕਾਰਜ ਲਈ ਗਰਾਂਟ ਮੁਹੱਈਆ ਕਰਵਾਈ ਜਾਵੇ।

# ਸੜਕ ਹਾਦਸੇ 'ਚ ਮੋਟਰਸਾਈਕਲ ਸਵਾਰਾਂ 'ਚੋਂ ਇਕ ਦੀ ਮੌਤ; ਦੂਜਾ ਗੰਭੀਰ ਜ਼ਖਮੀ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)-** ਅੰਮ੍ਰਿਤਸਰ-ਪਠਾਨਕੋਟ ਨੈਸ਼ਨਲ ਹਾਈਵੇ ਰੋਡ ਉਪਰ ਪੈਂਦੇ ਗੁਰਦਾਸ ਨੰਗਲ ਕਲੋਨੀ ਮੋੜ 'ਤੇ ਮੋਟਰਸਾਈਕਲ ਅਤੇ ਕਾਰ ਦਰਮਿਆਨ ਹੋਏ ਹਾਦਸੇ ਦੌਰਾਨ ਮੋਟਰਸਾਈਕਲ ਸਵਾਰ ਇਕ ਦੀ ਮੌਤ ਤੇ ਦੂਜਾ ਗੰਭੀਰ ਜ਼ਖਮੀ ਹੋ ਗਿਆ। ਮ੍ਰਿਤਕ ਦੀ ਪਛਾਣ ਬਚਨ ਲਾਲ (58) ਵਾਸੀ ਮੱਲੋਵਾਲ ਥਾਣਾ ਧਾਰੀਵਾਲ ਹਾਲ ਵਾਸੀ ਆਰੀਆ ਨਗਰ ਜ਼ੇਲ੍ਹ ਰੋਡ ਗੁਰਦਾਸਪੁਰ ਵਜੋਂ ਹੋਈ। ਮ੍ਰਿਤਕ ਆਪਣੇ ਪਿੱਛੇ ਪਰਿਵਾਰ ਵਿੱਚ ਪਤਨੀ ਪ੍ਰਵੇਸ਼ ਕੁਮਾਰੀ ਅਤੇ ਇਕਲੌਤੀ ਧੀ ਤਮੰਨਾ ਦੇਵੀ ਛੱਡ ਗਿਆ। ਥਾਣਾ ਧਾਰੀਵਾਲ ਦੇ ਐੱਸਐੱਚਓ ਇੰਸਪੈਕਟਰ ਹਰਪਾਲ ਸਿੰਘ ਨੇ ਦੱਸਿਆ ਮ੍ਰਿਤਕ ਦੀ ਪੁੱਤਰੀ ਤਮੰਨਾ ਦੇਵੀ ਦੇ ਬਿਆਨਾਂ ਅਨੁਸਾਰ ਕਾਰ ਚਾਲਕ ਵਿਰੁੱਧ ਵੱਖ ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਦੀ ਪੁੱਤਰੀ ਤਮੰਨਾ ਦੇਵੀ ਨੇ ਪੁਲਸ ਨੂੰ ਦੱਸਿਆ ਕਿ ਉਸਦੇ ਪਿਤਾ ਬਚਨ ਲਾਲ ਅਤੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਧਾਰੀਵਾਲ ਤੋਂ ਗੁਰਦਾਸਪੁਰ ਨੂੰ ਜਾ ਰਹੇ ਸੀ, ਮੋਟਰਸਾਈਕਲ ਨੂੰ ਮਨਜੀਤ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਮਹਾਂਦੇਵ ਖੁਰਦ ਚਲਾ



ਰਿਹਾ ਸੀ। ਉਹ ਜਦੋਂ ਨੈਸ਼ਨਲ ਹਾਈਵੇ ਸੜਕ ਉਪਰ ਗੁਰਦਾਸ ਨੰਗਲ ਕਲੋਨੀ ਮੋੜ ਨੇੜੇ ਪੁੱਜੇ ਤਾਂ ਸਾਹਮਣੇ ਤੋਂ ਫੋਰਡ ਕਾਰ ਨੰਬਰੀ ਪੀਬੀ 08 ਬੀ ਟੀ 3909 ਤੇਜ਼ ਰਫਤਾਰ ਗਲਤ ਸਾਇਡ ਤੋਂ ਲਾਪ੍ਰਵਾਹੀ ਨਾਲ ਚਲਾਉਂਦੇ ਆ ਰਹੇ ਬਲਕਾਰ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਨਵਾਂ ਪਿੰਡ ਗੁਰਦਾਸ ਨੰਗਲ ਨੇ ਕਾਰ ਲਿਆ ਕੇ ਮੋਟਰਸਾਇਕਲ ਵਿੱਚ ਮਾਰ ਦਿੱਤੀ। ਇਸ ਹਾਦਸੇ ਦੌਰਾਨ ਮੋਟਰਸਾਈਕਲ ਸਵਾਰ ਦੋਵੇਂ ਜਣੇ ਮਨਜੀਤ ਸਿੰਘ ਅਤੇ ਉਸ (ਤਮੰਨਾ ਦੇਵੀ) ਦੇ ਪਿਤਾ ਬਚਨ ਲਾਲ ਗੰਭੀਰ ਜ਼ਖਮੀ ਹੋ ਗਏ। ਗੰਭੀਰ ਜ਼ਖਮੀ ਬਚਨ ਲਾਲ ਇਲਾਜ ਲਈ ਤੁਰੰਤ ਸਿਵਲ ਹਸਪਤਾਲ (ਬੱਬਰੀ) ਗੁਰਦਾਸਪੁਰ ਵਿਖੇ ਪਹੁੰਚਾਇਆ ਜਿਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਕਰ ਦਿੱਤਾ। ਜਦਕਿ ਜ਼ਖਮੀ ਮਨਜੀਤ ਸਿੰਘ ਗੁਰਦਾਸਪੁਰ ਦੇ ਇਕ ਨਿੱਜੀ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ। ਥਾਣਾ ਧਾਰੀਵਾਲ ਦੇ ਮੁਖੀ ਇੰਸਪੈਕਟਰ ਹਰਪਾਲ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਦੇ ਜਾਂਚ ਅਧਿਕਾਰੀ ਏਐੱਸਆਈ ਰਣਜੀਤ ਸਿੰਘ ਨੇ ਮ੍ਰਿਤਕ ਦੀ ਪੁੱਤਰੀ ਤਮੰਨਾ ਦੇਵੀ ਦੇ ਬਿਆਨਾਂ ਅਨੁਸਾਰ ਕਾਰ ਚਾਲਕ ਬਲਕਾਰ ਸਿੰਘ ਵਿਰੁੱਧ ਮੁਕੱਦਮਾ ਦਰਜ ਕਰ ਲਿਆ ਹੈ ਅਤੇ ਲਾਸ਼ ਪੋਸਟਮਾਰਟਮ ਕਰਵਾ ਕੇ ਵਾਰਸਾਂ ਨੂੰ ਸੌਂਪ ਦਿੱਤੀ ਹੈ।

16-July-PAGE-4.qxd 7/15/2025 10:55 PM Page 1



# ਮਾਰੂ ਕਾਨੂੰਨ

ਦੇਸ਼ ਵਿੱਚ ਦਹਿਸ਼ਤਗਰਦੀ ਦੇ ਮਾਮਲਿਆਂ ਨਾਲ ਨਿੱਬੜਨ ਲਈ ਮੌਜੂਦ ਕਾਨੂੰਨਾਂ ਦੇ ਬਾਵਜੂਦ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਮਹਾਰਾਸ਼ਟਰ ਸਰਕਾਰ ਨੇ 'ਨਕਸਲਵਾਦ ਦੇ ਸ਼ਹਿਰੀ ਪ੍ਰਭਾਵ' ਨੂੰ ਕੰਟਰੋਲ ਕਰਨ ਲਈ ਪਿਛਲੇ ਹਫਤੇ ਵਿਧਾਨ ਸਭਾ ਵਿੱਚ 'ਮਹਾਰਾਸ਼ਟਰ ਵਿਸ਼ੇਸ਼ ਜਨਤਕ ਸੁਰੱਖਿਆ ਬਿੱਲ' ਪਾਸ ਕਰਵਾਇਆ। ਵਿਧਾਨ ਪ੍ਰੀਸ਼ਦ ਨੇ ਇਹ ਪਹਿਲਾਂ ਹੀ ਪਾਸ ਕਰ ਦਿੱਤਾ ਸੀ। ਹੁਣ ਇਸ ਦੇ ਕਾਨੂੰਨ ਬਣਨ ਲਈ ਸਿਰਫ ਰਾਜਪਾਲ ਦੀ ਮਨਜ਼ੂਰੀ ਬਾਕੀ ਰਹਿ ਗਈ ਹੈ। ਬਿੱਲ ਤਹਿਤ ਆਉਣ ਵਾਲੇ ਅਪਰਾਧਾਂ ਲਈ ਦੋ ਸਾਲ ਤੋਂ ਸੱਤ ਸਾਲ ਤੱਕ ਦੀ ਜੇਲ੍ਹ ਅਤੇ ਦੋ ਲੱਖ ਰੁਪਏ ਤੋਂ ਪੰਜ ਲੱਖ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਕਾਨੂੰਨ ਬਣਨ ਤੋਂ ਬਾਅਦ ਜ਼ਿਲ੍ਹਾ ਮੈਜਿਸਟ੍ਰੇਟ ਤੇ ਪੁਲਸ ਕਮਿਸ਼ਨਰ ਨੂੰ ਅਧਿਕਾਰ ਮਿਲ ਜਾਵੇਗਾ ਕਿ ਉਹ ਕਿਸੇ ਅਜਿਹੀ ਥਾਂ ਨੂੰ ਨੋਟੀਫਾਈ ਕਰ ਸਕਦੇ ਹਨ, ਜਿਸ ਦੀ ਵਰਤੋਂ ਕਿਸੇ ਪਾਬੰਦੀਸ਼ੁਦਾ ਸੰਗਠਨ ਵੱਲੋਂ 'ਗੈਰਕਾਨੂੰਨੀ' ਸਰਗਰਮੀਆਂ ਲਈ ਕੀਤੀ ਜਾ ਸਕਦੀ ਹੈ। ਇਸ ਦੇ ਇਲਾਵਾ ਉਨ੍ਹਾਂ ਨੂੰ ਚੱਲ ਸੰਪਤੀ ਜ਼ਬਤ ਕਰਨ ਦਾ ਵੀ ਅਧਿਕਾਰ ਮਿਲੇਗਾ। ਬਿੱਲ ਇਹ ਵੀ ਕਹਿੰਦਾ ਹੈ ਕਿ ਸਥਾਪਤ ਕਾਨੂੰਨ ਤੇ ਸੰਸਥਾਵਾਂ ਖਿਲਾਫ ਕੋਈ ਵੀ ਵਿਰੋਧੀ ਰੁਖ਼ ਅਪਣਾਉਣਾ ਅਪਰਾਧ ਮੰਨਿਆ ਜਾਵੇਗਾ।

ਮੁੱਖ ਮੰਤਰੀ ਦਵਿੰਦਰ ਫੜਨਵੀਸ ਨੇ ਵਿਸ਼ੇਸ਼ ਕਾਨੂੰਨ ਦੀ ਲੋੜ ਨੂੰ ਵਾਜਬ ਠਹਿਰਾਉਂਦਿਆਂ ਦਾਅਵਾ ਕੀਤਾ ਕਿ ਦੇਸ਼ ਦੇ ਚਾਰ ਹੋਰਨਾਂ ਰਾਜਾਂ—ਛੱਤੀਸਗੜ੍ਹ, ਤਿਲੰਗਾਨਾ, ਆਂਧਰਾ ਤੇ ਓਡੀਸ਼ਾ ਵਿੱਚ ਇਸ ਤਰ੍ਹਾਂ ਦੇ ਕਾਨੂੰਨ ਪਹਿਲਾਂ ਹੀ ਹਨ ਤੇ ਉੱਥੇ ਹੁਣ ਤੱਕ 48 ਫਰੰਟਲ ਸੰਗਠਨਾਂ 'ਤੇ ਪਾਬੰਦੀ ਲਾਈ ਜਾ ਚੁੱਕੀ ਹੈ। ਮਹਾਰਾਸ਼ਟਰ ਵਿੱਚ ਅਜਿਹੇ 64 ਸੰਗਠਨ ਹਨ। ਇਨ੍ਹਾਂ ਵਿੱਚੋਂ ਚਾਰ 'ਤੇ ਹੋਰਨਾਂ ਰਾਜਾਂ ਵਿੱਚ ਪਾਬੰਦੀ ਹੈ, ਪਰ ਮਹਾਰਾਸ਼ਟਰ 'ਚ ਕਿਸੇ 'ਤੇ ਪਾਬੰਦੀ ਨਹੀਂ। ਫੜਨਵੀਸ ਨੇ ਇਹ ਵੀ ਕਿਹਾ ਕਿ ਇਹ ਫਰੰਟਲ ਸੰਗਠਨ ਲੋਕ ਭਲਾਈ ਤੇ ਸਮਾਜੀ ਉਥਾਨ ਦੀ ਆੜ ਵਿੱਚ ਕੰਮ ਕਰ ਰਹੇ ਹਨ। ਉਨ੍ਹਾਂ ਇਨ੍ਹਾਂ ਕਥਿਤ ਸੰਗਠਨਾਂ ਦੇ ਨਾਂਅ ਨਹੀਂ ਦੱਸੇ। ਗੌਰਤਲਬ ਹੈ ਕਿ 'ਫਰੰਟਲ ਸੰਗਠਨ' ਸ਼ਬਦ ਦੀ ਵਰਤੋਂ ਸਰਕਾਰਾਂ ਅਕਸਰ ਉਨ੍ਹਾਂ ਸੰਗਠਨਾਂ ਲਈ ਕਰਦੀਆਂ ਹਨ, ਜਿਨ੍ਹਾਂ ਨੂੰ ਉਹ ਆਪਣੀਆਂ ਨੀਤੀਆਂ ਦੇ ਖਿਲਾਫ ਮੰਨਦੀਆਂ ਹਨ। 2023 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੌਜੂਦਗੀ ਵਿੱਚ ਇੱਕ ਪੁਲਸ ਕਾਨਫਰੰਸ 'ਚ ਗੜ੍ਹਚਿਰੌਲੀ ਦੇ ਵੇਲੇ ਦੇ ਡੀ ਆਈ ਜੀ ਸੰਦੀਪ ਬੀ ਪਾਟਿਲ ਨੇ ਇੱਕ ਪੇਪਰ 'ਚ ਦਾਅਵਾ ਕੀਤਾ ਸੀ ਕਿ 15 ਸੱਭਿਆਚਾਰਕ ਤੇ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਅਸਲ ਵਿੱਚ ਨਕਸਲੀਆਂ ਦੇ ਸਰਗਰਮ ਫਰੰਟਲ ਸੰਗਠਨ ਦੇ ਤੌਰ 'ਤੇ ਦੇਖਿਆ ਜਾਣਾ ਚਾਹੀਦਾ ਹੈ। ਹੁਣ ਮੁੱਖ ਮੰਤਰੀ ਕਹਿੰਦੇ ਹਨ ਕਿ ਮਹਾਰਾਸ਼ਟਰ ਵਿੱਚ 64 ਸੰਗਠਨ ਸਰਗਰਮ ਹਨ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਗਲੇ ਸਾਲ ਮਾਰਚ ਤੱਕ ਨਕਸਲਵਾਦ ਨੂੰ ਖਤਮ ਕਰ ਦੇਣ ਦਾ ਦਾਅਵਾ ਕਰ ਰਹੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪੋਜ਼ੀਸ਼ਨ ਪਾਰਟੀਆਂ ਨੂੰ ਬਦਨਾਮ ਕਰਨ ਲਈ ਅਰਬਨ ਨੈਕਸਲਿਜ਼ਮ (ਸ਼ਹਿਰੀ ਨਕਸਲਵਾਦ) ਨਾਲ ਜੋੜਨ ਦਾ ਕੋਈ ਮੌਕਾ ਨਹੀਂ ਗੁਆਉਂਦੇ। ਮਹਾਰਾਸ਼ਟਰ ਦਾ ਕਾਨੂੰਨ ਕਿਸੇ ਵੀ ਅਸਹਿਮਤੀ ਜਾਂ ਵਿਰੋਧ ਨੂੰ ਨਕਸਲਵਾਦ ਕਰਾਰ ਦੇ ਕੇ ਅਪਰਾਧ ਬਣਾਏਗਾ। ਨੋਟ ਕਰਨ ਵਾਲੀ ਗੱਲ ਹੈ ਕਿ ਇਹ ਕਾਨੂੰਨ ਵਿਦਰਭ ਵਿੱਚ ਚੱਲ ਰਹੇ ਹਥਿਆਰਬੰਦ ਅੰਦੋਲਨ ਨੂੰ ਕੁਚਲਣ ਲਈ ਨਹੀਂ, ਸਗੋਂ ਸ਼ਹਿਰੀ ਨਕਸਲਵਾਦ ਯਾਨੀ ਸ਼ਹਿਰੀ ਖੇਤਰਾਂ ਵਿੱਚ ਸਰਗਰਮ ਨਾਗਰਿਕ ਸੰਗਠਨਾਂ ਤੇ ਅਸਹਿਮਤੀ ਜਤਾਉਣ ਵਾਲਿਆਂ 'ਤੇ ਕੇਂਦਰਤ ਹੈ।

# ਆਓ, ਛੇੜੀਏ ਯੁੱਧ, ਨਸ਼ਿਆਂ ਵਿਰੁੱਧ

ਅਕਸਰ ਕਿਹਾ ਜਾਂਦਾ ਹੈ ਕਿ ਨਸ਼ਾ ਮਨੁੱਖ ਦਾ ਨਾਸ਼ ਕਰਦਾ ਹੈ। ਨਸ਼ਾ ਇਨਸਾਨ ਨੂੰ ਸਰੀਰਕ, ਮਾਨਸਿਕ, ਸਮਾਜਿਕ ਤੇ ਆਰਥਿਕ ਪੱਖੋਂ ਖੋਖਲਾ ਕਰ ਦਿੰਦਾ ਹੈ। ਨਸ਼ਾ ਕਰਨ ਵਾਲਾ ਵਿਅਕਤੀ ਸਿਰਫ਼ ਆਪਣੇ ਆਪ ਨੂੰ ਹੀ ਤਬਾਹ ਨਹੀਂ ਕਰਦਾ, ਸਗੋਂ ਆਪਣੇ ਨਾਲ-ਨਾਲ ਆਪਣੇ ਪਰਵਾਰ ਅਤੇ ਸਮਾਜ ਨੂੰ ਵੀ ਲੈ ਡੁੱਬਦਾ ਹੈ।

**ਨਸ਼ਿਆਂ ਵੱਲ ਰੁਝਾਨ ਕਿਉਂ**: ਪਰਿਵਾਰਕ ਮਾਹੌਲ-ਜਿਨ੍ਹਾ ਘਰਾਂ ਵਿੱਚ ਬੱਚੇ ਵੱਡਿਆਂ ਨੂੰ ਸ਼ਰਾਬ ਪੀਂਦੇ ਜਾਂ ਤੰਬਾਕੂ, ਸਿਗਰਟ ਆਦਿ ਦਾ ਨਸ਼ਾ ਕਰਦੇ ਦੇਖਦੇ ਹਨ, ਉਮਰ ਦੇ ਵਧਣ ਨਾਲ ਉਨ੍ਹਾਂ ਬੱਚਿਆਂ ਵਿੱਚ ਨਸ਼ਿਆਂ ਦਾ ਰੁਝਾਨ ਵਧਣਾ ਸ਼ੁਰੂ ਹੋ ਜਾਂਦਾ ਹੈ।

**ਵੇਖੋ-ਵੇਖੀ ਨਸ਼ਾ ਕਰਨਾ**: ਇੱਕ-ਦੂਜੇ ਦੀ ਵੇਖੋ-ਵੇਖੀ ਵੀ ਨੌਜਵਾਨਾਂ ਵਿੱਚ ਨਸ਼ੇ ਦੀ ਪ੍ਰਵਿਰਤੀ ਪੈਦਾ ਹੁੰਦੀ ਹੈ। ਮੁਕਾਬਲੇ ਦੀ ਦੌੜ ਵਿੱਚ ਇੱਕ-ਦੂਜੇ ਤੋਂ ਅੱਗੇ ਲੰਘਣ ਦੀ ਹੋੜ ਵਿੱਚ ਵੀ ਨੌਜਵਾਨ ਨਸ਼ੀਲੀਆਂ ਚੀਜ਼ਾਂ ਦੀ ਵਰਤੋਂ ਸ਼ੁਰੂ ਕਰ ਦਿੰਦੇ ਹਨ।

**ਮਾਪਿਆਂ ਵੱਲੋਂ ਦਬਾਅ ਬਣਾਉਣਾ** : ਇੱਕ-ਦੂਜੇ ਤੋਂ ਵੱਧ ਨੰਬਰ ਲੈਣ ਲਈ ਮਾਪਿਆਂ ਵੱਲੋਂ ਬੱਚਿਆਂ 'ਤੇ ਬਣਾਇਆ ਗਿਆ ਦਬਾਅ ਮਾਨਸਿਕ ਤਣਾਅ ਪੈਦਾ ਕਰਦਾ ਹੈ। ਮਾਨਸਿਕ ਤਣਾਅ ਵਿੱਚੋਂ ਗੁਜ਼ਰਦੇ ਹੋਏ ਬੱਚੇ ਨਸ਼ਿਆਂ ਦਾ ਸਹਾਰਾ ਲੈਣਾ ਸ਼ੁਰੂ ਕਰ ਦਿੰਦੇ ਹਨ।

**ਜ਼ਿੰਦਗੀ ਦੀ ਦੌੜ ਵਿੱਚ ਪਛੜਨਾ**: ਕਈ ਵਾਰ ਨੌਜਵਾਨਾਂ ਨੂੰ ਵਾਰ-ਵਾਰ ਅਸਫ਼ਲਤਾ ਦਾ ਮੂੰਹ ਦੇਖਣਾ ਪੈਂਦਾ ਹੈ।ਬਾਰ ਬਾਰ ਮਿਲਣ ਵਾਲੀ ਅਸਫ਼ਲਤਾ ਤੋਂ ਨਿਰਾਸ਼ ਹੋਏ ਨੌਜਵਾਨ ਨਸ਼ਿਆਂ ਵੱਲ ਰੁਖ ਕਰ ਲੈਂਦੇ ਹਨ ।

**ਹੋਸਟਲ ਵਿੱਚ ਇਕੱਲੇ ਰਹਿਣ ਕਾਰਨ**: ਜਦੋਂ ਵਿਦਿਆਰਥੀ ਆਪਣੇ ਘਰਾਂ ਤੋਂ ਦੂਰ ਹੋਸਟਲ ਵਿੱਚ ਰਹਿੰਦੇ ਹਨ ਤਾਂ ਉਹ ਮਾਪਿਆਂ ਵੱਲੋਂ ਮਿਲੀ ਖੁੱਲ੍ਹ ਦਾ ਨਜਾਇਜ਼ ਫਾਇਦਾ ਉਠਾਉਂਦੇ ਹਨ ਅਤੇ ਨਸ਼ਿਆਂ ਵੱਲ ਤੁਰ ਪੈਂਦੇ ਹਨ ।ਨਸ਼ਿਆਂ ਨੂੰ ਠੱਲ੍ਹ ਕਿਵੇਂ ਪਾਈ ਜਾਵੇ। ਪਰਵਾਰ ਦੇ ਵੱਡੇ ਜੀਆਂ ਨੂੰ ਚਾਹੀਦਾ ਹੈ ਕਿ ਆਪਣੇ ਬੱਚਿਆਂ ਸਾਹਮਣੇ ਕਦੇ ਵੀ ਨਸ਼ਾ ਨਾ ਕਰਨ।

ਮਾਪਿਆ ਵੱਲੋਂ ਬੱਚਿਆਂ 'ਤੇ ਕਿਸੇ ਕਿਸਮ ਦਾ ਕੋਈ ਦਬਾਅ ਨਾ ਬਣਾਇਆ ਜਾਵੇ।ਹੋਸਟਲਾਂ ਵਿੱਚ ਰਹਿਣ ਵਾਲੇ ਬੱਚਿਆਂ 'ਤੇ ਮਾਪੇ ਅਤੇ ਅਧਿਆਪਕ ਪੂਰੀ ਨਿਗਰਾਨੀ ਰੱਖਣ। ਉਹਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਜਾਵੇ।

ਸਰਕਾਰਾਂ ਬੇਰੁਜ਼ਗਾਰੀ ਨੂੰ ਠੱਲ੍ਹ ਪਾਉਣ ਤੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਦੇਣ ਤਾਂ ਜੋ ਉਹਨਾਂ ਦਾ ਮਾਨਸਿਕ ਦਬਾਅ ਘੱਟ ਹੋ ਸਕੇ, ਤੇ ਉਹ ਨਸ਼ਿਆਂ ਤੋਂ ਗ਼ੁਰੇਜ਼ ਕਰਨ।ਬੱਚਿਆਂ ਨੂੰ ਧਰਮ ਨਾਲ ਜੋੜਿਆ ਜਾਵੇ ਤਾਂ ਜੋ ਉਹ ਚੰਗੇ-ਮਾੜੇ ਦੀ ਪਹਿਚਾਣ ਕਰ ਸਕਣ।ਬੱਚਿਆਂ ਨੂੰ ਖੇਡਾਂ ਨਾਲ ਜੋੜਿਆ ਜਾਵੇ ਤਾਂ ਜੋ ਉਹਨਾਂ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਹੋਵੇ ਤੇ ਉਹ ਨਸ਼ਿਆਂ ਤੋਂ ਗ਼ੁਰੇਜ਼ ਕਰਨ ।ਸਕੂਲਾਂ-ਕਾਲਜਾਂ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀਆਂ ਕੱਢੀਆਂ ਜਾਣ, ਸੈਮੀਨਾਰ ਅਤੇ ਹੋਰ ਵਿੱਦਿਅਕ ਮੁਕਾਬਲੇ ਕਰਵਾਏ ਜਾਣ।ਸੋਸ਼ਲ ਮੀਡੀਆ ਅਤੇ ਪ੍ਰਿੰਟ ਮੀਡੀਆ ਨੂੰ ਵੀ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨਾ ਚਾਹੀਦਾ ਹੈ।ਸਰਕਾਰਾਂ ਨੂੰ ਵੀ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ। ਨਸ਼ਿਆਂ ਵਿਰੁੱਧ ਸਖ਼ਤ ਕਾਨੂੰਨ ਬਣਾਉਣੇ ਚਾਹੀਦੇ ਹਨ।ਇਹ ਯੁੱਧ ਨਸ਼ਿਆਂ ਵਿਰੁੱਧ ਅਸੀਂ ਤਾਂ ਅੱਜ ਛੇੜਿਆ ਹੈ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਦੀਆਂ ਪਹਿਲਾਂ ਹੀ ਉਚਾਰਿਆ ਸੀ।

ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ-ਰਾਤ ਉਹਨਾਂ ਨੇ ਫ਼ਰਮਾਇਆ ਸੀ ਕਿ ਜੇ ਨਸ਼ਾ ਹੀ ਕਰਨਾ ਹੈ ਤਾਂ ਨਾਮ ਦਾ ਨਸ਼ਾ ਕਰੋ, ਜੋ ਸਦੀਵੀ ਹੋਵੇ ਤੇ ਕਦੇ ਨਾ ਉੱਤਰੇ।


ਆਓ ਸਾਰੇ ਰਲ ਕੇ ਇਹ ਪ੍ਰਣ ਕਰੀਏ ਤੇ ਆਪਣੇ ਸੋਹਣੇ ਦੇਸ਼ ਪੰਜਾਬ ਨੂੰ ਨਸ਼ਿਆਂ ਦੇ ਕੋਹੜ ਤੋਂ ਮੁਕਤ ਕਰਾਈਏ।

**ਪੁਸ਼ਪਾ ਮਹਿਰਾ**
**ਈ.ਟੀ.ਟੀ ਅਧਿਆਪਕਾ , ਸਰਕਾਰੀ ਪ੍ਰਾਇਮਰੀ ਸਕੂਲ ਬੂਟਾ ਪਿੰਡ ਜਲੰਧਰ**

ਜਨਮ ਦਿਨ 'ਤੇ ਵਿਸ਼ੇਸ਼

# ਇਨਕਲਾਬੀ ਯੋਧਾ ਤੇਜਾ ਸਿੰਘ ਸੁਤੰਤਰ

**ਦਲਜੀਤ ਰਾਏ ਕਾਲੀਆ**



ਤੇਜਾ ਸਿੰਘ ਸੁਤੰਤਰ ਇਨਕਲਾਬੀ ਦੇਸ਼ ਭਗਤ, ਅਕਾਲੀ ਲਹਿਰ ਦੇ ਮੋਢੀ ਆਗੂ, ਕਿਸਾਨ ਅਤੇ ਜਨਤਕ ਘੋਲਾਂ ਦੇ ਉਸਰੱਈਏ, ਕਮਿਊਨਿਸਟ ਪਾਰਟੀ ਦੇ ਨਿਡਰ ਨੇਤਾ ਅਤੇ ਪ੍ਰਭਾਵਸ਼ਾਲੀ ਬੁਲਾਰੇ ਸਨ। ਤੇਜਾ ਸਿੰਘ ਸੁਤੰਤਰ ਨੇ ਚੜ੍ਹਦੀ ਉਮਰੇ ਹੀ ਗੁਰਦੁਆਰਿਆਂ ਨੂੰ ਆਜ਼ਾਦ ਕਰਵਾਉਣ ਲਈ ਸਰਗਰਮ ਹਿੱਸਾ ਲਿਆ। ਉਹ ਕਈ ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਰਹੇ। ਬਾਅਦ ਵਿੱਚ ਉਹਨਾਂ ਦਾ ਝੁਕਾਅ ਕਮਿਊਨਿਸਟ ਪਾਰਟੀ ਵੱਲ ਹੋ ਗਿਆ। ਉਹਨਾਂ ਨੇ ਪੈਪਸੂ ਵਿੱਚ ਬਿਸਵੇਦਾਰੀ ਵਿਰੁੱਧ ਮੁਜ਼ਾਰੇ ਕਿਸਾਨਾਂ ਦੀ ਲਹਿਰ ਨੂੰ ਲਾਮਬੰਦ ਕਰਨ ਲਈ ਯੋਗਦਾਨ ਪਾਇਆ।

ਤੇਜਾ ਸਿੰਘ ਸੁਤੰਤਰ ਦਾ ਜਨਮ 16 ਜੁਲਾਈ 1901 ਈਸਵੀ ਨੂੰ ਪਿੰਡ ਅਲੂਣਾ ਜ਼ਿਲ੍ਹਾ ਗੁਰਦਾਸਪੁਰ ਵਿਖੇ ਮਾਤਾ ਨਿਹਾਲ ਕੌਰ ਦੀ ਕੁੱਖੋਂ ਹੋਇਆ। ਉਹਨਾਂ ਦੇ ਪਿਤਾ ਸਰਦਾਰ ਦੇਸਾ ਸਿੰਘ ਵੀ ਦੇਸ਼ ਭਗਤ ਸਨ। ਇਸੇ ਕਰਕੇ ਦੇਸ਼ ਭਗਤੀ ਦਾ ਜਜ਼ਬਾ ਉਹਨਾਂ ਦੇ ਰੋਮ-ਰੋਮ ਵਿੱਚ ਰਚਿਆ ਹੋਇਆ ਸੀ। ਤੇਜਾ ਸਿੰਘ ਨੇ ਦਸਵੀਂ ਜਮਾਤ ਖਾਲਸਾ ਕਾਲਜ ਅੰਮ੍ਰਿਤਸਰ ਦੇ ਹਾਈ ਸਕੂਲ ਤੋਂ ਪਾਸ ਕੀਤੀ। ਜਲ੍ਹਿਆਂ ਵਾਲੇ ਬਾਗ ਦਾ 1919 ਈਸਵੀ ਖ਼ੂਨੀ ਸਾਕਾ ਤੇਜਾ ਸਿੰਘ ਨੇ ਆਪਣੇ ਅੱਖੀਂ ਵੇਖਿਆ। ਇਸ ਭਿਆਨਕ ਕਾਂਡ ਦਾ ਉਹਨਾਂ ਦੇ ਮਨ 'ਤੇ ਬਹੁਤ ਡੂੰਘਾ ਅਸਰ ਹੋਇਆ ।

ਆਜ਼ਾਦੀ ਦਾ ਸੰਘਰਸ਼ ਉਹਨਾਂ ਦੇ ਪਿਤਾ ਸਰਦਾਰ ਦੇਸਾ ਸਿੰਘ ਅਤੇ ਪਰਵਾਰ ਨੇ ਅਕਾਲੀ ਜਥੇ ਵਿੱਚ ਸ਼ਾਮਲ ਹੋ ਕੇ ਸ਼ੁਰੂ ਕੀਤਾ ਸੀ। ਤੇਜਾ ਸਿੰਘ ਵੀ ਆਪਣੇ ਪਿਤਾ ਨਾਲ ਜੱਥੇ ਵਿੱਚ ਸ਼ਾਮਲ ਹੁੰਦੇ ਅਤੇ ਪਿੰਡ-ਪਿੰਡ ਅੰਗਰੇਜ਼ਾਂ ਵਿਰੁੱਧ ਪ੍ਰਚਾਰ ਕਰਨ ਲਈ ਜਾਣ ਲੱਗ ਪਏ । ਜਲਦੀ ਹੀ ਤੇਜਾ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਣ ਗਏ ਅਤੇ ਉਹਨਾਂ ਨੂੰ ਐਗਜ਼ੈਕਟਿਵ ਕਮੇਟੀ ਦਾ ਮੈਂਬਰ ਵੀ ਲੈ ਲਿਆ ਗਿਆ ।ਉਹ ਸਭ ਤੋਂ ਛੋਟੀ ਉਮਰ ਦੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਸਨ। 6 ਸਤੰਬਰ, 1921 ਨੂੰ ਉਹਨਾਂ ਆਪਣੇ ਜਥੇ ਸਮੇਤ ਪਿੰਡ ਤੇਜਾ-ਵੀਲ੍ਹਾ (ਗੁਰਦਾਸਪੁਰ) ਦੇ ਗੁਰਦੁਆਰੇ ਨੂੰ ਮਹੰਤਾਂ ਦੇ ਕੰਟਰੋਲ ਤੋਂ ਆਜ਼ਾਦ ਕਰਾਇਆ। ਇਸ ਕਾਮਯਾਬੀ ਪਿੱਛੋਂ ਉਸ ਦਾ ਨਾਂਅ ਤੇਜਾ ਸਿੰਘ ਸੁਤੰਤਰ ਪੈ ਗਿਆ। ਸ਼ੁਰੂ ਵਿੱਚ ਉਸ ਦਾ ਨਾਂਅ ਸਮੁੰਦ ਸਿੰਘ ਰੱਖਿਆ ਗਿਆ ਸੀ। ਉਹਨਾਂ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਓਠੀਆਂ ਦੇ ਗੁਰਦੁਆਰੇ ਨੂੰ ਵੀ ਮਹੰਤਾਂ ਦੇ ਕਬਜ਼ੇ ਤੋਂ ਆਜ਼ਾਦ ਕਰਵਾਇਆ। ਉਹਨਾਂ ਗੁਰੂ ਕੇ ਬਾਗ ਦੇ ਮੋਰਚੇ ਵਿੱਚ ਵੀ ਹਿੱਸਾ ਲਿਆ ਤੇ ਜ਼ਾਲਮ ਬੀ.ਟੀ. ਦੇ ਜ਼ੁਲਮ ਵੇਖੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਹਨਾਂ ਨੂੰ ਸਿੱਖੀ ਦੇ ਪ੍ਰਚਾਰ ਲਈ ਕਾਬੁਲ ਭੇਜਿਆ ਗਿਆ। ਕਾਬੁਲ ਵਿੱਚ ਜਾਣ ਕਰਕੇ ਸੁਤੰਤਰ ਦੇ ਸੰਬੰਧ ਅਫਗਾਨਿਸਤਾਨ ਦੇ ਕਮਾਂਡਰ ਨਾਦਰ ਖਾਂ, ਤੁਰਕੀ ਦੇ ਰਾਜਦੂਤ ਜਨਰਲ ਫਖਰੀ ਪਾਸਾ ਅਤੇ ਰੂਸੀ ਪ੍ਰਤੀਨਿਧਾਂ ਨਾਲ ਜੁੜ ਗਏ।

1922 ਈਸਵੀ ਵਿੱਚ ਤੇਜਾ ਸਿੰਘ ਸੁਤੰਤਰ ਦੀ ਮੁਲਾਕਾਤ ਗਦਰ ਪਾਰਟੀ ਦੇ ਆਗੂਆਂ ਭਾਈ ਸੰਤੋਖ ਸਿੰਘ, ਕਰਮ ਸਿੰਘ ਧੂਤ, ਭਾਈ ਰਤਨ ਸਿੰਘ, ਹਰਨਾਮ ਸਿੰਘ ਕਸੇਲ, ਊਧਮ ਸਿੰਘ ਕਸੇਲ, ਗੁਰਮੁਖ ਸਿੰਘ ਆਦਿ ਨਾਲ ਹੋਈ। ਇਹਨਾਂ ਨੇਤਾਵਾਂ ਦੇ ਪ੍ਰਭਾਵ ਹੇਠ ਤੇਜਾ ਸਿੰਘ ਸੁਤੰਤਰ ਗਦਰ ਪਾਰਟੀ ਵਿੱਚ ਸ਼ਾਮਲ ਹੋ ਗਏ। ਰੂਸ ਦੇ ਇਨਕਲਾਬ ਨੂੰ ਵੇਖ ਕੇ ਤੇਜਾ ਸਿੰਘ ਕਮਿਊਨਿਸਟ ਵਿਚਾਰਾਂ ਦਾ ਧਾਰਨੀ ਬਣ ਗਿਆ ਅਤੇ 1923 ਵਿੱਚ ਕਮਿਊਨਿਸਟ ਹੋ ਗਿਆ। 1925 ਵਿੱਚ ਤੇਜਾ ਸਿੰਘ ਅਫਗਾਨ ਸਰਕਾਰ ਦੀ ਸਹਾਇਤਾ ਨਾਲ ਫੌਜੀ ਟ੍ਰੇਨਿੰਗ ਲੈਣ ਲਈ ਤੁਰਕੀ ਗਏ ਅਤੇ ਟ੍ਰੇਨਿੰਗ ਉਪਰੰਤ ਤੁਰਕੀ ਦੀ ਫੌਜ ਵਿੱਚ ਲੈਫਟੀਨੈਂਟ ਬਣ ਗਏ। ਉਹਨਾਂ ਨੂੰ ਛੇਤੀ ਹੀ ਕੈਪਟਨ ਰੈਂਕ ਦੀ ਤਰੱਕੀ ਮਿਲਣ ਵਾਲੀ ਸੀ, ਪਰ ਉੱਘੇ ਗਦਰੀ ਆਗੂ ਰਤਨ ਸਿੰਘ ਰਾਏਪੁਰ ਡੱਬਾ ਦਾ ਸੁਨੇਹਾ ਮਿਲਣ 'ਤੇ ਉਹ ਤੁਰਕੀ ਦੇ ਪਾਸਪੋਰਟ 'ਤੇ ਪੈਰਿਸ ਪਹੁੰਚ ਗਏ। ਉਥੋਂ ਗਦਰ ਪਾਰਟੀ ਵੱਲੋਂ ਉਹਨਾਂ ਨੂੰ ਅਮਰੀਕਾ ਵਿੱਚ ਜਾ ਕੇ ਗਦਰ ਪਾਰਟੀ ਦੇ ਮੈਂਬਰਾਂ ਨੂੰ ਗੁਰੀਲਾ ਟਰੇਨਿੰਗ ਦੇਣ ਲਈ ਭੇਜ ਦਿੱਤਾ ਗਿਆ। ਤੇਜਾ ਸਿੰਘ ਸੁਤੰਤਰ ਦੀ ਅਗਵਾਈ ਹੇਠ ਅਮਰੀਕਾ ਵਿੱਚ ਇਨਕਲਾਬੀ ਸਿਖਲਾਈ ਦਾ ਕੰਮ ਪੂਰੇ ਜ਼ੋਰਾਂ 'ਤੇ ਚੱਲ ਪਿਆ। ਗਦਰ ਪਾਰਟੀ ਨੇ ਆਪਣਾ ਹਵਾਈ ਜਹਾਜ਼ ਖਰੀਦ ਕੇ ਇਨਕਲਾਬੀਆਂ ਨੂੰ ਹਵਾਬਾਜ਼ੀ ਦੀ ਸਿਖਲਾਈ ਦੇਣੀ ਵੀ ਆਰੰਭ ਕਰ ਦਿੱਤੀ। 14 ਦਸੰਬਰ, 1929 ਨੂੰ ਉਹਨਾਂ ਨੇ ਸਾਨ ਫਰਾਂਸਿਸਕੋ ਵਿਖੇ ਗਦਰ ਪਾਰਟੀ ਦੀ ਵਾਗਡੋਰ ਸੰਭਾਲੀ ।ਉਹਨਾਂ ਨੇ ਗਦਰ ਪਾਰਟੀ ਦੇ ਵਿਕਾਸ ਲਈ ਬਹੁਤ ਯਤਨ ਕੀਤੇ। 1932 ਵਿੱਚ ਤੇਜਾ ਸਿੰਘ ਗਦਰੀ ਆਗੂਆਂ ਦੇ ਸਲਾਹ-ਮਸ਼ਵਰੇ ਨਾਲ ਅਮਰੀਕਾ ਛੱਡ ਕੇ ਪਨਾਮਾ ਆ ਗਏ ਅਤੇ ਗਦਰ ਪਾਰਟੀ ਦੀ ਸ਼ਾਖਾ ਕਾਇਮ ਕੀਤੀ। ਪਨਾਮਾ ਤੋਂ ਤੇਜਾ ਸਿੰਘ ਸੁਤੰਤਰ ਬਰਾਜ਼ੀਲ ਹੁੰਦੇ ਹੋਏ ਅਰਜਨਟਾਈਨਾ ਪਹੁੰਚ ਗਏ। ਅਰਜਨਟਾਈਨਾ ਪਹੁੰਚਣ 'ਤੇ ਬਰਤਾਨਵੀ ਸਰਕਾਰ ਦੀ ਸੀ.ਆਈ.ਡੀ. ਨੇ ਉਹਨਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ, ਪਰ ਉਹ ਬਰਤਾਨਵੀ ਸਰਕਾਰ ਦੇ ਹੱਥ ਨਹੀਂ ਆਏ। ਉਹ 1932 ਵਿੱਚ ਬਾਬਾ ਭਗਤ ਸਿੰਘ ਬਿਲਗਾ, ਕਾਮਰੇਡ ਬੂਝਾ ਸਿੰਘ ਅਤੇ ਨੈਣਾ ਸਿੰਘ ਧੂਤ ਨੂੰ ਨਾਲ ਲੈ ਕੇ ਬਰਾਜ਼ੀਲ ਵਿੱਚ ਜੂਨ 1932 ਵਿੱਚ ਪਗੜੀ ਸੰਭਾਲ ਲਹਿਰ ਦੇ ਆਗੂ ਸਰਦਾਰ ਅਜੀਤ ਸਿੰਘ ਨੂੰ ਮਿਲੇ ਅਤੇ ਫਿਰ ਉਹਨਾਂ ਦੇ ਨਾਲ ਯੂਰਪ ਚਲੇ ਗਏ। ਨਵੰਬਰ 1932 ਵਿੱਚ ਉਹਨਾਂ ਸੋਵੀਅਤ ਯੂਨੀਅਨ ਪਹੁੰਚ ਕੇ ਮਾਸਕੋ ਦੀ ਈਸਟਰਨ ਯੂਨੀਵਰਸਿਟੀ ਵਿੱਚ ਦਾਖਲਾ ਲੈ ਲਿਆ ਅਤੇ ਇੱਥੋਂ ਜੁਲਾਈ 1934 ਤੱਕ ਮਾਰਕਸਵਾਦ-ਲੈਨਿਨਵਾਦ ਦਾ ਡੂੰਘਾ ਅਧਿਐਨ ਕੀਤਾ। 1935 ਵਿੱਚ ਉਹ ਚੋਰੀ-ਛਿਪੇ ਭਾਰਤ ਵਿੱਚ ਦਾਖਲ ਹੋ ਗਏ ਅਤੇ ਬੰਬਈ ਕੇਂਦਰ ਵਿੱਚ ਸਰਗਰਮੀ ਨਾਲ ਕਾਰਜ ਕਰਨ ਲੱਗ ਪਏ। 10 ਜਨਵਰੀ, 1936 ਨੂੰ ਉਹਨਾਂ ਨੂੰ ਕਾਮਰੇਡ ਸੋਮ ਨਾਥ ਲਹਿਰੀ ਅਤੇ ਇਕਬਾਲ ਸਿੰਘ ਸਮੇਤ ਗ੍ਰਿਫਤਾਰ ਕਰ ਲਿਆ ਗਿਆ। ਉਹਨਾਂ ਨੂੰ ਛੇ ਸਾਲ ਲਈ ਪੰਜਾਬ ਦੀ ਕੈਂਬਲਪੁਰ ਜੇਲ੍ਹ ਵਿੱਚ ਨਜ਼ਰਬੰਦ ਰੱਖਿਆ ਗਿਆ।

1937 ਵਿੱਚ ਹੋਈਆਂ ਪੰਜਾਬ ਅਸੈਂਬਲੀ ਦੀਆਂ ਚੋਣਾਂ ਵਿੱਚ ਉਹਨਾਂ ਜੇਲ੍ਹ ਵਿੱਚ ਚੋਣ ਲੜੀ ਅਤੇ ਬਿਨਾਂ ਮੁਕਾਬਲਾ ਅਸੈਂਬਲੀ ਮੈਂਬਰ ਚੁਣੇ ਗਏ। ਇਸ ਦੇ ਬਾਵਜੂਦ ਅੰਗਰੇਜ਼ ਸਰਕਾਰ ਨੇ ਉਹਨਾਂ ਨੂੰ ਰਿਹਾਅ ਨਾ ਕੀਤਾ। 1944 ਵਿੱਚ ਬੰਗਾਲ ਵਿੱਚ ਪਏ ਭਿਆਨਕ ਅਕਾਲ ਸਮੇਂ ਉਨ੍ਹਾਂ ਨੇ ਕਾਲ ਪੀੜਤਾਂ ਦੀ ਬਹੁਤ ਸਹਾਇਤਾ ਕੀਤੀ । ਪੰਜ ਤੋਂ 8 ਜਨਵਰੀ 1948 ਤੱਕ ਨਕੋਦਰ ਜ਼ਿਲ੍ਹਾ ਜਲੰਧਰ ਵਿਖੇ ਕਮਿਊਨਿਸਟ ਆਗੂ ਇਕੱਠੇ ਹੋਏ ਅਤੇ ਲਾਲ ਕਮਿਊਨਿਸਟ ਪਾਰਟੀ ਹਿੰਦ ਯੂਨੀਅਨ ਦਾ ਗਠਨ ਕੀਤਾ ਗਿਆ। ਇਸ ਸਮੇਂ ਕਾਮਰੇਡ ਤੇਜਾ ਸਿੰਘ ਸੁਤੰਤਰ ਨੂੰ ਕੇਂਦਰੀ ਕਮੇਟੀ ਲਈ ਚੁਣਿਆ ਗਿਆ। ਤੇਜਾ ਸਿੰਘ ਸੁਤੰਤਰ ਦੀ ਸੰਪਾਦਨਾ ਹੇਠ ਪਾਰਟੀ ਵੱਲੋਂ 1948 ਤੋਂ 1952 ਤੱਕ 'ਲਾਲ ਝੰਡਾ' ਨਾਂਅ ਦਾ ਮਾਸਕ ਪੱਤਰ ਜਾਰੀ ਕੀਤਾ ਗਿਆ। 1952 ਵਿੱਚ ਲਾਲ ਕਮਿਊਨਿਸਟ ਪਾਰਟੀ ਦਾ ਭਾਰਤੀ ਕਮਿਊਨਿਸਟ ਪਾਰਟੀ ਵਿੱਚ ਰਲੇਵਾਂ ਹੋ ਗਿਆ। 1948 ਵਿੱਚ ਸਰਕਾਰ ਵੱਲੋਂ ਤੇਜਾ ਸਿੰਘ ਸੁਤੰਤਰ ਦੀ ਗ੍ਰਿਫਤਾਰੀ ਲਈ ਵਰੰਟ ਕੱਢ ਦਿੱਤੇ ਗਏ। ਤੇਜਾ ਸਿੰਘ ਸੁਤੰਤਰ ਦੇ ਵਰੰਟ ਮਨਸੂਖ ਕਰਵਾਉਣ ਲਈ ਗਦਰੀ ਬਾਬਿਆਂ ਦਾ ਇੱਕ ਵਫਦ ਬਾਬਾ ਸੋਹਨ ਸਿੰਘ ਭਕਨਾ ਦੀ ਅਗਵਾਈ ਹੇਠ ਦੇਸ਼ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਮਿਲਿਆ ਅਤੇ ਜਨਵਰੀ 1963 ਵਿੱਚ ਕਾਮਰੇਡ ਸੁਤੰਤਰ ਦੇ ਵਰੰਟ ਮਨਸੂਖ ਕੀਤੇ ਗਏ। ਗੁਪਤਵਾਸ ਦੇ ਸਮੇਂ ਦੌਰਾਨ ਤੇਜਾ ਸਿੰਘ ਸੁਤੰਤਰ ਪੈਪਸੂ ਦੇ ਮੁਜ਼ਾਰਾ ਘੋਲ ਨੂੰ ਸੇਧ ਦਿੰਦੇ ਰਹੇ, ਜਿਸ ਸਦਕਾ ਢਾਈ ਤੋਂ ਤਿੰਨ ਲੱਖ ਕਿੱਲਿਆਂ ਦੇ ਮਾਲਕ ਮੁਜ਼ਾਰੇ ਕਿਸਾਨ ਬਣੇ। ਗੁਪਤਵਾਸ ਤੋਂ ਬਾਹਰ ਆ ਕੇ ਸੁਤੰਤਰ ਜੀ ਲੋਕ ਸੇਵਾ ਦੇ ਕਾਰਜਾਂ ਵਿੱਚ ਪੂਰੀ ਤਰ੍ਹਾਂ ਸਰਗਰਮ ਹੋ ਗਏ। ਉਹਨਾਂ ਨੇ ਪਾਤੜਾਂ ਇਲਾਕੇ ਵਿੱਚ 1968 ਵਿੱਚ ਨਿਆਲ ਵਿਖੇ ਕਿਰਤੀ ਨਾਂਅ ਦਾ ਡਿਗਰੀ ਕਾਲਜ ਵੀ ਖੋਲ੍ਹਿਆ ।

1964 ਵਿੱਚ ਉਹ ਪੰਜਾਬ ਵਿਧਾਨ ਪ੍ਰੀਸ਼ਦ ਦੇ ਮੈਂਬਰ ਬਣੇ ਅਤੇ 1970 ਤੱਕ ਮੈਂਬਰ ਰਹੇ। ਉਹ 1968 ਤੋਂ 1973 ਤੱਕ ਸਰਬ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਰਹੇ। 1971 ਵਿੱਚ ਉਹ ਹਲਕਾ ਸੰਗਰੂਰ ਤੋਂ ਭਾਰਤੀ ਕਮਿਊਨਿਸਟ ਪਾਰਟੀ ਦੀ ਟਿਕਟ 'ਤੇ ਲੋਕ ਸਭਾ ਦੇ ਮੈਂਬਰ ਚੁਣੇ ਗਏ। ਅੰਤ 12 ਅਪ੍ਰੈਲ, 1973 ਨੂੰ ਉਹ ਦਿੱਲੀ ਵਿਖੇ ਪਾਰਲੀਮੈਂਟ ਵਿੱਚ ਕਿਸਾਨਾਂ ਦੇ ਮੁੱਦਿਆਂ 'ਤੇ ਆਪਣੀ ਗੱਲ ਰੱਖਦੇ ਹੋਏ ਦਿਲ ਦੀ ਧੜਕਣ ਬੰਦ ਹੋ ਜਾਣ ਨਾਲ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ।ਉਸ ਸਮੇਂ ਉਹਨਾਂ ਦੇ ਪੋਣੇ ਵਿੱਚੋਂ ਅਚਾਰ ਨਾਲ ਨਿਕਲੀਆਂ ਰੋਟੀਆਂ ਦੇਖ ਕੇ ਹੋਰ ਸਾਰੇ ਮੈਂਬਰ ਪਾਰਲੀਮੈਂਟ ਦੰਗ ਰਹਿ ਗਏ। ਤੇਜਾ ਸਿੰਘ ਸੁਤੰਤਰ ਸਾਦਗੀ ਦੇ ਪੁੰਜ ਸਨ। ਉਹਨਾਂ ਦੁਆਰਾ ਕੀਤੀਆਂ ਕੁਰਬਾਨੀਆਂ ਅਤੇ ਸੇਵਾਵਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਰਾਹ-ਦਰਸਾਊ ਸਿੱਧ ਹੋਣਗੀਆਂ।

**# ਸੰਪਰਕ : 97812-00168**

# ਕੀ ਬਰਿਕਸ ਸਥਾਈ ਵਿਸ਼ਵ ਸ਼ਾਂਤੀ ਲਈ ਰਸਤਾ ਖੋਲ੍ਹੇਗਾ ?



**ਡਾ. ਅਰੁਣ ਮਿੱਤਰਾ**

ਬਰਾਜ਼ੀਲ ਦੇ ਸ਼ਹਿਰ ਰਿਓ ਡੀ ਜਨੇਰੋ ਵਿੱਚ ਹਾਲ ਹੀ ਵਿਚ ਸਮਾਪਤ ਹੋਏ BRICS ਸੰਮੇਲਨ ਤੋਂ ਕਈ ਗੱਲਾਂ ਸਾਹਮਣੇ ਆਈਆਂ ਹਨ। ਹਾਲਾਂਕਿ ਅਮਰੀਕਾ ਦੇ ਰਾਸਟਰਪਤੀ ਡੋਨਾਲਡ ਟਰੰਪ ਨੇ ਇਸ ਸੰਮੇਲਨ 'ਤੇ ਨਾਰਾਜ਼ਗੀ ਜਤਾਈ ਅਤੇ ਇਨ੍ਹਾਂ ਦੇਸ਼ਾਂ ਵੱਲੋਂ ਅਮਰੀਕੀ ਡਾਲਰ ਨੂੰ ਖਤਮ ਕਰਨ ਦੀ ਸਾਜ਼ਿਸ਼ ਦੱਸ ਕੇ ਇਸ ਦੇ ਮੈਂਬਰ ਦੇਸ਼ਾਂ 'ਤੇ 10 ਫੀਸਦੀ ਟੈਰਿਫ ਲਗਾਉਣ ਦੀ ਗੱਲ ਕਹੀ। ਇਸ ਸੰਦਰਭ ਵਿੱਚ ਦੀ ਮੀਟਿੰਗ ਬਹੁਤ ਮਹੱਤਵਪੂਰਨ ਬਣ ਜਾਂਦੀ ਹੈ, ਕਿਉਂਕਿ ਅੱਜ ਵਿਸ਼ਵ ਵਿੱਚ ਗੱਲ ਸਿਰਫ ਵਪਾਰ ਦੀ ਨਹੀਂ, ਸਗੋਂ ਫੌਜੀ ਤਾਕਤ ਅਤੇ ਦਬਾਅ ਰਾਹੀਂ ਵਪਾਰ ਠੋਸਣ ਦੀ ਵੀ ਹੋ ਰਹੀ ਹੈ, ਜੋ ਕਿ ਅਮਰੀਕਾ ਵੱਲੋਂ ਕੀਤੀ ਜਾ ਰਹੀ ਹੈ।

ਰੂਸ ਅਤੇ ਯੂਕਰੇਨ ਵਿੱਚ ਚੱਲ ਰਿਹਾ ਯੁੱਧ ਖਤਮ ਹੋਣ ਦਾ ਨਾਂਅ ਹੀ ਨਹੀਂ ਲੈ ਰਿਹਾ। ਅਮਰੀਕਾ, ਜੋ ਪਹਿਲਾਂ ਸ਼ਾਂਤੀ ਦੀ ਗੱਲ ਕਰ ਰਿਹਾ ਸੀ, ਹੁਣ ਯੂਕਰੇਨ ਨੂੰ ਹੋਰ ਹਥਿਆਰ, ਜਿਵੇਂ ਕਿ ਪੈਟਰੀਅਟ ਮਿਜ਼ਾਈਲ ਰੋਧਕ ਸਿਸਟਮ ਦੇਣ ਦੀ ਗੱਲ ਕਰ ਰਿਹਾ ਹੈ। ਅਮਰੀਕਾ ਦੇ ਹਥਿਆਰਾਂ ਦੇ ਉਦਯੋਗਾਂ ਦਾ ਮੁਨਾਫਾ ਯੁੱਧ ਲੰਮਾ ਚਲਾਉਣ ਵਿੱਚ ਹੈ। ਨਾਟੋ ਦੇਸ਼ਾਂ ਨੇ ਵੀ ਆਪਣਾ ਸੁਰੱਖਿਆ ਖਰਚਾ ਜੀ ਡੀ ਪੀ ਦਾ 2 ਫੀਸਦੀ ਤੋਂ ਵਧਾ ਕੇ 5 ਫੀਸਦੀ ਕਰਨ ਦਾ ਫੈਸਲਾ ਲਿਆ ਹੈ।

ਦੂਜੇ ਪਾਸੇ ਗਾਜ਼ਾ ਵਿੱਚ ਇਜ਼ਰਾਈਲ ਦੀ ਜਾਇਨਵਾਦੀ ਸਰਕਾਰ ਵੱਲੋਂ ਹੋ ਰਹੀ ਨਸਲਕੁਸ਼ੀ ਆਧੁਨਿਕ ਯੁੱਗ ਦੀ ਸਭ ਤੋਂ ਅਮਾਨਵੀ ਘਟਨਾ ਹੈ। ਸੰਯੁਕਤ ਰਾਸ਼ਟਰ ਅਤੇ ਅੰਤਰਰਾਸ਼ਟਰੀ ਅਦਾਲਤਾਂ ਦੇ ਫੈਸਲੇ ਹੋਣ ਦੇ ਬਾਵਜੂਦ ਇਜ਼ਰਾਈਲ ਰੁਕਣ ਦੀ ਥਾਂ ਹੋਰ ਹਮਲੇ ਕਰ ਰਿਹਾ ਹੈ ਅਤੇ ਅਮਰੀਕਾ ਇਸ ਦਾ ਨਾ ਸਿਰਫ ਸਿੱਧਾ ਸਮਰਥਨ ਕਰ ਰਿਹਾ ਹੈ, ਸਗੋਂ ਵਿਨਾਸ਼ਕਾਰੀ ਬੰਬ ਵੀ ਦੇ ਰਿਹਾ ਹੈ।

ਅਫਰੀਕਾ ਦੇ ਕਈ ਦੇਸ਼ਾਂ 'ਚ ਅੰਦਰੂਨੀ ਯੁੱਧ ਚੱਲ ਰਹੇ ਹਨ, ਜੋ ਸਾਮਰਾਜਵਾਦੀ ਦੇਸ਼ਾਂ ਵੱਲੋਂ ਉਕਸਾਏ ਜਾ ਰਹੇ ਹਨ। ਸੂਡਾਨ ਵਿੱਚ 1.5 ਲੱਖ ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ। ਅਮਰੀਕਾ ਦੇ ਰਾਸ਼ਟਰਪਤੀ ਨੇ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਅਫਰੀਕਨ ਦੇਸ਼ਾਂ ਨੂੰ ਅਮਰੀਕਾ ਤੋਂ ਹਥਿਆਰ ਖਰੀਦਣੇ ਚਾਹੀਦੇ ਹਨ। ਇਹ ਸਭ ਕੁਝ ਨਵੀਂ ਟੈਕਨਾਲੋਜੀ ਲਈ ਲੋੜੀਂਦੇ ਧਾਤੂਆਂ ਦੀ ਲਾਲਚ ਕਾਰਨ ਹੋ ਰਿਹਾ ਹੈ, ਜੋ ਅਫਰੀਕਾ ਵਿੱਚ ਮਿਲ ਸਕਦੇ ਹਨ।

ਦੱਖਣੀ ਅਮਰੀਕਾ ਵਿੱਚ ਅਮਰੀਕਾ ਪਨਾਮਾ ਨਹਿਰ 'ਤੇ ਕਬਜ਼ਾ ਕਰਨ, ਮੈਕਸੀਕੋ ਦੀ ਖਾੜੀ ਦਾ ਨਾਂਅ ਬਦਲਣ ਦੀ ਗੱਲ ਕਰਦਾ ਹੈ। ਗਰੀਨਲੈਂਡ ਦੇ ਦਾਅਵਾ ਵੀ ਇਸੇ ਕਿਸਮ ਦੀ ਕੜੀ ਦਾ ਹਿੱਸਾ ਹੈ।

ਇੱਕ ਸਮਾਂ ਸੀ, ਜਦੋਂ ਗੁੱਟ ਨਿਰਲੇਪ ਅੰਦੋਲਨ ਅਜਿਹੀਆਂ ਤਾਕਤਾਂ ਦੇ ਖਿਲਾਫ ਆਵਾਜ਼ ਸੀ, ਪਰ ਭਾਰਤ ਨੇ ਖੁਦ ਇਸ ਨੂੰ ਕਮਜ਼ੋਰ ਕੀਤਾ, ਸਾਰਕ ਨੂੰ ਵੀ ਅਣਦੇਖਾ ਕਰ ਦਿੱਤਾ। ਅਜਿਹੀ ਸਥਿਤੀ ਵਿੱਚ ਬਰਿਕਸ ਦਾ ਉਭਰਨਾ ਇੱਕ ਸਕਾਰਾਤਮਕ ਕਦਮ ਹੈ।

ਬਰਾਜ਼ੀਲ ਸੰਮੇਲਨ ਵਿੱਚ ਵਿਸ਼ਵ ਸਾਂਤੀ, ਆਪਸੀ ਵਪਾਰ, ਧਰਤੀ ਦੇ ਦੱਖਣੀ ਦੇਸ਼ਾਂ ਦੀ ਭਲਾਈ ਅਤੇ ਗਾਜ਼ਾ ਉੱਤੇ ਇਜ਼ਰਾਈਲ ਦੇ ਹਮਲਿਆਂ ਦੀ ਨਿੰਦਾ ਕੀਤੀ ਗਈ। ਭਵਿੱਖ ਵਿੱਚ ਮੁਦਰਾ, ਆਪਸੀ ਮੁਦਰਾਵਾਂ ਵਿੱਚ ਵਪਾਰ ਅਤੇ ਰੂਸ-ਯੂਕਰੇਨ ਯੁੱਧ ਦੀ ਸਮਾਪਤੀ ਦੀ ਗੱਲ ਵੀ ਹੋਈ।

ਅੰਤਮ ਦਸਤਾਵੇਜ਼ ਦੀ ਧਾਰਾ 38 ਵਿੱਚ ਪ੍ਰਮਾਣੂ ਹਥਿਆਰਾਂ ਦੇ ਖਤਰੇ ਅਤੇ ਸੰਘਰਸ਼ ਨੂੰ ਲੈ ਕੇ ਗੰਭੀਰ




ਚਿੰਤਾ ਦਰਸਾਈ ਗਈ। ਹਥਿਆਰ ਮੁਕਤ ਦੁਨੀਆ ਅਤੇ ਪਰਮਾਣੂ ਗੈਰ-ਪਸਾਰ ਦੀ ਪ੍ਰਣਾਲੀ ਨੂੰ ਫੇਰ ਤੋਂ ਸਰਗਰਮ ਕਰਨ ਦੀ ਗੱਲ ਹੋਈ।

ਇਸ ਤਰ੍ਹਾਂ ਸਮਰਾਜਵਾਦੀ ਵਿਰੋਧੀ ਪਲੇਟਫਾਰਮ ਬਣ ਸਕਦਾ ਹੈ। ਬਰਾਜ਼ੀਲ ਦੇ ਰਾਸ਼ਟਰਪਤੀ ਲੂਲਾ ਨੇ ਸਹੀ ਕਿਹਾ, 'ਅਮਰੀਕਾ ਬਾਦਸ਼ਾਹ ਬਣਨਾ ਚਾਹੁੰਦਾ ਹੈ, ਪਰ ਹੁਣ ਬਾਦਸ਼ਾਹਤ ਦਾ ਯੁੱਗ ਖਤਮ ਹੋ ਚੁੱਕਾ ਹੈ।'

ਭਾਰਤ ਨੂੰ ਇਸ ਸੰਗਠਨ ਵਿੱਚ ਸਰਗਰਮ ਭੂਮਿਕਾ ਨਿਭਾਉਣੀ ਹੋਵੇਗੀ। ਅਗਲਾ ਸੰਮੇਲਨ ਭਾਰਤ ਵਿੱਚ ਹੋਣ ਜਾ ਰਿਹਾ ਹੈ , ਇਹ ਮੌਕਾ ਹੈ। ਜੀ-7 ਜਾਂ ਕਵਾਰਡ ਵਿੱਚ ਭਾਰਤ ਨੂੰ ਵਧੀਆ ਸਥਾਨ ਨਹੀਂ ਮਿਲਿਆ, ਪਰ ਬਰਿਕਸ ਵਿੱਚ ਸਹੀ ਨੀਤੀਆਂ ਰਾਹੀਂ ਭਾਰਤ ਦੀ ਭੂਮਿਕਾ ਮਜ਼ਬੂਤ ਹੋ ਸਕਦੀ ਹੈ।

ਜੇ ਬਰਿਕਸ ਸੰਯੁਕਤ ਰਾਸ਼ਟਰ 'ਚ ਸੁਧਾਰ, ਵੀਟੋ ਹੱਕ ਦੀ ਸਮਾਪਤੀ, ਅਤੇ ਗੁੱਟ ਨਿਰਲੇਪ ਲਹਿਰ ਨੂੰ ਮੁੜ ਸੁਰਜੀਤ ਕਰਨ ਦੀ ਗੱਲ ਕਰੇ, ਤਾਂ ਵਿਸ਼ਵ ਵਿੱਚ ਬਦਲਾਅ ਲਿਆਉਣਾ ਸੰਭਵ ਹੋਵੇਗਾ।

ਭਾਰਤ ਵੱਲੋਂ ਇਜ਼ਰਾਈਲ ਦੇ ਸਮਰਥਨ ਨੇ ਵਿਸ਼ਵ ਪੱਧਰ 'ਤੇ ਭਾਰਤ ਦੀ ਛਵੀ ਨੂੰ ਕਮਜ਼ੋਰ ਕੀਤਾ ਹੈ। ਪਹਿਲਗਾਮ ਹਮਲੇ ਤੋਂ ਬਾਅਦ ਕਿਸੇ ਵੀ ਦੇਸ਼ ਨੇ ਭਾਰਤ ਦਾ ਪੂਰਾ ਸਾਥ ਨਹੀਂ ਦਿੱਤਾ।

ਸਭ ਤੋਂ ਦੁਖਦਾਈ ਗੱਲ ਇਹ ਹੈ ਕਿ ਮੌਜੂਦਾ ਸਰਕਾਰ ਵਿਦੇਸ਼ ਨੀਤੀ ਨੂੰ ਘਰੇਲੂ ਚੋਣ ਨਫੇ-ਨੁਕਸਾਨ ਨਾਲ ਜੋੜ ਕੇ ਵੇਖਦੀ ਹੈ, ਦੇਸ਼ ਦੇ ਸਮੂਹਿਕ ਹਿੱਤ ਨਾਲ ਨਹੀਂ।

ਅੱਜ ਸਾਡੀ ਲੋੜ ਹੈ ਕਿ ਅਸੀਂ ਇੱਕ ਬਹੁ-ਧਰੁਵੀ ਸੰਸਾਰ ਵੱਲ ਵਧੀਏ, ਨਾ ਕਿ ਇੱਕ-ਧਰੁਵੀ ਸਰਦਾਰੀ ਵੱਲ। ਇਹ ਭਾਰਤ ਦੀ ਦੁਨੀਆ ਵਿੱਚ ਖੋਹੀ ਹੋਈ ਇੱਜ਼ਤ ਅਤੇ ਭੂਮਿਕਾ ਨੂੰ ਦੁਬਾਰਾ ਬਹਾਲ ਕਰ ਸਕਦੀ ਹੈ। ਇਜ਼ਰਾਈਲ ਵਰਗੇ ਰਾਜਾਂ ਤੋਂ ਦੂਰੀ ਅਤੇ ਈਰਾਨ, ਦੱਖਣੀ ਏਸ਼ੀਆ ਦੇ ਗੁਆਂਢੀਆਂ ਨਾਲ ਮਿੱਤਰਤਾ ਦੁਬਾਰਾ ਬਣਾਉਣੀ ਪਵੇਗੀ। ਇਹ ਸਭ ਕਰਨ ਲਈ ਭਾਰਤ ਕੋਲ ਮੌਕਾ ਵੀ ਹੈ ਅਤੇ ਸਮਰੱਥਾ ਵੀ, ਬੱਸ ਸਿਆਸੀ ਦ੍ਰਿਸ਼ਟੀਕੋਣ ਦੀ ਲੋੜ ਹੈ।

**# ਸੰਪਰਕ : 94170-00360**

# ਪੰਜਾਬੀ ਬੋਲੀ ਲਈ ਕਦ ਲੜਨਗੇ ਪੰਜਾਬੀ

ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ ਕੇ ਸਟਾਲਿਨ ਦੁਆਰਾ ਹਿੰਦੀ ਅਤੇ ਸੰਸਕ੍ਰਿਤ ਭਾਸ਼ਾ ਬਾਰੇ ਦਿੱਤੇ ਬਿਆਨਾਂ ਨਾਲ ਪੂਰੇ ਦੇਸ਼ ਵਿੱਚ ਭਾਸ਼ਾ ਵਿਵਾਦ ਸ਼ੁਰੂ ਹੋ ਗਿਆ ਹੈ। ਤਾਮਿਲਨਾਡੂ ਦੇ ਮੁੱਖ ਮੰਤਰੀ ਦੁਆਰਾ ਭਾਰਤੀ ਕਰੰਸੀ ਰੁਪਏ ਦੇ ਚਿੰਨ੍ਹ ਨੂੰ ਵੀ ਤਾਮਿਲਨਾਡੂ ਵਿੱਚ ਬਦਲਣ ਦੀ ਗੱਲ ਕੀਤੀ ਹੈ। ਇਸ ਦਾ ਕਾਰਨ ਉਨ੍ਹਾ ਦੁਆਰਾ ਇਸ ਦਾ 'ਦੇਵਨਾਗਰੀ' ਲਿਪੀ ਵਿੱਚ ਹੋਣਾ ਦੱਸਿਆ ਹੈ ਅਤੇ ਇਸ ਨੂੰ 'ਤਾਮਿਲ' ਭਾਸ਼ਾ 'ਤੇ ਹਿੰਦੀ ਦਾ ਦਬਦਬਾ ਬਣਾਉਣ ਦੀ ਇੱਕ ਕੋਸ਼ਿਸ਼ ਕਰਾਰ ਦਿੱਤਾ ਹੈ। ਜੇਕਰ ਪਿਛੋਕੜ ਵਿੱਚ ਝਾਤ ਪਾਈਏ ਤਾਂ ਦੱਖਣੀ ਭਾਰਤ ਦੇ ਲੱਗਭੱਗ ਸਾਰੇ ਹੀ ਰਾਜਾਂ ਵਿੱਚ ਹਿੰਦੀ ਦੇ ਵਿਰੁੱਧ ਸਥਾਨਕ ਭਾਸ਼ਾਵਾਂ ਦੇ ਸੰਘਰਸ਼ ਦਾ ਇੱਕ ਲੰਮਾ ਇਤਿਹਾਸ ਹੈ। ਇਸ ਸੰਘਰਸ਼ ਨੇ ਕਈ ਰੂਪ ਅਖਤਿਆਰ ਕੀਤੇ ਹਨ। ਸੱਠਵਿਆਂ ਤੋਂ ਹੀ ਦੱਖਣੀ ਸੂਬੇ ਹਿੰਦੀ ਨੂੰ ਕਿਸੇ ਵੀ ਰੂਪ ਵਿੱਚ ਮੰਨਣ, ਲਾਗੂ ਕਰਨ ਜਾਂ ਅਪਣਾਉਣ ਤੋਂ ਇਨਕਾਰੀ ਰਹੇ ਹਨ। ਤਾਮਿਲਨਾਡੂ ਸਮੇਤ ਕਈ ਦੱਖਣੀ ਸੂਬਿਆਂ ਦੀਆਂ ਵੱਖ-ਵੱਖ ਸਿਆਸੀ ਜਮਾਤਾਂ ਦੀ ਰਾਜਨੀਤੀ ਦਾ ਕੇਂਦਰ ਬਿੰਦੂ ਭਾਸ਼ਾਵਾਦ ਰਿਹਾ ਹੈ। ਸਾਰੇ ਹੀ ਸਿਆਸੀ ਦਲ ਇਸ ਮੁੱਦੇ 'ਤੇ ਤਿੱਖਾ ਸੰਘਰਸ਼ ਤਾਂ ਕਰਦੇ ਹੀ ਰਹੇ ਹਨ, ਪਰ ਕੇਂਦਰ ਨਾਲ ਇਸ ਮੁੱਦੇ 'ਤੇ ਟਕਰਾਅ ਸਮੇਂ ਇਕਜੁੱਟਤਾ ਵੀ ਦਰਸਾਉਂਦੇ ਰਹੇ ਹਨ। ਪੱਛਮੀ ਬੰਗਾਲ ਵਿੱਚ ਵੀ ਬੰਗਾਲੀ ਲੋਕ ਆਪਣੀ ਮਾਂ ਬੋਲੀ ਬੰਗਾਲੀ ਪ੍ਰਤੀ ਹੱਦੋਂ ਵੱਧ ਸੁਚੇਤ ਹਨ। ਬੰਗਾਲੀ ਸਾਹਿਤ ਨੂੰ ਪੂਰੇ ਸੰਸਾਰ ਵਿੱਚ ਪਛਾਣ ਦੇਣ ਵਿੱਚ ਬੰਗਾਲੀਆਂ ਦੇ ਆਪਣੀ ਮਾਂ ਬੋਲੀ ਪ੍ਰਤੀ ਸਨੇਹ ਦਾ ਵੱਡਾ ਯੋਗਦਾਨ ਹੈ।

ਭਾਸ਼ਾ ਵਿਵਾਦ ਦੇਸ਼ ਵਿੱਚ ਭਾਸ਼ਾ ਦੇ ਅਧਾਰ 'ਤੇ ਰਾਜਾ ਦੇ ਗਠਨ ਵੇਲੇ ਤੋਂ ਹੀ ਮੌਜੂਦ ਹੈ। ਦੱਖਣ ਵਿੱਚ ਆਪਣੀਆਂ ਸਥਾਨਕ ਬੋਲੀਆਂ ਪ੍ਰਤੀ ਲੋਕਾਂ ਦੀ ਜਨੂੰਨ ਦੀ ਹੱਦ ਤੱਕ ਭਾਵੁਕਤਾ ਹੈ। ਉਹ ਆਪਣੇ ਸਾਹਿਤ ਪ੍ਰਤੀ ਸੁਚੇਤ ਹਨ। ਦੱਖਣੀ ਭਾਰਤੀ ਸਿਨੇਮਾ ਹਿੰਦੀ ਫਿਲਮ ਉਦਯੋਗ ਨੂੰ ਕਈ ਪੱਖਾਂ ਵਿੱਚ ਪਿੱਛੇ ਛੱਡ ਦਿੰਦਾ ਹੈ। ਪੂਰਾ ਮੁਕਾਬਲਾ ਦਿੰਦਾ ਹੈ। ਦੱਖਣੀ ਭਾਰਤੀ ਅਦਾਕਾਰ ਹਿੰਦੀ ਸਿਨੇਮਾ ਦੇ ਅਦਾਕਾਰਾਂ ਨਾਲੋਂ ਵੱਧ ਮਿਹਨਤਾਨਾ ਲੈਂਦੇ ਹਨ। ਲੋਕ ਉਨ੍ਹਾ ਨੂੰ ਪੂਜਦੇ ਹਨ। ਉਨ੍ਹਾਂ ਦੇ ਮੰਦਰ ਬਣਾਉਂਦੇ ਹਨ।



**ਪਲਵਿੰਦਰ ਸੋਹਲ**

ਮੌਜੂਦਾ ਸਮੇਂ ਜੋ ਵਿਵਾਦ ਤਾਮਿਲਨਾਡੂ ਤੋਂ ਸ਼ੁਰੂ ਹੋਇਆ ਹੈ, ਉਸ ਤੋਂ ਸਾਨੂੰ ਪੰਜਾਬੀਆਂ ਨੂੰ ਸੁਚੇਤ ਅਤੇ ਜਾਗਰੂਕ ਹੋਣ ਦੀ ਲੋੜ ਹੈ। ਕਿਉਂਕਿ ਪੰਜਾਬੀ ਬੋਲੀ ਨੂੰ ਮੌਜੂਦਾ ਸਮੇਂ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲੱਗਭੱਗ 12 ਕਰੋੜ ਤੋਂ ਵੱਧ ਲੋਕਾਂ ਦੀ ਮਾਂ-ਬੋਲੀ ਹੋਣ ਦੇ ਬਾਵਜੂਦ ਪੰਜਾਬੀ ਬੋਲੀ ਕਈ ਤਰ੍ਹਾਂ ਦੇ ਸੰਕਟਾਂ ਦਾ ਸਾਹਮਣਾ ਕਰ ਰਹੀ ਹੈ। ਸਭ ਤੋਂ ਵੱਡਾ ਸੰਕਟ ਤਾਂ ਸਾਡਾ ਪੰਜਾਬੀਆਂ ਦਾ ਆਪਣੀ ਮਾਂ ਬੋਲੀ ਪ੍ਰਤੀ ਮਤਰੇਈ ਮਾਂ ਵਾਲਾ ਵਤੀਰਾ ਹੈ। ਜਿਸ ਤਰ੍ਹਾਂ ਦੱਖਣੀ ਭਾਰਤ ਵਿੱਚ ਲੋਕ ਆਪਣੀ ਭਾਸ਼ਾ ਪ੍ਰਤੀ ਚੇਤੰਨ ਅਤੇ ਜਾਗਰੂਕ ਹਨ ਅਤੇ ਆਪਣੀ ਬੋਲੀ ਦੀ ਆਨ-ਬਾਨ ਤੇ ਸ਼ਾਨ ਲਈ ਲੜਦੇ ਅਤੇ ਸੰਘਰਸ਼ ਕਰਦੇ ਹਨ, ਸਰਕਾਰਾਂ 'ਤੇ ਦਬਾਅ ਰੱਖਦੇ ਹਨ, ਸਰਕਾਰਾਂ ਕੋਲੋਂ ਆਪਣੀ ਬੋਲੀ ਦੇ ਹੱਕ ਵਿੱਚ ਬਿਆਨ ਦਿਵਾਉਂਦੇ ਅਤੇ ਕਾਨੂੰਨ ਬਣਾਉਂਦੇ ਹਨ, ਅਸੀਂ ਪੰਜਾਬੀ ਇਸ ਤੋਂ ਬਿਲਕੁਲ ਉਲਟ ਆਪਣੀ ਮਾਂ-ਬੋਲੀ ਪੰਜਾਬੀ ਨੂੰ ਬੋਲਣ, ਲਿਖਣ ਅਤੇ ਪੜ੍ਹਨ ਵਿੱਚ ਸ਼ਰਮ ਮਹਿਸੂਸ ਕਰਦੇ ਹਾਂ। ਕਿਸੇ ਵੀ ਹੋਰ ਭਾਸ਼ਾ ਵਿੱਚ ਗੱਲਬਾਤ ਕਰਨ ਵਾਲੇ ਸ਼ਖਸ ਨਾਲ ਅਸੀਂ ਉਸ ਦੀ ਭਾਸ਼ਾ ਵਿੱਚ ਗੱਲਬਾਤ ਕਰਨੀ ਸ਼ੁਰੂ ਕਰ ਦਿੰਦੇ ਹਾਂ, ਭਾਵੇਂ ਸਾਨੂੰ ਉਹ ਭਾਸ਼ਾ ਬੋਲਣੀ ਜਾਂ ਪੜ੍ਹਨੀ-ਲਿਖਣੀ ਨਾ ਹੀ ਆਉਂਦੀ ਹੋਵੇ। ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਦੂਜੇ ਰਾਜਾਂ ਤੋਂ ਆਉਣ ਵਾਲੇ ਵੱਖ-ਵੱਖ ਲੋਕ ਆਪਣੀ ਮਾਂ-ਬੋਲੀ ਬੋਲਦੇ ਹਨ ਅਤੇ ਇਸ ਦਾ ਪ੍ਰਸਾਰ ਕਰਦੇ ਹਨ। ਕੋਈ ਵਿਰਲਾ ਹੀ ਹੋਵੇਗਾ ਜੋ ਪੰਜਾਬੀ ਬੋਲਦਾ ਹੋਵੇ, ਪਰ ਅਸੀਂ ਪੰਜਾਬੀ ਉਨ੍ਹਾ ਲੋਕਾਂ ਨਾਲ ਹੀ ਆਪਣੀ ਮਾਂ-ਬੋਲੀ ਪੰਜਾਬੀ ਵਿੱਚ ਹੀ ਗੱਲਬਾਤ ਕਰਨ ਦੀ ਬਜਾਏ ਹੋਰਨਾਂ ਭਾਸ਼ਾਵਾਂ ਵਿੱਚ ਗੱਲਬਾਤ ਕਰਦੇ ਹਾ। ਸਾਡੇ ਘਰਾਂ ਵਿੱਚ ਪੰਜਾਬੀ ਅਖ਼ਬਾਰਾਂ, ਕਿਤਾਬਾਂ ਨਹੀਂ ਦਿਖਾਈ ਦਿੰਦੀਆ ਸਗੋਂ ਹਿੰਦੀ ਅਤੇ ਅੰਗਰੇਜ਼ੀ ਅਖ਼ਬਾਰਾਂ ਦਾ ਬੋਲਬਾਲਾ ਹੋਣਾ ਸ਼ੁਰੂ ਹੋ ਗਿਆ ਹੈ। ਪੰਜਾਬ ਦੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਆਪਸੀ ਗੱਲਬਾਤ ਹਿੰਦੀ ਵਿੱਚ ਕੀਤੀ ਜਾ ਰਹੀ ਹੈ। ਘਰਾਂ ਵਿੱਚ ਵੀ ਹਿੰਦੀ ਵਿੱਚ ਗੱਲਬਾਤ ਕੀਤੀ ਜਾਂਦੀ ਹੈ। ਆਈਲੈਟਸ ਦਾ ਭੂਤ ਪੰਜਾਬੀਆਂ ਦੇ ਸਿਰ 'ਤੇ ਸਵਾਰ ਹੈ। ਪੰਜਾਬੀ ਨੌਜਵਾਨ ਆਪਣੀ ਮਿੱਟੀ, ਵਤਨ ਤੋਂ ਤਾਂ ਦੂਰ ਹੋ ਹੀ ਰਹੇ ਹਨ, ਆਪਣੀ ਮਾਂ-ਬੋਲੀ ਤੋਂ ਵੀ ਦੂਰ ਜਾ ਰਹੇ ਹਨ। ਉੱਚ ਪੱਧਰੀ ਸਿੱਖਿਆ ਵਿੱਚ ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਦਾ ਬੋਲਬਾਲਾ ਹੈ। ਸਕੂਲੀ ਪੱਧਰ 'ਤੇ ਸੀ ਬੀ ਐੱਸ ਈ ਅਤੇ ਹੋਰ ਬੋਰਡਾਂ ਵਿੱਚ ਤਾਂ ਪੰਜਾਬੀ ਨੂੰ ਤਿਲਾਂਜਲੀ ਦਿੱਤੀ ਹੀ ਜਾਂਦੀ ਹੈ, ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸੰਬੰਧਤ ਕਈ ਸਕੂਲ ਵੀ ਬੋਰਡ ਪ੍ਰੀਖਿਆਵਾਂ ਵਿੱਚ ਆਪਣੀ ਪਹਿਲੀ ਭਾਸ਼ਾ ਹਿੰਦੀ ਦਰਜ ਕਰਾਉਂਦੇ ਹਨ, ਪਰ ਅਫ਼ਸੋਸ ਹੈ ਕਿ ਸਰਕਾਰ ਜਾਂ ਪੰਜਾਬ ਸਕੂਲ ਸਿੱਖਿਆ ਬੋਰਡ ਅਜਿਹੇ ਸਕੂਲਾਂ 'ਤੇ ਕੋਈ ਕਾਰਵਾਈ ਨਹੀਂ ਕਰਦੇ।

ਸਰਕਾਰਾਂ, ਨੇਤਾ, ਭਾਸ਼ਾ ਵਿਭਾਗ ਸਭ ਸਿਰਫ਼ ਫੋਕੇ ਅਤੇ ਜਾਅਲੀ ਬਿਆਨਾਂ ਤੱਕ ਸੀਮਤ ਹੋ ਗਏ ਹਨ। ਪੰਜਾਬੀ ਬੋਲੀ ਦੇ ਵਿਕਾਸ ਲਈ ਹਕੀਕਤ ਵਿੱਚ ਸਰਕਾਰੀ ਪੱਧਰ 'ਤੇ ਕੋਈ ਸੰਜੀਦਾ ਯਤਨ ਨਹੀਂ ਹੋ ਰਿਹਾ। ਪੰਜਾਬੀ ਲੇਖਕਾਂ, ਸਾਹਿਤਕਾਰਾਂ ਦਾ ਕੋਈ ਵਾਲੀ ਵਾਰਿਸ ਨਹੀਂ। ਵੱਖ-ਵੱਖ ਸਾਹਿਤ ਸਭਾਵਾਂ ਸਿਆਸੀ ਦਲਾਂ ਵਾਂਗ ਆਪੋ-ਆਪਣੀ ਡਫਲੀ ਵਜਾਉਂਦੀਆਂ ਹਨ।

ਅੱਜ ਸਮੇਂ ਦੀ ਸਖ਼ਤ ਲੋੜ ਹੈ ਕਿ ਅਸੀਂ ਸਮੂਹ ਪੰਜਾਬੀ ਭਾਵੇਂ ਸੰਸਾਰ ਦੇ ਕਿਸੇ ਵੀ ਹਿੱਸੇ ਵਿੱਚ ਬੈਠੇ ਹੋਈਏ, ਇਕੱਠੇ ਹੋ ਕੇ ਦੱਖਣੀ ਭਾਰਤੀ ਲੋਕਾਂ ਵਾਂਗ ਆਪਣੀ ਮਾਂ-ਬੋਲੀ ਦੇ ਹੱਕ ਵਿੱਚ ਖੜੇ ਹੋ ਕੇ ਸੰਘਰਸ਼ ਕਰੀਏ। ਇਸ ਦਾ ਮਾਣ-ਸਨਮਾਨ ਬਹਾਲ ਕਰਵਾਈਏ। ਸਕੂਲਾਂ ਤੋਂ ਲੈ ਕੇ ਯੂਨੀਵਰਸਿਟੀ ਪੱਧਰ ਤੱਕ ਪੰਜਾਬੀ ਭਾਸ਼ਾ ਨੂੰ ਲਾਜ਼ਮੀ ਕਰਾਰ ਦੇ ਕੇ ਇਸ ਦੀ ਹਰੇਕ ਨੂੰ ਜਾਣਕਾਰੀ ਹੋਣਾ ਜ਼ਰੂਰੀ ਕੀਤਾ ਜਾਵੇ। ਹਰੇਕ ਪ੍ਰੀਖਿਆ ਅਤੇ ਕੋਰਸ ਵਿੱਚ ਪੰਜਾਬੀ ਬੋਲੀ ਨੂੰ ਪਹਿਲੀ ਭਾਸ਼ਾ ਵਜੋਂ ਸ਼ਾਮਲ ਕਰਨਾ ਲਾਜ਼ਮੀ ਕੀਤਾ ਜਾਵੇ। ਸਰਕਾਰੀ ਅਦਾਰਿਆਂ ਵਿੱਚ ਸਾਰਾ ਕੰਮ ਪੰਜਾਬੀ ਵਿੱਚ ਹੋਣਾ ਨਿਸ਼ਚਿਤ ਕੀਤਾ ਜਾਵੇ। ਸਾਰੇ ਬੋਰਡ, ਇਸ਼ਤਿਹਾਰ ਆਦਿ ਪੰਜਾਬੀ ਵਿੱਚ ਹੋਣੇ ਲਾਜ਼ਮੀ ਕੀਤੇ ਜਾਣ। ਪੰਜਾਬ ਵਿਧਾਨ ਸਭਾ ਵਿੱਚ ਸਾਰੀ ਕਾਰਵਾਈ ਪੰਜਾਬੀ ਵਿੱਚ ਹੋਵੇ। ਬੜੇ ਅਫ਼ਸੋਸ ਦੀ ਗੱਲ ਹੈ ਕਿ ਕਰਨਾਟਕ ਦਾ ਜੰਮਪਲ ਕੰਨੜ ਬੋਲਣ ਵਾਲਾ ਪ੍ਰੋ. ਪੰਡਿਤ ਰਾਉ ਧਰਨੇਸ਼ਵਰ ਬੜੇ ਲੰਮੇ ਸਮੇਂ ਤੋਂ ਪੰਜਾਬੀ ਬੋਲੀ ਦੇ ਮਾਣ-ਸਨਮਾਨ ਲਈ ਸੰਘਰਸ਼ ਕਰ ਰਿਹਾ ਹੈ ਪਰ ਅਸੀਂ ਪੰਜਾਬੀ ਹੱਥ 'ਤੇ ਹੱਥ ਧਰ ਕੇ ਬੈਠੇ ਰਹਿੰਦੇ ਹਾਂ। ਉਨ੍ਹਾਂ ਦੀ ਮਾਂ ਬੋਲੀ ਕੰਨੜ ਹੋਣ ਦੇ ਬਾਵਜੂਦ ਉਹ ਪੰਜਾਬੀ ਬੋਲੀ ਦੇ ਅਮੀਰ ਖਜ਼ਾਨੇ ਤੇ ਸਾਹਿਤ ਤੋਂ ਪ੍ਰਭਾਵਿਤ ਹੋ ਕੇ ਹਰ ਪੱਧਰ 'ਤੇ ਇਕੱਲੇ ਹੀ ਸੰਘਰਸ਼ ਕਰ ਰਹੇ ਹਨ ਅਤੇ ਪੰਜਾਬੀ ਲੋਕਾਂ ਨੂੰ ਪੰਜਾਬੀ ਮਾਂ ਬੋਲੀ ਪ੍ਰਤੀ ਜਾਗਰੂਕ ਕਰ ਰਹੇ ਹਨ। ਉਨ੍ਹਾਂ ਦੀ ਇਸ ਮਹਾਨ ਘਾਲਣਾ ਨੂੰ ਸਲਾਮ ਕਰਨਾ ਚਾਹੀਦਾ ਹੈ।

ਪੰਜਾਬ ਦੇ ਸਾਰੇ ਹੀ ਸਿਆਸੀ ਨੇਤਾਵਾਂ, ਦਲਾਂ, ਵੱਖ-ਵੱਖ ਸਮਾਜਿਕ ਤੇ ਧਾਰਮਿਕ ਸੰਸਥਾਵਾਂ, ਸਾਹਿਤ ਸਭਾਵਾਂ ਅਤੇ ਲੇਖਕਾਂ ਨੂੰ ਇਕੱਠੇ ਹੋ ਕੇ ਪੰਜਾਬੀ ਬੋਲੀ ਲਈ ਸੰਘਰਸ਼ ਕਰਨਾ ਚਾਹੀਦਾ ਹੈ ਅਤੇ ਪੰਜਾਬ ਵਿੱਚ ਮਾਂ-ਬੋਲੀ ਪੰਜਾਬੀ ਦੇ ਮਾਣ-ਸਨਮਾਨ ਨੂੰ ਬਹਾਲ ਕਰਕੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਝੰਡਾ ਸਾਰੇ ਸੰਸਾਰ ਵਿੱਚ ਬੁਲੰਦ ਕਰਨਾ ਚਾਹੀਦਾ ਹੈ।

**# ਸੰਪਰਕ : 98768-56311**

16-JULY-PAGE-5.qxd 7/15/2025 10:52 PM Page 1



# ਨਰੇਗਾ ਕਾਮੇ ਕੇਂਦਰ ਸਰਕਾਰ ਵਿਰੁੱਧ 25 ਨੂੰ ਕਰਨਗੇ ਰੋਸ ਮੁਜ਼ਾਹਰਾ : ਜਗਸੀਰ ਖੋਸਾ, ਕੁਲਦੀਪ ਭੋਲਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਕੇਂਦਰ ਦੀ ਮੋਦੀ ਸਰਕਾਰ ਨਰੇਗਾ ਨੂੰ ਬੰਦ ਕਰਨ ਦੀਆਂ ਨੀਤੀਆਂ 'ਤੇ ਚੱਲ ਕਰ ਰਹੀ ਹੈ।ਇਸ ਲਈ ਨਰੇਗਾ ਮਜ਼ਦੂਰਾਂ ਨੂੰ ਨਰੇਗਾ ਹੱਕਾਂ ਦੀ ਪਹਿਰੇਦਾਰੀ ਕਰਨੀ ਪਵੇਗੀ, ਤਾਂ ਕਿ ਨਰੇਗਾ ਨੂੰ ਬਚਾਇਆ ਜਾ ਸਕੇ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਯੂਨੀਅਨ ਦੇ ਸੂਬਾ ਸਕੱਤਰ ਜਗਸੀਰ ਸਿੰਘ ਖੋਸਾ ਤੇ ਜ਼ਿਲ੍ਹਾ ਸਲਾਹਕਾਰ ਕਾਮਰੇਡ ਕੁਲਦੀਪ ਸਿੰਘ ਭੋਲਾ ਨੇ ਕੀਤਾ।ਉਹ ਇੱਥੇ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਲਖਵੀਰ ਸਿੰਘ ਰਾਜੂ ਮਹੇਸ਼ਰੀ ਦੀ ਪ੍ਰਧਾਨਗੀ ਵਿੱਚ ਹੋਈ ਮੋਗਾ ਜ਼ਿਲ੍ਹੇ ਦੀ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸਨ।ਆਗੂਆਂ ਨੇ ਅੱਗੇ ਕਿਹਾ ਕਿ ਸਰਕਾਰਾਂ ਦੀਆਂ ਇਨ੍ਹਾਂ ਚਾਲਾਂ 'ਤੇ ਪਿੰਡਾਂ ਦੇ ਮਜ਼ਦੂਰ ਭਲੀ ਭਾਂਤ ਜਾਣੂੰ ਹਨ, ਜਿਸ ਕਾਰਨ ਨਰੇਗਾ ਮਜ਼ਦੂਰਾਂ ਵਿੱਚ ਨਰੇਗਾ ਐਕਟ ਨੂੰ ਖੋਹਣ ਵਿਰੁੱਧ ਲੋਹੜੇ ਦਾ ਗੁੱਸਾ ਹੈ, ਜਿਸ ਦਾ ਪ੍ਰਗਟਾਵਾ ਉਹ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਦੀ ਯੂਨੀਅਨ ਦੀ ਅਗਵਾਈ ਵਿੱਚ ਸਾਰੇ ਪੰਜਾਬ ਦੇ ਜ਼ਿਲ੍ਹਾ ਕੋਆਰਡੀਨੇਟਰ ਨਰੇਗਾ-ਕਮ-ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਅੱਗੇ ਮੁਜ਼ਾਹਰੇ ਕਰਕੇ ਕਰਨਗੇ।ਮੀਟਿੰਗ ਵਿੱਚ ਵੱਖ-ਵੱਖ ਪਿੰਡਾਂ ਤੋਂ ਆਏ ਮਜ਼ਦੂਰਾਂ ਨੇ ਦੱਸਿਆ ਕਿ ਪਿਛਲੇ ਕਿਸੇ ਵੀ ਸਾਲ ਵਿੱਚ ਸਾਨੂੰ 100 ਦਿਨ ਦਾ ਕੰਮ ਪੂਰਾ ਨਹੀਂ ਦਿੱਤਾ ਗਿਆ, ਸਗੋਂ ਬਹੁਤੇ ਥਾਈਂ 30-35 ਦਿਨਾਂ ਦਾ ਕੰਮ ਹੀ ਦਿੱਤਾ ਜਾਂਦਾ ਹੈ।ਮੀਟਿੰਗ ਵਿੱਚ ਵਿਚਾਰਿਆ ਗਿਆ ਕਿ ਜੇਕਰ ਨਰੇਗਾ ਮਜ਼ਦੂਰ ਕੰਮ ਅਰਜ਼ੀਆਂ ਦੀਆਂ ਰਸੀਦਾਂ ਲੈਣ ਦੇ ਆਪਣੇ ਹੱਕ ਪ੍ਰਤੀ ਸੁਚੇਤ ਹੋਣ ਤੇ ਨਰੇਗਾ ਅਧਿਕਾਰੀ, ਕੰਮ ਅਰਜ਼ੀਆਂ ਦੀਆਂ ਰਸੀਦਾਂ ਦੇਣ ਨੂੰ ਆਪਣੀ ਜ਼ਿੰਮੇਵਾਰੀ ਸਮਝਣ ਤਾਂ ਨਰੇਗਾ ਮਜ਼ਦੂਰਾਂ ਨੂੰ ਮੰਗ ਮੁਤਾਬਿਕ ਪੂਰਾ ਹੱਕ ਮਿਲ ਸਕਦਾ ਹੈ।ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਨਰੇਗਾ ਹਾਜ਼ਰੀ ਜਾਬ ਕਾਰਡ 'ਤੇ ਲਵਾਉਣ, ਕੰਮ ਅਰਜ਼ੀ ਦੀ ਰਸੀਦ ਨਾ ਦੇਣ ਵਾਲੇ ਵਿਰੁੱਧ ਕਾਰਵਾਈ ਕਰਵਾਉਣ, ਕੰਮ ਅਰਜ਼ੀ ਦੀ ਰਸੀਦ ਯਕੀਨੀ ਬਣਾਉਣ, ਕੀਤੇ ਕੰਮ ਦੇ ਪੈਸੇ 15 ਦਿਨਾਂ ਵਿੱਚ ਯਕੀਨੀ ਕਰਵਾਉਣ, ਕੰਮ ਨਾ ਦੇਣ ਦੀ ਸੂਰਤ ਵਿੱਚ ਬੇਰੁਜ਼ਗਾਰੀ ਭੱਤਾ ਲੈਣ ਲਈ, ਨਰੇਗਾ ਮੇਟਾ ਨੂੰ ਉਜ਼ਰਤ ਸੈਮੀ ਸਕੈਲਡ ਵਾਲੀ ਜੋ ਕਿ 500 ਦੇ ਕਰੀਬ ਬਣਦੀ ਹੈ, ਦਿਵਾਉਣ ਤੇ ਉਨ੍ਹਾਂ ਦੀ ਇਹ ਅਦਾਇਗੀ ਨਰੇਗਾ ਫੰਡ ਦੇ 40% ਮਟੀਰੀਅਲ ਵਾਲੇ ਹਿੱਸੇ 'ਚੋਂ ਦਿਵਾਉਣ, ਕੰਮ ਵਾਲੀ ਜਗ੍ਹਾ ਤੇ ਕਾਨੂੰਨ ਮੁਤਾਬਕ ਸਹੂਲਤਾਂ, ਫਸਟ ਏਡ ਬਾਕਸ, ਸਾਫ ਪੀਣ ਵਾਲੇ ਪਾਣੀ ਆਦਿ ਲੈਣ, ਕੰਮ ਦੇ ਘੰਟੇ ਸ਼ੁਰੂਆਤ ਵਾਲੇ 6 ਘੰਟੇ ਪ੍ਰਤੀ ਦਿਨ ਕਰਵਾਉਣ, ਕੰਮ ਵਾਲੀ ਜਗ੍ਹਾ ਤੇ ਦੁਰਘਟਨਾ ਦੌਰਾਨ ਪੂਰਨ ਅਪੰਗਤਾ ਜਾਂ ਮੌਤ ਦੀ ਹਾਲਤ ਵਿੱਚ ਦਿੱਤੇ ਜਾਣ ਵਾਲੀ ਐਕਸ-ਗਰੇਸ਼ੀਆ ਗਰਾਂਟ 25 ਹਜ਼ਾਰ ਤੋਂ ਵਧਾ ਕੇ 5 ਲੱਖ ਕਰਵਾਉਣ ਕੀਤੇ, ਕੰਮ ਦੇ ਬਕਾਏ ਦਿਵਾਉਣ, ਨਰੇਗਾ ਕੰਮ ਦੇ ਦਿਨਾਂ ਦੀ ਗਰੰਟੀ 200 ਦਿਨ ਕਰਵਾਉਣ ਤੇ ਦਿਹਾੜੀ 1000 ਪ੍ਰਤੀ ਦਿਨ ਕਰਵਾਉਣ ਆਦਿ ਮੰਗਾਂ ਲਈ ਮੋਗਾ ਜ਼ਿਲ੍ਹਾ ਦੇ ਨਰੇਗਾ ਕਾਮੇ 25 ਤਰੀਕ ਦੇ ਮੁਜ਼ਾਹਰੇ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣਗੇ।ਮੀਟਿੰਗ ਵਿੱਚ ਸਰਬ ਭਾਰਤ ਨੌਜਵਾਨ ਸਭਾ ਦੇ ਆਗੂਆਂ ਜਸਪ੍ਰੀਤ ਕੌਰ ਬੱਧਨੀ ਤੇ ਬੋਹੜ ਸਿੰਘ ਬੁੱਟਰ ਨੇ ਆਪਣੀ ਜਥੇਬੰਦੀ ਵੱਲੋਂ ਜਿੱਥੇ ਨਰੇਗਾ ਮਜ਼ਦੂਰਾਂ ਨੂੰ ਹਰ ਸੰਭਵ ਸਹਾਇਤਾ ਦੇਣ ਦੀ ਗੱਲ ਕੀਤੀ, ਉਥੇ ਨਰੇਗਾ ਮਜ਼ਦੂਰਾਂ ਨੂੰ ਕਿਹਾ ਕਿ ਉਹ ਆਪਣੇ ਬੱਚਿਆਂ ਨੂੰ ਹਰ ਕਿਸੇ ਨੂੰ ਉਸ ਦੀ ਯੋਗਤਾ ਮੁਤਾਬਕ ਕੰਮ ਜਾਂ ਕੰਮ ਇਤਜ਼ਾਰ ਭੱਤਾ ਦਵਾਉਣ ਲਈ ਬਨੇਗਾ ਪ੍ਰਾਪਤੀ ਮੁਹਿੰਮ ਦਾ ਹਿੱਸਾ ਬਣਾਉਣ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਬਿੰਦਰ ਕੌਰ ਗਲੋਟੀ, ਕਮਲੇਸ਼ ਸਿੰਘ ਫਿਰੋਜ਼ਵਾਲਾ ਮੰਗਲ ਸਿੰਘ, ਕੁਲਦੀਪ ਕੌਰ ਇੰਦਗੜ, ਬਿੱਟਾ ਚੁੱਘਾ, ਸਰਬਜੀਤ ਕੌਰ ਬੁੱਧ ਸਿੰਘ ਵਾਲਾ, ਸਤਿਨਾਮ ਸਿੰਘ ਠੱਠੀ ਭਾਈ, ਜਬਰ ਜੰਗ ਸਿੰਘ ਮਹੇਸ਼ਰੀ ਸੁੱਖਾ ਪੇਂਟਰ, ਸਰਬਜੀਤ ਕੌਰ ਸਿੰਮੀ, ਸਰਬਜੀਤ ਕੌਰ ਮਹੇਸ਼ਰੀ, ਗੁਰਨਾਮ ਸਿੰਘ ਘੱਲ ਕਲਾਂ, ਬਿੰਦਰ ਸਿੰਘ ਝੰਡੇਆਣਾ, ਬੂਟਾ ਸਿੰਘ ਬੁੱਟਰ, ਗੁਰਮੀਤ ਸਿੰਘ ਚੂਹੜਚੱਕ, ਪੂਜਾ ਕੌਰ ਖੋਸਾ, ਪਰਮਜੀਤ ਕੌਰ ਮਨਾਵਾ ਆਦਿ ਆਗੂਆਂ ਨੇ ਸੰਬੋਧਨ ਕੀਤਾ।

# ਜਵਾਹਰ ਸਿੰਘ ਵਾਲਾ ਤੋਂ ਭਾਗੀਕੇ ਤੱਕ ਮੁੱਖ ਸੜਕ 'ਤੇ ਪਏ ਖੱਡੇ ਲੋਕਾਂ ਦੀ ਜਾਨ ਦਾ ਖੌ ਬਣੇ

## ਪਿੰਡ ਵਾਸੀਆਂ ਵੱਲੋਂ ਸੜਕ ਮੁਰੰਮਤ ਦੀ ਮੰਗ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਜਵਾਹਰ ਸਿੰਘ ਵਾਲਾ ਤੋਂ ਲੈ ਕੇ ਭਾਗੀਕੇ ਤੱਕ ਮੁੱਖ ਸੜਕ 'ਤੇ ਪਏ ਖੱਡੇ ਆਮ ਲੋਕਾਂ ਦੀ ਜ਼ਿੰਦਗੀ ਲਈ ਵੱਡਾ ਖਤਰਾ ਬਣੇ ਹੋਏ ਹਨ। ਹਰ ਰੋਜ਼ ਕੋਈ ਨਾ ਕੋਈ ਹਾਦਸਾ ਵਾਪਰ ਰਿਹਾ ਹੈ, ਜੋ ਇਨ੍ਹਾਂ ਵੱਡੇ ਖੱਡਿਆਂ ਕਾਰਨ ਹੁੰਦਾ ਰਹਿੰਦਾ ਹੈ। ਵਿਸ਼ੇਸ਼ ਕਰਕੇ ਮੋਟਰਸਾਈਕਲ ਸਵਾਰਾਂ ਤੇ ਸਕੂਲ ਜਾਂ ਦਫਤਰ ਜਾਣ ਵਾਲੇ ਲੋਕਾਂ ਲਈ ਵੱਡੀ ਮੁਸੀਬਤ ਬਣਦੀ ਹੈ। ਨਿਹਾਲ ਸਿੰਘ ਵਾਲਾ ਦੇ ਸ਼ਹਿਰ ਵਾਸੀਆਂ ਤੇ ਨਾਲ ਲੱਗਦੇ ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਬਰਸਾਤੀ ਮੌਸਮ ਕਾਰਨ ਇਸ ਸੜਕ ਵਿੱਚ ਵੱਡੇ ਵੱਡੇ ਖੱਡੇ ਬਣ ਜਾਂਦੇ ਹਨ। ਪਿਛਲੇ ਕੁੱਝ ਹਫਤਿਆਂ ਦੌਰਾਨ ਇਸ ਸੜਕ 'ਤੇ ਪਏ ਵੱਡੇ ਖੱਡਿਆਂ ਕਾਰਨ ਅਨੇਕਾਂ ਲੋਕ ਹਾਦਸਿਆਂ ਦਾ ਸ਼ਿਕਾਰ ਹੋ ਚੁੱਕੇ ਹਨ। ਇਸ ਸੜਕ ਵਿੱਚ ਵੱਡੇ ਖੱਡਿਆਂ ਕਾਰਨ ਅਨੇਕਾਂ ਲੋਕ ਆਪਣੀ ਜਾਨ ਗਵਾ ਚੁੱਕੇ ਹਨ, ਪਰ ਇਸ ਸੜਕ ਉੱਪਰ ਕਿਸੇ ਦੀ ਹੱਡੀ ਟੁੱਟੀ, ਕਿਸੇ ਦੀ ਗੱਡੀ ਦੂਜੀ ਗੱਡੀ ਨਾਲ ਟਕਰਾ ਗਈ, ਪਰ ਇਸ ਸਭ ਦੇ ਬਾਵਜੂਦ ਅਜੇ ਤੱਕ ਕੋਈ ਠੋਸ ਕਦਮ ਨਹੀਂ ਚੁੱਕਿਆ। ਸੰਦੀਪ ਸਿੰਘ ਤੇ ਦਰਸ਼ਨ ਸਿੰਘ ਹਿੰਮਤਪੁਰਾ ਜਨਰਲ ਸਕੱਤਰ ਪੰਜਾਬ ਖੇਤ ਮਜ਼ਦੂਰ ਯੂਨੀਅਨ ਹਿੰਮਤਪੁਰਾ ਨੇ ਕਿਹਾ ਕਿ ਜੇਕਰ ਸਰਕਾਰ ਨੇ ਸੜਕ ਨਵੀਂ ਨਹੀਂ ਬਣਾਉਣੀ ਤਾਂ ਘੱਟੋ ਘੱਟ ਇਨ੍ਹਾਂ ਖੱਡਿਆਂ ਨੂੰ ਭਰਵਾਇਆ ਜਾਵੇ। ਇਹ ਦਿਨੋਂ ਦਿਨ ਵਧ ਰਹੇ ਨੇ, ਇਨ੍ਹਾਂ ਵਿੱਚ ਪਾਣੀ ਭਰ ਜਾਣ ਨਾਲ ਰਾਤ ਸਮੇਂ ਹਾਦਸੇ ਹੋਣ ਦਾ ਡਰ ਬਣਿਆ ਰਹਿੰਦਾ ਹੈ। ਇਸ ਸੜਕ ਵਿੱਚ ਜਲਦੀ ਹੀ ਪੱਚ ਲਗਾਏ ਜਾਣ ਤੇ ਸੜਕਾਂ ਦੀ ਮੁਰੰਮਤ ਕੀਤੀ ਜਾਵੇ। ਉਨ੍ਹਾਂ ਦਾ ਕਹਿਣਾ ਹੈ ਕਿ ਸੜਕਾਂ ਦੀ ਮੁਰੰਮਤ ਜਾਂ ਨਵੀਂ ਬਣਤਰ ਦੇ ਬਗੈਰ ਇਹ ਹਾਦਸੇ ਰੁਕਣ ਵਾਲੇ ਨਹੀਂ, ਹੁਣ ਦੇਖਣਾ ਹੈ ਕਿ ਪ੍ਰਸ਼ਾਸਨ ਕਦੋਂ ਕੁੰਭਕਰਨੀ ਨੀਂਦ ਤੋਂ ਉੱਠਦਾ ਹੈ।

# ਪੰਜਾਬ ਸਰਕਾਰ ਦੀ ਜ਼ਮੀਨ ਹੜੱਪਣ ਦੀ ਸਾਜ਼ਿਸ਼, 40 ਹਜ਼ਾਰ ਕਿੱਲੇ ਤੇ ਫਿਰੋਜ਼ਪੁਰ ਦੀ 313 ਕਿੱਲੇ ਜ਼ਮੀਨ ਖਤਰੇ 'ਚ

## ਰਾਣਾ ਗੁਰਮੀਤ ਸਿੰਘ ਸੋਢੀ ਦੀ ਅਗਵਾਈ 'ਚ ਸਰਕਾਰ ਵਿਰੁੱਧ ਧਰਨਾ



**ਫ਼ਿਰੋਜ਼ਪੁਰ (ਗੁਰਬਚਨ ਸਿੰਘ, ਅਸ਼ੋਕ ਸ਼ਰਮਾ)**-ਪੰਜਾਬ ਸਰਕਾਰ ਵੱਲੋਂ ਸੂਬੇ ਦੀ 40 ਹਜ਼ਾਰ ਕਿੱਲੇ ਜ਼ਮੀਨ ਤੇ ਖਾਸ ਕਰਕੇ ਫਿਰੋਜ਼ਪੁਰ ਦੀ 313 ਕਿੱਲੇ ਜ਼ਮੀਨ ਨੂੰ ਹੜਪਣ ਦੀਆਂ ਕੋਸ਼ਿਸ਼ਾਂ ਨੂੰ ਲੈ ਕੇ ਡੀਸੀ ਦਫਤਰ ਵਿਖੇ ਇੱਕ ਵਿਸ਼ਾਲ ਧਰਨਾ ਲਾਇਆ ਗਿਆ।ਧਰਨੇ ਦੀ ਅਗਵਾਈ ਸਾਬਕਾ ਕੈਬਨਿਟ ਮੰਤਰੀ ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਰਾਸ਼ਟਰੀ ਕਾਰਜਕਾਰਨੀ ਮੈਂਬਰ ਰਾਣਾ ਗੁਰਮੀਤ ਸਿੰਘ ਸੋਢੀ ਨੇ ਕੀਤੀ।ਧਰਨੇ 'ਚ ਵੱਡੀ ਗਿਣਤੀ ਵਿੱਚ ਕਿਸਾਨਾਂ, ਸਥਾਨਕ ਲੋਕਾਂ ਅਤੇ ਸਮਾਜਿਕ ਕਾਰਕੁੰਨਾਂ ਨੇ ਹਿੱਸਾ ਲਿਆ, ਜਿਨ੍ਹਾਂ ਨੇ ਸਰਕਾਰ ਦੀਆਂ ਨੀਤੀਆਂ ਖਿਲਾਫ ਇੱਕ ਸੁਰ ਵਿੱਚ ਰੋਸ ਪ੍ਰਗਟ ਕੀਤਾ।

ਰਾਣਾ ਗੁਰਮੀਤ ਸਿੰਘ ਸੋਢੀ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਆਰਥਿਕਤਾ ਅਤੇ ਸੱਭਿਆਚਾਰ ਦੀ ਨੀਂਹ ਕਿਸਾਨੀ ਅਤੇ ਜ਼ਮੀਨ ਹੈ, ਪਰ ਮੌਜੂਦਾ ਸਰਕਾਰ ਇਸ ਨੂੰ ਜ਼ਬਰਦਸਤੀ ਹੜਪਣ ਦੀਆਂ ਸਾਜ਼ਿਸ਼ਾਂ ਰਚ ਰਹੀ ਹੈ।ਉਨ੍ਹਾਂ ਨੇ ਦੋਸ਼ ਲਾਇਆ ਕਿ ਪੰਜਾਬ ਦੇ ਪਿੰਡਾਂ ਦੀ ਰੀੜ੍ਹ ਦੀ ਹੱਡੀ ਕਿਸਾਨ ਅਤੇ ਉਸ ਦੀ ਜ਼ਮੀਨ ਹੈ।ਸਰਕਾਰ ਦੀਆਂ ਮਨਮਾਨੀਆਂ ਨੇ ਕਿਸਾਨਾਂ ਨੂੰ ਸੰਘਰਸ਼ ਕਰਨ ਲਈ ਮਜਬੂਰ ਕਰ ਦਿੱਤਾ ਹੈ।ਅਸੀਂ ਇਸ ਧੱਕੇ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰਾਂਗੇ।ਸੋਢੀ ਨੇ ਸਰਕਾਰ ਦੀ ਨੀਤੀਆਂ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ ਆਮ ਆਦਮੀ ਪਾਰਟੀ (ਆਪ) ਦੀ ਅਗਵਾਈ ਹੇਠ 'ਪਬਲਿਕ ਯੂਟਿਲਿਟੀ' ਦੇ ਨਾਂਅ 'ਤੇ ਲੈਂਡ ਐਕੁਇਜ਼ੀਸ਼ਨ ਐਂਡ ਰੀਹੈਬੀਲੀਟੇਸ਼ਨ (ਐੱਲਏਆਰ-2013) ਐਕਟ ਨੂੰ ਤੋੜ-ਮਰੋੜ ਕੇ ਕਿਸਾਨਾਂ ਦੀ ਜ਼ਮੀਨ ਹੜਪਣ ਦੀ ਕੋਸ਼ਿਸ਼ ਕਰ ਰਹੀ ਹੈ।ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਸਿਰਫ ਜ਼ਮੀਨ ਦੀ ਲੁੱਟ ਨਹੀਂ, ਸਗੋਂ ਪੰਜਾਬ ਦੀ ਵਿਰਾਸਤ, ਇਤਿਹਾਸ ਤੇ ਸੱਭਿਆਚਾਰ 'ਤੇ ਸਿੱਧਾ ਹਮਲਾ ਹੈ।ਪੰਜਾਬ ਦੀ ਪਛਾਣ ਇਸ ਦੇ ਪਿੰਡਾਂ ਅਤੇ ਖੇਤਾਂ ਨਾਲ ਹੈ।

ਰਾਣਾ ਸੋਢੀ ਨੇ ਸਰਕਾਰ ਦੇ ਪ੍ਰਸ਼ਾਸਨਿਕ ਢਾਂਚੇ 'ਤੇ ਵੀ ਨਿਸ਼ਾਨਾ ਸਾਧਿਆ।ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਨੇ ਸਾਰੇ ਅਧਿਕਾਰ ਚੀਫ ਸੈਕਟਰੀ ਨੂੰ ਸੌਂਪ ਦਿੱਤੇ ਹਨ, ਜੋ ਆਮ ਲੋਕਾਂ ਅਤੇ ਕਿਸਾਨਾਂ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕਰਕੇ ਮਨਮਰਜ਼ੀ ਨਾਲ ਆਰਡਰ ਪਾਸ ਕਰ ਰਹੇ ਹਨ।ਇਹ ਸਰਕਾਰ ਦੀ ਤਾਨਾਸ਼ਾਹੀ ਨੀਤੀਆਂ ਦਾ ਸਬੂਤ ਹੈ।ਆਮ ਲੋਕਾਂ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ ਅਤੇ ਕਿਸਾਨਾਂ ਦੀ ਰੋਟੀ ਨੂੰ ਖੋਹਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।ਧਰਨੇ ਵਿੱਚ ਸ਼ਾਮਲ ਹੋਰ ਵਕਤਾਵਾਂ ਨੇ ਵੀ ਸਰਕਾਰ ਦੀਆਂ ਨੀਤੀਆਂ ਦੀ ਸਖਤ ਨਿੰਦਿਆ ਕੀਤੀ।ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਪਿੰਡ ਅਤੇ ਖੇਤ ਸੂਬੇ ਦੀ ਆਰਥਿਕਤਾ ਦਾ ਮੁੱਖ ਸਰੋਤ ਹਨ। ਪੰਜਾਬ ਦੇਸ਼ ਦਾ ਅੰਨ ਭੰਡਾਰ ਕਹਿਣ ਦਾ ਮਾਣ ਇਨ੍ਹਾਂ ਖੇਤਾਂ ਕਰਕੇ ਹੀ ਹੈ।ਜੇਕਰ ਸਰਕਾਰ ਨੇ ਆਪਣੀਆਂ ਨੀਤੀਆਂ ਵਿੱਚ ਸੁਧਾਰ ਨਾ ਕੀਤਾ, ਤਾਂ ਪੰਜਾਬ ਦੇ ਕਿਸਾਨ ਸੜਕਾਂ 'ਤੇ ਆਉਣ ਲਈ ਮਜਬੂਰ ਹੋਣਗੇ।ਇਸ ਮੌਕੇ ਧਰਨਾਕਾਰੀਆਂ ਨੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਆਪਣੀਆਂ ਮੰਗਾਂ ਨੂੰ ਜਲਦੀ ਪੂਰਾ ਕਰਨ ਦੀ ਅਪੀਲ ਕੀਤੀ।

## ਕਾਤਰਾਂ

### ਮਾੜੀਕੇ 'ਚ ਸਾਲਾਨਾ ਸਮਾਗਮ 20 ਤੋਂ

**ਨਿਹਾਲ ਸਿੰਘ ਵਾਲਾ (ਲਵਲੀ ਮਾੜੀਕੇ)**-ਧੰਨ ਧੰਨ ਬਾਬਾ ਅਮਰਦਾਸ ਜੀ ਧੰਨ ਧੰਨ ਬਾਬਾ ਜਿਉਣ ਦਾਸ ਯਾਦ ਨੂੰ ਸਮਰਪਤ ਪਿੰਡ ਮਾੜੀਕੇ ਦੇ ਅਸਥਾਨਾਂ 'ਤੇ ਹਰ ਸਾਲ ਦੀ ਤਰ੍ਹਾਂ ਸਾਲਾਨਾ ਸਮਾਗਮ 20, 21, 22 ਨੂੰ ਸਾਲਾਨਾ ਸਮਾਗਮ ਕਰਾਇਆ ਜਾ ਰਿਹਾ ਹੈ, ਜਿਸ ਵਿੱਚ 20 ਜੁਲਾਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਹੋਣਗੇ, ਜਿਨ੍ਹਾਂ ਦੇ ਭੋਗ 22 ਜੁਲਾਈ ਨੂੰ ਪੈਣਗੇ। ਇਸ ਤੋਂ ਇਲਾਵਾ ਪ੍ਰਸਿੱਧ ਕਵੀਸ਼ਰੀ ਜੱਥਿਆਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ ਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

### ਪ੍ਰਧਾਨ ਗਿੱਲ ਬੇਰ ਕਲਾਂ ਵੱਲੋਂ ਰੈਲੀ 'ਚ ਪੁੱਜਣ 'ਤੇ ਸਮੁੱਚੇ ਕਾਂਗਰਸੀਆਂ ਦਾ ਧੰਨਵਾਦ

**ਦੋਰਾਹਾ (ਹਰਮਿੰਦਰ ਸੇਠ)**-ਬਲਾਕ ਕਾਂਗਰਸ ਮਲੌਦ ਦੇ ਪ੍ਰਧਾਨ ਤੇ ਬਲਾਕ ਸੰਮਤੀ ਮੈਂਬਰ ਗੁਰਮੇਲ ਸਿੰਘ ਗਿੱਲ ਬੇਰਕਲਾਂ ਨੇ ਸੰਵਿਧਾਨ ਬਚਾਓ ਰੈਲੀ ਵਿੱਚ ਬਲਾਕ ਮਲੌਦ ਤੋਂ ਪੁੱਜੇ ਸਮੁੱਚੇ ਕਾਂਗਰਸੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਤੇ ਉਨ੍ਹਾਂ ਦੇ ਮੁੱਠੀ ਭਰ ਆਗੂਆਂ ਦੇ ਸੰਵਿਧਾਨ ਬਚਾਓ ਰੈਲੀ ਵਿੱਚ ਹੋਏ ਭਾਰੀ ਇਕੱਠ ਨੇ ਸਾਰੇ ਭਰਮ ਭੁਲੇਖੇ ਦੂਰ ਕਰ ਦਿੱਤੇ ਹਨ। ਵਿਧਾਇਕ ਸਾਹਿਬ ਪਾਇਲ ਹਲਕੇ ਦੇ ਲੋਕ ਹੰਕਾਰ ਤੇ ਨਫਰਤ ਬਰਦਾਸ਼ਤ ਨਹੀਂ ਕਰਦੇ।

### ਮੁਫ਼ਤ ਬੀ ਐੱਮ ਡੀ ਜਾਂਚ ਕੈਂਪ ਭਲਕੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜਨਸੇਵਾ ਦੀ ਭਾਵਨਾ ਤਹਿਤ ਅਮਨਦੀਪ ਹਸਪਤਾਲ ਫਿਰੋਜ਼ਪੁਰ ਵੱਲੋਂ 17 ਜੁਲਾਈ ਨੂੰ ਇੱਕ ਵਿਸ਼ੇਸ਼ ਮੁਫ਼ਤ ਬੀਐੱਮਡੀ (ਹੱਡੀਆਂ ਦੀ ਖਣਿਜ ਘਣਤਾ) ਜਾਂਚ ਕੈਂਪ ਲਾਇਆ ਜਾ ਰਿਹਾ ਹੈ। ਇਹ ਕੈਂਪ ਗੁਰਦੁਆਰਾ ਜਾਮਣੀ ਸਾਹਿਬ ਬਾਜੀਦਪੁਰ ਦੇ ਨੇੜੇ ਸਥਿਤ ਹਸਪਤਾਲ ਵਿਹੜੇ ਵਿੱਚ ਸਵੇਰੇ 10 ਵਜੇ ਤੋਂ ਦੁਪਿਹਰ 2 ਵਜੇ ਤੱਕ ਲੱਗੇਗਾ। ਜਾਣਕਾਰੀ ਦਿੰਦਿਆਂ ਅਮਨਦੀਪ ਹਸਪਤਾਲ ਦੇ ਫੈਸੀਲਿਟੀ ਡਾਇਰੈਕਟਰ ਡਾ. ਅਭਿਸ਼ੇਕ ਅਰੋੜਾ ਨੇ ਦੱਸਿਆ ਕਿ ਇਸ ਕੈਂਪ ਦਾ ਉਦੇਸ਼ ਲੋਕਾਂ ਨੂੰ ਹੱਡੀਆਂ ਨਾਲ ਜੁੜੀਆਂ ਬੀਮਾਰੀਆਂ ਬਾਰੇ ਜਾਗਰੂਕ ਕਰਨਾ ਤੇ ਸਮੇਂ 'ਤੇ ਜਾਂਚ ਰਾਹੀਂ ਉਨ੍ਹਾਂ ਨੂੰ ਠੀਕ ਇਲਾਜ ਵੱਲ ਮਾਰਗਦਰਸ਼ਨ ਦੇਣਾ ਹੈ। ਉਨ੍ਹਾਂ ਦੱਸਿਆ ਕਿ ਬੀਐੱਮਡੀ ਜਾਂਚ ਦੇ ਨਾਲ-ਨਾਲ ਸੀਨੀਅਰ ਆਰਥੋਪੀਡਿਕ ਸਰਜਨ ਡਾ. ਕਨਿਸ਼ ਕਿਨਰਾ ਵੱਲੋਂ ਵੀ ਮੁਫ਼ਤ ਸਲਾਹ-ਮਸ਼ਵਰਾ ਦਿੱਤਾ ਜਾਵੇਗਾ।

### ਜਵਾਹਰ ਨਵੋਦਿਆ ਵਿਦਿਆਲਿਆ 'ਚ ਦਾਖਲਾ ਪ੍ਰੀਖਿਆ ਲਈ ਰਜਿਸਟ੍ਰੇਸ਼ਨ ਸ਼ੁਰੂ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਜਵਾਹਰ ਨਵੋਦਿਆ ਵਿਦਿਆਲਿਆ, ਕਿੱਕਰ ਵਾਲਾ ਰੂਪਾ, ਜ਼ਿਲ੍ਹਾ ਫਾਜ਼ਿਲਕਾ ਵਿੱਚ ਸਾਲ 2026-27 ਲਈ ਛੇਵੀਂ ਜਮਾਤ ਵਿੱਚ ਦਾਖਲੇ ਲਈ ਯੋਗ ਵਿਦਿਆਰਥੀ ਤੇ ਵਿਦਿਆਰਥਣਾਂ ਆਨਲਾਈਨ ਵੈੱਬਸਾਈਟ 'ਤੇ ਮੁਫਤ ਅਪਲਾਈ ਕਰ ਸਕਦੇ ਹਨ। ਛੇਵੀਂ ਜਮਾਤ ਦਾਖਲੇ ਲਈ ਪ੍ਰੀਖਿਆ 13 ਦਸੰਬਰ 2025 ਨੂੰ ਨੂੰ ਜਵਾਹਰ ਨਵੋਦਿਆ ਵਿਦਿਆਲਿਆ ਚੋਣ ਪ੍ਰੀਖਿਆ 2026 ਆਯੋਜਤ ਕੀਤਾ ਜਾਵੇਗੀ। ਉਨ੍ਹਾਂ ਕਿਹਾ ਕਿ ਆਨਲਾਈਨ ਦਾਖਲਾ ਅਪਲਾਈ ਕਰਨ ਦੀ ਆਖਰੀ ਮਿਤੀ 29 ਜੁਲਾਈ 2025 ਹੈ। ਇਹ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਜਵਾਹਰ ਨਵੋਦਿਆ ਵਿਦਿਆਲਿਆ ਫਾਜ਼ਿਲਕਾ ਨੇ ਦੱਸਿਆ ਕਿ ਜ਼ਿਲ੍ਹੇ ਫਾਜ਼ਿਲਕਾ ਦੇ ਸਾਰੇ 5ਵੀਂ ਜਮਾਤ ਦੇ ਵਿਦਿਆਰਥੀ, ਜਿਨ੍ਹਾਂ ਦੀ ਉਮਰ 1-5-2014 ਤੋਂ 31-7-2016 ਦੇ ਵਿਚਕਾਰ ਹੋਏ ਪ੍ਰੀਖਿਆ ਵਿਚ ਆਵੇਦਨ ਅਪਲਾਈ ਲਈ ਯੋਗ ਮੰਗੇ ਜਾਣਗੇ। ਵਧੇਰੇ ਜਾਣਕਾਰੀ ਲਈ ਹੈਲਪਡੈਸਕ ਮੋਬਾਈਲ ਨੰ 93830-32160 ਤੇ 94099-71000 'ਤੇ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਸੰਪਰਕ ਕੀਤਾ ਜਾ ਸਕਦਾ।

# ਮਾਨ ਸਰਕਾਰ ਨੇ ਸਨੌਰ ਦੇ ਸਰਬ-ਪੱਖੀ ਵਿਕਾਸ ਲਈ ਕਰੋੜਾਂ ਦੀਆਂ ਯੋਜਨਾਵਾਂ ਨੂੰ ਦਿੱਤਾ ਅੰਤਿਮ ਰੂਪ : ਪ੍ਰਦੀਪ ਜੋਸਨ

## 44000 ਫੁੱਟ ਲੰਮੇ ਸੀਵਰੇਜ ਤੇ ਭਾਖੜਾ ਨਹਿਰ ਤੋਂ ਪੀਣ ਵਾਲੇ ਪਾਣੀ ਦੀ ਸਪਲਾਈ ਲਈ ਕਰੋੜਾਂ ਰੁਪਏ ਦੇ ਟੈਂਡਰ ਪਾਸ



**ਪਟਿਆਲਾ/ਸਨੌਰ (ਰਾਜਿੰਦਰ ਥਿੰਦ)**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਪੰਜਾਬ ਨੂੰ ਜਿੱਥੇ ਨਸ਼ਾ-ਮੁਕਤ ਕਰਨ ਲਈ ਵੱਖ-ਵੱਖ ਉਪਰਾਲੇ ਕਰਕੇ ਸੂਬੇ ਨੂੰ ਰੰਗਲਾ ਪੰਜਾਬ ਬਣਾਇਆ ਜਾ ਰਿਹਾ ਹੈ, ਉਥੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵਿਧਾਨ ਸਭਾ ਹਲਕਾ ਸਨੌਰ ਦੇ ਵਾਸੀਆਂ ਲਈ ਪੀਣ ਵਾਲੇ ਪਾਣੀ, ਸਟ੍ਰੀਟ ਲਾਈਟਾਂ, ਸੀਵਰੇਜ ਤੇ ਸੜਕਾਂ ਲਈ ਕਰੋੜਾਂ ਰੁਪਏ ਦੇ ਪ੍ਰਾਜੈਕਟ ਤਿਆਰ ਕਰਕੇ ਉਨ੍ਹਾਂ ਨੂੰ ਅਮਲੀ ਰੂਪ ਦਿੱਤਾ ਜਾ ਚੁੱਕਿਆ ਹੈ ਅਤੇ ਜਲਦ ਹੀ ਸਨੌਰ ਵਾਸੀਆਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਤੋਂ ਨਿਜਾਤ ਦਿਵਾ ਦਿੱਤੀ ਜਾਵੇਗੀ।ਨਗਰ ਕੌਂਸਲ ਸਨੌਰ ਦੇ ਪ੍ਰਧਾਨ ਪ੍ਰਦੀਪ ਜੋਸਨ ਵੱਲੋਂ ਇਕ ਵਿਸ਼ੇਸ਼ ਮੁਲਾਕਾਤ ਦੌਰਾਨ ਇਸ ਦਾ ਪ੍ਰਗਟਾਵਾ ਕੀਤਾ ਗਿਆ। ਪ੍ਰਧਾਨ ਪ੍ਰਦੀਪ ਜੋਸਨ ਨੇ ਦੱਸਿਆ ਕਿ ਬੱਸ ਸਟੈਂਡ ਤੋਂ ਨਾਥਾਂ ਵਾਲੇ ਡੇਰੇ ਤੱਕ 4400 ਫੁੱਟ ਲੰਮੀ ਸੀਵਰੇਜ ਲਾਈਨ ਪਾਉਣ ਲਈ 1 ਕਰੋੜ 10 ਲੱਖ ਰੁਪਏ ਦਾ ਟੈਂਡਰ ਹੋ ਚੁੱਕਿਆ ਹੈ ਤੇ ਜਲਦ ਹੀ ਕੰਮ ਸ਼ੁਰੂ ਹੋ ਜਾਵੇਗਾ।ਉਨ੍ਹਾਂ ਕਿਹਾ ਕਿ ਆਬਾਦੀ ਵਧਣ ਨਾਲ ਨਗਰ ਕੌਂਸਲ ਸਨੌਰ ਦੇ ਅਧਿਕਾਰ ਖੇਤਰਫਲ ਵਿੱਚ ਵੱਡਾ ਵਾਧਾ ਹੋ ਗਿਆ ਹੈ, ਇਸ ਲਈ ਕੌਂਸਲ ਦੇ ਅਧਿਕਾਰ ਖੇਤਰ ਹੇਠ ਆਉਣ ਵਾਲੀਆਂ ਸਾਰੀਆਂ ਰਿਹਾਇਸ਼ੀ ਕਾਲੋਨੀਆਂ ਤੋਂ ਇਲਾਵਾ ਸਨੌਰ ਤੋਂ ਚੌਰਾ ਰੋਡ 'ਤੇ ਰਿਹਾਇਸ਼ੀ ਕਾਲੋਨੀਆਂ ਅੰਦਰ ਨਵੀਆਂ ਸਟ੍ਰੀਟ ਲਾਈਟਾਂ ਲਗਾਉਣ ਸਬੰਧੀ ਵੀ ਟੈਂਡਰ ਲੱਗ ਚੁੱਕਿਆ ਹੈ ਤੇ ਜਲਦ ਹੀ ਲੋਕਾਂ ਨੂੰ ਰੌਸ਼ਨੀ ਦੇ ਦਿੱਤੀ ਜਾਵੇਗੀ। ਨਗਰ ਕੌਂਸਲ ਪ੍ਰਧਾਨ ਜੋਸਨ ਨੇ ਆਖਿਆ ਕਿ ਸਨੌਰ ਦੇ ਸੀਵਰੇਜ ਦੀ ਸਮੱਸਿਆ ਦਾ ਪੱਕਾ ਹੱਲ ਕਰਨ ਲਈ ਨਵਾਂ ਐੱਸ. ਟੀ. ਪੀ. ਲਗਾਉਣ ਲਈ ਕੋਈ ਥਾਂ ਨਹੀਂ ਹੈ, ਜਿਸ ਦੀ ਸਰਕਾਰ ਤੋਂ ਮੰਗ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਵੱਡੀ ਨਦੀ ਪਟਿਆਲਾ ਵਿਖੇ ਐੱਸ. ਟੀ. ਪੀ. ਲੱਗ ਗਿਆ ਹੈ, ਸਨੌਰ ਨੂੰ ਨਵੀਂ ਵਧੀ ਆਬਾਦੀ ਅਨੁਸਾਰ ਇਸ ਐੱਸ. ਟੀ. ਪੀ. ਵਿੱਚੋਂ ਉਸ ਦਾ ਬਣਦਾ ਹਿੱਸਾ ਦਿੱਤੇ ਜਾਣ ਦੀ ਸਰਕਾਰ ਤੋਂ ਮੰਗ ਕੀਤੀ ਗਈ ਹੈ ਤਾਂ ਜੋ ਸਨੌਰ ਦੀ ਸਾਲਾਂ ਤੋਂ ਲਮਕ ਰਹੀ ਸੀਵਰੇਜ ਦੀ ਸਮੱਸਿਆ ਹੱਲ ਹੋ ਸਕੇ।ਉਨ੍ਹਾਂ ਦੱਸਿਆ ਕਿ ਸੀਵਰੇਜ ਪਾਉਣ ਲਈ ਉਨ੍ਹਾਂ ਵੱਲੋਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਹੈ ਤਾਂ ਜੋ ਇਸ ਕੰਮ ਨੂੰ ਜਲਦ ਨੇਪਰੇ ਚਾੜ੍ਹਿਆ ਜਾ ਸਕੇ।ਉਨ੍ਹਾਂ ਕਿਹਾ ਕਿ ਸਨੌਰ ਦੇ 15 ਵਾਰਡਾਂ ਦੀਆਂ ਸੜਕਾਂ 'ਤੇ ਇੰਟਰਲਾਕਿੰਗ ਟਾਇਲਜ਼ ਲਗਾਉਣ ਲਈ ਚਾਰ ਕਰੋੜ ਰੁਪਏ ਦੇ ਟੈਂਡਰ ਲਗਾਏ ਜਾ ਚੁੱਕੇ ਹਨ।ਇਸ ਤੋਂ ਇਲਾਵਾ ਸਨੌਰ ਵਾਸੀਆਂ ਲਈ ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਭਾਖੜਾ ਨਹਿਰ ਤੋਂ ਸਪਲਾਈ ਲਈ ਜਾਵੇਗੀ।ਇਸ ਕੰਮ ਲਈ ਢਾਈ ਏਕੜ ਜ਼ਮੀਨ ਖਰੀਦ ਕੀਤੀ ਜਾ ਚੁੱਕੀ ਹੈ।ਇਸ ਥਾਂ 'ਤੇ ਵਾਟਰ ਵਰਕਸ, ਵਾਟਰ ਟ੍ਰੀਟਮੈਂਟ ਲਗਾ ਕੇ ਲੋਕਾਂ ਨੂੰ ਸਾਫ ਸੁਥਰਾ ਪਾਣੀ ਮੁਹੱਈਆ ਕਰਵਾਇਆ ਜਾਵੇਗਾ।ਉਨ੍ਹਾ ਕਿਹਾ ਕਿ ਕੇਂਦਰ ਦੇ ਇਸ ਪ੍ਰਾਜੈਕਟ ਅਧੀਨ ਪਾਈਪ ਲਾਈਨ ਪੈ ਰਹੀ ਹੈ ਤੇ ਸਨੌਰ ਵਾਸੀਆਂ ਨੂੰ ਜਲਦ ਹੀ ਸਾਫ ਸੁੱਥਰਾ ਪੀਣ ਵਾਲਾ ਪਾਣੀ ਸਪਲਾਈ ਕਰ ਦਿੱਤਾ ਜਾਵੇਗਾ।

# ਕੇਂਦਰੀ ਤਨਖਾਹ ਸਕੇਲ ਲਾਗੂ ਕਰਨ ਖਿਲਾਫ਼ ਭਲਕੇ ਮਨਾਇਆ ਜਾਵੇਗਾ ਕਾਲਾ ਦਿਨ

**ਲੁਧਿਆਣਾ (ਪੱਤਰ ਪ੍ਰੇਰਕ)**-ਪੰਜਾਬ ਦੇ ਤਨਖਾਹ ਸਕੇਲਾਂ ਦੀ ਬਹਾਲੀ ਲਈ ਮੁਲਾਜ਼ਮਾਂ ਦੇ ਬਣੇ ਸਾਂਝੇ ਫਰੰਟ ਵੱਲੋਂ 17 ਜੁਲਾਈ ਨੂੰ ਪੰਜਾਬ ਸਰਕਾਰ ਦੇ ਖਿਲਾਫ਼ ਆਪਣੇ-ਆਪਣੇ ਸਕੂਲਾਂ ਤੇ ਅਦਾਰਿਆਂ ਵਿੱਚ ਕਾਲੇ ਬਿੱਲੇ ਲਾ ਕੇ ਤੇ ਕਾਲੇ ਰੀਬਨ ਬੰਨ੍ਹ ਕੇ ਕਾਲਾ ਦਿਵਸ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ।ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਦੇ ਸੂਬਾਈ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਸਰਪ੍ਰਸਤ ਚਰਨ ਸਿੰਘ ਸਰਾਭਾ, ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ,ਗੁਰਮੇਲ ਸਿੰਘ ਮੈਲਡੇ ਤੇ ਗੁਰਜੀਤ ਸਿੰਘ ਘੋੜੇਵਾਹ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਐਡੀਸ਼ਨਲ ਜਨਰਲ ਸਕੱਤਰ ਕਰਤਾਰ ਸਿੰਘ ਪਾਲ ਅਤੇ ਪ੍ਰੇਮ ਚਾਵਲਾ, ਪਰਵੀਨ ਕੁਮਾਰ ਲੁਧਿਆਣਾ, ਜਿੰਦਰ ਪਾਇਲਟ, ਰਣਦੀਪ ਸਿੰਘ ਫ਼ਤਿਹਗੜ੍ਹ ਸਾਹਿਬ, ਪ੍ਰੈਸ ਸਕੱਤਰ ਟਹਿਲ ਸਿੰਘ ਸਰਾਭਾ ਤੇ ਪ੍ਰਭਜੀਤ ਸਿੰਘ ਉੱਪਲ, ਸੁਰਿੰਦਰ ਸਿੰਘ ਬੈਂਸ ਨੇ ਇਸ ਐਕਸ਼ਨ ਦੀ ਹਮਾਇਤ ਕਰਦੇ ਹੋਏ ਭਗਵੰਤ ਮਾਨ ਸਰਕਾਰ ਤੇ ਦੋਸ਼ ਲਾਇਆ ਹੈ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਅਤੇ ਸੁਪਰੀਮ ਕੋਰਟ ਦੇ ਫੈਸਲਿਆਂ ਦੀ ਸਪੱਸ਼ਟ ਤੌਰ 'ਤੇ ਉਲੰਘਣਾ ਕੀਤੀ ਜਾ ਰਹੀ ਹੈ।ਆਗੂਆਂ ਨੇ ਕਿਹਾ ਕਿ ਲੋਕ ਹਿੱਤ ਵਿੱਚ ਪੰਜਾਬ ਸਰਕਾਰ ਵੱਲੋਂ ਸੇਵਾ ਨਿਯਮਾਂ ਵਿੱਚ ਤਬਦੀਲੀ ਕਰਨ ਦੀ ਬਜਾਏ ਮਾਨਯੋਗ ਅਦਾਲਤਾਂ ਦੇ ਫ਼ੈਸਲਿਆਂ ਨੂੰ ਸਬੰਧਤ ਸਾਰੇ ਮੁਲਾਜ਼ਮਾਂ ਤੇ ਜਨਰਲਾਈਜ ਕਰਨਾ ਚਾਹੀਦਾ ਹੈ।17 ਜੁਲਾਈ 2020 ਤੋਂ ਭਰਤੀ ਮੁਲਾਜ਼ਮਾਂ ਦੇ ਕੇਂਦਰੀ ਸਕੇਲਾਂ ਦੀ ਬਜਾਏ ਪੰਜਾਬ ਦੇ ਸਕੇਲ ਲਾਗੂ ਕਰਨ ਦਾ ਵਾਹਦਾ ਵੀ ਆਮ ਆਦਮੀ ਪਾਰਟੀ ਵੱਲੋਂ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਮੁਲਾਜ਼ਮਾਂ ਨਾਲ ਕੀਤਾ ਗਿਆ ਸੀ, ਜੋ ਅਜੇ ਤੱਕ ਪੂਰਾ ਨਹੀਂ ਕੀਤਾ ਗਿਆ।

# ਸਰਕਾਰ ਨਵੀਂ ਲੈਂਡ ਪੂਲਿੰਗ ਨੀਤੀ ਦਾ ਨੋਟੀਫਿਕੇਸ਼ਨ ਤੁਰੰਤ ਰੱਦ ਕਰੇ : ਦੌਲਤਪੁਰਾ, ਮਾਣੂੰਕੇ

## 30 ਨੂੰ ਲੈਂਡ ਪੂਲਿੰਗ ਲਾਗੂ ਕਰਨ ਵਾਲੇ ਪਿੰਡਾਂ 'ਚ ਕੀਤੇ ਜਾਣਗੇ ਝੰਡੇ ਮਾਰਚ ਤੇ ਟਰੈਕਟਰ ਮਾਰਚ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਪੰਜਾਬ ਰਜਿ. 283 ਦੀ ਮੀਟਿੰਗ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਦੀ ਪ੍ਰਧਾਨਗੀ ਹੇਠ ਯੂਨੀਅਨ ਦੇ ਜ਼ਿਲ੍ਹਾ ਦਫਤਰ ਮੋਗਾ ਵਿਖੇ ਹੋਈ।ਮੀਟਿੰਗ ਦੀ ਕਾਰਵਾਈ ਜ਼ਿਲ੍ਹਾ ਜਨਰਲ ਸਕੱਤਰ ਰਵਿੰਦਰ ਸਿੰਘ ਭੋਲਾ ਨੇ ਚਲਾਈ।ਇਸ ਮੀਟਿੰਗ ਦੌਰਾਨ ਯੂਨੀਅਨ ਦੇ ਸੂਬਾ ਆਗੂ ਮੋਹਨ ਸਿੰਘ ਜੀਂਦੜਾ, ਪ੍ਰੀਤਮ ਸਿੰਘ ਬਰਾੜ ਬਾਘਾ ਪੁਰਾਣਾ, ਜਰਨੈਲ ਸਿੰਘ ਤਖਾਣ ਵੱਧ, ਮੰਦਰਜੀਤ ਸਿੰਘ ਮਨਾਵਾਂ, ਹਰਨੇਕ ਸਿੰਘ ਫਤਿਹਗੜ੍ਹ, ਗੁਲਜਾਰ ਸਿੰਘ ਘੱਲ, ਸਾਬ ਸਿੰਘ ਬੋਗੇਵਾਲਾ, ਮੁਖਤਿਆਰ ਸਿੰਘ ਦੀਨਾ, ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਮੀਟਿੰਗ 'ਚ ਕਿਸਾਨੀ ਦੇ ਭਖਦੇ ਮੁੱਦਿਆਂ 'ਤੇ ਵਿਚਾਰਾਂ ਹੋਈਆਂ।ਇਸ ਮੌਕੇ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ, ਜਰਨਲ ਸਕੱਤਰ ਰਵਿੰਦਰ ਸਿੰਘ ਭੋਲਾ, ਪ੍ਰੈੱਸ ਸਕੱਤਰ ਬਲਕਰਨ ਸਿੰਘ ਢਿੱਲੋਂ ਨੇ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਦੇ ਕਿਸਾਨਾਂ ਦੇ ਉਜਾੜੇ ਦਾ ਕਾਰਨ ਬਣਨ ਵਾਲੀਂ ਨਵੀਂ ਲੈਂਡ ਪੁਲਿੰਗ ਨੀਤੀ ਦਾ ਨੋਟੀਫਿਕੇਸ਼ਨ ਤੁਰੰਤ ਰੱਦ ਕਰੇ।ਉਨ੍ਹਾਂ ਕਿਹਾ ਕਿ ਇਸ ਨਵੀਂ ਨੀਤੀ ਦੇ ਵਿਰੁੱਧ ਭਾਕਿਯੂ (ਲੱਖੋਵਾਲ) ਵੱਲੋਂ ਵੱਡੀ ਲੜਾਈ ਲੜੀ ਜਾਵੇਗੀ।ਕਿਸੇ ਵੀ ਸੂਰਤ 'ਚ ਲੈਂਡ ਪੁਲਿੰਗ ਨਹੀਂ ਹੋਣ ਦਿੱਤੀ ਜਾਵੇਗੀ।ਪਿਛਲੇ 20 ਸਾਲਾਂ ਤੋਂ ਸ਼ਹਿਰਾਂ 'ਚ ਜਿਹੜੀਆਂ ਕਾਲੋਨੀਆਂ ਕੱਟੀਆਂ ਗਈਆਂ ਹਨ, ਉਹ ਤਾਂ ਅਜੇ ਤੱਕ ਡਿਵੈਲਪ ਨਹੀਂ ਹੋਈਆਂ, ਉਨ੍ਹਾਂ ਵਿਚਲੇ ਪਲਾਟ ਤਾਂ ਵਿਕ ਨਹੀਂ ਰਹੇ ਤੇ ਹੁਣ ਪੰਜਾਬ ਸਰਕਾਰ ਵੱਲੋਂ ਨਵੀਂ ਕ੍ਰਾਇਰ ਕੀਤੀ ਹਜ਼ਾਰਾਂ ਏਕੜ ਜ਼ਮੀਨ ਕਿਵੇਂ ਵਿਕੇਗੀ।ਉਨ੍ਹਾਂ ਕਿਹਾ ਕਿ ਪੰਜਾਬ ਦੀ ਕਿਸਾਨੀ ਨੂੰ ਬਚਾਉਣ ਲਈ ਸੰਯੁਕਤ ਕਿਸਾਨ ਮੋਰਚੇ ਦੀ ਇਕ ਮੀਟਿੰਗ ਪਿਛਲੇ ਦਿਨੀਂ ਚੰਡੀਗੜ੍ਹ ਵਿਖੇ ਹੋਈ, ਜਿਸ 'ਚ ਫੈਸਲਾ ਕੀਤਾ ਗਿਆ ਸੀ ਕਿ ਸਰਕਾਰ ਦੀ ਇਸ ਕਿਸਾਨ ਮਾਰੂ ਨੀਤੀ ਵਿਰੁੱਧ 18 ਜੁਲਾਈ ਨੂੰ ਚੰਡੀਗੜ੍ਹ ਵਿਖੇ ਸਾਰੀਆਂ ਸਿਆਸੀ ਪਾਰਟੀਆਂ ਨਾਲ ਮੀਟਿੰਗ ਕੀਤੀ ਜਾ ਰਹੀ ਹੈ ਤੇ 30 ਜੁਲਾਈ ਨੂੰ ਲੈਂਡ ਪੁਲਿੰਗ ਲਾਗੂ ਕਰਨ ਵਾਲੇ ਪਿੰਡਾਂ 'ਚ ਝੰਡੇ ਮਾਰਚ ਤੇ ਟਰੈਕਟਰ ਮਾਰਚ ਕੀਤੇ ਜਾਣਗੇ, 24 ਅਗਸਤ ਨੂੰ ਮੰਡੀ ਮੁੱਲਾਂਪੁਰ ਨੇੜੇ ਜਗਰਾਓਂ ਵਿਖੇ ਇਕ ਵੱਡੀ ਰੈਲੀ ਕੱਢੀ ਜਾਵੇਗੀ।ਇਸ ਸਮੇਂ ਸਮੂਹ ਬਲਾਕਾਂ ਦੇ ਪ੍ਰਧਾਨ ਨਿਰਮਲ ਸਿੰਘ, ਪ੍ਰਧਾਨ ਸੁਖਵੀਤ ਸਿੰਘ, ਪ੍ਰਧਾਨ ਜਸਵੰਤ ਸਿੰਘ ਪੰਡੋਰੀ, ਪ੍ਰਧਾਨ ਜਸਵੀਰ ਸਿੰਘ, ਦਫਤਰ ਇੰਚਾਰਜ ਪ੍ਰਕਾਸ਼ ਸਿੰਘ, ਮੀਤ ਪ੍ਰਧਾਨ ਲਖਵਿੰਦਰ ਸਿੰਘ ਰੌਲੀ, ਜ਼ਿਲ੍ਹਾ ਮੀਤ ਪ੍ਰਧਾਨ ਗੁਰਮੇਲ ਸਿੰਘ ਡਰੋਲੀ, ਸੀਨੀਅਰ ਮੀਤ ਪ੍ਰਧਾਨ ਜਗਤਾਰ ਸਿੰਘ ਚੋਟੀਆਂ, ਜਿਲਾ ਆਗੂ ਲਖਬੀਰ ਸਿੰਘ ਸੰਧੂਆਣਾ, ਜ਼ਿਲ੍ਹਾ ਆਗੂ ਮੋਦਨ ਸਿੰਘ ਨਿਧਾਵਾਲਾ, ਲਾਭ ਸਿੰਘ ਮਾਣੂਕੇ, ਭਗਤ ਸਿੰਘ ਲੰਗੇਆਣਾ, ਹਰਦੀਪ ਸਿੰਘ ਢਿੱਲੋਂ, ਮੇਜਰ ਸਿੰਘ ਡਰੋਲੀ, ਹਰਜੀਤ ਸਿੰਘ ਮਨਾਵਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਸ਼ਮੂਲੀਅਤ ਕੀਤੀ।

# ਮੀਂਹ ਤੋਂ ਬਾਅਦ ਸੁਰਜੀਤ ਨਗਰ ਦੇ ਵਾਸੀਆਂ ਦਾ ਸਰਪੰਚ 'ਤੇ ਫੁੱਟਿਆ ਗੁੱਸਾ

- ਸਰਪੰਚ 'ਤੇ ਲੋਕਾਂ ਪਾਸੋਂ ਨਜਾਇਜ਼ ਵਸੂਲੀ ਕਰਨ ਦੇ ਦੋਸ਼
- ਪੈਸੇ ਇਕੱਠੇ ਕਰਕੇ ਨਾਲ਼ਾ ਸਾਫ ਕਰਵਾਇਆ : ਸਰਪੰਚ



**ਬਠਿੰਡਾ (ਰਾਜੀਵ ਗੋਇਲ)**

ਬੀਤੇ ਕੱਲ੍ਹ ਜ਼ਿਲ੍ਹਾ ਬਠਿੰਡਾ ਵਿਖੇ ਪਏ ਮੀਂਹ ਨੇ ਜਿੱਥੇ ਪ੍ਰਸ਼ਾਸਨ ਦੇ ਕੰਮਾਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ, ਉੱਥੇ ਹੀ ਇਹ ਮੀਂਹ ਆਮ ਲੋਕਾਂ ਲਈ ਮਸੀਬਤ ਵੀ ਬਣ ਗਿਆ। ਇਸ ਮੀਂਹ ਨੂੰ ਲੈ ਕੇ ਕਸਬਾ ਭਗਤਾ ਭਾਈ ਕਾ ਦੇ ਨਾਲ ਲੱਗਦੇ ਸੁਰਜੀਤ ਨਗਰ ਦੇ ਲੋਕਾਂ ਦਾ ਮੌਜੂਦਾ ਸਰਪੰਚ 'ਤੇ ਗੁੱਸਾ ਫੁੱਟਦਾ ਹੋਇਆ ਦਿਖਾਈ ਦਿੱਤਾ ਅਤੇ ਕਾਫੀ ਸਮਾਂ ਘਰਾਂ ਦੇ ਲੋਕਾਂ ਤੇ ਸਰਪੰਚ ਵਿਚਕਾਰ ਤੂੰ-ਤੂੰ, ਮੈਂ-ਮੈਂ ਚਲਦੀ ਰਹੀ। ਹਾਜ਼ਰ ਲੋਕਾਂ ਦਾ ਕਹਿਣਾ ਸੀ ਕਿ ਸਰਪੰਚ ਵੱਲੋਂ ਲੋਕਾਂ ਤੋਂ 100-100 ਰੁਪਏ ਨਜਾਇਜ਼ ਵਸੂਲੀ ਕੀਤੀ ਗਈ ਹੈ ਅਤੇ ਇਹ ਵਸੂਲੀ ਸਰਪੰਚ ਵੱਲੋਂ ਗਲੀ ਵਿੱਚ ਖੜਦੇ ਪਾਣੀ ਨੂੰ ਲੈ ਕੇ ਗਲੀ ਨੂੰ ਉੱਚਾ ਕੀਤੇ ਜਾਣ ਸੰਬੰਧੀ ਕੀਤੀ ਗਈ ਸੀ, ਜਦਕਿ ਮੌਜੂਦਾ ਸਰਪੰਚ ਵੱਲੋਂ ਇਸ ਗਲੀ 'ਚ ਰਹਿੰਦੇ ਆਪਣੇ ਰਿਸ਼ਤੇਦਾਰਾਂ ਦੇ ਘਰ ਅੱਗੇ ਤਾਂ ਮਿੱਟੀ ਸੁਟਵਾ ਦਿੱਤੀ ਗਈ, ਪਰ ਬਾਕੀ ਲੋਕਾਂ ਨੂੰ ਆਪਣੇ ਹਾਲ 'ਤੇ ਹੀ ਛੱਡ ਦਿੱਤਾ ਗਿਆ। ਹੁਣ ਸਰਪੰਚ ਦੇ ਰਿਸ਼ਤੇਦਾਰਾਂ ਦੇ ਘਰ ਅੱਗੇ ਮਿੱਟੀ ਸੁੱਟਣ ਨਾਲ ਬਾਕੀ ਗਲੀ ਨੀਵੀਂ ਰਹਿ ਗਈ ਹੈ ਤੇ ਪਾਣੀ ਇੱਕ ਥਾਂ 'ਤੇ ਗਲੀ ਵਿਚਕਾਰ ਇਕੱਠਾ ਹੋ ਜਾਂਦਾ ਹੈ, ਜਿਸ ਨਾਲ ਲੋਕਾਂ ਨੂੰ ਲੰਘਣ ਵਿੱਚ ਕਾਫੀ ਪ੍ਰੇਸ਼ਾਨੀ ਆਉਂਦੀ ਹੈ। ਮੌਕੇ 'ਤੇ ਦੇਖਿਆ ਤਾਂ ਗੰਦੇ ਪਾਣੀ ਦੇ ਨਾਲੇ ਦਾ ਪੱਧਰ ਵੀ ਗਲੀ ਨਾਲੋਂ ਕਾਫੀ ਉੱਚਾ ਹੈ, ਜਿਸ ਨਾਲ ਮੀਂਹ ਦਾ ਪਾਣੀ ਨਾਲੇ ਵਿੱਚ ਨਹੀਂ ਪੈਂਦਾ, ਜਿਸ ਦੇ ਚਲਦਿਆਂ ਇਹ ਗੰਦਾ ਪਾਣੀ ਗਲੀ ਵਿੱਚ ਹੀ ਜਮ੍ਹਾਂ ਹੋ ਜਾਂਦਾ ਹੈ।

ਉਧਰ ਦੂਜੇ ਪਾਸੇ ਸਰਪੰਚ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਸਰਕਾਰ ਵੱਲੋਂ ਜਦੋਂ ਤੋਂ ਪੰਚਾਇਤੀ ਚੋਣਾਂ ਹੋਈਆਂ ਹਨ, ਅਜੇ ਤੱਕ ਕੋਈ ਗਰਾਂਟ ਨਹੀਂ ਜਾਰੀ ਕੀਤੀ ਗਈ, ਜਿਸ ਕਾਰਨ ਉਨ੍ਹਾਂ ਵੱਲੋਂ ਨਾਲੇ ਦੀ ਸਫਾਈ ਕਰਵਾਉਣ ਲਈ ਪੈਸੇ ਇਕੱਠੇ ਕੀਤੇ ਗਏ ਸਨ, ਜਦਕਿ ਆਮ ਲੋਕਾਂ ਦਾ ਵਸੂਲੀ ਨੂੰ ਲੈ ਕੇ ਕਹਿਣਾ ਸੀ ਕਿ ਇਹ ਪੈਸੇ ਗਲੀ ਨੂੰ ਉੱਚਾ ਚੁੱਕਣ ਲਈ ਇਕੱਠੇ ਕੀਤੇ ਗਏ ਸਨ ਅਤੇ ਲੋਕਾਂ ਵੱਲੋਂ ਇਕੱਤਰ ਕੀਤੇ ਪੈਸਿਆਂ ਨੂੰ ਲੈ ਕੇ ਸਰਪੰਚ 'ਤੇ ਦੋਸ਼ ਲਗਾ ਦਿੱਤੇ ਗਏ। ਦੱਸਣਾ ਬਣਦਾ ਹੈ ਕਿ ਉਕਤ ਸਰਪੰਚ ਦੀ ਕੁਝ ਦਿਨ ਪਹਿਲਾਂ ਇੱਕ ਸ਼ਰਾਬ ਤਸਕਰੀ ਦੇ ਕੇਸ ਵਿੱਚ ਮਹਿਲਾ ਨੂੰ ਪੁਲਸ ਪਾਸੋਂ ਛੁਡਵਾਉਣ ਦੇ ਸੰਬੰਧ ਵਿੱਚ ਇੱਕ ਆਡੀਓ ਵੀ ਵਾਇਰਲ ਹੋਈ ਸੀ, ਜਿਸ ਨੂੰ ਲੈ ਕੇ ਮਸਲਾ ਕਾਫੀ ਵਧਿਆ ਸੀ, ਪਰ ਸ਼ਾਇਦ ਅੰਦਰਖਾਤੇ ਇਸ ਮਸਲੇ ਦਾ ਸਮਝੌਤਾ ਹੋ ਗਿਆ ਸੀ।

ਇਸ ਸਾਰੇ ਮਸਲੇ ਨੂੰ ਲੈ ਕੇ ਸੰਬੰਧਤ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਦਾ ਕਹਿਣਾ ਸੀ ਕਿ ਉਹ ਸੰਬੰਧਤ ਸੈਕਟਰੀ ਦੀ ਡਿਊਟੀ ਲਗਾਉਂਦੇ ਹਨ ਅਤੇ ਮਾਮਲੇ ਦੀ ਜਾਂਚ ਤੇ ਲੋਕਾਂ ਦੀ ਸਮੱਸਿਆ ਦੂਰ ਕਰਨ ਲਈ ਕਹਿੰਦੇ ਹਨ। ਵਿਧਾਇਕ ਦੇ ਪੀ ਏ ਦਾ ਕਹਿਣਾ ਸੀ ਕਿ ਲੋਕ ਮੇਰੇ ਨਾਲ ਰਾਬਤਾ ਕਰਨ ਤੇ ਜੇਕਰ ਕੋਈ ਸਰਪੰਚ ਦੀ ਗਲਤੀ ਹੋਈ ਤਾਂ ਉਸ ਨੂੰ ਵਰਜ਼ ਦਿੱਤਾ ਜਾਵੇਗਾ।

# ਪਟੇਲ ਕਾਲਜ ਦਾ ਐੱਮ ਏ ਪੰਜਾਬੀ ਦਾ ਨਤੀਜਾ ਸ਼ਾਨਦਾਰ



**ਰਾਜਪੁਰਾ (ਰਮੇਸ਼ ਕਟਾਰੀਆ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐੱਮ. ਏ. ਪੰਜਾਬੀ ਸਮੈਸਟਰ ਤੀਜਾ ਦਾ ਐਲਾਨਿਆ ਗਿਆ ਨਤੀਜਾ ਪਟੇਲ ਮੈਮੋਰੀਅਲ ਨੈਸ਼ਨਲ ਕਾਲਜ ਲਈ ਸ਼ਾਨਦਾਰ ਰਿਹਾ।

ਇਸ ਮੌਕੇ ਪਟੇਲ ਮੈਨੇਜਮੈਂਟ ਸੁਸਾਇਟੀ ਦੇ ਸਮੁੱਚੇ ਅਹੁਦੇਦਾਰਾਂ ਤੇ ਪ੍ਰਿੰਸੀਪਲ ਡਾ. ਚੰਦਰ ਪ੍ਰਕਾਸ਼ ਨੇ ਪੰਜਾਬੀ ਵਿਭਾਗ ਨੂੰ ਵਧਾਈ ਦਿੱਤੀ। ਕਾਲਜ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਡਾ. ਮਨਦੀਪ ਸਿੰਘ ਨੇ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਤੀਜੇ ਸਮੈਸਟਰ ਦੀ ਪ੍ਰੀਖਿਆ ਵਿੱਚੋਂ ਕਾਲਜ ਦੇ ਵਿਦਿਆਰਥੀ ਪ੍ਰਦੀਪ ਸਿੰਘ ਨੇ ਪਹਿਲਾ, ਹਰਮਨਜੋਤ ਕੌਰ ਤੇ ਅੰਜਲੀ ਨੇ ਦੂਜਾ ਤੇ ਆਸ਼ੂ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਪ੍ਰਿੰਸੀਪਲ ਡਾ. ਚੰਦਰ ਪ੍ਰਕਾਸ਼ ਗਾਂਧੀ ਨੇ ਸਮੂਹ ਪੰਜਾਬੀ ਵਿਭਾਗ ਤੇ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੰਦਿਆਂ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਨਾਲ ਅੱਗੇ ਵਧਦੇ ਰਹਿਣ ਦੀ ਪ੍ਰੇਰਣਾ ਦਿੱਤੀ।

# ਐੱਲ ਐੱਸ ਐੱਮ ਨੇ ਨਕਸਲੀ ਸ਼ਹੀਦਾਂ ਦੇ ਸ਼ਹੀਦੀ ਸਮਾਗਮ ਕਰਨ ਦਾ ਲਿਆ ਫੈਸਲਾ : ਸੁਖਮੰਦਰ ਸਿੰਘ



**ਮੋਗਾ (ਇਕਬਾਲ ਸਿੰਘ ਖਹਿਰਾ)**-ਲੋਕ ਸੰਗਰਾਮ ਮੋਰਚਾ ਦੇ ਸੂਬਾ ਕਮੇਟੀ ਮੈਂਬਰਾਂ ਦੀ ਮੀਟਿੰਗ ਮੋਗਾ ਵਿਖੇ ਸੂਬਾ ਪ੍ਰਧਾਨ ਤਾਰਾ ਸਿੰਘ ਮੋਗਾ ਦੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰੈੱਸ ਸਕੱਤਰ ਪਰਮਜੀਤ ਜੀਰਾ ਨੇ ਦੱਸਿਆ ਕਿ ਮੀਟਿੰਗ ਦੌਰਾਨ ਸੂਬਾ ਕਮੇਟੀ ਮੈਂਬਰਾਂ ਵੱਲੋਂ ਦੇਸ਼ ਦੇ ਗੰਭੀਰ ਮੁੱਦਿਆਂ 'ਤੇ ਚਰਚਾ ਕਰਦਿਆਂ ਕਿਹਾ ਕਿ ਬ੍ਰਾਹਮਣੀ ਹਿੰਦੂਤਵ ਫਾਸ਼ੀਵਾਦੀ ਮੋਦੀ ਸਰਕਾਰ ਨੇ ਮਾਓਵਾਦੀਆਂ ਦੀ ਅਗਵਾਈ ਦੇ ਵਿੱਚ ਬਸਤਰ ਖੇਤਰ ਵਿੱਚ ਵੱਡਾ ਫੌਜੀ ਹੱਲਾ ਕੀਤਾ ਹੈ।ਲੰਮੇ ਸਮੇਂ ਤੋਂ ਆਦਿਵਾਸੀ ਜਲ ਜੰਗਲ ਜ਼ਮੀਨ ਤੇ ਸਵੈਮਾਨ ਲਈ ਲੰਮੇ ਸਮੇਂ ਤੋਂ ਲੜਾਈ ਲੜਦੇ ਆ ਰਹੇ ਹਨ।ਫਾਸ਼ੀ ਮੋਦੀ ਹਕੂਮਤ ਨੇ ਆਪਣੇ ਹੀ ਲੋਕਾਂ ਦੇ ਵਿਰੁੱਧ ਜੰਗ ਛੇੜ ਰੱਖੀ ਹੈ ਤੇ ਵੱਡੀ ਪੱਧਰ 'ਤੇ ਪੁਲਸ, ਅਰਧਸੈਨਿਕ ਬਲ ਤੇ ਹਵਾਈ ਫੌਜ ਨੂੰ ਜੰਗ ਵਿੱਚ ਉਤਾਰ ਰੱਖਿਆ ਹੈ।5-5 ਕਿਲੋਮੀਟਰ ਦੀ ਦੂਰੀ 'ਤੇ ਪੱਕੀਆਂ ਛੌਣੀਆਂ ਬਿਠਾ ਦਿੱਤੀਆਂ ਹਨ।ਆਦਿਵਾਸੀਆਂ ਤੇ ਮਾਓਵਾਦੀਆਂ ਦੇ ਸੱਚੇ ਝੂਠੇ ਪੁਲਸ ਮੁਕਾਬਲੇ ਬਣਾਏ ਜਾ ਰਹੇ ਹਨ।ਸੰਘਰਸ਼ ਕਰ ਰਹੇ ਲੋਕਾਂ ਦੀ ਮੰਗ ਵੱਲ ਗੌਰ ਕਰਨ ਦੀ ਬਜਾਏ ਵੱਡਾ ਹਮਲਾ ਬੋਲਿਆ ਹੋਇਆ ਹੈ।ਹਾਕਮ ਆਗੂਆਂ ਨੂੰ ਮਾਰ ਕੇ ਆਦਿ ਵਾਸੀਆਂ ਨੂੰ ਆਗੂ ਰਹਿਤ ਕਰ ਰਹੇ ਹਨ।ਉਸ ਖੇਤਰ ਵਿੱਚ ਖਣਿਜ ਪਦਾਰਥਾਂ ਦੀ ਲੁੱਟ ਕਰਾਉਂਣ ਲਈ, ਦੇਸ਼ੀ ਵਿਦੇਸ਼ੀ ਕਾਰਪੋਰੇਟਾਂ ਨੂੰ ਸੱਦੇ ਦੇ ਰਹੇ ਹਨ, ਜਦਕਿ ਮਾਓਵਾਦੀ ਚਿੱਠੀਆਂ ਕੱਢ ਕੇ ਸਰਕਾਰ ਨੂੰ ਗੱਲਬਾਤ ਕਰਨ ਲਈ ਕਹਿ ਰਹੇ ਹਨ। ਸਰਕਾਰ ਉਨ੍ਹਾਂ ਨਾਲ ਗੱਲਬਾਤ ਕਰਨ ਤੋਂ ਭੱਜ ਰਹੀ ਹੈ।ਬਹੁਤ ਸਾਰੀਆਂ ਜਥੇਬੰਦੀਆਂ ਤੇ ਬੁੱਧੀਜੀਵੀ ਵੀ ਮੰਗ ਕਰ ਰਹੇ ਹਨ, ਇਹ ਮੋਦੀ ਸਰਕਾਰ ਉਨ੍ਹਾਂ ਦੇ ਮਸਲੇ ਸੁਣੇ।ਗੱਲਬਾਤ ਕਰਨ ਦਾ ਮਾਹੌਲ ਸਿਰਜਣ ਲਈ ਫੌਜੀ ਤਾਕਤਾਂ ਨੂੰ ਉਸ ਖੇਤਰ ਵਿੱਚੋਂ ਪਿੱਛੇ ਹਟਾਵੇ।ਗ੍ਰਹਿ ਮੰਤਰੀ ਬਿਆਨ 'ਤੇ ਬਿਆਨ ਦੇ ਰਿਹਾ ਹੈ 31 ਮਾਰਚ 2026 ਤੱਕ ਬਸਤਰ ਨੂੰ ਨਕਸਲ ਮੁਕਤ ਕਰ ਦੇਣਾ ਹੈ।ਅੱਧੀ ਦਰਜਨ ਤੋਂ ਉਪਰ ਸ਼ਹੀਦ ਹੋਏ ਮਾਓਵਾਦੀਆਂ ਦੀਆਂ ਲਾਸ਼ਾਂ ਵੀ ਪਰਿਵਾਰਾਂ ਨੂੰ ਨਹੀਂ ਸੌਂਪੀਆਂ, ਜਦਕਿ ਹਾਈ ਕੋਰਟ ਨੇ ਲਾਸ਼ਾਂ ਦੇਣ ਦੇ ਆਰਡਰ ਕੀਤੇ ਸਨ।ਬਸਤਰ ਦੀ ਧਰਤੀ ਹਕੂਮਤ ਨੇ ਖੂਨ ਵਿੱਚ ਲੱਥ ਪੱਥ ਕਰ ਦਿੱਤੀ ਹੈ।ਸ਼ਹੀਦ ਕਾਮਰੇਡ ਚਾਰੂ ਮਜ਼ੂਮਦਾਰ, ਸ਼ਹੀਦ ਕਨਈ ਚੈਟਰਜੀ, ਸ਼ਹੀਦ ਬੂਝਾ ਸਿੰਘ ਜੀ, ਕਾਮਰੇਡ ਸ਼ਮਸ਼ੇਰ ਸ਼ੇਰੀ, ਕਾਮਰੇਡ ਬਸਵਾ ਰਾਜੂ, ਸ਼ਹੀਦ ਕਾਮਰੇਡ ਅਵਤਾਰ ਢੁੱਡੀਕੇ, ਕਾਮਰੇਡ ਲਾਲ ਇੰਦਰ ਕੁਮਾਰ ਲਾਲੀ, ਪ੍ਰਿਥੀਪਾਲ ਸਿੰਘ ਰੰਧਾਵਾ ਤੇ ਸ਼ਹੀਦ ਉਧਮ ਸਿੰਘ ਦਾ ਸ਼ਹੀਦੀ ਸਮਾਗਮ 27 ਜੁਲਾਈ ਨੂੰ 11 ਵਜੇ ਤੋਂ ਢਾਈ ਵਜੇ ਤੱਕ ਸੁਤੰਤਰਤਾ ਸੈਲਾਨੀ ਹਾਲ ਮੋਗਾ ਵਿਖੇ ਕੀਤਾ ਜਾਵੇਗਾ। 28 ਜੁਲਾਈ ਨੂੰ ਸ਼ਹੀਦ ਕਾਮਰੇਡ ਬਾਬਾ ਬੂਝਾ ਸਿੰਘ ਦਾ ਸ਼ਹੀਦੀ ਦਿਨ ਉਨ੍ਹਾਂ ਦੇ ਜੱਦੀ ਪਿੰਡ ਚੱਕਮਾਈ ਦਾਸ (ਨਵਾਂ ਸ਼ਹਿਰ) ਉਨ੍ਹਾਂ ਦੀ ਬਣੀ ਯਾਦਗਰ 'ਤੇ ਸ਼ਾਮੀ 4 ਵਜੇ ਪ੍ਰੈੱਸ ਸਕੱਤਰ ਲੋਕਰਾਜ ਮਹਿਰਾਜ ਦੀ ਅਗਵਾਈ ਵਿੱਚ ਸ਼ਰਧਾਂਜਲੀ ਅਰਪਣ ਕੀਤੀ ਜਾਵੇਗੀ।ਲੋਕ ਸੰਗਰਾਮ ਮੋਰਚਾ ਦੋਨਾਂ ਪ੍ਰੋਗਰਾਮਾਂ ਵਿੱਚ ਲੋਕਾਂ ਨੂੰ ਸ਼ਮੂਲੀਅਤ ਕਰਨ ਦੀ ਅਪੀਲ ਕਰਦਾ ਹੈ।

# ਨਸ਼ਾ ਮੁਕਤੀ ਯਾਤਰਾ ਦੀ ਸਫ਼ਲਤਾ ਲਈ ਲੋਕਾਂ ਨੂੰ ਲਾਮਬੰਦ ਹੋਣ ਦਾ ਸੱਦਾ

## ਐੱਸ ਡੀ ਐੱਮ ਚੇਤਨ ਬੰਗੜ ਤੇ ਨਸ਼ਾ ਮੁਕਤੀ ਮੋਰਚਾ ਦੇ ਜ਼ਿਲ੍ਹਾ ਕੋਆਰਡੀਨੇਟਰ ਚੌਹਾਨ ਵੱਲੋਂ ਸਮੀਖਿਆ ਮੀਟਿੰਗ



**ਅਮਲੋਹ (ਪ੍ਰਮੋਦ ਭਾਰਦਵਾਜ)**

ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਜੋਸ਼ੋ ਖਰੋਸ਼ ਨਾਲ ਚੱਲ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਮੁੜ ਆਰੰਭ ਹੋਣ ਜਾ ਰਹੀ ਨਸ਼ਾ ਮੁਕਤੀ ਯਾਤਰਾ ਨੂੰ ਅਮਲੋਹ ਸਬ ਡਵੀਜ਼ਨ ਦੇ ਪਿੰਡਾਂ ਵਿੱਚ ਸਫ਼ਲ ਬਣਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਜਾਇਜ਼ਾ ਲੈਂਦੇ ਹੋਏ ਐੱਸ ਡੀ ਐੱਮ ਚੇਤਨ ਬੰਗੜ ਨੇ ਕਿਹਾ ਕਿ ਇਹ ਸੁਨਹਿਰਾ ਸਮਾਂ ਹੈ, ਜਦੋਂ ਸਾਰੇ ਨਾਗਰਿਕ ਇਕਜੁੱਟ ਹੋ ਕੇ ਇਸ ਵੱਡੀ ਸਮਾਜਿਕ ਬੁਰਾਈ ਦਾ ਹਮੇਸ਼ਾ ਲਈ ਖਾਤਮਾ ਕਰ ਸਕਦੇ ਹਨ।ਉਨ੍ਹਾਂ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਉਦੋਂ ਹੀ ਪੂਰੀ ਤਰ੍ਹਾਂ ਸਫ਼ਲ ਹੋ ਸਕਦੀ ਹੈ, ਜਦੋਂ ਹਰ ਨਾਗਰਿਕ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਇਹ ਦ੍ਰਿੜ੍ਹ ਇਰਾਦਾ ਕਰੇਗਾ ਕਿ ਉਹ ਨਾ ਤਾਂ ਖੁਦ ਨਸ਼ਾ ਕਰੇਗਾ ਤੇ ਨਾ ਹੀ ਕਿਸੇ ਹੋਰ ਨੂੰ ਨਸ਼ਾ ਕਰਨ ਦੇਵੇਗਾ।ਇਸ ਮੌਕੇ ਨਸ਼ਾ ਮੁਕਤੀ ਮੋਰਚਾ ਦੇ ਜ਼ਿਲ੍ਹਾ ਕੋਆਰਡੀਨੇਟਰ ਓਂਕਾਰ ਸਿੰਘ ਚੌਹਾਨ ਤੇ ਡੀਐੱਸਪੀ ਗੁਰਦੀਪ ਸਿੰਘ ਨੇ ਵੀ ਨਸ਼ਾ ਮੁਕਤੀ ਯਾਤਰਾ ਬਾਰੇ ਵਿਚਾਰ ਸਾਂਝੇ ਕੀਤੇ।ਮੀਟਿੰਗ ਦੌਰਾਨ ਐੱਸ ਡੀ ਐੱਮ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਤਸਕਰਾਂ ਖਿਲਾਫ਼ ਸਖਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।ਉਨ੍ਹਾ ਕਿਹਾ ਕਿ ਅਮਲੋਹ ਸਬ ਡਵੀਜ਼ਨ ਦੇ ਸ਼ਹਿਰੀ ਤੇ ਦਿਹਾਤੀ ਖੇਤਰਾਂ ਵਿੱਚ ਨਾਗਰਿਕਾਂ ਨੇ ਵੀ ਇਸ ਯਾਤਰਾ ਪ੍ਰਤੀ ਸਾਰਥਕ ਹੁੰਗਾਰਾ ਦਿੱਤਾ ਹੈ ਅਤੇ ਸਾਰਿਆਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਕਿ ਜੇਕਰ ਕਿਸੇ ਵੀ ਪਿੰਡ ਦਾ ਕੋਈ ਵਿਅਕਤੀ, ਨਸ਼ੇ ਦੀ ਵਿਕਰੀ ਕਰਦਾ ਜਾਂ ਤਸਕਰੀ ਕਰਦਾ ਪਾਇਆ ਜਾਂਦਾ ਹੈ ਤਾਂ ਅਜਿਹੇ ਵਿਅਕਤੀ ਦੀ ਮਦਦ ਨਾ ਕੀਤੀ ਜਾਵੇ ਤੇ ਨਾ ਹੀ ਜ਼ਮਾਨਤ ਦਿੱਤੀ ਜਾਵੇ।

ਇਸ ਮੌਕੇ ਨਸ਼ਾ ਮੁਕਤੀ ਮੋਰਚਾ ਦੇ ਜ਼ਿਲ੍ਹਾ ਕੋਆਰਡੀਨੇਟਰ ਓਂਕਾਰ ਸਿੰਘ ਚੌਹਾਨ ਨੇ ਦੱਸਿਆ ਕਿ ਵੱਡੀ ਗਿਣਤੀ ਵਿੱਚ ਸਮਾਜ ਸੇਵਕ ਤੇ ਹੋਰ ਵਲੰਟੀਅਰ ਸਵੈ-ਇੱਛਾ ਨਾਲ ਇਸ ਮੁਹਿੰਮ ਦਾ ਹਿੱਸਾ ਬਣ ਰਹੇ ਹਨ ਤੇ ਹਰ ਘਰ ਤੱਕ ਪਹੁੰਚ ਬਣਾ ਕੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਕਰਨ ਦਾ ਮਿਥਿਆ ਗਿਆ ਟੀਚਾ, ਜਲਦੀ ਹੀ ਸਾਕਾਰ ਹੋਵੇਗਾ।ਉਨ੍ਹਾਂ ਕਿਹਾ ਕਿ ਲੋਕ ਇਸ ਮੁਹਿੰਮ ਤੋਂ ਪੂਰੀ ਤਰ੍ਹਾਂ ਖੁਸ਼ ਹਨ ਤੇ ਨਸ਼ਾ ਮੁਕਤੀ ਯਾਤਰਾ ਨੂੰ ਚੁਫੇਰਿਓਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਮੀਟਿੰਗ ਦੌਰਾਨ ਡੀ ਐੱਸ ਪੀ ਗੁਰਦੀਪ ਸਿੰਘ, ਥਾਣਾ ਮੁਖੀ, ਸੀਨੀਅਰ ਮੈਡੀਕਲ ਅਫ਼ਸਰ, ਬੀਡੀਪੀਓ, ਈਓ, ਨਸ਼ਾ ਮੁਕਤੀ ਮੋਰਚਾ ਦੇ ਅਹੁਦੇਦਾਰ ਤੇ ਵਲੰਟੀਅਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਸਰਕਾਰੀ ਮਿਡਲ ਸਕੂਲ ਨੂੰ ਇਨਵਰਟਰ ਬੈਟਰਾ ਭੇਟ




**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਰੋਟਰੀ ਕਲੱਬ ਪਾਤੜਾਂ ਰੋਇਲ ਵੱਲੋਂ ਸਰਕਾਰੀ ਮਿਡਲ ਸਕੂਲ ਵਿੱਚ ਇਨਵਰਟਰ ਬੈਟਰੀ ਲਵਾਇਆ ਗਿਆ, ਜਿਸ ਦੀ ਸੇਵਾ ਰਾਕੇਸ਼ ਸਿੰਗਲਾ ਸੋਨੀ ਵੱਲੋਂ ਕਰਾਈ ਗਈ।ਕਲੱਬ ਪ੍ਰਧਾਨ ਹਰਮੇਸ਼ ਸਿੰਗਲਾ ਨੇ ਦੱਸਿਆ ਕਿ ਸਕੂਲ ਵਿੱਚ ਗਰਮੀਆਂ ਦੇ ਮੌਸਮ ਵਿੱਚ ਬਿਜਲੀ ਦੇ ਕੱਟਾਂ ਕਾਰਨ ਬੱਚਿਆਂ ਨੂੰ ਪੜ੍ਹਾਈ ਵਿੱਚ ਬਹੁਤ ਮੁਸ਼ਕਲ ਹੁੰਦੀ ਸੀ, ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਕਲੱਬ ਵੱਲੋਂ ਇਨਵਰਟਰ ਤੇ ਬੈਟਰੀ ਲਾਇਆ ਗਿਆ।ਉਨ੍ਹਾਂ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਨੂੰ ਸਮਾਜ ਭਲਾਈ ਦੇ ਕੰਮਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਇਸ ਦੌਰਾਨ ਸਕੂਲ ਦੇ ਇੰਚਾਰਜ ਜਸਪ੍ਰੀਤ ਸਿੰਘ ਨੇ ਕਲੱਬ ਮੈਂਬਰਾਂ ਦਾ ਧੰਨਵਾਦ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕਲੱਬ ਸੈਕਟਰੀ ਰਾਕੇਸ਼ ਗੋਇਲ, ਕੈਸ਼ੀਅਰ ਮਿੰਕਲ ਗਰਗ, ਰਾਕੇਸ਼ ਸਿੰਗਲਾ ਸੋਨੀ, ਕਪਿਲ ਕੌਸ਼ਲ ਮਲਿਕ, ਕੁਨਾਲ ਗੋਇਲ, ਨਰਾਇਣ ਗਰਗ, ਰਾਕੇਸ਼ ਗਰਗ ਮਦਰ ਇੰਡੀਆ ਸਕੂਲ, ਅਸ਼ੋਕ ਗਰਗ, ਅਮਨਦੀਪ ਸਿੰਘ, ਭਾਰਤ ਭੂਸ਼ਣ, ਅਰੁਣ ਸਿੰਗਲਾ, ਬ੍ਰਿਜ ਲਾਲ, ਵਿਸ਼ਾਲ ਗੋਇਲ, ਦੀਪਕ ਗਰਗ, ਹਰਮੇਸ਼ ਨਰੈਣ, ਰਾਕੇਸ਼ ਗੋਇਲ, ਸੰਦੀਪ ਗੁਪਤਾ, ਅਮਿਤ ਗਰਗ, ਸੁਨੀਲ ਮਿੱਤਲ, ਗੋਬਿੰਦ ਸਿੰਘ ਵਿਰਦੀ, ਹੈਪੀ ਸਿੰਗਲਾ, ਡਾ. ਅਮਨ ਸ਼ਰਮਾ, ਡਾ ਅਸ਼ੋਕ ਗਰਗ, ਡਾ ਮੋਹਨ ਸਿੰਗਲਾ, ਜੀਵਨ ਸਿੰਗਲਾ, ਰਾਕੇਸ਼ ਸਿੰਗਲਾ ਗੁਰੂਕੁਲ ਸਕੂਲ, ਸੰਦੀਪ ਗੁਪਤਾ, ਰਜਿੰਦਰ ਬਾਂਸਲ, ਯੋਗੇਸ਼ ਗਰਗ ਆਦਿ ਹਾਜ਼ਰ ਸਨ।

# ਮੈਡੀਕਲ ਪ੍ਰੈਕਟੀਸ਼ਨਰ ਕੂੜ ਪ੍ਰਚਾਰ ਤੋਂ ਸੁਚੇਤ ਰਹਿਣ : ਵੈਦ ਧੰਨਾ ਮੱਲ



**ਜ਼ੀਰਾ (ਨਰਿੰਦਰ ਅਨੇਜਾ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਜ਼ਿਲ੍ਹਾ ਫਿਰੋਜ਼ਪੁਰ ਦੀ ਜਥੇਬੰਦਕ ਸਿੱਖਿਆ ਸਬੰਧੀ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਡਾ. ਹਰਭਜਨ ਕੰਬੋਜ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਮਾਨਸਾ, ਸੂਬਾ ਕੈਸ਼ੀਅਰ ਡਾ. ਰਾਕੇਸ਼ ਮਹਿਤਾ ਅਤੇ ਸਮੂਹ ਜ਼ਿਲ੍ਹਾ ਤੇ ਬਲਾਕ ਆਗੂਆਂ ਨੇ ਸ਼ਿਰਕਤ ਕੀਤੀ ਅਤੇ ਮੌਜੂਦਾ ਸਮੱਸਿਆਵਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਨੇ ਮੀਟਿੰਗ ਵਿੱਚ ਪਹੁੰਚੇ ਬਲਾਕ ਮੁੱਦਕੀ ਸ਼ਹਿਰੀ ਦੇ ਨਵੇਂ ਚੁਣੇ ਪ੍ਰਧਾਨ ਡਾ. ਅਵਤਾਰ ਸਿੰਘ, ਮੀਤ ਪ੍ਰਧਾਨ ਡਾ. ਬੇਅੰਤ ਸਿੰਘ ਮੁੱਦਕੀ ਨੂੰ ਵਧਾਈ ਦਿੰਦਿਆਂ ਗੁੰਮਰਾਹਕੁਨ, ਕੂੜ ਪ੍ਰਚਾਰ ਤੋਂ ਸੁਚੇਤ ਰਹਿਣ, ਜਥੇਬੰਦਕ ਜ਼ਾਬਤੇ ਵਿੱਚ ਰਹਿੰਦਿਆਂ ਨਿੱਜਤਾ ਤੋਂ ਉੱਪਰ ਉੱਠ ਕੇ ਸਹਿਣਸ਼ੀਲਤਾ ਰੱਖਣ ਤੇ ਭਰਾਤਰੀ ਸਾਂਝ ਨੂੰ ਵਧਾਉਂਦਿਆਂ ਜਥੇਬੰਦੀ ਦੀ ਚੜ੍ਹਦੀ ਕਲਾ ਲਈ ਤਨਦੇਹੀ ਨਾਲ ਉਪਰਾਲੇ ਕਰਨ ਲਈ ਪ੍ਰੇਰਿਆ।ਇੱਕ ਸਵਾਲ ਦਾ ਜਵਾਬ ਦਿੰਦਿਆਂ ਸੂਬਾ ਆਗੂਆਂ ਨੇ ਜ਼ਿਲ੍ਹਾ ਬਰਨਾਲਾ ਦਾ ਪਿਛਲੇ ਦਿਨੀਂ ਤਰਕਸ਼ੀਲ ਭਵਨ ਵਿਖੇ ਹੋਈ ਜਥੇਬੰਦਕ ਕਨਵੈਨਸ਼ਨ ਤੇ ਅਜਲਾਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਜਲਾਸ 'ਚ ਸਮੂਹ ਜ਼ਿਲ੍ਹਾ ਤੇ ਬਲਾਕ ਕਮੇਟੀਆਂ ਦੀ ਅਗਵਾਈ ਵਿੱਚ ਵੱਡੀ ਗਿਣਤੀ ਡੈਲੀਗੇਟ ਸਾਥੀਆਂ ਨੇ ਸ਼ਮੂਲੀਅਤ ਕੀਤੀ।ਸੂਬਾ ਆਗੂਆਂ ਦੇ ਨਾਲ ਮਜ਼ਦੂਰਾਂ, ਕਿਸਾਨਾਂ, ਔਰਤਾਂ ਵਕੀਲਾਂ, ਬੇਰੁਜ਼ਗਾਰ ਅਧਿਆਪਕਾਂ ਤੇ ਲੋਕ ਹਿੱਤਾਂ ਲਈ ਲੜਨ ਵਾਲੀਆਂ ਜਥੇਬੰਦੀਆਂ ਦੇ ਆਗੂਆਂ ਤੇ ਇਨਕਲਾਬੀ ਗੀਤਕਾਰ ਅਜ਼ਮੇਰ ਅਕਲੀਆ ਨੇ ਵੀ ਕਨਵੈਨਸ਼ਨ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਉਨ੍ਹਾਂ ਆਪਣੇ ਵੱਡਮੁੱਲੇ ਵਿਚਾਰ ਸਾਂਝੇ ਕਰਦਿਆਂ ਨਿੱਜੀ ਹਿੱਤਾਂ ਤੋਂ ਉੱਪਰ ਉੱਠ ਭਵਿੱਖੀ ਚਣੌਤੀਆਂ ਦਾ ਸਾਹਮਣਾ ਕਰਨਾ ਲਈ ਤੇ ਕਿੱਤੇ ਦੀ ਰਾਖੀ ਕਰਨ ਲਈ ਨਿੱਜਤਾ ਤੋਂ ਉੱਪਰ ਉੱਠ ਵਿਸ਼ਾਲ ਅਤੇ ਸਾਂਝੇ ਸੰਘਰਸ਼ਾਂ ਦੀ ਅਣਸਰਦੀ ਲੋੜ 'ਤੇ ਜ਼ੋਰ ਦਿੱਤਾ।ਸੂਬਾ ਕਮੇਟੀ ਦੀ ਰਿਪੋਰਟ ਸਾਂਝੀ ਕਰਦਿਆਂ ਪਿਛਲੇ ਅੱਠ ਮਹੀਨਿਆਂ ਦੀ ਕਾਰਗੁਜ਼ਾਰੀ ਤੋਂ ਜਾਣੂ ਕਰਵਾਉਂਦਿਆਂ ਭਵਿੱਖ ਦੀ ਵਿਉਂਤਬੰਦੀ ਤੇ ਚਣੌਤੀਆਂ ਪ੍ਰਤੀ ਸੁਚੇਤ ਕੀਤਾ।ਮੀਟਿੰਗ ਵਿੱਚ ਉਪਰੋਕਤ ਸੂਬਾ ਤੇ ਜ਼ਿਲ੍ਹਾ ਆਗੂਆਂ ਤੋਂ ਇਲਾਵਾ ਜ਼ਿਲ੍ਹਾ ਕਮੇਟੀ ਦੇ ਕੈਸ਼ੀਅਰ ਡਾਕਟਰ ਬਿਸ਼ਨ ਦਾਸ, ਸਕੱਤਰ ਡਾਕਟਰ ਸੰਤੋਖ ਸਿੰਘ, ਪ੍ਰੈੱਸ ਸਕੱਤਰ ਮਨਪ੍ਰੀਤ ਸਿੰਘ, ਸਲਾਹਕਾਰ ਡਾਕਟਰ ਜਸਵੰਤ ਸਿੰਘ ਭੱਟੀ, ਸਟੇਜ ਸਕੱਤਰ ਡਾ. ਸ਼ਵਿੰਦਰ ਸਿੰਘ, ਮੀਤ ਪ੍ਰਧਾਨ ਡਾ. ਵਰਜਿੰਦਰ ਸਿੰਘ, ਸਹਾਇਕ ਸਕੱਤਰ ਡਾ. ਗੁਰਪ੍ਰੀਤ ਸਿੰਘ, ਸਹਾਇਕ ਚੇਅਰਮੈਨ ਡਾ. ਤਿਲਕ ਸਿੰਘ, ਸਹਾਇਕ ਸਟੇਜ ਸਕੱਤਰ ਡਾ. ਧਰਮਿੰਦਰ ਸਿੰਘ, ਵੱਖ ਵੱਖ ਬਲਾਕ ਫਿਰੋਜ਼ਪੁਰ ਦਿਹਾਤੀ ਦੇ ਪ੍ਰਧਾਨ ਡਾ. ਹਰਜਿੰਦਰ ਸਿੰਘ, ਬਲਾਕ ਜ਼ੀਰਾ ਦੇ ਡਾ. ਆਤਮਾ ਸਿੰਘ, ਬਲਾਕ ਜ਼ੀਰਾ ਪ੍ਰਧਾਨ ਡਾ. ਸ਼ਮਸ਼ੇਰ ਸਿੰਘ, ਫਿਰੋਜ਼ਪੁਰ ਸਿਟੀ ਦੇ ਪ੍ਰਧਾਨ ਡਾ. ਭਜਨ ਸਿੰਘ, ਫਿਰੋਜ਼ਪੁਰ ਛਾਉਣੀ ਦੇ ਪ੍ਰਧਾਨ ਡਾ. ਅਨਿਲ ਸ਼ਰਮਾ, ਬਲਾਕ ਮੱਲਾਂਵਾਲਾ ਦੇ ਪ੍ਰਧਾਨ ਡਾ. ਗੁਰਪਿੰਦਰ ਸਿੰਘ, ਬਲਾਕ ਮਮਦੋਟ ਦੇ ਆਗੂ ਡਾ. ਅਸ਼ੋਕ ਕੁਮਾਰ, ਬਲਾਕ ਮੁੱਦਕੀ ਸ਼ਹਿਰੀ ਦੇ ਡਾ. ਅਵਤਾਰ ਸਿੰਘ ਤੇ ਹੋਰ ਵੱਖ ਵੱਖ ਬਲਾਕਾਂ ਦੇ ਸੀਨੀਅਰ ਆਗੂਆਂ ਨੇ ਵੀ ਸ਼ਮੂਲੀਅਤ ਕੀਤੀ।

16-JULY-PAGE-6.qxd 7/15/2025 10:50 PM Page 1



## ਹਮੀਦੀ 'ਚ ਚੋਰ ਗ੍ਰੋਹ ਵੱਲੋਂ ਮੋਟਰਾਂ ਦੀਆਂ ਕੇਬਲਾਂ ਚੋਰੀ, ਕਿਸਾਨਾਂ ਕੀਤੀ ਨਾਅਰੇਬਾਜ਼ੀ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਿੰਡ ਹਮੀਦੀ ਵਿਖੇ ਚੋਰ ਗ੍ਰੋਹ ਵੱਲੋਂ ਦਰਜਨ ਦੇ ਕਰੀਬ ਕਿਸਾਨਾਂ ਦੀਆਂ ਖੇਤੀ ਮੋਟਰਾਂ ਤੋਂ ਕੇਬਲ ਤਾਰਾਂ ਚੋਰੀ ਕਰਕੇ ਕਿਸਾਨਾਂ ਨੂੰ ਭਾਰੀ ਆਰਥਿਕ ਨੁਕਸਾਨ ਪਹੁੰਚਾਇਆ ਗਿਆ ਹੈ।ਇਸ ਘਟਨਾ ਤੋਂ ਰੋਹ 'ਚ ਆਏ ਕਿਸਾਨਾਂ ਵੱਲੋਂ ਇਕੱਠੇ ਹੋ ਕੇ ਨਾਅਰੇਬਾਜ਼ੀ ਕੀਤੀ ਗਈ।ਪੀੜਤ ਕਿਸਾਨਾਂ ਨੇ ਦੱਸਿਆ ਕਿ ਅੱਜ ਚੋਰਾਂ ਨੇ ਰਜਵਾਹੇ ਤੋਂ ਖਿਆਲੀ ਨੂੰ ਜਾਂਦੇ ਕੱਚੇ ਰਸਤੇ ਅਤੇ ਸਹੌਰ ਨੂੰ ਜਾਂਦੇ ਰਸਤੇ 'ਤੇ ਸਥਿਤ ਮੋਟਰਾਂ ਨੂੰ ਨਿਸ਼ਾਨਾ ਬਣਾਇਆ।ਚੋਰ ਖੇਤੀ ਮੋਟਰਾਂ ਤੋਂ ਕੇਬਲ ਤਾਰਾਂ ਤੋਂ ਇਲਾਵਾ ਸਪਰੇਅ ਵਾਲੇ ਪੰਪ, ਭਾਂਡੇ ਤੱਕ ਵੀ ਚੋਰੀ ਕਰਕੇ ਲੈ ਗਏ।ਉਨ੍ਹਾਂ ਦੱਸਿਆ ਕਿ ਕਿਸਾਨ ਯਾਦਵਿੰਦਰ ਸਿੰਘ ਥਿੰਦ, ਰਾਜਵਿੰਦਰ ਸਿੰਘ, ਰਾਮ ਸਿੰਘ, ਰਮਨਦੀਪ ਸਿੰਘ ਚੀਮਾ, ਚਮਕੌਰ ਸਿੰਘ, ਗੁਰੂਘਰ ਦੀ ਜ਼ਮੀਨ ਦੀ ਮੋਟਰ, ਸਿਕੰਦਰਪਾਲ ਸਿੰਘ, ਮਨਦੀਪ ਸਿੰਘ, ਨਵਦੀਪ ਸਿੰਘ, ਦਰਸ਼ਨ ਸਿੰਘ, ਜਗਰੂਪ ਸਿੰਘ ਦੀਆਂ ਖੇਤੀ ਮੋਟਰਾਂ ਤੋਂ ਚੋਰ ਕੇਬਲ ਤਾਰਾਂ ਚੋਰੀ ਕਰਕੇ ਲੈ ਗਏ।ਕਿਸਾਨਾਂ ਨੇ ਗ੍ਰਾਮ ਪੰਚਾਇਤ ਨੂੰ ਨਾਲ ਲੈ ਕੇ ਚੋਰੀ ਦੀ ਘਟਨਾ ਬਾਰੇ ਪੁਲਸ ਥਾਣਾ ਠੁੱਲੀਵਾਲ ਵਿਖੇ ਸੂਚਨਾ ਦੇ ਦਿੱਤੀ ਹੈ।ਪੀੜਤ ਕਿਸਾਨਾਂ ਨੇ ਕਿਹਾ ਕਿ ਆਏ ਦਿਨ ਉਪਰੋਥਲੀ ਹੋ ਰਹੀਆਂ ਚੋਰੀ ਦੀਆਂ ਘਟਨਾਵਾਂ ਨੇ ਲੋਕਾਂ ਦੇ ਨੱਕ 'ਚ ਦਮ ਕਰ ਰੱਖਿਆ ਹੈ।

## ਵਿਦੇਸ਼ ਭੇਜਣ ਦੇ ਨਾਂਅ 'ਤੇ ਠੱਗੀ ਮਾਰਨ ਵਾਲਿਆਂ ਦੀ ਗ੍ਰਿਫ਼ਤਾਰੀ ਲਈ ਧਰਨਾ



**ਮਾਨਸਾ (ਆਤਮਾ ਸਿੰਘ ਪਮਾਰ)**
ਇਥੋਂ ਨੇੜਲੇ ਪਿੰਡ ਘਰਾਂਗਣਾ ਵਿਖੇ ਵਿਦੇਸ਼ ਭੇਜਣ ਦੇ ਨਾਂ 'ਤੇ ਕਥਿਤ ਠੱਗੀ ਮਾਰਨ ਵਾਲਿਆਂ ਦੀ ਗ੍ਰਿਫ਼ਤਾਰੀ ਲਈ ਸੀ ਪੀ ਆਈ ਐੱਮ ਐੱਲ ਲਿਬਰੇਸ਼ਨ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਆਇਰਲਾ ਵੱਲੋਂ ਥਾਣਾ ਸਦਰ ਮਾਨਸਾ ਅੱਗੇ ਧਰਨਾ ਲਗਾਇਆ ਗਿਆ। ਧਰਨੇ ਵਿੱਚ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਬਲਵਿੰਦਰ ਘਰਾਂਗਣਾ, ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਜ਼ਿਲ੍ਹਾ ਆਗੂ ਕਾਮਰੇਡ ਗੁਰਸੇਵਕ ਮਾਨ ਬੀਬੜੀਆਂ ਨੇ ਕਿਹਾ ਕਿ ਪਿੰਡ ਗੇਹਲੇ ਦੇ ਗਰੀਬ ਕਿਸਾਨ ਦੇ ਨੌਜਵਾਨ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਇੱਕ ਏਕੜ ਜ਼ਮੀਨ ਵਿਕਵਾ ਕੇ ਕਥਿਤ 30 ਲੱਖ ਰੁਪਏ ਲਏ ਗਏ ਅਤੇ ਪੀੜਤ ਨੂੰ ਵਿਦੇਸ਼ ਦੀਆਂ ਕਾਨੂੰਨੀ ਅੜਿਚਣਾਂ ਬਾਰੇ ਲਗਾਤਾਰ ਲਾਰਾ ਲਾ ਕੇ ਰੱਖਿਆ ਗਿਆ। ਇਹ ਸਭ ਕੁੱਝ ਦੋ-ਤਿੰਨ ਸਾਲ ਚੱਲਦਾ ਰਿਹਾ। ਇਸੇ ਚੱਕਰ ਵਿੱਚ ਪੀੜਤ ਨੌਜਵਾਨ ਦਾ ਪਿਤਾ ਮਾਨਸਿਕ ਤੌਰ 'ਤੇ ਬਿਮਾਰ ਰਹਿਣ ਲੱਗਾ ਤੇ ਬਿਮਾਰੀ ਦੇ ਚੱਕਰ ਵਿੱਚ ਹੀ ਪੀੜਤ ਨੌਜਵਾਨ ਦੇ ਪਿਤਾ ਦੀ ਮੌਤ ਹੋ ਗਈ, ਪ੍ਰੰਤੂ ਠੱਗੀ ਮਾਰਨ ਵਾਲਿਆਂ 'ਤੇ ਇਸ ਦਾ ਵੀ ਕੋਈ ਅਸਰ ਨਹੀਂ ਹੋਇਆ।ਆਗੂਆਂ ਨੇ ਮੰਗ ਕੀਤੀ ਕਿ ਕੈਨੇਡਾ ਵਿੱਚ ਪੀ ਆਰ ਪ੍ਰਭਜੋਤ ਕੌਰ ਲਈ ਲੁੱਕ ਆਊਟ ਨੋਟਿਸ ਜਾਰੀ ਕੀਤਾ ਜਾਵੇ ਤੇ ਪਟਿਆਲੇ ਵਿਖੇ ਰਹਿ ਰਹੇ ਬਾਕੀ ਮੁਲਜ਼ਮਾਂ ਨੂੰ ਪੁਲਸ ਵੱਲੋਂ ਜਲਦੀ ਤੋਂ ਜਲਦੀ ਗ੍ਰਿਫ਼ਤਾਰ ਕਰੇ।ਇਸ ਧਰਨੇ ਵਿੱਚ ਪਹੁੰਚੇ ਐਂਟੀ ਡਰੱਗ ਟਾਸਕ ਫੋਰਸ ਦੇ ਆਗੂ ਪਰਵਿੰਦਰ ਸਿੰਘ ਝੋਟਾ ਤੇ ਗਗਨਦੀਪ ਸਿੰਘ ਸਿਰਸੀਵਾਲਾ ਨੇ ਵੀ ਧਰਨੇ ਦੀ ਹਮਾਇਤ ਕੀਤੀ।ਅੰਤ ਵਿੱਚ ਆਗੂਆਂ ਨੇ ਕਿਹਾ ਕਿ ਜੇਕਰ ਥਾਣਾ ਸਦਰ ਪੁਲਸ ਵੱਲੋਂ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਗ੍ਰਿਫਤਾਰ ਨਾ ਕੀਤਾ ਤਾਂ ਜਥੇਬੰਦੀ ਵੱਲੋਂ ਮਜਬੂਰ ਹੋ ਕੇ ਐੱਸ ਐੱਸ ਪੀ ਦਫਤਰ ਅੱਗੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ। ਪਤਾ ਲੱਗਾ ਹੈ ਕਿ ਪੁਲਸ ਵੱਲੋਂ ਧਰਨੇ ਵਿੱਚ ਪਹੁੰਚ ਕੇ ਜਲਦੀ ਗ੍ਰਿਫ਼ਤਾਰ ਕਰਨ ਦਾ ਵਿਸ਼ਵਾਸ ਦਿਵਾਇਆ ਗਿਆ ਤੇ ਕੁੱਝ ਦਿਨਾਂ ਦੀ ਮੋਹਲਤ ਦੇਣ ਲਈ ਧਰਨਾਕਾਰੀਆਂ ਨੂੰ ਅਪੀਲ ਵੀ ਕੀਤੀ।ਵਿਸ਼ਵਾਸ ਉਪਰੰਤ ਧਰਨੇ ਦੀ ਸਮਾਪਤੀ ਕਰ ਦਿੱਤੀ ਗਈ।ਧਰਨੇ ਨੂੰ ਕਾਮਰੇਡ ਦਰਸ਼ਨ ਸਿੰਘ ਦਾਨੇਵਾਲਾ, ਰਾਣੀ ਕੌਰ ਭੰਮੇ, ਸੰਜੇ ਕੁਮਾਰ ਘਰਾਂਗਣਾ, ਕਾਕਾ ਸਿੰਘ ਘਰਾਂਗਣਾ, ਪਿੰਡ ਇਕਾਈ ਦੇ ਆਗੂ ਮਿੱਠੂ ਸਿੰਘ ਗੇਹਲੇ, ਅਮਰੀਕ ਸਿੰਘ ਗੇਹਲੇ, ਹਰਦਮ ਸਿੰਘ ਗੇਹਲੇ, ਗੁਰਪ੍ਰੀਤ ਸਿੰਘ ਦੂਲੋਵਾਲ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

## 25 ਨੂੰ ਸੰਗਰੂਰ ਦੀ ਦਾਣਾ ਮੰਡੀ 'ਚ ਵੱਡੇ ਇਕੱਠ ਦਾ ਐਲਾਨ



**ਦਿੜ੍ਹਬਾ (ਜਸਵੀਰ ਲਾਡੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਦਿੜ੍ਹਬਾ ਦੇ ਪਿੰਡ ਇਕਾਈਆਂ ਘਨੌੜ ਰਾਮਪੁਰਾਂ (ਸੰਤਪੁਰਾ) ਤੇ ਘਨਾਲ ਖ਼ੁਰਦ ਦੀ ਚੋਣ ਨਵੇਂ ਸਿਰੇ ਤੋਂ (ਇਜਲਾਸ) ਬਲਾਕ ਪ੍ਰਧਾਨ ਭਰਪੂਰ ਸਿੰਘ ਮੌੜਾਂ ਅਤੇ ਬਲਾਕ ਪ੍ਰੈਸ ਸਕੱਤਰ ਚਰਨਜੀਤ ਸਿੰਘ ਘਨੌੜ (ਸੰਤਪੁਰਾ) ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਨਾਨਕ ਪਿੰਡ ਦੀ ਸੱਥ ਵਿੱਚ ਕੀਤੀ ਗਈ। ਇਸ ਚੋਣ ਵਿੱਚ ਪਿੰਡ ਵਾਸੀਆਂ ਨੇ ਭਾਗ ਲਿਆ ਤੇ ਚੋਣ ਸਰਬਸੰਮਤੀ ਨਾਲ ਕੀਤੀ ਗਈ।

ਬਲਾਕ ਸੀਨੀਅਰ ਮੀਤ ਪ੍ਰਧਾਨ ਹਰਬੰਸ ਸਿੰਘ ਦਿੜ੍ਹਬਾ, ਬਲਾਕ ਆਗੂ ਅਮਨਦੀਪ ਸਿੰਘ ਮਹਿਲਾਂ, ਜਸਵੰਤ ਸਿੰਘ ਸਮੂੰਰਾਂ ਤੇ ਹਰਜੀਤ ਸਿੰਘ ਮਹਿਲਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੀਟਿੰਗ ਵਿੱਚ ਅੱਜ ਦੇ ਏਜੰਡੇ ਤਹਿਤ ਜੋ ਪਿੰਡਾਂ ਵਿੱਚ ਮੈਂਬਰ ਸਲਿੱਪਾਂ ਕੱਟੀਆਂ ਸਨ, ਉਸ ਹਿਸਾਬ ਨਾਲ ਬਲਾਕ ਵੱਲੋਂ ਟੀਮ ਬਣਾ ਕੇ ਪਿੰਡਾਂ ਵਿੱਚ ਨਵੇਂ ਸਿਰੇ ਤੋਂ ਪਿੰਡ ਇਕਾਈਆਂ ਦੀਆਂ ਕਮੇਟੀਆਂ ਦੀਆ ਚੋਣਾਂ ਕਰਾਈਆਂ ਜਾ ਰਹੀਆਂ ਹਨ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਜੀਂਦ ਰਿਆਸਤ ਵਾਲੇ ਰਾਜੇ ਦੀ ਜ਼ਮੀਨ ਦੇ ਵਿੱਚ ਨਵਾਂ ਬੇਗਮਪੁਰਾ ਵਸਾਉਣ ਲਈ ਸੰਘਰਸ਼ ਕੀਤਾ ਜਾ ਰਿਹਾ ਸੀ, ਉਸ ਖਿਲਾਫ ਸਰਕਾਰ ਵੱਲੋਂ ਅਣਐਲਾਨੀ ਐਮਰਜੈਂਸੀ ਜੋ ਲਾਗੂ ਕੀਤੀ ਗਈ ਹੈ ਕਿ ਕੋਈ ਵੀ ਆਗੂ ਜਾਂ ਵਰਕਰ ਪਿੰਡਾਂ/ਸ਼ਹਿਰਾਂ ਦੇ ਵਿੱਚ ਮੀਟਿੰਗਾਂ ਰੈਲੀਆਂ ਨਹੀਂ ਕਰ ਸਕਣਗੇ, ਜਿਸ ਨੂੰ ਤੋੜਨ ਲਈ 25 ਜੁਲਾਈ ਨੂੰ ਸੰਗਰੂਰ ਦੀ ਦਾਣਾ ਮੰਡੀ ਵਿੱਚ ਕਿਸਾਨਾਂ/ਮਜ਼ਦੂਰਾਂ ਜਥੇਬੰਦੀਆਂ ਵੱਲੋਂ ਵੱਡਾ ਇਕੱਠ ਕਰਕੇ ਰੈਲੀ ਕੀਤੀ ਜਾਵੇਗੀ ਅਤੇ ਸ਼ਹਿਰ ਵਿੱਚੋਂ ਦੀ ਰੋਸ ਮੁਜ਼ਾਹਰਾ ਕੀਤਾ ਜਾਵੇਗਾ, ਜਿਸ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਭਰਮੀ ਗਿਣਤੀ ਕਿਸਾਨ ਔਰਤਾਂ ਤੇ ਨੌਜਵਾਨ ਸ਼ਾਮਲ ਹੋਣਗੇ। ਚੋਣ ਇਜਲਾਸ ਮੀਟਿੰਗ ਵਿੱਚ ਪਿੰਡ ਇਕਾਈ ਘਨੌੜ ਰਾਮਪੁਰਾਂ (ਸੰਤਪੁਰਾ) ਦੇ ਪ੍ਰਧਾਨ ਨਾਹਰ ਸਿੰਘ, ਜਨਰਲ ਸਕੱਤਰ ਅਵਤਾਰ ਸਿੰਘ, ਖਜ਼ਾਨਚੀ ਮਲਕੀਤ ਸਿੰਘ ਆਦਿ ਸਮੇਤ 15 ਮੈਂਬਰੀ ਕਮੇਟੀ ਨੂੰ ਚੁਣਿਆ ਗਿਆ ਤੇ ਪਿੰਡ ਇਕਾਈ ਘਨਾਲ ਖ਼ੁਰਦ ਦੇ ਪ੍ਰਧਾਨ ਹਰਵਿੰਦਰ ਸਿੰਘ, ਜਨਰਲ ਸਕੱਤਰ ਚਮਕੌਰ ਸਿੰਘ, ਖਜ਼ਾਨਚੀ ਮੀਤਾ ਸਿੰਘ ਤੇ ਇਸਤਰੀ ਵਿੰਗ ਦੇ ਪ੍ਰਧਾਨ ਭੈਣ ਜਸਵਿੰਦਰ ਕੌਰ,ਜਨਰਲ ਸਕੱਤਰ ਭੈਣ ਸੱਤਿਆ ਦੇਵੀ, ਮੈਂਬਰ ਸੀਲੋ ਕੌਰ, ਰਾਜ ਕੌਰ, ਜਸਵਿੰਦਰ ਕੌਰ,ਲਾਭ ਕੌਰ ਆਦਿ ਸਮੇਤ 27 ਮੈਂਬਰੀ ਕਮੇਟੀ ਨੂੰ ਸਰਵ ਸੰਮਤੀ ਨਾਲ ਚੁਣਿਆ ਗਿਆ ਤੇ ਚੁਣੀ ਹੋਈ ਸਾਰੀ ਕਮੇਟੀ ਟੀਮ ਹਾਜ਼ਰ ਸੀ।

## ਕਸਤੂਰੀ ਲਾਲ ਸਰਵਹਿੱਤਕਾਰੀ ਵਿੱਦਿਆ ਮੰਦਰ ਵਿਖੇ ਵਿਸ਼ੇਸ਼ ਵਰਕਸ਼ਾਪ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਰਵਹਿੱਤਕਾਰੀ ਸਿੱਖਿਆ ਸਮਿਤੀ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਲਾਲਾ ਕਸਤੂਰੀ ਲਾਲ ਸਰਵਹਿੱਤਕਾਰੀ ਸੀਨੀਅਰ ਸੈਕੰਡਰੀ ਵਿੱਦਿਆ ਮੰਦਰ ਵਿਖੇ ਵਿਗਿਆਨ ਪ੍ਰਸ਼ਨ ਮੰਚ ਨਾਲ ਸੰਬੰਧਤ ਇੱਕ ਵਿਸ਼ੇਸ਼ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।ਵੱਖ-ਵੱਖ ਵਿੱਦਿਆ ਮੰਦਰ ਮੰਡ ਤੇ ਤਪਾ ਤੋਂ ਇਲਾਵਾ ਸਹਾਇਕ ਸਕੂਲਾਂ ਦੇ ਕੁੱਲ 8 ਵਿਗਿਆਨ ਅਧਿਆਪਕਾਂ ਨੇ ਇਸ ਵਰਕਸ਼ਾਪ ਵਿੱਚ ਹਿੱਸਾ ਲਿਆ, ਜਿਸ ਵਿੱਚ ਪ੍ਰਗੀਤ ਮਹਿਤਾ, ਸਪਨਾ ਰਾਣੀ, ਜਸਪ੍ਰੀਤ ਕੌਰ, ਸ਼ਾਲੂ ਰਾਣੀ, ਕਾਜਲ, ਸਪਨਾ ਚੌਹਾਨ, ਕੁਲਵਿੰਦਰ ਤੇ ਅਧਿਆਪਕ ਅਕਸ਼ੈ ਸ਼ਾਮਲ ਸਨ।ਵਰਕਸ਼ਾਪ ਦਾ ਉਦੇਸ਼ ਸਿਸ਼ੂ, ਬਾਲ, ਕਿਸ਼ੋਰ ਅਤੇ ਤਰੁਣ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਵਿਗਿਆਨ ਪ੍ਰਸ਼ਨ ਮੰਚ ਲਈ ਪ੍ਰਸ਼ਨ ਤਿਆਰ ਕਰਨਾ ਸੀ।ਮੌਜੂਦ ਸਾਰੇ ਅਧਿਆਪਕਾਂ ਨੇ ਇਕੱਠੇ ਹੋ ਕੇ ਵੱਖ-ਵੱਖ ਕਲਾਸਾਂ ਲਈ ਢੁੱਕਵੇਂ ਤੇ ਜਾਣਕਾਰੀ ਭਰਪੂਰ ਪ੍ਰਸ਼ਨ ਤਿਆਰ ਕੀਤੇ, ਤਾਂ ਜੋ ਵਿਦਿਆਰਥੀਆਂ ਵਿੱਚ ਵਿਗਿਆਨ ਪ੍ਰਤੀ ਦਿਲਚਸਪੀ ਤੇ ਜਾਗਰੂਕਤਾ ਵਧਾਈ ਜਾ ਸਕੇ।ਵਾਈਸ ਪ੍ਰਿੰਸੀਪਲ ਵਿਕਰਮਜੀਤ ਸਿੰਘ ਨੇ ਸਾਰੇ ਅਧਿਆਪਕਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਅਜਿਹੇ ਸਮਾਗਮ ਵਿਦਿਆਰਥੀਆਂ ਦੇ ਬੌਧਿਕ ਵਿਕਾਸ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਅਤੇ ਵਿਗਿਆਨ ਸਿੱਖਿਆ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਵਿੱਚ ਮਦਦ ਕਰਦੇ ਹਨ।ਇਸ ਤੋਂ ਇਲਾਵਾ ਉਨ੍ਹਾਂ ਵਿਦਿਆਰਥੀਆਂ ਵਿੱਚ ਵਿਗਿਆਨ ਸੰਬੰਧੀ ਰੁਚੀ ਵਧਾਉਣ ਲਈ ਸਕੂਲਾਂ ਵਿੱਚ ਵਿਗਿਆਨ ਮੇਲੇ ਕਰਵਾਉਣ ਦੀ ਜਾਣਕਾਰੀ ਵੀ ਦਿੱਤੀ।ਵਰਕਸ਼ਾਪ 'ਚ ਸਾਰੇ ਹਾਜ਼ਰੀਨ ਨੇ ਵਿਗਿਆਨ ਪ੍ਰਸ਼ਨ ਮੰਚ ਨੂੰ ਸਫਲ ਬਣਾਉਣ ਵਿੱਚ ਸਹਿਯੋਗ ਕਰਨ ਦਾ ਵਾਅਦਾ ਕੀਤਾ।ਵਰਕਸ਼ਾਪ ਦੀ ਸਮਾਪਤੀ ਸ਼ੁਭਮ ਮੰਤਰ ਨਾਲ ਕੀਤੀ ਗਈ ਤੇ ਰਿਫਰੈਸ਼ਮੈਂਟ ਦਾ ਪ੍ਰਬੰਧ ਕੀਤਾ ਗਿਆ।

## ਜ਼ਿਲ੍ਹੇ ਦੇ ਤਿੰਨੋਂ ਹਲਕਿਆਂ ਦੀ ਸ਼ੋਸ਼ਲ ਮੀਡੀਆ ਟੀਮ ਦੀ ਮੀਟਿੰਗ



**ਕੋਟਕਪੂਰਾ (ਰਛਪਾਲ ਭੁੱਲਰ)**-ਦਿੱਲੀ ਦੇ ਸਾਬਕਾ ਸਿੱਖਿਆ ਮੰਤਰੀ ਤੇ ਪੰਜਾਬ ਪ੍ਰਭਾਰੀ ਸ੍ਰੀ ਮਨੀਸ਼ ਸਿਸੋਦੀਆ ਦੇ ਨਿਰਦੇਸ਼ਾਂ ਤੇ ਜ਼ਿਲ੍ਹਾ ਪ੍ਰਧਾਨ ਗੁਰਤੇਜ ਸਿੰਘ ਖੋਸਾ ਦੀ ਅਗਵਾਈ ਹੇਠ ਜ਼ਿਲ੍ਹਾ ਫਰੀਦਕੋਟ ਦੇ ਤਿੰਨੋਂ ਹਲਕਿਆਂ ਦੀ ਸ਼ੋਸ਼ਲ ਮੀਡੀਆ ਟੀਮ ਦੀ ਮੀਟਿੰਗ ਕੀਤੀ ਗਈ।ਇਸ ਦੌਰਾਨ ਮਨੀਸ਼ ਸਿਸੋਦੀਆ ਦੀ ਟੀਮ ਦੇ ਮੈਂਬਰ ਮਾਲਵਾ ਸੈਂਟਰਲ ਜ਼ੋਨ ਦੇ ਇੰਚਾਰਜ ਦੀਪਿਕ ਭਾਟਿਆ ਤੇ ਜ਼ੋਨ ਸੈਕਟਰੀ ਇੰਦਰਜੀਤ ਸਿੰਘ ਨੇ ਜ਼ਿਲ੍ਹਾ ਫਰੀਦਕੋਟ ਦੀ ਟੀਮ ਨੂੰ ਵੱਖ-ਵੱਖ ਸ਼ੋਸ਼ਲ ਮੀਡੀਆ ਪਲੇਟਫਾਰਮਾਂ ਬਾਰੇ ਜਾਣਕਾਰੀ ਦਿੰਦਿਆਂ 'ਆਪ' ਦੀਆਂ ਨੀਤੀਆਂ ਤੇ ਪ੍ਰੋਗਰਾਮਾਂ ਨੂੰ ਘਰ-ਘਰ ਪਹੁੰਚਾਉਣ ਦਾ ਸੁਨੇਹਾ ਦਿੱਤਾ।ਮੀਟਿੰਗ ਵਿੱਚ ਅਮਨਦੀਪ ਸਿੰਘ ਬਾਬਾ ਚੇਅਰਮੈਨ ਮਾਰਕਿਟ ਕਮੇਟੀ ਫਰੀਦਕੋਟ, ਗੁਰਮੀਤ ਸਿੰਘ ਆਰੇਵਾਲਾ ਚੇਅਰਮੈਨ ਮਾਰਕਿਟ ਕਮੇਟੀ ਕੋਟਕਪੂਰਾ, ਰਮਨਦੀਪ ਸਿੰਘ ਮੁਮਾਰਾ ਚੇਅਰਮੈਨ ਮਾਰਕਿਟ ਕਮੇਟੀ ਸਾਦਿਕ, ਜ਼ਿਲ੍ਹਾ ਇੰਚਾਰਜ ਪਰਵਿੰਦਰ ਸਿੰਘ ਮੱਲਾ, ਜ਼ਿਲ੍ਹਾ ਸਕੱਤਰ ਮਨਜੀਤ ਸ਼ਰਮਾ, ਸਿਮਰਜੀਤ ਸਿੰਘ ਪੱਖੀਕਲਾਂ ਹਲਕਾ ਇੰਚਾਰਜ ਫਰੀਦਕੋਟ ਤੇ ਹਲਕਾ ਸੈਕਟਰੀ ਕੁਲਦੀਪ ਸਿੰਘ ਚੰਨੀਆਂ, ਕਰਨਵੀਰ ਸਿੰਘ ਢਾਬ ਹਲਕਾ ਇੰਚਾਰਜ ਜੈਤੋ, ਕੁਲਦੀਪ ਸਿੰਘ ਸੰਧੂ ਹਲਕਾ ਸੈਕਟਰੀ ਕੋਟਕਪੂਰਾ, 'ਆਪ' ਆਗੂ ਪ੍ਰਿੰਸ ਬਹਿਲ ਸਮੇਤ ਸਮੂਹ ਬਲਾਕ ਸੋਸ਼ਲ ਮੀਡੀਆ ਇੰਚਾਰਜ ਆਦਿ ਹਾਜ਼ਰ ਸਨ।

## ਮੋਬਾਈਲ ਦੇ ਨਸ਼ੇ ਨੇ ਘਟਾਇਆ ਪਿਆਰ, ਵਧ ਰਹੇ ਬਿਰਧ ਆਸ਼ਰਮ : ਕਾ. ਸ਼ਾਮ ਸੁੰਦਰ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਸਮਾਜ ਸੇਵੀ ਕਾਮਰੇਡ ਸ਼ਾਮ ਸੁੰਦਰ ਨੇ ਵਧ ਰਹੀ ਮਨੁੱਖੀ ਬੇਹਿਸੀ ਅਤੇ ਪਰਵਾਰਕ ਮੁੱਲਾਂ ਦੀ ਘਟਦੀ ਜਾ ਰਹੀ ਮਹੱਤਤਾ 'ਤੇ ਗੰਭੀਰ ਚਿੰਤਾ ਪ੍ਰਗਟਾਈ ਹੈ।ਉਨ੍ਹਾਂ ਕਿਹਾ ਕਿ ਅਸੀਂ 21ਵੀਂ ਸਦੀ ਵਿੱਚ ਜ਼ਰੂਰ ਪਹੁੰਚ ਗਏ ਹਾਂ, ਪਰ ਅਫਸੋਸ ਦੀ ਗੱਲ ਇਹ ਹੈ ਕਿ ਪਰਿਵਾਰਾਂ ਵਿਚ ਪਿਆਰ, ਮਾਣ-ਸਨਮਾਨ ਘਟਦਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਮੋਬਾਈਲ ਅਤੇ ਡਿਜੀਟਲ ਦੁਨੀਆ ਨੇ ਜਿਥੇ ਸੂਚਨਾ ਤੇ ਤਕਨਾਲੋਜੀ ਦੇ ਖੇਤਰ ਵਿੱਚ ਤੇਜ਼ੀ ਨਾਲ ਤਰੱਕੀ ਕੀਤੀ ਹੈ, ਉੱਥੇ ਹੀ ਇਹ ਸਮਾਜਿਕ ਰਿਸ਼ਤਿਆਂ ਵਿਚ ਦੂਰੀ ਪੈਦਾ ਕਰਨ ਵਾਲਾ ਸਾਧਨ ਵੀ ਸਾਬਤ ਹੋ ਰਿਹਾ ਹੈ।ਕਾਮਰੇਡ ਸ਼ਾਮ ਸੁੰਦਰ ਨੇ ਚੇਤਾਵਨੀ ਦਿੱਤੀ ਕਿ ਇਸ ਡਿਜੀਟਲ ਅਸਰ ਕਾਰਨ ਹੀ ਬਿਰਧ ਆਸ਼ਰਮਾਂ ਦੀ ਸੰਖਿਆ ਤੇ ਉਨ੍ਹਾਂ ਵਿੱਚ ਰਹਿਣ ਵਾਲੇ ਬਜ਼ੁਰਗਾਂ ਦੀ ਗਿਣਤੀ ਦਿਨੋ ਦਿਨ ਵਧ ਰਹੀ ਹੈ, ਜੋ ਸਮਾਜ ਲਈ ਵੱਡਾ ਚਿੰਤਾ ਦਾ ਵਿਸ਼ਾ ਹੈ।ਉਨ੍ਹਾਂ ਅਫ਼ਸੋਸ ਜਤਾਇਆ ਕਿ ਅੱਜ ਦੀ ਪੀੜ੍ਹੀ ਆਪਣਾ ਧਿਆਨ ਮਾਂ-ਬਾਪ ਦੀ ਸੇਵਾ ਵੱਲ ਘਟਾ ਰਹੀ ਹੈ, ਜਿਵੇਂ ਜਾਪਦਾ ਹੈ ਕਿ ਲੋਕ ਸਫਲਤਾ ਦੀ ਦੌੜ ਵਿੱਚ ਤਾਈਂ ਮਗਨ ਹਨ ਕਿ ਉਹ ਆਪਣੇ ਮੂਲ ਰਿਸ਼ਤਿਆਂ ਅਤੇ ਕਰਤਵਿਆਂ ਤੋਂ ਅੱਖਾਂ ਮੋੜ ਲੈਂਦੇ ਹਨ।ਉਨ੍ਹਾਂ ਸਵਾਲ ਉਠਾਇਆ ਕਿ ਜਿਨ੍ਹਾਂ ਮਾਂ-ਬਾਪ ਨੇ ਸਾਨੂੰ ਪਾਲਿਆ, ਉਚੇ ਮਕਾਮ ਤੱਕ ਪਹੁੰਚਾਇਆ, ਕੀ ਅਸੀਂ ਉਹਨਾਂ ਨੂੰ ਅੱਥਰਿਆਂ ਤੇ ਛੱਡ ਕੇ ਆਪਣੀ ਵਫ਼ਾਦਾਰੀ ਸਾਬਤ ਕਰ ਸਕਦੇ ਹਾਂ?

## ਮਾਡਰਨ ਕਾਲਜ ਬੀਰ ਕਲਾਂ ਵਿਖੇ ਵਰਲਡ ਯੂਥ ਸਕਿੱਲ ਡੇ ਮਨਾਇਆ



**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਗਰੁੱਪ ਆਫ ਕਾਲਜਿਜ਼ ਬੀਰ ਕਲਾਂ ਵਿਖੇ ਵਰਲਡ ਯੂਥ ਸਕਿੱਲ ਡੇ ਕਾਲਜ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਤੇ ਪ੍ਰਿੰਸੀਪਲ ਡਾਕਟਰ ਵੀ ਕੇ ਰਾਏ ਦੀ ਅਗਵਾਈ ਹੇਠ ਮਨਾਇਆ ਗਿਆ। ਇਸ ਮੌਕੇ ਕਰਵਾਏ ਗਏ ਸਮਾਗਮ ਵਿੱਚ ਵੱਖ-ਵੱਖ ਬੁਲਾਰਿਆਂ ਨੇ ਇਸ ਦਿਵਸ ਸਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਇਸ ਮੌਕੇ ਬੋਲਦਿਆਂ ਕਾਲਜ ਦੇ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਸੰਘ ਨੇ 15 ਜੁਲਾਈ 2014 ਨੂੰ ਇਹ ਦਿਨ ਮਨਾਉਣ ਦੀ ਘੋਸ਼ਣਾ ਕੀਤੀ। ਇਸ ਦਿਨ ਨੂੰ ਮਨਾਉਣ ਦਾ ਮੁੱਖ ਮਕਸਦ ਕੌਸ਼ਲ ਵਿਕਾਸ ਦੇ ਮਹੱਤਵ ਨੂੰ ਸਮਝਾਉਣਾ ਹੈ, ਕਿਉਂਕਿ ਅੱਜ ਦੇ ਯੁੱਗ ਵਿੱਚ ਯੋਗ ਕੁਸ਼ਲਤਾ ਰਾਸ਼ਟਰ ਤੇ ਨਿੱਜੀ ਹਿੱਤਾਂ ਲਈ ਮਹੱਤਵਪੂਰਨ ਹੈ।ਇਸ ਮੌਕੇ ਬੋਲਦਿਆਂ ਕਾਲਜ ਦੇ ਪ੍ਰਿੰਸੀਪਲ ਡਾਕਟਰ ਵੀ ਕੇ ਰਾਏ ਨੇ ਕਿਹਾ ਕਿ ਯੁਵਕ ਜੇਕਰ ਸਕਿਲ ਪ੍ਰਤੀ ਜਾਗਰੂਕ ਹੋਣਗੇ ਤਾਂ ਉਹ ਆਪਣਾ ਭਵਿੱਖ ਰੌਸ਼ਨ ਕਰ ਸਕਦੇ ਹਨ।ਕਾਲਜ ਦੇ ਵਿਦਿਆਰਥੀਆਂ ਵੱਲੋਂ ਇਸ ਦਿਵਸ ਨਾਲ ਸੰਬੰਧਤ ਪੋਸਟਰ ਵੀ ਬਣਾਏ ਗਏ। ਇਸ ਮੌਕੇ ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

## ਜ਼ਿਲ੍ਹਾ ਪੱਧਰੀ ਤਾਇਕਵਾਂਡੋ ਮੁਕਾਬਲੇ 'ਚ ਸ਼ਾਨਵੀਰ ਨੇ ਗੋਲਡ ਮੈਡਲ ਜਿੱਤਿਆ



**ਦੇਵੀਗੜ੍ਹ/ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**-ਪਹਿਲੀ ਸਬ ਜੂਨੀਅਰ ਤੇ ਸੀਨੀਅਰ ਜ਼ਿਲ੍ਹਾ ਪੱਧਰੀ ਤਾਇਕਵਾਂਡੋ 2025 ਮੁਕਾਬਲੇ ਕਾਰਪੇਡੀਅਮ ਇੰਟਰਨੈਸ਼ਨਲ ਸਕੂਲ ਰਾਜਪੁਰਾ ਵਿਖੇ ਹੋਏ। ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੇਵੀਗੜ੍ਹ ਦੇ ਬਾਰਵੀਂ ਜਮਾਤ ਦੇ ਵਿਦਿਆਰਥੀ ਸ਼ਾਨਵੀਰ ਸਿੰਘ ਨੇ ਇਸ ਵਿਚ ਹਿਸਾ ਲੈਂਦਿਆਂ ਸੀਨੀਅਰ ਅੰਡਰ 19 ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਗੋਲਡ ਮੈਡਲ ਹਾਸਲ ਕਰਕੇ ਆਪਣੇ ਸਕੂਲ ਦਾ ਨਾਮ ਰੌਸ਼ਨ ਕੀਤਾ।ਕੋਚ ਹਰਦੀਪ ਕੁਮਾਰ ਨੇ ਦੱਸਿਆ ਕਿ ਇਸ ਟੂਰਨਾਮੈਂਟ ਵਿੱਚ ਵੱਖ-ਵੱਖ ਸਕੂਲਾਂ ਤੇ ਅਕੈਡਮੀਆਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਟੂਰਨਾਮੈਂਟ ਵਿੱਚ ਲਗਭਗ 100 ਤੋਂ ਵੱਧ ਖਿਡਾਰੀਆਂ ਨੇ ਹਿੱਸਾ ਲਿਆ।ਇਸ ਖੁਸ਼ੀ ਦੇ ਮੌਕੇ 'ਤੇ ਸਕੂਲ ਦੇ ਨਿਰਦੇਸ਼ਕ ਸ੍ਰ. ਭੁਪਿੰਦਰ ਸਿੰਘ, ਪ੍ਰਧਾਨ ਰਵਿੰਦਰ ਕੌਰ, ਪ੍ਰਿੰਸੀਪਲ ਸ੍ਰੀਮਤੀ ਮਮਤਾ, ਅਕਾਦਮਿਕ ਨਿਰਦੇਸ਼ਕ ਤੇਜਿੰਦਰ ਕੌਰ ਵਾਲੀਆ ਤੇ ਤਾਇਕਵਾਂਡੋ ਕੋਚ ਹਰਦੀਪ ਕੁਮਾਰ ਨੇ ਸ਼ਾਨਵੀਰ ਸਿੰਘ ਨੂੰ ਉਸ ਦੀ ਉਪਲਬਧੀ ਲਈ ਵਧਾਈ ਦਿੱਤੀ ਤੇ ਭਵਿੱਖ ਵਿੱਚ ਹੋਣ ਵਾਲੀ ਪ੍ਰਤੀਯੋਗਤਾ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਗੁਰਦੁਆਰਾ ਸੁੱਖ ਸਾਗਰ ਵਿਖੇ ਧਾਰਮਿਕ ਸਮਾਗਮ ਦੌਰਾਨ ਕੁਸ਼ਤੀ ਮੁਕਾਬਲੇ ਕਰਵਾਏ

### 70 ਕਿੱਲੋ ਭਾਰ ਵਰਗ 'ਚ ਸੂਰਜ ਕਪੂਰਥਲਾ ਰਹੇ ਅੱਵਲ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਗੁਰਦੁਆਰਾ ਸੁੱਖ ਸਾਗਰ ਭੋਗੀਵਾਲ (ਬਾਲੇਵਾਲ) ਵਿਖੇ ਬਾਵਾ ਬੀਰਮ ਦਾਸ ਜੀ ਮਹਾਰਾਜ, ਬ੍ਰਹਮਲੀਨ ਬਾਵਾ ਪੂਰਨ ਦਾਸ ਜੀ ਤੇ ਬ੍ਰਹਮਲੀਨ ਸੰਤ ਬਲਵੰਤ ਸਿੰਘ ਸਿਹੋੜਾ ਵਾਲਿਆਂ ਦੀ ਯਾਦ 'ਚ ਧਾਰਮਿਕ ਸਮਾਗਮ ਕਰਵਾਇਆ ਗਿਆ।ਸਮਾਗਮ ਦੇ ਪਹਿਲੇ ਦਿਨ ਅੰਤਰਰਾਸ਼ਟਰੀ ਨਿਯਮਾਂ ਮੁਤਾਬਿਕ ਮੈਟਾਂ ਉੱਪਰ ਕੁਸ਼ਤੀਆਂ ਦੇ ਮੁਕਾਬਲੇ ਕਰਵਾਏ ਗਏ, ਜਿਸ 'ਚ ਪੰਜਾਬ ਦੇ ਪ੍ਰਸਿੱਧ ਅਖਾੜਿਆਂ ਦੇ ਪਹਿਲਵਾਨਾਂ ਨੇ ਆਪਣੇ ਜੌਹਰ ਵਿਖਾਏ ਤੇ ਕੁਸ਼ਤੀ ਮੁਕਾਬਲਿਆਂ ਦੀ ਸ਼ੁਰੂਆਤ ਹਰਜਿੰਦਰ ਸਿੰਘ ਮੰਝਪੁਰ ਵਾਲੇ, ਸੰਤ ਕੁਲਦੀਪ ਸਿੰਘ ਮੋਨੀ, ਸੰਤ ਬਲਜੀਤ ਦਾਸ, ਸੰਤ ਏਕਮ ਸਿੰਘ, ਸੰਤ ਝੰਡਾ ਸਿੰਘ, ਸੰਤ ਈਸਰ ਸਿੰਘ, ਸੰਤ ਬਲਜੀਤ ਸਿੰਘ, ਸੰਤ ਮਨੋਹਰ ਸਿੰਘ ਨੇ ਕੀਤੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪਹਿਲਵਾਨ ਪਟਵਾਰੀ ਦੀਦਾਰ ਸਿੰਘ ਛੋਕਰ ਨੇ ਦੱਸਿਆ ਕਿ 57 ਕਿੱਲੋ ਭਾਰ ਵਰਗ ਦੇ ਮੁਕਾਬਲਿਆਂ 'ਚ ਗੁਰਪ੍ਰੀਤ ਸਿੰਘ ਮਾਨਸਾ ਨੇ ਪਹਿਲਾ, ਵਿਸ਼ਾਲ ਫਿਰੋਜ਼ਪੁਰ ਨੇ ਦੂਜਾ, ਨਿਰਮਲ ਸਿੰਘ ਮਾਲੇਰਕੋਟਲਾ ਨੇ ਤੀਜਾ ਤੇ ਅੰਕਿਤ ਜਲੰਧਰ ਨੇ ਚੌਥਾ ਸਥਾਨ ਪ੍ਰਾਪਤ ਕੀਤਾ, 61 ਕਿੱਲੋ ਭਾਰ ਵਰਗ 'ਚ ਪਰਵਿੰਦਰ ਸਿੰਘ ਰੋਪੜ ਨੇ ਪਹਿਲਾ, ਅਰਜਨ ਜਲੰਧਰ ਨੇ ਦੂਜਾ, ਨਿਖਲ ਅੰਮ੍ਰਿਤਸਰ ਨੇ ਤੀਜਾ, ਅਰਸ਼ਦੀਪ ਸਿੰਘ ਪਟਿਆਲਾ ਨੇ ਚੌਥਾ, 65 ਕਿੱਲੋ ਭਾਰ ਵਰਗ 'ਚ ਸਾਹਿਲ ਯਾਦਵ ਰੋਪੜ ਨੇ ਪਹਿਲਾ, ਕਰਨਵੀਰ ਸਿੰਘ ਪਟਿਆਲਾ ਨੇ ਦੂਜਾ, ਵਿਸ਼ਾਲ ਕਪੂਰਥਲਾ ਨੇ ਤੀਜਾ, ਸਾਗਰ ਜਲੰਧਰ ਨੇ ਚੌਥਾ, 70 ਕਿੱਲੋ ਭਾਰ ਵਰਗ 'ਚ ਸੂਰਜ ਕਪੂਰਥਲਾ ਨੇ ਪਹਿਲਾ, ਅਭਿਸ਼ੇਕ ਲੁਧਿਆਣਾ ਨੇ ਦੂਜਾ, ਨਿਖਲ ਗੁਰਦਾਸਪੁਰ ਨੇ ਤੀਜਾ, ਬਲਦੇਵ ਸਿੰਘ ਮੋਹਾਲੀ ਨੇ ਚੌਥਾ, 74 ਕਿੱਲੋ ਭਾਰ ਵਰਗ 'ਚ ਰਿਸ਼ਵ ਜਾਖੜ ਮਾਨਸਾ ਨੇ ਪਹਿਲਾ, ਪ੍ਰਦੀਪ ਸਿੰਘ ਮੋਹਾਲੀ ਨੇ ਦੂਜਾ, ਰਾਹੁਲ ਰੋਪੜ ਨੇ ਤੀਜਾ, ਰਤਿੰਦਰ ਸਿੰਘ ਬਠਿੰਡਾ ਨੇ ਚੌਥਾ, 79 ਕਿੱਲੋ ਭਾਰ ਵਰਗ 'ਚ ਕਰਨਵੀਰ ਸਿੰਘ ਕਪੂਰਥਲਾ ਨੇ ਪਹਿਲਾ, ਦੀਪਕ ਛਾਹੜ ਲੁਧਿਆਣਾ ਨੇ ਦੂਜਾ, ਅਭਿਨਵ ਮੱਟੂ ਅੰਮ੍ਰਿਤਸਰ ਨੇ ਤੀਜਾ, ਪੁਸ਼ਪ ਫਿਰੋਜ਼ਪੁਰ ਨੇ ਚੌਥਾ, 86 ਕਿਲੋ ਭਾਰ ਵਰਗ 'ਚ ਹਰਵਿੰਦਰ ਸਿੰਘ ਪਟਿਆਲਾ ਨੇ ਪਹਿਲਾ, ਪ੍ਰਿੰਸਦੀਪ ਸਿੰਘ ਲੁਧਿਆਣਾ ਨੇ ਦੂਜਾ, ਸੁਖਵੰਤ ਸਿੰਘ ਮਾਨਸਾ ਨੇ ਤੀਜਾ, ਮੁਹੰਮਦ ਸ਼ਹਿਬਾਜ਼ ਗੁੱਜਰ ਮਾਲੇਰਕੋਟਲਾ ਨੇ ਚੌਥਾ, 92 ਕਿਲੋ ਭਾਰ ਵਰਗ 'ਚ ਬਰਗਤ ਅਲੀ ਹੁਸ਼ਿਆਰਪੁਰ ਨੇ ਪਹਿਲਾ, ਲਵੀਸ਼ ਫਾਜ਼ਿਲਕਾ ਨੇ ਦੂਜਾ, ਅਰਸ਼ਦੀਪ ਸਿੰਘ ਫਰੀਦਕੋਟ ਨੇ ਤੀਜਾ, ਮੋਹਿਤ ਫਿਰੋਜ਼ਪੁਰ ਨੇ ਚੌਥਾ ਤੇ 125 ਕਿੱਲੋ ਭਾਰ ਵਰਗ 'ਚ ਸ਼ਹਿਬਾਜ਼ ਲੁਧਿਆਣਾ ਨੇ ਪਹਿਲਾ, ਪ੍ਰਿੰਸਪਾਲ ਸਿੰਘ ਅੰਮ੍ਰਿਤਸਰ ਨੇ ਦੂਜਾ, ਮਨਜੀਤ ਸਿੰਘ ਪਟਿਆਲਾ ਨੇ ਤੀਜਾ ਤੇ ਮੁਹੰਮਦ ਸਦੀਕ ਸ਼ਹੀਦ ਭਗਤ ਸਿੰਘ ਨਗਰ ਨੇ ਚੌਥਾ ਸਥਾਨ ਹਾਸਲ ਕਰਕੇ ਵਾਹੋ-ਵਾਹੀ ਖੱਟੀ ਅਤੇ ਜੇਤੂ ਪਹਿਲਵਾਨਾਂ ਨੂੰ ਨਕਦ ਇਨਾਮ ਤੇ ਟਰਾਫੀਆਂ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਮਹੰਤ ਕੁਲਦੀਪ ਦਾਸ ਕੰਗਣਵਾਲ, ਨਾਹਰ ਸਿੰਘ ਛੋਕਰਾਂ ਆਦਿ ਨੇ ਪਹਿਲਵਾਨਾਂ ਦੀ ਹੌਸਲਾ ਅਫਜ਼ਾਈ ਕੀਤੀ।ਇਸ ਮੌਕੇ ਕਮੇਟੀ ਵੱਲੋਂ ਵਿਸ਼ੇਸ਼ ਤੌਰ 'ਤੇ ਪਹਿਲਵਾਨ ਪਰਮਿੰਦਰ ਸਿੰਘ ਡੂਮਛੇੜੀ, ਪਹਿਲਵਾਨ ਕੁਲਤਾਰ ਸਿੰਘ ਡੂਮਛੇੜੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

## ਸਟੀਫਨ ਇੰਟਰਨੈਸ਼ਨਲ ਸਕੂਲ 'ਚ ਰੋਮਾਂਚਕ ਕ੍ਰਿਕਟ ਮੈਚ, ਟੀਮ ਟਾਈਗਰਜ਼ ਨੇ ਜਿੱਤ ਦਰਜ ਕੀਤੀ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**
ਸਟੀਫਨ ਇੰਟਰਨੈਸ਼ਨਲ ਸਕੂਲ ਦੇ ਕੈਂਪਸ ਵਿੱਚ ਦੋ ਟੀਮਾਂ ਲਾਇਨਜ਼ ਤੇ ਟਾਈਗਰਜ਼ ਵਿਚਕਾਰ ਇੱਕ ਰੋਮਾਂਚਕ ਦੋਸਤਾਨਾ ਕ੍ਰਿਕਟ ਮੈਚ ਵੇਖਿਆ ਗਿਆ।ਬੜੇ ਉਤਸ਼ਾਹ ਤੇ ਖੇਡ ਭਾਵਨਾ ਨਾਲ ਖੇਡੇ ਗਏ ਇਸ ਮੈਚ ਵਿੱਚ ਟੀਮ ਟਾਈਗਰਜ਼ ਜੇਤੂ ਰਹੀ।ਟੀਮ ਲਾਇਨਜ਼ ਦਾ ਸਕੋਰ 12 ਓਵਰਾਂ ਵਿੱਚ 8 ਵਿਕਟਾਂ ਗੁਆ ਕੇ 105 ਦੌੜਾਂ ਟੀਮ ਟਾਈਗਰਜ਼ ਨੇ 10.3 ਓਵਰਾਂ 'ਚ 106 ਦੌੜਾਂ ਬਣਾਈਆਂ, ਟੀਮ ਟਾਈਗਰਜ਼ ਦੇ ਮੈਨ ਆਫ ਦਿ ਮੈਚ ਮਾਸਟਰ ਪ੍ਰਦੀਪ ਨੇ 70 ਦੌੜਾਂ ਬਣਾਈਆਂ।ਸਕੂਲ ਦੇ ਕ੍ਰਿਕਟ ਕੋਚ ਸ੍ਰੀ ਹਰਦੀਪ ਨੇ ਖਿਡਾਰੀਆਂ ਨੂੰ ਨਿਯਮਾਂ ਬਾਰੇ ਦੱਸਿਆ ਅਤੇ ਨਿਰਪੱਖ ਤੇ ਮਜ਼ੇਦਾਰ ਮੈਚ ਨੂੰ ਯਕੀਨੀ ਬਣਾਉਣ ਲਈ ਅੰਪਾਇਰ ਵਜੋਂ ਕੰਮ ਕੀਤਾ।ਮੈਚ ਦਾ ਆਯੋਜਨ ਸਪੋਰਟਸ ਦੇ ਐਚਓਡੀ ਜਸਪ੍ਰੀਤ ਸਿੰਘ ਤੇ ਵਿਸ਼ਾਲ ਨੇ ਕੀਤਾ। ਸਮਾਗਮ ਸਕੂਲ ਦੇ ਚੇਅਰਮੈਨ ਤੇ ਡਾਇਰੈਕਟਰ ਪ੍ਰਿੰਸੀਪਲ ਦੇ ਆਸ਼ੀਰਵਾਦ ਤੇ ਸਮਰਥਨ ਨਾਲ ਸੰਭਵ ਹੋਇਆ।ਸਟੀਫਨ ਇੰਟਰਨੈਸ਼ਨਲ ਸਕੂਲ ਦੀ ਡਾਇਰੈਕਟਰ ਪ੍ਰਿੰਸੀਪਲ ਮੋਨਿਕਾ ਸ਼ਰਮਾ ਨੇ ਕਿਹਾ ਕਿ ਇਸ ਮੈਚ ਨੇ ਉਨ੍ਹਾਂ ਨੂੰ ਆਪਣੇ ਹੁਨਰ ਨੂੰ ਵਿਕਸਤ ਕਰਨ, ਆਤਮਵਿਸ਼ਵਾਸ ਪੈਦਾ ਕਰਨ ਤੇ ਅਭੁੱਲ ਯਾਦਾਂ ਬਣਾਉਣ ਵਿਚ ਸਹਾਇਤਾ ਕੀਤੀ ਹੈ।

## ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ ਹੋਵੇਗੀ ਉਮਰ ਕੈਦ : ਵਿਧਾਇਕ ਰਾਏ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਸਰਕਾਰ ਵੱਲੋਂ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਦੇਖਦੇ ਹੋਏ ਬੇਅਦਬੀ ਕਰਨ ਵਾਲਿਆਂ ਖਿਲਾਫ ਸਖਤ ਕਾਨੂੰਨ ਬਣਾਇਆ ਗਿਆ ਹੈ, ਇਸ ਦੇ ਨਾਲ ਹੁਣ ਬੇਅਦਬੀ ਕਰਨ ਵਾਲੇ ਕਾਨੂੰਨ ਦੀ ਗਿਰਫਤ ਤੋਂ ਬਚ ਨਹੀਂ ਸਕਣਗੇ।ਇਹ ਪ੍ਰਗਟਾਵਾ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਪਹਿਲੀ ਅਜਿਹੀ ਸਰਕਾਰ ਹੈ, ਜਿਸ ਨੇ ਜੋ ਕਿਹਾ ਉਹ ਕਰਕੇ ਦਿਖਾਇਆ ਹੈ। ਮੈਂ ਵਿਰੋਧੀਆਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਨੂੰ ਹੀ ਬਦਲਾਅ ਕਹਿੰਦੇ ਹਨ।ਪੰਜਾਬ ਅੰਦਰ ਪਿਛਲੇ ਲੰਮੇ ਸਮੇਂ ਤੋਂ ਧਾਰਮਿਕ ਗ੍ਰੰਥਾਂ ਦੀਆਂ ਬੇਅਦਬੀ ਦੀਆਂ ਘਟਨਾਵਾਂ ਹੁੰਦੀਆਂ ਆ ਰਹੀਆਂ ਸਨ, ਜੋ ਰੁਕਣ ਦਾ ਨਾਮ ਨਹੀਂ ਲੈ ਰਹੀਆਂ ਸਨ।ਪੰਜਾਬ ਸਰਕਾਰ ਵੱਲੋਂ ਉਕਤ ਘਟਨਾਵਾਂ 'ਤੇ ਰੋਕ ਲਗਾਉਣ ਲਈ ਸਖਤ ਕਾਨੂੰਨ ਬਣਾਇਆ ਗਿਆ ਹੈ, ਜਿਸ ਨੂੰ ਕੈਬਨਿਟ ਵੱਲੋਂ ਮਨਜ਼ੂਰੀ ਮਿਲ ਗਈ ਹੈ।ਉਨ੍ਹਾਂ ਕਿਹਾ ਕਿ ਇਸ ਕਾਨੂੰਨ ਨਾਲ ਧਾਰਮਿਕ ਗ੍ਰੰਥਾਂ ਤੇ ਸਥਾਨਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ ਉਮਰ ਕੈਦ ਹੋਵੇਗੀ।ਬੇਅਦਬੀ ਮਾਮਲਿਆਂ ਲਈ ਵਿਸ਼ੇਸ਼ ਅਦਾਲਤਾਂ ਬਣਾਈਆਂ ਜਾਣਗੀਆਂ, ਜਿਸ ਨਾਲ ਬੇਅਦਬੀ ਦੇ ਮਾਮਲਿਆਂ ਵਿੱਚ ਜਲਦੀ ਫੈਸਲੇ ਹੋਣਗੇ।ਇੱਥੇ ਹੀ ਬੱਸ ਨਹੀਂ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਪੈਰੋਲ ਨਹੀਂ ਮਿਲੇਗੀ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਜਿੱਥੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਨਹਿਰੀ ਪਾਣੀ ਨੂੰ ਪਿੰਡਾਂ ਦੀਆਂ ਟੇਲਾਂ ਤੱਕ ਪਹੁੰਚਾਇਆ ਗਿਆ ਹੈ, ਉੱਥੇ ਹੀ ਸਿੱਖਿਆ ਕ੍ਰਾਂਤੀ ਚਲਾ ਕੇ ਸਕੂਲਾਂ ਦੀ ਹਾਲਤ ਨੂੰ ਬਿਹਤਰ ਬਣਾਇਆ ਗਿਆ ਹੈ, ਜਿਸ ਦੀ ਬਦੌਲਤ ਸੂਬੇ ਦੇ ਸਰਕਾਰੀ ਸਕੂਲ ਭਾਰਤ ਵਿੱਚੋਂ ਪਹਿਲੇ ਨੰਬਰ 'ਤੇ ਆਏ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਿੱਥੇ ਮੁਹੱਲਾ ਕਲੀਨਿਕ ਖੋਲ੍ਹ ਕੇ ਸਿਹਤ ਸਹੂਲਤਾਂ ਨੂੰ ਸੁਖਾਲਾ ਕੀਤਾ ਗਿਆ ਹੈ, ਉੱਥੇ ਹੀ ਸਰਕਾਰੀ ਹਸਪਤਾਲਾਂ ਦੀ ਹਾਲਤ ਵਿੱਚ ਵੀ ਵਧੇਰੇ ਸੁਧਾਰ ਕੀਤੇ ਗਏ ਹਨ, ਤਾਂ ਜੋ ਮਰੀਜ਼ਾਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਾ ਹੋਵੇ।ਸਰਕਾਰ ਦੀਆਂ ਇਨ੍ਹਾਂ ਪ੍ਰਾਪਤੀਆਂ ਨੂੰ ਦੇਖਦਿਆਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਹੁਣ ਸੂਬਾ ਰੰਗਲਾ ਸੂਬਾ ਬਣਨ ਲਈ ਅੱਗੇ ਵਧ ਰਿਹਾ ਹੈ।

## ਪੁਲਸ ਮੁਲਾਜ਼ਮਾਂ 'ਤੇ ਹਮਲਾ ਕਰਨ ਦੇ ਦੋਸ਼ 'ਚ ਛੇ ਖਿਲਾਫ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਵੱਖ-ਵੱਖ ਮੁਕੱਦਮਿਆਂ 'ਚ ਨਾਮਜ਼ਦ ਇੱਕ ਵਿਅਕਤੀ ਨੂੰ ਘਰ 'ਚ ਚੈੱਕ ਕਰਨ ਗਈ ਪੁਲਸ ਪਾਰਟੀ 'ਤੇ ਹਮਲਾ ਕਰਨ ਤੇ ਮਹਿਲਾ ਸਿਪਾਹੀ ਸਣੇ ਦੋ ਪੁਲਸ ਕਰਮਚਾਰੀਆਂ ਦੀਆਂ ਵਰਦੀਆਂ ਪਾੜਨ ਦੇ ਦੋਸ਼ਾਂ ਹੇਠ ਸਰਹਿੰਦ ਪੁਲਸ ਵੱਲੋਂ ਪਿੰਡ ਮਾਜਰੀ ਸੋਢੀਆਂ ਦੇ ਛੇ ਵਿਅਕਤੀਆਂ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਮਾਜਰੀ ਸੋਢੀਆਂ ਦਾ ਹਰਪ੍ਰੀਤ ਸਿੰਘ ਉਰਫ ਹੈਪੀ, ਜਿਸ ਵਿਰੁੱਧ ਪਹਿਲਾਂ ਚਾਰ ਮੁਕੱਦਮੇ ਦਰਜ ਹਨ, ਨੂੰ ਚੈੱਕ ਕਰਨ ਲਈ ਥਾਣਾ ਸਰਹਿੰਦ ਦੀ ਇੱਕ ਪੁਲਸ ਪਾਰਟੀ ਪਿੰਡ ਮਾਜਰੀ ਸੋਢੀਆਂ ਵਿਖੇ ਉਸ ਦੇ ਘਰ ਅੱਗੇ ਪਹੁੰਚੀ, ਜਿੱਥੇ ਪੁਲਸ ਮੁਲਾਜ਼ਮ ਨੇ ਜਿਵੇਂ ਹੀ ਹਰਪ੍ਰੀਤ ਸਿੰਘ ਉਰਫ ਹੈਪੀ ਨੂੰ ਚੈੱਕ ਕਰਨ ਲਈ ਉਸ ਦੇ ਘਰ ਦਾ ਦਰਵਾਜ਼ਾ ਖੜਕਾਇਆ ਤਾਂ ਤੈਸ਼ 'ਚ ਆਏ ਹਰਪ੍ਰੀਤ ਸਿੰਘ ਉਰਫ ਹੈਪੀ, ਤਰਨਜੀਤ ਸਿੰਘ, ਪਰਮਜੀਤ ਕੌਰ, ਮਨਦੀਪ ਸਿੰਘ ਤੇ ਮਨਪ੍ਰੀਤ ਸਿੰਘ ਪੁਲਸ ਪਾਰਟੀ ਦੇ ਗਲ ਪੈ ਗਏ, ਜਿਨ੍ਹਾਂ ਨੇ ਹੌਲਦਾਰ ਮਨਦੀਪ ਸਿੰਘ ਤੇ ਮਹਿਲਾ ਸਿਪਾਹੀ ਕੋਮਲਪ੍ਰੀਤ ਕੌਰ ਦੀਆਂ ਵਰਦੀਆਂ ਪਾੜ ਦਿੱਤੀਆਂ ਅਤੇ ਪੁਲਸ ਮੁਲਾਜ਼ਮਾਂ ਦੇ ਸੱਟਾਂ ਮਾਰੀਆਂ।ਥਾਣੇਦਾਰ ਅਵਤਾਰ ਸਿੰਘ ਦੀ ਸ਼ਿਕਾਇਤ 'ਤੇ ਹਰਪ੍ਰੀਤ ਸਿੰਘ ਉਰਫ ਹੈਪੀ, ਤਰਨਜੀਤ ਸਿੰਘ, ਇੰਦਰਜੀਤ ਸਿੰਘ, ਪਰਮਜੀਤ ਕੌਰ, ਮਨਦੀਪ ਸਿੰਘ ਤੇ ਮਨਪ੍ਰੀਤ ਸਿੰਘ ਵਾਸੀਆਨ ਪਿੰਡ ਮਾਜਰੀ ਸੋਢੀਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਸਰਹਿੰਦ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

## ਪਲੇਅ ਵੇਅ ਸਕੂਲਾਂ ਵੱਲੋਂ ਰਜਿਸਟਰੇਸ਼ਨ ਕਰਵਾਈ ਜਾਵੇ : ਜ਼ਿਲ੍ਹਾ ਪ੍ਰੋਗਰਾਮ ਅਫ਼ਸਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**
ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਰਿਚਿਕਾ ਨੰਦਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 3-6 ਸਾਲ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਪੰਜਾਬ ਰਾਜ ਵਿੱਚ 3 ਤੋਂ 6 ਸਾਲ ਦੇ ਬੱਚਿਆਂ ਲਈ ਅਰਲੀ ਚਾਈਲਡ ਹੁਡ ਕੇਅਰ ਐਂਡ ਐਜੂਕੇਸ਼ਨ ਖੇਤਰ ਵਿੱਚ ਕੰਮ ਕਰ ਰਹੀਆਂ ਸੰਸਥਾਵਾਂ ਨੂੰ ਰਜਿਸਟਰ ਕਰਨ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ। ਇਨ੍ਹਾਂ ਸੰਸਥਾਵਾਂ ਦੀਆਂ ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਰਜਿਸਟਰੇਸ਼ਨ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪ੍ਰਾਈਵੇਟ ਸੰਸਥਾਵਾਂ (ਪਲੇਅ ਵੇਅ ਸਕੂਲਾਂ) ਵੱਲੋਂ ਆਪਣੀ ਸੰਸਥਾ ਦੀ ਰਜਿਸਟਰੇਸ਼ਨ ਕਰਵਾਈ ਜਾਣੀ ਯਕੀਨੀ ਬਣਾਈ ਜਾਵੇ ਤੇ ਇਨ੍ਹਾਂ ਸੰਸਥਾਵਾਂ ਵੱਲੋਂ ਸਾਲਾਨਾ ਰਜਿਸਟਰੇਸ਼ਨ ਰੀਨਿਊ ਕਰਵਾਈ ਜਾਣੀ ਲਾਜ਼ਮੀ ਹੋਵੇਗੀ। ਰਜਿਸਟਰੇਸ਼ਨ ਲਈ ਇਨ੍ਹਾਂ ਸੰਸਥਾਵਾਂ ਤੋਂ 5000 ਰੁਪਏ ਸਾਲਾਨਾ ਫੀਸ ਵਸੂਲ ਕੀਤਾ ਜਾਵੇਗਾ। ਰਜਿਸਟਰੇਸ਼ਨ ਕਰਵਾਉਣ ਲਈ ਵਿਭਾਗ ਵੱਲੋਂ ਜਾਰੀ ਕੀਤਾ ਗਿਆ ਨੋਟੀਫਿਕੇਸ਼ਨ, ਫਾਰਮ ਅਨੁਲਗ-1 ਤੇ ਹਦਾਇਤਾਂ ਜ਼ਿਲ੍ਹਾ ਫ਼ਿਰੋਜ਼ਪੁਰ ਦੀ ਵੈੱਬਸਾਈਟ ਤੋਂ ਡਾਊਨਲੋਡ ਕੀਤੀਆਂ ਜਾ ਸਕਦੀਆਂ ਹਨ। ਰਜਿਸਟਰੇਸ਼ਨ ਯਕੀਨੀ ਬਣਾਉਣ ਲਈ ਅਤੇ ਇਸ ਸਬੰਧੀ ਵਧੇਰੇ ਜਾਣਕਾਰੀ ਲਈ ਦਫ਼ਤਰ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ, ਫਿਰੋਜ਼ਪੁਰ ਜਾਂ ਸਬੰਧਤ ਬਲਾਕ ਦੇ ਸੀਡੀਪੀਓ ਦਫਤਰ ਨਾਲ ਤਾਲਮੇਲ ਕੀਤਾ ਜਾ ਸਕਦਾ ਹੈ।

## ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ

**ਬਰਨਾਲਾ (ਰਾਜਿੰਦਰ ਬਰਾੜ)**-ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੀ ਮੀਟਿੰਗ ਪ੍ਰਧਾਨ ਪ੍ਰਦੀਪ ਕੁਮਾਰ ਤੇ ਸੂਬਾ ਮੀਤ ਪ੍ਰਧਾਨ ਸਿਕੰਦਰ ਸਿੰਘ ਦੀ ਅਗਵਾਈ ਵਿੱਚ ਹੋਈ, ਜਿਸ ਵਿੱਚ ਉਨ੍ਹਾ ਜਾਣਕਾਰੀ ਦਿੱਤੀ ਕਿ 12 ਜੁਲਾਈ 2025 ਨੂੰ ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੀ ਅਹਿਮ ਮੀਟਿੰਗ ਸੂਬਾ ਪ੍ਰਧਾਨ ਸ੍ਰ. ਗੁਰਵਿੰਦਰ ਸਿੰਘ ਤਰਨਤਾਰਨ ਦੀ ਅਗਵਾਈ ਹੇਠ ਈਸੜੂ ਭਵਨ ਲੁਧਿਆਣਾ ਵਿਖੇ ਹੋਈ।ਇਸ ਮੀਟਿੰਗ ਵਿੱਚ ਸਮੂਹ ਸਟੇਟ ਕਮੇਟੀ ਮੈਂਬਰ, ਜ਼ਿਲ੍ਹਾ ਪ੍ਰਧਾਨ ਤੇ ਜ਼ਿਲ੍ਹਾ ਕਮੇਟੀਆਂ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ।ਮੀਟਿੰਗ ਵਿੱਚ ਕੰਪਿਊਟਰ ਅਧਿਆਪਕਾਂ ਦੀਆਂ ਲੰਬਿਤ ਮੰਗਾਂ ਨੂੰ ਹੱਲ ਕਰਵਾਉਣ ਲਈ ਵਿਚਾਰ ਚਰਚਾ ਕੀਤੀ ਗਈ ਤੇ ਭਵਿੱਖ ਦੀ ਰਣਨੀਤੀ ਉਲੀਕੀ ਗਈ, ਜਿਸ ਤਹਿਤ ਹਾਜ਼ਰ ਮੈਂਬਰਾਂ ਵੱਲੋਂ ਫੈਸਲਾ ਕੀਤਾ ਗਿਆ ਕਿ ਮਿਤੀ 14.07.2025 (ਸੋਮਵਾਰ) ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦਾ ਸੂਬਾ ਪੱਧਰੀ ਵਫ਼ਦ ਵਿਭਾਗੀ ਮਸਲਿਆਂ ਦੇ ਹੱਲ ਲਈ ਡੀ.ਜੀ.ਐੱਸ.ਈ. ਦਫ਼ਤਰ ਮੋਹਾਲੀ ਵਿਖੇ ਜਾਵੇਗਾ, ਜਿਸ ਵਿੱਚ ਪਿਛਲੀਆਂ ਮੀਟਿੰਗਾਂ ਦੀ ਲਗਾਤਾਰਤਾ ਤਹਿਤ ਕੰਪਿਊਟਰ ਅਧਿਆਪਕਾਂ ਤੇ 6ਵਾਂ ਪੇ-ਕਮਿਸ਼ਨ ਲਾਗੂ ਕਰਨ, ਪੰਜਾਬ ਸਿਵਲ ਸਰਵਿਸ ਰੂਲਜ਼ ਲਾਗੂ ਕਰਨ ਤੇ ਕੋਰਟ ਕੇਸ ਦਾ ਫੈਸਲਾ ਲਾਗੂ ਕਰਨ ਲਈ ਮੰਗਾਂ ਸਬੰਧੀ ਮੀਟਿੰਗ ਕੀਤੀ ਜਾਵੇਗੀ।ਇਸ ਤੋਂ ਇਲਾਵਾ 15.09.2017 ਨੂੰ ਛੁੱਟੀਆਂ ਸਬੰਧੀ ਜਾਰੀ ਵਿਭਾਗੀ ਪੱਤਰ ਰੱਦ ਕਰਵਾਉਣ, ਰੈਗੂਲਰ ਨਿਯੁਕਤੀ ਦੀ ਮਿਤੀ ਤੋਂ ਬਣਦੀਆਂ ਛੁੱਟੀਆਂ ਦੇ ਲਾਭ ਲਾਗੂ ਕਰਨ, ਕੰਪਿਊਟਰ ਅਧਿਆਪਕਾਂ ਦੀ ਤਨਖਾਹ ਰਾਹੀਂ ਕਢਵਾਉਣ ਤੇ ਹੋਰ ਵਿਭਾਗੀ ਮਸਲਿਆਂ 'ਤੇ ਗੱਲਬਾਤ ਕੀਤੀ ਜਾਵੇਗੀ।14 ਤੋਂ 25 ਜੁਲਾਈ 2025 ਤੱਕ ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੀਆਂ ਜ਼ਿਲ੍ਹਾ ਇਕਾਈਆਂ ਵੱਲੋਂ ਕੰਪਿਊਟਰ ਅਧਿਆਪਕਾਂ ਦੀਆਂ ਮੰਗਾਂ ਨੂੰ ਪੂਰਾ ਕਰਵਾਉਣ ਲਈ ਜ਼ਿਲ੍ਹਾ ਪੱਧਰੀ ਐਕਸ਼ਨਾਂ ਤਹਿਤ ਕੈਬਨਿਟ ਮੰਤਰੀਆਂ/ਹਲਕਾ ਵਿਧਾਇਕਾਂ ਰਾਹੀਂ ਮੁੱਖ ਮੰਤਰੀ ਪੰਜਾਬ ਤੇ ਸਿੱਖਿਆ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜੇ ਜਾਣਗੇ।17 ਅਗਸਤ 2025 ਨੂੰ ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਵੱਲੋਂ ਮੁੱਖ ਮੰਤਰੀ ਪੰਜਾਬ ਦੇ ਸ਼ਹਿਰ ਸੰਗਰੂਰ ਵਿਖੇ ਸੂਬਾ ਪੱਧਰੀ ਰੈਲੀ ਕੀਤੀ ਜਾਵੇਗੀ।ਜੇਕਰ ਸਰਕਾਰ ਵੱਲੋਂ ਤਰਨਤਾਰਨ ਦੀ ਜ਼ਿਮਨੀ ਚੋਣ ਦਾ ਐਲਾਨ ਕੀਤਾ ਜਾਂਦਾ ਹੈ ਤਾਂ ਇਹ ਰੈਲੀ ਤਰਨਤਾਰਨ ਵਿਖੇ ਕੀਤੀ ਜਾਵੇਗੀ।ਇਸ ਮੀਟਿੰਗ ਵਿੱਚ ਸੂਬਾ ਸੀਨੀ. ਮੀਤ ਪ੍ਰਧਾਨ ਹਰਜੀਤ ਸਿੰਘ ਸੰਧੂ, ਰਾਖੀ ਮੰਨਣ, ਜਨਰਲ ਸਕੱਤਰ ਪਰਮਿੰਦਰ ਸਿੰਘ ਘੁਮਾਣ, ਹਰਪ੍ਰੀਤ ਸਿੰਘ, ਮੀਤ ਪ੍ਰਧਾਨ ਅਨਿਲ ਐਰੀ, ਹਨੀ ਗਰਗ, ਪਰਮਜੀਤ ਸਿੰਘ, ਵਿੱਤ ਸਕੱਤਰ ਹਰਜੀਤ ਸਿੰਘ ਬਰਕੰਦੀ, ਸਟੇਜ ਸਕੱਤਰ ਹਰਭਗਵਾਨ ਸਿੰਘ, ਪ੍ਰੈੱਸ ਸਕੱਤਰ ਹਰਜਿੰਦਰ ਸਿੰਘ, ਜੁਆਇੰਟ ਸਕੱਤਰ ਰਾਜਵਿੰਦਰ ਲਾਖਾ, ਸਟੇਟ ਮੈਂਬਰ ਗੁਰਪ੍ਰੀਤ ਸਿੰਘ, ਅਮਨ ਜੋਤੀ, ਰਿਸ਼ਵ ਦੇਵ ਗੋਇਲ, ਜ਼ਿਲ੍ਹਾ ਪ੍ਰਧਾਨ ਹਰ ਰਾਏ ਕੁਮਾਰ ਲੁਧਿਆਣਾ, ਸ਼ੀਤਲ ਸਿੰਘ ਤਰਨਤਾਰਨ, ਰਾਕੇਸ਼ ਸਿੰਘ ਮੋਗਾ, ਦਵਿੰਦਰ ਸਿੰਘ ਫਿਰੋਜ਼ਪੁਰ, ਗਗਨਪ੍ਰੀਤ ਸਿੰਘ ਅੰਮ੍ਰਿਤਸਰ, ਰਮਨ ਕੁਮਾਰ ਜਲੰਧਰ, ਸਤਪ੍ਰਤਾਪ ਸਿੰਘ ਮਾਨਸਾ, ਪ੍ਰਦੀਪ ਕੁਮਾਰ ਬਰਨਾਲਾ ਤੇ ਹੋਰ ਸਾਥੀ ਹਾਜ਼ਰ ਹੋਏ।

## ਸਕੂਲੀ ਵਾਹਨਾਂ ਦੀ ਕੀਤੀ ਚੈਕਿੰਗ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**
ਸੇਫ ਸਕੂਲ ਵਾਹਨ ਪਾਲਿਸੀ ਤਹਿਤ ਜ਼ਿਲ੍ਹਾ ਪੱਧਰ 'ਤੇ ਬਣਾਈ ਗਈ ਟਾਸਕ ਫੋਰਸ ਟੀਮ ਦੇ ਮੈਂਬਰਾਂ ਵੱਲੋਂ ਬਾਬਾ ਫਰੀਦ ਇੰਟਰਨੈਸ਼ਨਲ ਸਕੂਲ ਜ਼ੀਰਾ ਰੋਡ ਕੁੱਲਗੜ੍ਹੀ ਵਿਖੇ ਸਕੂਲੀ ਵਾਹਨਾਂ ਦੀ ਚੈਕਿੰਗ ਕੀਤੀ ਗਈ।

ਇਸ ਮੌਕੇ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਵਾਲੇ 20 ਸਕੂਲ ਵਾਹਨਾਂ ਦੇ ਚਲਾਨ ਕੱਟੇ ਗਏ। ਇਸ ਮੌਕੇ ਅਸਿਸਟੈਂਟ ਸਬ ਇੰਸਪੈਕਟਰ ਨਵਾਬ ਸਿੰਘ ਵੱਲੋਂ ਸਕੂਲੀ ਵਾਹਨਾਂ ਦੇ ਡਰਾਇਵਰਾਂ ਨੂੰ ਇਹ ਗੱਲ ਸਪੱਸ਼ਟ ਕੀਤੀ ਗਈ ਕਿ ਬੱਚਿਆਂ ਦੀ ਸੁਰੱਖਿਆ ਬਹੁਤ ਜ਼ਰੂਰੀ ਹੈ। ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਫਿਰੋਜ਼ਪੁਰ ਅਜੇ ਸ਼ਰਮਾ ਨੇ ਦੱਸਿਆ ਕਿ ਸਮੇਂ-ਸਮੇਂ 'ਤੇ ਸਕੂਲ ਪ੍ਰਿੰਸੀਪਲ ਤੇ ਡਰਾਇਵਰ ਨੂੰ ਸੇਫ ਸਕੂਲ ਸਕੂਲ ਵਾਹਨ ਪਾਲਿਸੀ ਦੀਆਂ ਹਦਾਇਤਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ।

## ਪੀ ਜੀ ਆਈ ਵੱਲੋਂ ਚਮੜੀ ਦਾਨ ਜਾਗਰੂਕਤਾ ਸੰਮੇਲਨ




**ਸਮਰਾਲਾ (ਸੁਰਜੀਤ ਸਿੰਘ)**-ਵਿਸ਼ਵ ਪਲਾਸਟਿਕ ਸਰਜਰੀ ਦਿਵਸ (15 ਜੁਲਾਈ) ਮੌਕੇ ਪੀ.ਜੀ.ਆਈ. ਚੰਡੀਗੜ੍ਹ ਦੇ ਪਲਾਸਟਿਕ ਸਰਜਰੀ ਵਿਭਾਗ ਵੱਲੋਂ ਚਮੜੀ ਦਾਨ ਜਾਗਰੂਕਤਾ ਸੰਮੇਲਨ ਕਰਵਾਇਆ ਗਿਆ, ਜਿਸ ਦਾ ਮਕਸਦ ਸੜੇ ਕੇਸਾਂ ਵਿੱਚ ਚਮੜੀ ਦਾਨ ਦੀ ਅਹਿਮ ਭੂਮਿਕਾ ਵੱਲ ਲੋਕਾਂ ਦਾ ਧਿਆਨ ਕੇਂਦਰਤ ਕਰਨਾ ਸੀ।ਸੰਮੇਲਨ ਦੀ ਸ਼ੁਰੂਆਤ ਵਿਪਿਨ ਕੌਸ਼ਲ ਮੈਡੀਕਲ ਸੁਪਰਿੰਟੈਂਡੈਂਟ ਵੱਲੋਂ ਮੁੱਖ ਮਹਿਮਾਨ ਵਜੋਂ ਕੀਤੀ ਗਈ, ਜਿਨ੍ਹਾਂ ਨੇ ਵਿਭਾਗ ਵੱਲੋਂ ਚਮੜੀ ਦਾਨ ਤੇ ਲੋਕ ਜਾਗਰੂਕਤਾ ਵਧਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਪ੍ਰਸੰਸਾ ਕੀਤੀ।ਮੈਡਮ ਜਸਪਾਲ ਕੌਰ, ਚੀਫ ਨਰਸਿੰਗ ਅਫਸਰ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਮੌਕੇ ਪਲਾਸਟਿਕ ਸਰਜਰੀ ਵਿਭਾਗ ਦੇ ਮੁਖੀ ਡਾ. ਅਤੁਲ ਪਰਸ਼ਾਰ ਨੇ ਦੱਸਿਆ ਕਿ ਪੀਜੀਆਈ ਨੇ ਬਰਨ ਇਲਾਜ, ਚਮੜੀ ਬੈਂਕਿੰਗ ਤੇ ਪੁਨਰ-ਸੰਰਚਨਾ ਸਰਜਰੀ ਦੇ ਖੇਤਰ ਵਿੱਚ ਸਦਾ ਅੱਗੇ ਰਹਿ ਕੇ ਕੰਮ ਕੀਤਾ ਹੈ।ਉਨ੍ਹਾਂ ਕਿਹਾ ਕਿ ਗੰਭੀਰ ਜ਼ਖਮਾਂ ਵਾਲੇ ਰੋਗੀਆਂ ਦੀ ਜ਼ਿੰਦਗੀ ਬਚਾਉਣ ਲਈ ਦਾਨ ਕੀਤੀ ਚਮੜੀ ਇੱਕ ਅਹਿਮ ਸਾਧਨ ਹੈ, ਪਰ ਚਮੜੀ ਦਾਨ ਦੀ ਉਪਲਬਧਤਾ ਵਿੱਚ ਅਜੇ ਵੀ ਇੱਕ ਵੱਡੀ ਚੁਣੌਤੀ ਹੈ।ਉਨ੍ਹਾਂ ਜਾਣਕਾਰੀ ਦਿੱਤੀ ਕਿ ਦਾਨ ਕੀਤੀ ਗਈ ਚਮੜੀ ਇੱਕ ਆਰਜ਼ੀ ਬਾਇਲੌਜੀਕਲ ਡ੍ਰੈਸਿੰਗ ਵਜੋਂ ਕੰਮ ਕਰਦੀ ਹੈ, ਜੋ ਕਿ ਜ਼ਖਮਾਂ ਨੂੰ ਢੱਕਣ, ਸਰੀਰ ਦੇ ਪਦਾਰਥਾਂ ਦੇ ਨੁਕਸਾਨ ਨੂੰ ਘਟਾਉਣ, ਇਨਫੈਕਸ਼ਨ ਤੋਂ ਬਚਾਅ ਤੇ ਸਰੀਰ ਨੂੰ ਸਿਹਤਮੰਦ ਹੋਣ ਦਾ ਸਮਾਂ ਦਿੰਦੀ ਹੈ।ਫਿਰ ਵੀ, ਭਾਰਤ ਵਿੱਚ ਇਸ ਸੰਬੰਧੀ ਜਾਗਰੂਕਤਾ ਬਹੁਤ ਘੱਟ ਹੈ।ਸਕਿਨ ਬੈਂਕ ਦੇ ਨੋਡਲ ਅਫਸਰ ਪ੍ਰੋਫੈਸਰ ਡਾ. ਪਰਮੋਦ ਕੁਮਾਰ ਨੇ ਦੱਸਿਆ ਕਿ 250 ਤੋਂ ਵੱਧ ਨਰਸਿੰਗ ਅਫਸਰਾਂ ਨੇ ਇਸ ਸੰਮੇਲਨ ਵਿੱਚ ਭਾਗ ਲਿਆ। ਉਨ੍ਹਾਂ ਕਿਹਾ ਕਿ ਆਈ ਸੀ ਯੂ ਤੇ ਟ੍ਰੌਮਾ ਨਰਸਿੰਗ ਅਫਸਰਾਂ ਦੀ ਇਸ ਵਿੱਚ ਮਹੱਤਵਪੂਰਨ ਭੂਮਿਕਾ ਹੈ, ਜੋ ਸਮਾਜ ਵਿੱਚ ਚਮੜੀ ਦਾਨ ਬਾਰੇ ਜਾਗਰੂਕਤਾ ਪੈਦਾ ਕਰਦੇ ਹਨ।ਡਾ. ਅਤੁਲ ਪਰਾਸ਼ਰ ਨੇ ਕਿਹਾ ਕਿ ਚਮੜੀ ਦਾਨ ਵੀ ਅੰਗ ਦਾਨ ਵਾਂਗ ਹੀ ਇੱਕ ਜੀਵਨ ਦਾਨ ਹੈ ਤੇ ਹਰ ਹੈਲਥ ਕੇਅਰ ਵਰਕਰ ਇਸ ਦਾਨ ਵਿੱਚ ਅਪਣਾ ਬਣਦਾ ਯੋਗਦਾਨ ਪਾ ਸਕਦਾ ਹੈ।ਉਨ੍ਹਾਂ ਕਿਹਾ ਕਿ ਕਲਿਨਿਕਲ ਮੁਹਾਰਤ ਤੇ ਸਮਾਜ ਸੇਵਾ ਦੇ ਸਹਿਯੋਗ ਨਾਲ ਪੀਜੀਆਈ ਦਾ ਪਲਾਸਟਿਕ ਸਰਜਰੀ ਵਿਭਾਗ ਨਾ ਸਿਰਫ ਜ਼ਿੰਦਗੀਆਂ ਬਚਾ ਰਿਹਾ ਹੈ, ਬਲਕਿ ਵਿਸ਼ਵ ਪਲਾਸਟਿਕ ਸਰਜਰੀ ਦਿਵਸ ਦੇ ਅਸਲ ਮਿਸ਼ਨ ਨੂੰ ਵੀ ਸਾਕਾਰ ਕਰ ਰਿਹਾ ਹੈ।

**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ**

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (2) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 27.12.2023 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਸ੍ਰੀ ਰਣਜੀਤ ਸਿੰਘ ਪੁੱਤਰ ਸ੍ਰੀ ਪ੍ਰਤਾਪ ਸਿੰਘ ਸ੍ਰੀਮਤੀ ਨੇਹਾ ਪਤਨੀ ਸ੍ਰੀ ਰਣਜੀਤ ਸਿੰਘ, ਦੋਵੇਂ ਵਾਸੀ ਮਕਾਨ ਨੰ. 540, ਵਾਰਡ ਨੰ. 2, ਮੁਹੱਲਾ ਕਰਤਾਰ ਨਗਰ, ਸ਼ਾਹਕੋਟ, ਜਲੰਧਰ, ਪੰਜਾਬ-144702 ਅਤੇ ਗਰੰਟਰਾਂ ਸ੍ਰੀ ਕੁਲਦੀਪ ਕੁਮਾਰ ਖੁੱਤਣ ਪੁੱਤਰ ਸ੍ਰੀ ਸਵਰਨਾ ਰਾਮ ਖੁੱਤਣ, ਵਾਸੀ ਬਿੱਲੀ ਚਹਾਰਮੀ, ਜਲੰਧਰ, ਪੰਜਾਬ-144040 ਅਤੇ ਸ੍ਰੀ ਮੁਨੀਸ਼ ਕੁਮਾਰ ਪੁੱਤਰ ਸ੍ਰੀ ਫੂਲ ਚੰਦ, ਵਾਸੀ ਮਕਾਨ ਨੰ. 31/1, ਵਾਰਡ ਨੰ. 1, ਮੁਹੱਲਾ ਅਜ਼ਾਦ ਨਗਰ, ਸ਼ਾਹਕੋਟ, ਜਲੰਧਰ, ਪੰਜਾਬ-144702 ਨੂੰ ਡਿਮਾਂਡ ਨੋਟਿਸ 'ਚ ਦਰਸਾਈ ਰਾਸ਼ੀ ਰੁਪਏ 33,00,617.67/- (ਤੇਤੀ ਲੱਖ ਛੇ ਸੌ ਸਤਾਰਾਂ ਰੁਪਏ ਅਤੇ ਸਤਾਹਠ ਪੈਸੇ ਕੇਵਲ) ਜਮ੍ਹਾਂ 01.12.2023 ਤੋਂ ਅਣ-ਵਸੂਲਿਆ ਵਿਆਜ ਅਤੇ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਲਈ ਕਿਹਾ ਸੀ।

ਕਰਜ਼ਦਾਰ/ਗਰੰਟਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰਾਂ ਅਤੇ ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਨਿਯਮ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 15 ਜੁਲਾਈ 2025 ਨੂੰ ਹੇਠਾਂ ਦੱਸੀ ਜਾਇਦਾਦ ਦਾ ਭੌਤਿਕ ਕਬਜ਼ਾ ਲੈ ਲਿਆ ਹੈ।

ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਸ਼ਾਹਕੋਟ ਬ੍ਰਾਂਚ ਵੱਲੋਂ ਰਕਮ ਰੁ. 33,00,617.67/- (ਤੇਤੀ ਲੱਖ ਛੇ ਸੌ ਸਤਾਰਾਂ ਰੁਪਏ ਅਤੇ ਸਤਾਹਠ ਪੈਸੇ ਕੇਵਲ) ਜਮ੍ਹਾਂ 01.12.2023 ਤੋਂ ਅਣ-ਵਸੂਲਿਆ ਵਿਆਜ ਜਮ੍ਹਾਂ ਇਸ ਉਪਰ ਵਿਆਜ ਅਤੇ ਹੋਰ ਖਰਚੇ ਵਸੂਲ ਕੀਤੇ ਜਾਣਗੇ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ**

ਬੈਨਾਮਾ ਨੰ. 2021/22/177/1/699 ਮਿਤੀ 12.08.2021 ਰਾਹੀਂ ਸ੍ਰੀਮਤੀ ਨੇਹਾ ਚੌਹਾਨ ਪਤਨੀ ਸ੍ਰੀ ਰਣਜੀਤ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 27 ਮਰਲੇ 5 ਸਰਸਾਈ, ਸੈਦਪੁਰ ਝਿੜੀ, ਤਹਿਸੀਲ ਸ਼ਾਹਕੋਟ ਦੇ ਨਾਲ ਸੰਬੰਧਤ ਸਭ ਕੁਝ।

ਮਿਤੀ : 15.07.2025, ਸਥਾਨ : ਸ਼ਾਹਕੋਟ (ਅਧਿਕਾਰਤ ਅਫਸਰ)

**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ**

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (2) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 05.01.2024 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਸ੍ਰੀ ਸੋਨੂੰ ਅਤੇ ਸ੍ਰੀ ਰਾਜੂ, ਦੋਵੇਂ ਪੁੱਤਰ ਸ੍ਰੀ ਰੂਪ ਲਾਲ, ਵਾਸੀ ਪਿੰਡ ਥੰਮੂਵਾਲ, ਸੰਢਾਂਵਾਲ ਜਲੰਧਰ, ਪੰਜਾਬ-144703 ਅਤੇ ਗਰੰਟਰ ਸ੍ਰੀ ਸੁਖਚੈਨ ਸਿੰਘ ਪੁੱਤਰ ਸ੍ਰੀ ਬਲਵਿੰਦਰ ਸਿੰਘ ਵਾਸੀ ਪਿੰਡ ਥੰਮੂਵਾਲ, ਸੰਢਾਂਵਾਲ, ਜਲੰਧਰ, ਪੰਜਾਬ-144703 ਨੂੰ ਨੋਟਿਸ 'ਚ ਦਰਸਾਈ ਰਕਮ ਰੁ. 14,77,542.80/- (ਚੌਦਾਂ ਲੱਖ ਸਤੱਤਰ ਹਜ਼ਾਰ ਪੰਜ ਸੌ ਬਤਾਲੀ ਰੁਪਏ ਅਤੇ ਅੱਸੀ ਪੈਸੇ ਕੇਵਲ) ਜਮਾਂ 01.01.2024 ਤੋਂ ਅਣ-ਵਸੂਲਿਆ ਵਿਆਜ ਅਤੇ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੱਤਾ ਸੀ।

ਕਰਜ਼ਦਾਰ/ ਗਰੰਟਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰਾਂ ਅਤੇ ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਨਿਯਮ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 15 ਜੁਲਾਈ 2025 ਨੂੰ ਹੇਠਾਂ ਦੱਸੀ ਜਾਇਦਾਦ ਦਾ ਭੌਤਿਕ ਕਬਜ਼ਾ ਲੈ ਲਿਆ ਹੈ।

ਖਾਸ ਤੌਰ 'ਤੇ ਕਰਜ਼ਦਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਕੰਗਣਾ ਬ੍ਰਾਂਚ ਵੱਲੋਂ ਰਕਮ ਰੁ. 14,77,542.80/- (ਚੌਦਾਂ ਲੱਖ ਸਤੱਤਰ ਹਜ਼ਾਰ ਪੰਜ ਸੌ ਬਤਾਲੀ ਰੁਪਏ ਅਤੇ ਅੱਸੀ ਪੈਸੇ ਕੇਵਲ) ਜਮ੍ਹਾਂ 01.01.2024 ਤੋਂ ਅਣ-ਵਸੂਲਿਆ ਵਿਆਜ ਜਮ੍ਹਾਂ ਇਸ ਉਪਰ ਵਿਆਜ ਅਤੇ ਹੋਰ ਖਰਚੇ ਵਸੂਲ ਕੀਤੇ ਜਾਣਗੇ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ**

ਬੈਨਾਮਾ ਨੰ. 2020-21/117/1/1531 ਮਿਤੀ 18.02.2022 ਰਾਹੀਂ ਸ੍ਰੀ ਸੋਨੂੰ ਪੁੱਤਰ ਸ੍ਰੀ ਰੂਪ ਲਾਲ ਦੀ ਮਲਕੀਅਤ ਜਾਇਦਾਦ ਰਕਬਾ 15 ਮਰਲੇ, ਥੰਮੂਵਾਲ, ਹਦਬਸਤ ਨੰ. 278, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ।

ਮਿਤੀ : 15.07.2025, ਸਥਾਨ : ਸ਼ਾਹਕੋਟ (ਅਧਿਕਾਰਤ ਅਫਸਰ)

# ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਸਬ-ਜੇਲ੍ਹ 'ਚ ਸੁਣੀਆਂ ਹਵਾਲਾਤੀਆਂ ਦੀਆਂ ਮੁਸ਼ਕਲਾਂ



ਮੋਗਾ, (ਇਕਬਾਲ ਸਿੰਘ ਖਹਿਰਾ)-ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੋਗਾ ... ਨੇ ਸਬ-ਜੇਲ੍ਹ ਮੋਗਾ ਦਾ ਦੌਰਾ ਕੀਤਾ ਗਿਆ। ਇਸ ਮੌਕੇ ... ਜੁਲਾਈ ਤੋਂ 30 ਸਤੰਬਰ 2025 ਤੱਕ ਨਾਲਸਾ ਦੀਆਂ ਹਦਾਇਤਾਂ ਅਨੁਸਾਰ ਸਾਰੇ ਪੰਜਾਬ ਵਿੱਚ ਚਲਾਈ ਜਾ ਰਹੀ 'ਮੀਡੀਏਸ਼ਨ ਫਾਰ ਦਿ ਨੇਸ਼ਨ' ਨਾਮ ਦੀ ਮੁਹਿੰਮ ਬਾਰੇ ਵਿਸਥਾਰਪੂਰਵਕ ਦੱਸਿਆ ... ਦੀਆਂ ਬੈਰਕਾਂ, ਬਾਥਰੂਮ ਤੇ ਕਿਚਨ ਆਦਿ ਦਾ ਵੀ ਨਿਰੀਖਣ ਕੀਤਾ। ਇਸ ਸਮੇਂ ... ਸੁਪਰਡੈਂਟ ਸਬ ਜੇਲ੍ਹ ਮੋਗਾ ... ਮੈਡੀਕਲ ਅਫਸਰ ਹਾਜ਼ਰ ਸਨ।

## ਕਮਿਸ਼ਨਰੇਟ ਪੁਲਸ ਵੱਲੋਂ ਦੋ ਗ੍ਰਿਫ਼ਤਾਰੀਆਂ, ਹੈਰੋਇਨ ਤੇ ਨਸ਼ੇ ਦੀ ਵਰਤੋਂ ਕਰਨ ਵਾਲਾ ਹੋਰ ਸਮਾਨ ਬਰਾਮਦ

ਜਲੰਧਰ (ਸੁਰਿੰਦਰ ਕੁਮਾਰ)- ਪੰਜਾਬ ਸਰਕਾਰ ਵਲੋਂ ਨਸ਼ਿਆਂ ਖ਼ਿਲਾਫ਼ ਸ਼ੁਰੂ ਕੀਤੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਕਮਿਸ਼ਨਰੇਟ ਪੁਲਸ ਜਲੰਧਰ ਵੱਲੋਂ ... ਆਪਰੇਸ਼ਨ ਚਲਾਇਆ ਗਿਆ ... ਕੁੱਲ 77 ਪੁਲਸ ਕਰਮਚਾਰੀ ਤੈਨਾਤ ਕੀਤੇ ਗਏ ... 10 ਗ੍ਰਾਮ ਹੈਰੋਇਨ, ਸਿਲਵਰ ਪੇਪਰ ਵਾਲੀ ਵੈਲਿੰਗ, ਲਾਈਟਰ ਅਤੇ 10 ਰੁਪਏ ਦੇ ਨੋਟ ਬਰਾਮਦ ਹੋਏ। ਇਸ ਤੋਂ ਇਲਾਵਾ 28 ਵਾਹਨਾਂ ਦੀ ਜਾਂਚ ਕੀਤੀ ਗਈ, ਜਿਸ ਵਿੱਚੋਂ 5 ਵਾਹਨਾਂ 'ਤੇ ਕੱਢੇ ਗਏ ਉਲੰਘਣਾ ਲਈ ਚਲਾਨ ਜਾਰੀ ਕੀਤੇ ਗਏ।

## ਬਾਲ ਭਿੱਖਿਆ ਨੂੰ ਰੋਕਣ ਲਈ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਵੱਲੋਂ ਚੈਕਿੰਗ



ਫਿਰੋਜ਼ਪੁਰ (ਅਸ਼ੋਕ ਸ਼ਰਮਾ) - ਬਾਲ ਅਧਿਕਾਰ ਰੱਖਿਆ ਕਮਿਸ਼ਨ ਭਾਰਤ ਸਰਕਾਰ ਵੱਲੋਂ ਜਾਰੀ ਗਾਈਡ ਲਾਈਨ ਅਨੁਸਾਰ ਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਫਿਰੋਜ਼ਪੁਰ ... ਬਾਲ ਸੁਰੱਖਿਆ ਯੂਨਿਟ ਫਿਰੋਜ਼ਪੁਰ ਵੱਲੋਂ ਪੁਲਸ ਵਿਭਾਗ ਗੁਰੂ ਹਰਸਹਾਏ ਨਾਲ ਤਾਲਮੇਲ ਕਰਕੇ ਗੁਰੂ ਹਰਸਹਾਏ ਵਿਚ ਚੈਕਿੰਗ ਕੀਤੀ ਗਈ ... ਚਾਈਲਡ ਹੈਲਪ ਲਾਈਨ ਨੰਬਰ 1098 ... ਮੌਜੂਦ ਸਨ।

## ਸੰਧਵਾਂ ਵੱਲੋਂ ਮੈਰਾਥਨ ਦੌੜਾਕ ਫ਼ੌਜਾ ਸਿੰਘ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

ਚੰਡੀਗੜ੍ਹ, (ਕ੍ਰਿਸ਼ਨ ਗਰਗ, ਗੁਰਜੀਤ ਬਿੱਲਾ)-ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਮੈਰਾਥਨ ਦੌੜਾਕ ਫ਼ੌਜਾ ਸਿੰਘ ਦੇ ਦੇਹਾਂਤ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ ... 100 ਸਾਲਾ ਮੈਰਾਥਨ ਦੌੜਾਕ ਬਣੇ ਜਿਨ੍ਹਾਂ ਨੇ ਟੋਰਾਂਟੋ ਮੈਰਾਥਨ 8 ਘੰਟੇ, 11 ਮਿੰਟ ਅਤੇ 6 ਸਕਿੰਟ ਵਿੱਚ ਪੂਰੀ ਕੀਤੀ। ... ਵਾਹਿਗੁਰੂ ਦੁਖੀ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਲੁਧਿਆਣਾ ... ਅਗਲੀ ਤਰੀਕ 16-07-2025 ...

## COURT NOTICE

(U/o 5 Rule 20 CPC)
In the Court of Ms. Girish
Principal judge Family Court cum additional Sessions Judge, Distt. Sri Muktsar Sahib, Camp at Malout.
CNR No. PBSMF30004782024
Next Date:-19-07-2025
Daljit Singh
Vs
Dalpreet kaur
Publication Issued To:
Dalpreet Kaur W/o Daljit Singh (D/o Mohkam Singh) Village Panniwala Fatta, Tehsil Malout Now at Village Killianwali, Tehsil Abohar, Distt. Fazilka.
In above titled case, the defendant(s) respondent(s) could not be served. It is ordered that defendant (s) respondent (s) should appear in person or through counsel on 19-07-2025 at 10:00 a.m.
For details logon to https://highcourtchd.gov.in/?trs=district_notice&district=sri Muktsar sahib
Principal judge, Family Court, Camp at Malout.
Date:-15-07-2025

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀਮਤੀ ਸਲਿੰਦਰਜਾ ਦੇਵੀ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਭੋਗਪੁਰ (ਜਲੰਧਰ) ... ਅੱਜ ਮਿਤੀ 15/7/25 ...

## ਪਬਲਿਕ ਨੋਟਿਸ

ਮੈਂ ਸ਼ਿਵਦੀਪ ਸਿੰਘ ਪੁੱਤਰ ਸ. ਹਰਜੀਤ ਸਿੰਘ ... 18-3-2008 ... 13-4-2025 ...

## COURT NOTICE

(U/o 5 Rule 20 CPC)
In The Court of Arun Thapa
Civil Judge (Junior Division), Amritsar
CNR No. PBAS02-001594-2024
Next Date:- 29-08-2025
CS PINJ M INJ
Dalbir Kausr @ Surjit Kaur
Vs.
Baljit Kaur
Publication Issued To:
Baljit Kaur :- W/o Jugraj Singh D/o Mukhtar Singh R/o opposite Maya Cinema, Chheharta, Amritsar, at Present R/o Near Adha Fatahpur, Village Bharariwal, Amritsar.
In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 29-08-2025 at 10:00 a.m.
For details logon to https://highcourtchd.gov.in/?trs=district_notice&district=Amritsar
Civil Judge (Junior Division) Amritsar
Dated, this day of 14-07-2025

## ਕੋਰਟ ਨੋਟਿਸ, ਜ਼ਿਲ੍ਹਾ ਮੈਜਿਸ ਅਫ਼ਸਰ, ਜਲੰਧਰ V/S ਆਮ ਜਨਤਾ

ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ



ਬਿਨੈਕਾਰ ਦਾ ਨਾਮ : ਬਲਵਿੰਦਰ ਕੌਰ ਪਿਤਾ/ਪਤੀ ਦਾ ਨਾਮ : ਕੁਲਦੀਪ ਸਿੰਘ
ਪਤਾ: Vpo Virk Patti Bohudi Pur Jalandhar, Village-Virk/ Tehsil-Phillaur/ District - Jalandhar, Punjab
ਨਾਮ : ਕੁਲਪ੍ਰੀਤ ਸਿੰਘ ਪਤਾ: Vpo Virk Patti Bohudi Pur Jalandhar, Virk, Phillaur, Jalandhar
ਵਿਦੇਸ਼ੀ ਪਤਾ : Rua Maria Amalia Vaz De Carvalho N 5 9E 2660-303 Santo Antonio Dos Cavaleiros Portugal
ਉਮਰ/ਜਨਮ ਮਿਤੀ : 33 (03-08-1991)
... ਮਿਤੀ 15-07-2025 ... ਜ਼ਿਲ੍ਹਾ ਮੈਜਿਸ ਅਫ਼ਸਰ, ਜਲੰਧਰ, ਪੰਜਾਬ, ਭਾਰਤ
ਨੰਬਰ 63/ਨੋਟਿਸ/ਰੀਡਰ ਮਿਤੀ 15-07-2025

AXIS BANK
Retail Assets Center : AXIS Bank Ltd., "2nd and 3rd Floor, Property No. 7-E, Malhar Road, Sarabha Nagar, Ludhiana-141001. Retail Assets Center : AXIS Bank Ltd., 1st Floor, SCO 367-368, Above Akash Institute, Sector 34A, Chandigarh-160022.
Corporate Office : 3rd Floor, Block-B, Bombay Dyeing Mills Compound, Pandurang Budhakar Marg, Worli, Mumbai-400 025. Registered Office : "Trishul", 3rd floor, Opposite Samartheswar Temple, Law Garden, Ellisbridge, Ahmedabad-380006.
... ਮਿਤੀ : 16.07.2025

# ਕਲਾਸੀਫਾਈਡ ਇਸ਼ਤਿਹਾਰ

## Change of Name

I, Avtar Singh S/o Baljit Singh R/o H. No. 126-127, Amandeep Avenue, Maqsudan, Jalandhar, Punjab have changed my name to Avtar Singh Ghuman. Concerned note. (12258)

I, Jagroop Kaur W/o Avtar Singh R/o H. No. 126-127, Amandeep Avenue, Maqsudan, Jalandhar, Punjab have changed my name to Jagroop Kaur Ghuman. Concerned note. (12258)

I, Manjit Singh S/o Surjeet Singh R/o E-53, Guru Nanak Dev University Campus, Amritsar have changed my name from Manjit Singh to Manjeet Singh. Please All Concerned Note.

I Rita Rani W/O Sh Sham Singh VPO : Badla Teh Dasuya Distt. Hoshiarpur PB India have changed my name Rita Rani to Reetan Rani.

I, Jyoti Shaihari wife of Mohan Lal resident of H. No. 194, Street No 3, Neta Ji Park, Balowki, Ludhiana-141001, I declare that i have changed my name from Jyoti Shaihari to Jyoti. Concerned please note.

I, Inderjeet Singh S/O Ram Singh R/O H. No. 32 Gali No. 09, Near Lamba Pind Chowk, Shaheed Udham Singh Nagar Jalandhar, Punjab. I have changed my name from Inderjeet to Inderjeet Singh. I declare that my given name is Inderjeet and my Surname is Singh. All Concerned note it.

I, Gurendra Singh S/o Sukh Dev Singh R/o Chabhal Road, Mandiala, Amritsar, Punjab-143009 have changed my name from Gurendra Singh to Gurendar Singh.

I, Balvinder Kour W/o Gurendar Singh R/o Chabhal Road, Bohru Mandiala, PO Fatahpur, Distt. Amritsar, Punjab-143009 have changed my name from Balvinder Kour to Balwinder Kaur.

I, Jagjeet Singh S/o Sevak Singh R/o 5836, Gali No.7, Kapoor Nagar, Amritsar, Punjab-143001 have changed my name from Jagjeet Singh to Jagjit Singh.

I, Shinda Singh Sekhon S/o Bikkar Singh Sekhon R/o village Sanher District ferozepur have changed my name Shinda Singh Sekhon to Shinda Singh

I, Kaushalya Devi W/o Bram Dutt R/o New Dashmesh Nagar Gali No.3, Tower Wali Gali, Kot Khalsa Amritsar have declare that Kaushalya is my Given name and Devi is my Surname

I, Balwinder Singh S/o Balwant Singh R/o 741, Ward No.55, Kot Khalsa Adarsh Nagar, Gali Gurudware Wali Amritsar have declare that Balwinder is my Given name and Singh is my Surname

I, Simranjit Singh S/o Satnam Singh R/o Village Chak Mishri Khan PO Preet Nagar, Tehsil Ajnala District Amrisar have declare that Simranjit is my Given name and Singh is my Surname

I, Sawinder Kaur W/o Kuldeep Singh R/o H.No.13-B, Gali No.1, outside Chatiwind Gate, New Antaryami Colony Amritsar have changed my name from Sawinder Kaur to Sweety Kaur

I, Sarabjit Kaur W/o Palwinder Singh R/o VPO Sohal Tehsil And Distt Tarn Taran have changed my name from Sarabjit Kaur to Sarbjit Kaur

I, Aveneet Kaur W/o Mandeep Singh Resident of 11-B, Guru Amar Dass Avenue, Ajnala Road, Amritsar I have changed my name from Aveneet Kaur to Avneet Kaur. All concerned please note.

I, Bhagwan Das S/o Pannu Ram, R/o Mohalla Naseer Purian, Sultanpur Lodhi District Kapurthala-144626 (Punjab) have changed my name from Bhagwan Dass to Bhagwan Das.

I, Sarabjit Kaur W/o Kuldip Singh R/o Patti Hindu ki, Khooh Tibba Wala, Bundala Tehsil & Distt. Amritsar, Punjab-143413 India have changed my name from Sarabjit Kaur to Sarbjit Kaur. Concerned Note.

I, Surjeet Kaur D/o Shankar Dass W/o Kulwinder Chand R/o Village Mallian, P.O. Dyalpur, Jalandhar, Punjab, 144803 changed my name Surjeet as Given Name and Kaur as Surname.

I Ram Prakash S/o Gian Chand R/o H.No. 82, Tower Enclave , Phase 2, PO Tower Town, Jalandhar- 144014, Punjab, have changed my name from Ram Prakash to Prakash Ram in which given name Prakash and surname as Prakash. All concerned please note.

I, Neha Chopra W/o Neeraj Chopra R/o H.No.25-A, Ramdass Nagar, Jalandhar, Punjab, India have changed my name from Neha Thakur to Neha Chopra after marriage. All concerned please note.

I, Mohinder Kaur W/o Late Hardeep Singh R/o Lidhran, Jalandhar, Punjab-144004, India declare that I am known by two names Mohinder Kaur and Mohinder Kaur Lidhar. Both the names are of one and the same person. All concerned please note.

I, Ratan Lal S/o Massu Ram Resident of VPO Sialka, Tehsil Baba Bakala, District Amritsar have changed my name from Ratan Lal to Rattan Lal concerned may please be noted.

I, Rajni Bala W/o Parvesh Kumar R/o H.No. B-14/199, Ashok Nagar Distt. Hoshiarpur Punjab declare that I Rajni Bala and Rajni Sharma is one and the same person Concerned note.

I, Kashmir Singh son of Najar Singh resident of village Phoolewal, District Kapurthala, Punjab, India have changed my name from KASHMIR SINGH to SINGH KASHMIR. All concerned please note.

I Harvinder Singh son of Kashmir Singh resident of village Phule wal, District Kapurthala, Punjab, India have changed my name from SINGH HARVINDER. All concerned please note.

I Yuvraj S/o Hukam Chand Resident of H.No. 110 Shareef Pura, Buta Mandi, Jalandhar, 144003, Punjab, India have changed my name Yuvraj to Yuvraj Mahey. All please note

I, Bhagwan Das S/o Pannu Ram ... 

I, Avtar Singh ...

I, Rattan Lal ...

I, Ratan Lal ...

## Change of Name

I, Sarabjit Kaur W/O Jamail Singh, R/o Post office Rurki Khas, Tehsil: Garhshankar, Rurki Khas, Hoshiarpur, Punjab- 144532. have changed my name and shall hereafter be Known as Sharanjit Kaur.

I, Nikhil Gupta S/O Sushil Kumar, R/o Flat No: 606 Tower-v, Jai Puria Sunrise Greens VIP Road, Zirakpur, Zirakpur, SAS Nagar (Mohali), Punjab- 140603, have changed my name and shall hereafter be Known as Nikhil Kumar.

I, Luxmi Gupta Alias Laxmi Gupta W/O Sushil Kumar Gupta, D/O Jagdish Rai R/o Flat No: 606 Tower-v, Jai Puria Sunrise Greens VIP Road, Zirakpur, Zirakpur, SAS Nagar(Mohali), Punjab- 140603. have changed my name and shall hereafter be Known as Luxmi Bala Gupta.

I, Surbhi W/o Kamaldeep Singh R/o VPO Ghot Poker, Tehsil/Distt. Gurdaspur, Punjab-143530. Have changed my name from Surbhi to Surbhi Kaur.

I, Manjeet Kaur W/o Ashok Kumar R/o Vill.Dhadda, PO. Hazara, Distt.Jalandhar, Punjab have changrd my name to Given name as Manjeet & Surname as Kaur. All Please Note.

I, Manjeet Kaur W/o Ashok Kumar R/o Vill. Dhadda, PO. Hazara, Distt.Jalandhar have changed my minor son name from Yuvshaan Kumar to Given name as Yuvshaan & Surname as Kumar. All Please Note.

I, Manjeet Kaur W/o Ashok Kumar R/o Vill. Dhadda, PO. Hazara, Distt.Jalandhar have changed my minor daughter name from Britika Kumari to Given name as Britika & Surname as Kumari. All Please Note.

I, Ashwani S/o Kuldeep Raj R/o 122, Satnam Nagar, Basti Danishmandan, Jalandhar have changed my name from Ashwani to Ashwani Kumar. All Please Note.

I, Paramjeet Kaur Uppal w/o Rajvir Singh R/o Vill. Raiwal Bet, PO. Lohian Khas, Tehsil Shahkot, Distt. Jalandhar, Punjab have changed my name to Paramjeet Kaur. All Please Note.

I, Sanjeev Kumar S/o Ajit Singh R/o Vill.Dhakkon, Po. Bahowal, Ps. Chabbewal, Hoshiarpur have changed my name to Given name as Sanjeev & Surname as Kumar. All Please Note.

I, Gurminder Singh S/o Gurdev Singh R/o VPO. Chachoki, Tehsil Phagwara, Kapurthala changed my name as Gurminder Singh Panesar. (Surname as Panesar) All Please Note.

I, Vijay Pal S/o Harbans Lal R/o B-9 774/144, Moh.Sunder Nagar, Po. Reru, Jalandhar have changed my minor son name from Ahsas Chumber to Given name as Ahsas & Surname as Chumber. All Please Note.

I, Vijay Pal S/o Harbans Lal R/o B-9 774/144, Moh.Sunder Nagar, Po. Reru, Distt.Jalandhar have changed my minor son name from Sukran Chumber to Given name as Sukran & Surname as Chumber. All Please Note.

I, Gurmeet Kaur W/o Jaspal Singh R/o H.No.919, Arjan Nagar, Jalandhar, Punjab have changed my name from Gurmeet Kaur to Gurjit Kaur. All Please Note.

I, Sukhwinder Kaur W/o Jasvir Singh R/o H.No.1055, Basti Mithu, Jalandhar-144002, Punjab have changed my name spelling from Sukhwinder Kaur to Sukhvinder Kaur. All Please Note.

I, Victor S/o Prem Chand R/o H.No. L 26, Upkar Nagar, Lamba Pind, Distt. Jalandhar, Punjab have changed my name from Victor to Victor Masih. All Please Note.

I, Kailash Rani W/o Darshan Kumar R/o H.No. 360, Gali No. 9, Old Hoshiarpur Road, Gulmohar City, Chogitti, Jalandhar, Punjab have changed my name from Kailash Kaur to Kailash Rani. All Please Note.

I, Nitin S/o Karamjit Singh R/o Mast Colony Pind Kot Sadiq, Kala Sangha Road, Jalandhar, Punjab have changed my name from Nitin to Nitin Singh Sandhu. All Please Note.

I, Reena Kumari W/o Manjit Singh R/o VPO. Talhan, Distt. Jalandhar, Punjab have changed my name from Reena Kumari to Reena. All Please Note.

I, Mahasundar Devi W/o Dinesh Sahni R/o VPO. Palahi, Tehsil Phagwara, Distt. Kapurthala, Punjab declare that Mahasundar Devi and Geeta are the names of one and the same person.

## ਨਾਂਅ ਦੀ ਬਦਲੀ

ਮੈਂ ਅਮਨਪ੍ਰੀਤ ਕੌਰ ਪਤਨੀ ਗੁਰਪ੍ਰੀਤ ਸਿੰਘ ... ਸਬੰਧਿਤ ਨੋਟ ਕਰਨ।

ਮੈਂ, ਨਿਖਿਲ ਪੁੱਤਰ ... 137/3, ਸ਼ਾਹਪੁਰ ਨਗਰ, ਜਲੰਧਰ, ਪੰਜਾਬ ... ਸਬੰਧਿਤ ਨੋਟ ਕਰਨ।

## ਆਮ ਸੂਚਨਾ

ਖਾਤਾ ਨੰਬਰ ਦੇ ਪੀ 13/1122 ... ਸਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਰਾਣੋ ਕੌਰ ਪਤਨੀ ਦਰਸ਼ਨ ਸਿੰਘ ਵਾਸੀ ਮਕਾਨ ਨੰ: 488, ਪਿੰਡ ਗੁਮਟਾਲਾ, ਅੰਮ੍ਰਿਤਸਰ ... ਸਬੰਧਿਤ ਨੋਟ ਕਰਨ।

ਮੈਂ, ਮਹਿੰਦਰ ਸਿੰਘ ਪੁੱਤਰ ... (12261)

... ਸਬੰਧਿਤ ਨੋਟ ਕਰਨ।

## ਆਮ ਸੂਚਨਾ

ਮੈਂ, ਵਿਕਰਮ ਗੁਪਤਾ ਪੁੱਤਰ ਸ੍ਰੀ ਦਰਸ਼ਨ ਸਿੰਘ ... ਸਬੰਧਿਤ ਨੋਟ ਕਰਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੋਂ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਡੀ ਏ ਵੀ ਸਕੂਲ ਨੇ ਵਿਦਿਆਰਥੀਆਂ ਨੂੰ 650 ਪੌਦੇ ਵੰਡੇ



ਪਾਤੜਾਂ (ਨਿਸ਼ਾਨ ਸਿੰਘ ਬਟਵਾਲਾ) : ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਡੀਏਵੀ ਪਬਲਿਕ ਸਕੂਲ ਪਾਤੜਾਂ ਨੇ ਡਿਪਟੀ ਕਮਿਸ਼ਨਰ ਪਟਿਆਲਾ ਤੇ ਜ਼ਿਲ੍ਹਾ ਸਿੱਖਿਆ ਅਫਸਰ ਪਟਿਆਲਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ 650 ਤੋਂ ਵੱਧ ਪੌਦੇ ਵਿਦਿਆਰਥੀਆਂ ਨੂੰ ਵੰਡੇ। ... 'ਸ੍ਰੀ ਗੁਰੂ ਤੇਗ ਬਹਾਦਰ ਜੀ' ਦੇ 350ਵੇਂ ਸ਼ਹੀਦੀ ਦਿਵਸ ਤੇ 'ਮਾਂ ਦੇ ਨਾਮ 'ਤੇ ਇੱਕ ਪੌਦਾ' ਮੁਹਿੰਮ ਤਹਿਤ ਸਮਰਪਤ ਕੀਤਾ ਹੈ। ... ਵਧ ਗਿਆ ਹੈ, ਉਸ ਸਮੇਂ ਮਨੁੱਖੀ ਤੇ ਜਾਨਵਰਾਂ ਦੀ ਸਿਹਤ ਦਾ ਖਿਆਲ ਰੱਖਣ ਲੋੜੀਂਦੀ ਮਾਤਰਾ ਵਿੱਚ ਸਿੱਧੇ ਆਕਸੀਜਨ ਚਾਹੀਦੀ ਹੈ ... ਪੌਦੇ ਲਗਾਉਣ ਦੀ ਅਪੀਲ ਕੀਤੀ।

## ਹੁਣ ਸਕੂਲ ਅਧਿਆਪਕ ਵਿਦਿਆਰਥੀਆਂ ਦੀ ਵਿਜ਼ਨ ਸਕ੍ਰੀਨਿੰਗ ਕਰ ਸਕਣਗੇ-ਡਾ. ਰਾਜਵਿੰਦਰ ਕੌਰ



ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਰਾਸ਼ਟਰੀ ਅੰਨ੍ਹਾਪਣ ਕੰਟਰੋਲ ਪ੍ਰੋਗਰਾਮ ਤਹਿਤ ਸਿਵਲ ਸਰਜਨ ਦਫਤਰ ਫਿਰੋਜ਼ਪੁਰ ਵਿਖੇ ਸਕੂਲ ਅਧਿਆਪਕਾਂ ਦੀ ਇੱਕ ਰੋਜ਼ਾ ਸਿਖਲਾਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਸਿਵਲ ਸਰਜਨ ਡਾ. ਰਾਜਵਿੰਦਰ ਕੌਰ ਦੀ ਅਗਵਾਈ ਹੇਠ ... ਟ੍ਰੇਨਿੰਗ ਦਿੱਤੀ ਗਈ। ... ਨੇਤਰ ਅਧਿਕਾਰੀ ਤੇ ਮਾਸਟਰ ਟਰੇਨਰ ਅਧਿਆਪਕ ਮੌਜੂਦ ਸਨ।

## ਬੇਦਖਲੀ ਨੋਟਿਸ

ਮੈਂ ਸਤਿੰਦਰ ਸਿੰਘ ... ਸਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਜਗਜੀਤ ਕੌਰ ਪਤਨੀ ... ਨੋਟ ਕਰਨ।

## PUBLIC NOTICE

I, Gagandeep Singh S/o Avtar Singh R/o Village Bahurian Saimian, Post Office Jagowal Bet, Distt. Gurdaspur, Pin-143528, Punjab declare that my given name as Gagandeep and my Surname as Singh.

I, Harpreet Singh S/o Avtar Singh R/o Village Bahurian Saimian, Post Office Jagowal Bet, Distt. Gurdaspur, Pin-143528, Punjab declare that my given name as Harpreet and my Surname as Singh.

16 July Page 8.qxd 7/15/2025 11:02 PM Page 1



# ਮੈਰਾਥਨ ਦੌੜਾਕ ਫੌਜਾ ਸਿੰਘ ਦੇ ਦੇਹਾਂਤ 'ਤੇ ਦੁੱਖ ਪ੍ਰਗਟ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**- ਭਾਰਤ, ਪੰਜਾਬ, ਪੰਜਾਬੀਅਤ, ਪੂਰੇ ਵਿਸ਼ਵ ਵਿੱਚ ਵਸ ਰਹੇ ਪੰਜਾਬੀਆਂ ਅਤੇ ਸਿੱਖਾਂ ਦਾ ਮਾਣ ਵਿਸ਼ਵ ਪ੍ਰਸਿੱਧ ਮੈਰਾਥਨ ਦੌੜਾਕ 114 ਸਾਲਾ ਫੌਜਾ ਸਿੰਘ ਬਿਆਸ ਪਿੰਡ ਜ਼ਿਲ੍ਹਾ ਜਲੰਧਰ ਵਾਲੇ ਸੋਮਵਾਰ ਸ਼ਾਮ ਤਿੰਨ ਕੁ ਵਜੇ ਦੇ ਕਰੀਬ ਸੈਰ ਕਰਦੇ ਸਮੇਂ ਕਾਰ ਦੀ ਲਪੇਟ 'ਚ ਆਉਣ 'ਤੇ ਜ਼ਖਮੀ ਹੋਣ ਤੋਂ ਬਾਅਦ ਕੁਝ ਹੀ ਘੰਟਿਆਂ ਬਾਅਦ ਜਲੰਧਰ ਦੇ ਨਿੱਜੀ ਹਸਪਤਾਲ ਵਿੱਚ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਫੌਜਾ ਸਿੰਘ ਦੀ ਮੌਤ 'ਤੇ ਜਿੱਥੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨੂੰ ਬਹੁਤ ਹੀ ਵੱਡਾ ਝਟਕਾ ਲੱਗਾ, ਉੱਥੇ ਨਾਲ ਹੀ ਖੇਡ ਪ੍ਰੇਮੀਆਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ। ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਉਹਨਾਂ ਦੀ ਮੌਤ 'ਤੇ ਦੁੱਖ ਜ਼ਾਹਰ ਕੀਤਾ ਗਿਆ। ਉਹਨਾਂ ਦੇ ਤੁਰ ਜਾਣ 'ਤੇ ਉਹਨਾਂ ਦੇ ਜੱਦੀ ਪਿੰਡ ਬਿਆਸ ਪਿੰਡ ਵਿਖੇ ਉਹਨਾਂ ਦੇ ਗ੍ਰਹਿ ਵਿਖੇ ਉਹਨਾਂ ਦੇ ਸਕੇ ਸੰਬੰਧੀਆਂ, ਰਿਸ਼ਤੇਦਾਰਾਂ, ਸਿਆਸੀ ਲੀਡਰਾਂ, ਉਹਨਾਂ ਦੇ ਚਾਹੁੰਣ ਵਾਲਿਆਂ ਅਤੇ ਇਲਾਕੇ ਦੇ ਲੋਕਾਂ ਦਾ ਉਹਨਾਂ ਦੇ ਪਰਵਾਰ ਨਾਲ ਅਫਸੋਸ ਪ੍ਰਗਟ ਕਰਨ ਲਈ ਤਾਂਤਾ ਲੱਗ ਗਿਆ। ਫੌਜਾ ਸਿੰਘ ਦੇ ਛੋਟੇ ਪੁੱਤਰ ਸੁਖਜਿੰਦਰ ਸਿੰਘ ਸੁੱਖਾ ਨੇ ਦੱਸਿਆ ਕਿ ਤਿੰਨ ਕੁ ਵਜੇ ਦੇ ਕਰੀਬ ਉਹ ਰੋਜ਼ਾਨਾ ਦੀ ਤਰ੍ਹਾਂ ਸੈਰ ਕਰਨ ਲਈ ਹਾਈਵੇ ਵੱਲ ਗਏ ਸਨ ਤਾਂ ਕੋਈ ਅਣਪਛਾਤੀ ਚਿੱਟੇ ਰੰਗ ਦੀ ਕਾਰ ਨੇ ਉਹਨਾਂ ਨੂੰ ਟੱਕਰ ਮਾਰ ਦਿੱਤੀ। ਕਾਰ ਸਵਾਰ ਮੌਕੇ ਤੋਂ ਕਾਰ ਸਮੇਤ ਫਰਾਰ ਹੋ ਗਿਆ।



ਉਹਨਾਂ ਦੱਸਿਆ ਕਿ ਫੌਜਾ ਸਿੰਘ ਦਾ ਸਸਕਾਰ ਉਹਨਾਂ ਦੇ ਪਰਵਾਰਕ ਮੈਂਬਰਾਂ ਵੱਲੋਂ ਵਿਦੇਸ਼ ਤੋਂ ਆਉਣ ਤੋਂ ਬਾਅਦ ਕੀਤਾ ਜਾਵੇਗਾ। ਫੌਜਾ ਸਿੰਘ ਜਿਨਾਂ ਨੇ ਆਪਣੀ ਆਖਰੀ ਉਮਰ ਵਿੱਚ ਜਾ ਕੇ ਦੌੜ ਦਾ ਸਿਲਸਿਲਾ ਸ਼ੁਰੂ ਕੀਤਾ ਅਤੇ ਉਹਨਾਂ ਨੇ ਇੱਕ ਤੋਂ ਇੱਕ ਰਿਕਾਰਡ ਬਣਾਏ। ਫੌਜਾ ਸਿੰਘ ਨੇ ਆਪਣੀ 89 ਸਾਲ ਦੀ ਉਮਰ 'ਚ ਪਹਿਲੀ ਮੈਰਾਥਨ ਦੌੜ ਸਾਲ 2000 ਵਿੱਚ ਲੰਡਨ 'ਚ ਦੌੜੀ, ਸਾਲ 2001 ਲੰਡਨ ਮੈਰਾਥਾਨ ਦੌੜ 90 ਸਾਲ ਤੋਂ ਉੱਪਰ ਦੇ ਵਰਗ 'ਚ ਛੇ ਘੰਟੇ 54 ਮਿੰਟ ਦੇ ਸਮੇਂ 'ਚ ਤੈਅ ਕੀਤੀ ਅਤੇ ਪਿਛਲੇ ਰਿਕਾਰਡ ਨਾਲੋਂ 58 ਮਿੰਟ ਵਧੀਆ ਕੀਤਾ। 92 ਸਾਲ ਦੀ ਉਮਰ 'ਚ ਟੋਰੰਟੋ ਵਾਟਰ ਫਰੰਟ ਮੈਰਾਥਨ ਦੌੜ ਪੰਜ ਘੰਟੇ 40 ਮਿੰਟ ਇਕ ਸੈਕਿੰਡ ਪੂਰੀ ਕੀਤੀ ਜੋ ਰਿਕਾਰਡ ਹੈ। 100 ਸਾਲ ਦੀ ਉਮਰ ਦੇ 2011 ਸੰਨ ਦੀ ਟੋਰੰਟੋ ( ਕੈਨੇਡਾ) ਵਾਟਰ ਫਰੰਟ ਮੈਰਾਥਨ ਦੌੜ 8 ਘੰਟੇ 11 ਮਿੰਟ 17 ਸੈਕਿੰਡ ਚ ਪੂਰੀ ਕੀਤੀ। ਜਿਸ ਦਾ ਅਧਿਕਾਰਕ ਸਮਾਂ 8 ਘੰਟੇ 25 ਮਿੰਟ 17 ਸੈਕਿੰਡ ਸੀ। ਜੋ ਗਿੰਨੀ ਰਿਕਾਰਡ ਸੀ ਪਰੰਤੂ ਉਹਨਾਂ ਦੀ ਉਮਰ ਦੀ ਪੁਸ਼ਟੀ ਨਾ ਹੋਣ ਕਰਕੇ ਉਹਨਾਂ ਨੂੰ ਮਾਨਤਾ ਨਹੀਂ ਦਿੱਤੀ ਗਈ। ਫੌਜਾ ਸਿੰਘ ਦੇ ਦੇ ਨਾਂਅ ਕਈ ਟਰੈਕ ਰਿਕਾਰਡ ਹਨ ਜੋ 100 ਸਾਲ ਦੀ ਉਮਰ ਦੇ ਬਜ਼ੁਰਗਾਂ ਚੋਂ ਉਹਨਾਂ ਦੇ ਨਾਂਅ ਦਰਜ ਹਨ। ਉਨਾਂ ਨੇ 100 ਮੀਟਰ 23.14 ਸੈਕਿੰਡ, 200 ਮੀਟਰ 52.23 ਸੈਕਿੰਡ, 400 ਮੀਟਰ 2 ਮਿੰਟ 13.48 ਸੈਕਿੰਡ, 800 ਮੀਟਰ 5 ਮਿੰਟ 32.18 ਸੈਕਿੰਡ, 1500 ਮੀਟਰ 11 ਮਿੰਟ 27.81,1 ਮੀਲ 11 ਮਿੰਟ 53.45 ਸੈਕਿੰਡ,3000 ਮੀਟਰ, 24 ਮਿੰਟ 52.47 ਸੈਕਿੰਡ, 5000 ਮੀਟਰ 49 ਮਿੰਟ 57.39 ਸੈਕਿੰਡ ਪੂਰੀਆਂ ਕੀਤੀਆਂ। ਉਨ੍ਹਾਂ ਦੇ ਨਾਂ ਹੋਰ ਵੀ ਕਈ ਪ੍ਰਸਿੱਧ ਉਪਲਬਧੀਆਂ ਹਨ ਜਿਹਨਾਂ ਦੇ ਸਭ ਤੋਂ ਵਧੀਆ ਮੈਰਾਥਨ ਸਮਾਂ ਛੇ ਘੰਟੇ ਦੋ ਮਿੰਟ 2003 ਮੈਰਾਥਨ ਦੌੜ ਲੰਡਨ, 10 ਕਿਲੋਮੀਟਰ ਹਾਫ ਮੈਰਾਥਨ ਦੌੜ, ਸੰਨ 2004 ਦੀ ਗਲਾਸਗੋ ਦੀ ਹਾਫ ਮੈਰਾਥਨ ਦੌੜ, ਸਾਲ 2012, 2013 ਦੀ 10 ਕਿਲੋਮੀਟਰ ਹਾਂਗਕਾਂਗ ਦੌੜ ਉਮਰ 101 ਸਾਲ ਸ਼ਾਮਲ ਹਨ। ਯੂਕੇ ਸਰਕਾਰ ਵੱਲੋਂ 2015 ਸਾਲ 'ਚ ਮੈਂਬਰ ਆਫ ਦਾ ਬ੍ਰਿਟਿਸ਼ ਇਮਪਾਇਰ ਨਾਲ ਸਨਮਾਨਤ ਕੀਤਾ ਗਿਆ। ਸਾਲ 2003 'ਚ ਉਹਨਾਂ ਨੂੰ ਯੂ ਐਸ ਏ ਸਰਕਾਰ ਵੱਲੋਂ ਐਲਿਸ ਆਈਸਲੈਂਡ ਮੈਡਲ ਆਫ ਓਨਰ ਨਾਲ ਸਨਮਾਨਤ ਕੀਤਾ ਗਿਆ। ਉਨਾਂ ਨੇ ਨੌਜਵਾਨਾਂ 'ਚ ਜੋਸ਼ ਪਾਉਣ ਲਈ ਵੱਖ ਵੱਖ ਦੇਸ਼ਾਂ ਵੱਲੋਂ ਕਰਵਾਏ ਗਏ ਸਮਾਗਮਾਂ ਅਤੇ ਦੌੜਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ।

## ਵਿਧਾਨ ਸਭਾ ਵੱਲੋਂ ਫੌਜਾ ਸਿੰਘ ਨੂੰ ਸਰਧਾਂਜਲੀ ਭੇਟ



**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬ ਦੇ ਸੰਸਦੀ ਮਾਮਲਿਆਂ ਦੇ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਪੇਸ਼ ਕੀਤੇ ਪ੍ਰਸਤਾਵ 'ਤੇ ਪੰਜਾਬ ਵਿਧਾਨ ਸਭਾ ਨੇ ਉੱਘੇ ਪੰਜਾਬੀ ਸਿੱਖ ਦੌੜਾਕ ਫੌਜਾ ਸਿੰਘ ਦੀ ਮੌਤ 'ਤੇ ਡੂੰਘਾ ਅਫ਼ਸੋਸ ਜ਼ਾਹਿਰ ਕਰਦਿਆਂ ਸਰਧਾਂਜਲੀ ਭੇਟ ਕੀਤੀ। ਡਾ. ਰਵਜੋਤ ਸਿੰਘ ਨੇ ਇੱਕ ਸੜਕ ਦੁਰਘਟਨਾ 'ਚ 114 ਸਾਲਾ ਫੌਜਾ ਸਿੰਘ ਦੇ ਅਕਾਲ ਚਲਾਣੇ 'ਤੇ ਦੁੱਖ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਉਹ ਮੈਰਾਥਨ ਦੌੜਾਂ ਕਾਰਨ ਦੁਨੀਆ ਭਰ 'ਚ ਸਿੱਖ ਕੌਮ ਦਾ ਨਾਂਅ ਰੌਸ਼ਨ ਕਰਨ ਵਾਲੇ ਵਿਸ਼ਵ ਦੇ ਸਭ ਤੋਂ ਵੱਡੀ ਉਮਰ ਦੇ ਦੌੜਾਕ ਸਨ। ਮੰਤਰੀ ਨੇ ਕਿਹਾ ਕਿ ਫੌਜਾ ਸਿੰਘ ਹਮੇਸ਼ਾ ਸਾਡੇ ਚੇਤਿਆਂ 'ਚ ਵਸੇ ਰਹਿਣਗੇ। ਉਨ੍ਹਾਂ ਪਰਮਾਤਮਾ ਅੱਗੇ ਅਰਦਾਸ ਕਰਦਿਆਂ ਵਿਛੜੀ ਰੂਹ ਨੂੰ ਚਰਨਾਂ 'ਚ ਥਾਂ ਬਖ਼ਸ਼ਣ ਅਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ ਦੀ ਅਰਦਾਸ ਵੀ ਕੀਤੀ।

# ਡਰਾਈਵਿੰਗ ਲਾਇਸੰਸ ਤੇ ਹੋਰ ਕਈ ਤਰ੍ਹਾਂ ਦੀਆਂ ਸੇਵਾਵਾਂ ਹੁਣ ਮਿਲਣਗੀਆਂ ਸੇਵਾ ਕੇਂਦਰਾਂ 'ਚ

**ਮੋਹਾਲੀ (ਗੁਰਜੀਤ ਬਿੱਲਾ)** ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਵੱਡੀ ਸਹੂਲਤ ਦਿੰਦੇ ਹੋਏ ਮਾਲ ਵਿਭਾਗ ਨਾਲ ਸਬੰਧਤ 5 ਸੇਵਾਵਾਂ ਅਤੇ ਡਰਾਈਵਿੰਗ ਲਾਇਸੰਸ ਅਤੇ ਆਰ ਸੀ ਨਾਲ ਸੰਬੰਧਿਤ ਟਰਾਂਸਪੋਰਟ ਵਿਭਾਗ ਦੀਆਂ 30 ਸੇਵਾਵਾਂ ਹੁਣ ਸੇਵਾ ਕੇਂਦਰਾਂ 'ਤੇ ਉਪਲਬਧ ਕਰਵਾ ਦਿੱਤੀਆਂ ਗਈਆਂ ਹਨ। ਇਹ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਸ੍ਰੀਮਤੀ ਕੋਮਲ ਮਿੱਤਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਵਾਸੀਆਂ ਨੂੰ ਵੱਡੀ ਰਾਹਤ ਦਿੰਦਿਆਂ ਹੁਣ ਡੀਡ ਰਜਿਸਟ੍ਰੇਸ਼ਨ, ਡੀਡ ਦਾ ਖਰੜਾ ਤਿਆਰ ਕਰਨਾ, ਪੂਰਵ-ਪੜਤਾਲ ਲਈ ਡੀਡ ਜਮ੍ਹਾਂ ਕਰਨੀ, ਸਟੈਂਪ ਡਿਊਟੀ ਦਾ ਭੁਗਤਾਨ, ਇੰਤਕਾਲ ਲਈ ਬੇਨਤੀ (ਵਿਰਾਸਤ ਜਾਂ ਰਜਿਸਟਰਡ ਡੀਡ ਦੇ ਆਧਾਰ 'ਤੇ, ਰਪਟਾਂ ਦੇ ਦਾਖਲੇ ਲਈ ਬੇਨਤੀ (ਅਦਾਲਤੀ ਆਦੇਸ਼ਾਂ, ਬੈਂਕ ਕਰਜੇ ਦੇ ਗਿਰਵੀਨਾਮੇ ਜਾਂ ਬੈਂਕ ਕਰਜ਼ਿਆਂ/ਗਿਰਵੀਨਾਮੇ ਦੀ ਮੁਆਫੀ ਨਾਲ ਸਬੰਧਤ), ਫਰਦ ਬਦਰ ਲਈ ਬੇਨਤੀ (ਰਿਕਾਰਡ ਵਿੱਚ ਸੁਧਾਰ), ਡਿਜੀਟਲ ਤੌਰ 'ਤੇ ਦਸਤਖ਼ਤ ਕੀਤੀ ਫਰਦ ਲਈ ਬੇਨਤੀ ਅਤੇ ਡਰਾਈਵਿੰਗ ਲਾਇਸੰਸ ਨਾਲ ਸੰਬੰਧਿਤ 16 ਅਤੇ ਆਰ ਸੀ ਨਾਲ ਸਬੰਧਤ 14 ਸੇਵਾਵਾਂ ਹੁਣ ਸੇਵਾ ਕੇਂਦਰ ਤੋਂ ਮਿਲਿਆ ਕਰਨਗੀਆਂ। ਉਹਨਾਂ ਕਿਹਾ ਕਿ ਜੋ ਨਾਗਰਿਕ ਸੇਵਾ ਕੇਂਦਰ ਨਹੀਂ ਆ ਸਕਦੇ ਤਾਂ ਉਹ ਫੋਨ ਨੰਬਰ 1076 ਡਾਇਲ ਕਰਕੇ ਇੰਨਾ ਸੇਵਾਵਾਂ ਦਾ ਲਾਭ ਡੋਰ ਸਟੈਪ ਡਿਲੀਵਰੀ ਰਾਹੀਂ ਘਰ ਬੈਠੇ ਵੀ ਪ੍ਰਾਪਤ ਕਰ ਸਕਦੇ ਹਨ। ਡਰਾਈਵਿੰਗ ਲਾਇਸੰਸ ਨਾਲ ਸਬੰਧਤ ਸੇਵਾਵਾਂ 'ਚ ਲਰਨਰ ਲਾਇਸੰਸ ਨਾਲ ਸਬੰਧਤ ਸੇਵਾਵਾਂ, ਜਿਵੇਂ ਕਿ ਨਵੀਂ ਅਰਜ਼ੀ, ਪਤੇ ਦੀ ਤਬਦੀਲੀ, ਨਾਮ ਦੀ ਤਬਦੀਲੀ, ਡੁਪਲੀਕੇਟ ਲਰਨਲ ਲਾਇਸੰਸ ਤੋਂ ਇਲਾਵਾ ਡਰਾਈਵਿੰਗ ਲਾਇਸੰਸ ਨਾਲ ਸਬੰਧਤ ਸੇਵਾਵਾਂ ਜਿਵੇਂ ਕਿ ਡੁਪਲੀਕੇਟ ਲਾਇਸੰਸ, ਨਵੀਨੀਕਰਨ (ਜਿਥੇ ਟੈਸਟ ਟਰੈਕ ਜਾਣ ਦੀ ਜ਼ਰੂਰਤ ਨਹੀਂ), ਰਿਪਲੇਸਮੈਂਟ, ਪਤੇ ਦੀ ਤਬਦੀਲੀ, ਨਾਮ ਦੀ ਤਬਦੀਲੀ, ਜਨਮ ਮਿਤੀ ਦੀ ਦਰੁਸਤੀ, ਡਰਾਈਵਿੰਗ ਲਾਇਸੰਸ ਐਕਸਟ੍ਰੈਕਟ ਪ੍ਰੀਵੀਜੀਨਿੰਗ, ਲਾਇਸੰਸ ਸਰੈਂਡਰ, ਪਬਲਿਕ ਸਰਵਿਸ ਵਹੀਕਲ ਦਾ ਬੈਜ, ਕੰਡਕਟਰ ਲਾਇਸੰਸ ਦਾ ਨਵੀਨੀਕਰਨ, ਲਰਨਰ ਲਾਇਸੰਸ ਦੀ ਮਿਆਦ ਵਿਚ ਵਾਧਾ, ਇੰਟਰ ਨੈਸ਼ਨਲ ਡਰਾਈਵਿੰਗ ਪਰਮਿਟ, ਸ਼ਾਮਲ ਹਨ। ਆਰ ਸੀ ਨਾਲ ਸਬੰਧਤ ਸੇਵਾਵਾਂ ਵਿੱਚ ਡੁਪਲੀਕੇਟ ਆਰ.ਸੀ, ਗੈਰ-ਵਪਾਰਕ ਵਾਹਨ ਦੀ ਮਾਲਕੀ ਤਬਦੀਲੀ, ਹਾਇਰ ਪਰਚੇਜ ਦੀ ਨਿਰੰਤਰਤਾ (ਮਾਲਕੀ ਤਬਦੀਲੀ/ਨਾਮ ਤਬਦੀਲੀ ਦੀ ਸੂਰਤ ਵਿੱਚ), ਹਾਇਰ ਪਰਚੇਜ ਐਗਰੀਮੈਂਟ ਦੀ ਇੰਡੋਰਸਮੈਂਟ, ਵਪਾਰਕ ਵਾਹਨਾਂ ਦਾ ਫਿਟਨੈਸ ਸਰਟੀਫਿਕੇਟ (ਭਾਰੇ/ ਮੀਡੀਅਮ/ਤਿੰਨ ਪਹੀਆ/ ਚਾਰ ਪਹੀਆ/ਐਲ ਐਮ ਵੀ), ਵਧੀਕ ਲਾਈਫ ਟਾਈਮ ਟੈਕਸ ਦੀ ਅਦਾਇਗੀ (ਮਾਲਕੀ ਤਬਦੀਲੀ ਦੀ ਸੂਰਤ ਵਿੱਚ), ਆਰ.ਸੀ. ਦੇ ਵੇਰਵੇ ਦੇਖਣੇ, ਆਰ.ਸੀ. ਲਈ ਐਨ.ਓ.ਸੀ, ਟਰਾਂਸਪੋਰਟ ਸੇਵਾਵਾਂ ਦੇ ਰਿਕਾਰਡ ਵਿਚ ਮੋਬਾਇਲ ਨੰਬਰ ਦਾ ਅਪਡੇਟ, ਆਰ.ਸੀ. ਵਿਚ ਪਤੇ ਦੀ ਤਬਦੀਲੀ, ਵਾਹਨ ਵਿਚ ਤਬਦੀਲੀ ਅਤੇ ਹਾਇਰ ਪਰਚੇਜ ਐਗਰੀਮੈਂਟ ਦੀ ਸਮਾਪਤੀ ਸ਼ਾਮਲ ਹਨ।

# ਸਰਪੰਚਾਂ ਤੇ ਪੰਚਾਂ ਦੀ ਉੱਪ ਚੋਣ : ਦੂਜੇ ਦਿਨ ਪੰਚਾਂ ਲਈ 8 ਨਾਮਜ਼ਦਗੀ ਪੱਤਰ ਹੋਏ ਦਾਖ਼ਲ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਾਜ ਚੋਣ ਕਮਿਸ਼ਨ, ਪੰਜਾਬ ਵਲੋਂ ਜਾਰੀ ਸ਼ਡਿਊਲ ਅਨੁਸਾਰ ਗ੍ਰਾਮ ਪੰਚਾਇਤਾਂ ਵਿਚ ਖਾਲੀ ਅਹੁਦਿਆਂ ਲਈ ਉੱਪ ਚੋਣ 27 ਜੁਲਾਈ 2025 (ਐਤਵਾਰ) ਨੂੰ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਸਰਪੰਚਾਂ ਦੇ 4 ਅਤੇ ਪੰਚਾਂ ਦੇ 151 ਖਾਲੀ ਅਹੁਦਿਆਂ ਨੂੰ ਭਰਨ ਲਈ ਉਪ ਚੋਣ ਹੋਵੇਗੀ।ਉਨ੍ਹਾਂ ਦੱਸਿਆ ਕਿ ਇਨ੍ਹਾਂ ਚੋਣਾਂ ਲਈ ਨਾਮਜ਼ਦਗੀਆਂ ਦੇ ਦੂਜੇ ਦਿਨ ਸਰਪੰਚਾਂ ਲਈ ਕੋਈ ਨਾਮਜ਼ਦਗੀ ਪ੍ਰਾਪਤ ਨਹੀਂ ਹੋਈ, ਜਦਕਿ ਪੰਚਾਂ ਲਈ 8 ਨਾਮਜ਼ਦਗੀਆਂ ਦਾਖਲ ਕਰਵਾਈਆਂ ਗਈਆਂ।ਉਨ੍ਹਾਂ ਦੱਸਿਆ ਕਿ ਅੱਜ ਪੰਚਾਂ ਲਈ ਤਲਵਾੜਾ ਵਿਚ 3, ਗੜ੍ਹਸ਼ੰਕਰ ਵਿਚ 2 ਅਤੇ ਹੁਸ਼ਿਆਰਪੁਰ-1 ਵਿਚ 1, ਭੂੰਗਾ ਵਿਚ 1 ਅਤੇ ਮਾਹਿਲਪੁਰ ਵਿਚ 1 ਨਾਮਜ਼ਦਗੀ ਦਾਖਲ ਕਰਵਾਈ ਗਈ।ਉਨ੍ਹਾਂ ਦੱਸਿਆ ਕਿ ਬੀਤੀ 14 ਜੁਲਾਈ ਨੂੰ ਨਾਮਜ਼ਦਗੀਆਂ ਦੇ ਪਹਿਲੇ ਦਿਨ ਕੋਈ ਨਾਮਜ਼ਦਗੀ ਦਾਖਲ ਨਹੀਂ ਸੀ ਕਰਵਾਈ ਗਈ। ਉਨ੍ਹਾਂ ਦੱਸਿਆ ਕਿ ਨਾਮਜ਼ਦਗੀਆਂ 17 ਜੁਲਾਈ, 2025 (ਵੀਰਵਾਰ) ਤੱਕ, ਰੋਜ਼ਾਨਾ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਸਬੰਧਤ ਰਿਟਰਨਿੰਗ ਅਫ਼ਸਰਾਂ ਦੇ ਦਫ਼ਤਰ ਵਿੱਚ ਦਾਖਲ ਕੀਤੀਆਂ ਜਾ ਸਕਦੀਆਂ ਹਨ। ਉਨ੍ਹਾਂ ਦੱਸਿਆ ਕਿ ਨਾਮਜ਼ਦਗੀ ਪੱਤਰਾਂ ਦੀ ਪੜਤਾਲ 18 ਜੁਲਾਈ, 2025 (ਸ਼ੁੱਕਰਵਾਰ) ਨੂੰ ਕੀਤੀ ਜਾਵੇਗੀ।ਨਾਮਜ਼ਦਗੀ ਵਾਪਸ ਲੈਣ ਦੀ ਆਖਰੀ ਮਿਤੀ 19 ਜੁਲਾਈ, 2025 (ਸ਼ਨੀਵਾਰ) ਦੁਪਹਿਰ 3 ਵਜੇ ਤੱਕ ਹੈ।ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਵੋਟਾਂ ਪੈਣ ਤੋਂ ਬਾਅਦ ਵੋਟਾਂ ਦੀ ਗਿਣਤੀ ਉਸੇ ਦਿਨ ਸਬੰਧਤ ਪੋਲਿੰਗ ਸਟੇਸ਼ਨ 'ਤੇ ਕੀਤੀ ਜਾਵੇਗੀ।

# ਰੋਟਰੀ ਕਲੱਬ ਵੱਲੋਂ ਸਰਕਾਰੀ ਸਕੂਲ ਜਲਾਲਪੁਰ ਨੂੰ ਸਾਊਂਡ ਸਿਸਟਮ ਭੇਟ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰੋਟਰੀ ਕਲੱਬ ਹੁਸ਼ਿਆਰਪੁਰ ਮਿਡ ਟਾਊਨ ਵੱਲੋਂ ਸਮਾਜਿਕ ਸਰੋਕਾਰਾਂ ਵੱਲ ਇਕ ਹੋਰ ਮਹੱਤਵਪੂਰਨ ਕਦਮ ਭਰਦਿਆਂ ਸਰਕਾਰੀ




ਐਲੀਮੈਂਟਰੀ ਸਕੂਲ ਜਲਾਲਪੁਰ ਨੂੰ ਆਧੁਨਿਕ ਸਾਊਂਡ ਸਿਸਟਮ ਭੇਟ ਕੀਤਾ ਗਿਆ। ਇਹ ਤੋਹਫਾ ਵਿਦਿਆਰਥੀਆਂ ਦੀ ਭਾਸ਼ਾ ਵਿਕਾਸ, ਮੰਚ ਸੰਚਾਲਨ ਅਤੇ ਸੰਚਾਰ ਹੁਨਰ ਨੂੰ ਨਿਖਾਰਨ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਏਗਾ। ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਧਿਕਾਰੀ ਧੀਰਜ ਵਸ਼ਿਸ਼ਠ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਰੋਟਰੀ ਕਲੱਬ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜਦੋਂ ਬੱਚੇ ਛੋਟੀ ਉਮਰ ਤੋਂ ਹੀ ਮਾਈਕ ਉੱਤੇ ਬੋਲਣਾ ਸਿੱਖਦੇ ਹਨ ਤਾਂ ਉਹਨਾਂ ਵਿੱਚ ਆਤਮ ਵਿਸ਼ਵਾਸ ਵਿਕਸਿਤ ਹੁੰਦਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਉਪਰਾਲੇ ਸਰਕਾਰੀ ਸਕੂਲਾਂ ਦੇ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਵਿਦਿਆਰਥੀਆਂ ਨੂੰ ਆਧੁਨਿਕ ਸਹੂਲਤਾਂ ਦੇਣ ਵੱਲ ਉਤਸ਼ਾਹਤ ਕਰਦੇ ਹਨ। ਰੋਟਰੀ ਕਲੱਬ ਦੇ ਪ੍ਰਧਾਨ ਅਵਤਾਰ ਸਿੰਘ ਨੇ ਕਲੱਬ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਰੋਟਰੀ ਕਲੱਬ ਸਿੱਖਿਆ, ਸਿਹਤ, ਪਰਿਆਵਰਣ ਅਤੇ ਸਮਾਜਿਕ ਵਿਕਾਸ ਖੇਤਰਾਂ ਵਿੱਚ ਲਗਾਤਾਰ ਸਰਗਰਮ ਹੈ। ਇਸ ਦੌਰਾਨ ਰੋਟੇਰੀਅਨ ਮਨੋਜ ਓਹਰੀ ਨੇ ਅੱਖਾਂ ਨਾਲ ਸੰਬੰਧਤ ਆਮ ਸਮੱਸਿਆਵਾਂ ਅਤੇ ਨਜ਼ਰ ਕਮਜ਼ੋਰ ਹੋਣ ਦੇ ਕਾਰਨਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਬੱਚਿਆਂ ਦੀਆਂ ਅੱਖਾਂ ਦੀ ਨਿਯਮਤ ਜਾਂਚ ਕਰਵਾਉਣ ਅਤੇ ਪੋਸ਼ਣ ਦੀ ਸੰਭਾਲ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ। ਇਸ ਸਮਾਰੋਹ ਵਿੱਚ ਰੋਟਰੀ ਕਲੱਬ ਦੇ ਮੈਂਬਰ ਰਜਨੀਸ਼ ਗੁਲਿਆਨੀ, ਕੁਲਜੀਤ ਸਿੰਘ, ਜਸਵੰਤ ਸਿੰਘ ਭੋਗਲ, ਜਗਮੀਤ ਸਿੰਘ ਸੇਠੀ, ਸੰਦੀਪ ਸ਼ਰਮਾ, ਰੋਟੇਰੀਅਨ ਪ੍ਰਵੀਨ ਗੁਲਿਆਨੀ, ਸਮਾਰਟ ਕਲਾਸਰੂਮ ਕੋਆਰਡੀਨੇਟਰ ਸਤੀਸ਼ ਕੁਮਾਰ ਸ਼ਰਮਾ, ਸੈਂਟਰ ਹੈਡ ਟੀਚਰ ਜਸਵਿੰਦਰ ਕੌਰ, ਹੈਡ ਟੀਚਰ ਰਜਵਿੰਦਰ ਕੌਰ, ਅਤੇ ਹੋਰ ਅਧਿਆਪਕ ਜਿਵੇਂ ਮਧੂ ਬਾਲਾ, ਸ਼ਵੇਤਾ, ਜਸਵਿੰਦਰ ਸਿੰਘ, ਬਲਬੀਰ ਕੌਰ, ਮਨਪ੍ਰੀਤ ਕੌਰ, ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਸੁਖਵਿੰਦਰ ਸਿੰਘ, ਮੰਗਤ ਰਾਮ, ਅਸ਼ਵਨੀ ਕੁਮਾਰ, ਮੀਨਾ ਕੁਮਾਰੀ, ਮਮਤਾ ਅਤੇ ਸਾਈਂ ਦੀਨ ਆਦਿ ਵੀ ਮੌਜੂਦ ਸਨ। ਪ੍ਰੋਗਰਾਮ ਦੇ ਅਖੀਰ ਵਿੱਚ ਸਾਰੇ ਹਾਜ਼ਰ ਮਹਿਮਾਨਾਂ ਨੇ ਰੋਟਰੀ ਕਲੱਬ ਦੇ ਇਸ ਸਮਾਜ ਭਲਾਈ ਦੇ ਕੰਮ ਲਈ ਧੰਨਵਾਦ ਪ੍ਰਗਟਾਇਆ ਅਤੇ ਭਵਿੱਖ ਵਿੱਚ ਵੀ ਅਜਿਹੇ ਸਹਿਯੋਗ ਦੀ ਆਸ ਪ੍ਰਗਟ ਕੀਤੀ।

# ਸਕੂਲੀ ਪ੍ਰੀਖਿਆਵਾਂ ਦੇ ਨਵੇਂ ਯੁੱਗ ਦਾ ਅਰੰਭ : ਵਿਦਿਆਰਥੀ ਸਿਰਫ ਜਵਾਬ ਹੀ ਨਹੀਂ, ਸਵਾਲ ਵੀ ਕਰਨਗੇ



**ਮੋਹਾਲੀ (ਗੁਰਜੀਤ ਬਿੱਲਾ)** ਅਗਲੀ ਪੀੜ੍ਹੀ ਲਈ ਸਿੱਖਿਆ ਢਾਂਚੇ ਸੰਬੰਧੀ ਮੁੜ ਵਿਚਾਰਾਂ ਵਿਸ਼ੇ 'ਤੇ ਕਰਵਾਏ ਗਏ ਰਾਸ਼ਟਰੀ ਸੰਮੇਲਨ ਦੌਰਾਨ, ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਡਾ. ਅਮਰਪਾਲ ਸਿੰਘ ਆਈ ਏ ਐਸ (ਰਿਟਾਇਰਡ) ਨੇ ਪੰਜਾਬ ਦੇ ਸਕੂਲਾਂ ਵਿੱਚ ਬੋਰਡ ਪ੍ਰੀਖਿਆ ਪ੍ਰਣਾਲੀ ਨੂੰ ਬਦਲਾਅਕਾਰੀ ਦਿਸ਼ਾ ਦੇਣ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਹੁਣ ਇਮਤਿਹਾਨਾਂ 'ਚ ਵਿਦਿਆਰਥੀਆਂ ਦੀ ਯਾਦ ਸਕਤੀ ਦੇ ਨਾਲ-ਨਾਲ, ਉਹਨਾਂ ਦੀ ਸੋਚਣ ਦੀ ਯੋਗਤਾ, ਸਮੱਸਿਆ ਹੱਲ ਕਰਨ ਦੀ ਸਮਰੱਥਾ ਅਤੇ ਖੋਜਕਾਰੀ ਤਬੀਅਤ ਨੂੰ ਉਚੇਚੀ ਅਹਿਮੀਅਤ ਦਿੱਤੀ ਜਾਵੇਗੀ। ਡਾ. ਅਮਰਪਾਲ ਸਿੰਘ ਨੇ ਕਿਹਾ ਕਿ ਪੰਜਾਬ ਦੇ ਵਿਦਿਆਰਥੀਆਂ ਨੂੰ ਸਿਰਫ ਸ੍ਰੇਣੀਆਂ ਪਾਸ ਕਰਵਾਉਣ ਲਈ ਨਹੀਂ, ਸਗੋਂ ਉਨ੍ਹਾਂ ਨੂੰ ਰਾਸ਼ਟਰੀ ਪੱਧਰ 'ਤੇ ਮੁਕਾਬਲਿਆਂ ਲਈ ਵੀ ਤਿਆਰ ਕੀਤਾ ਜਾਣ ਦਾ ਅਮਲ ਅਰੰਭਿਆ ਜਾ ਰਿਹਾ ਹੈ। ਇਸ ਕਾਰਜ ਲਈ ਸਕੂਲ ਪੱਧਰੀ ਹਰ ਪ੍ਰਸ਼ਨ ਪੱਤਰ ਵੀ ਹੁਣ ਅਸਲੋਂ ਸੂਝ ਅਤੇ ਸੋਚ ਨੂੰ ਜਾਂਚਣ ਲਈ ਬਣਾਇਆ ਜਾਵੇਗਾ, ਨਾ ਕਿ ਸਿਰਫ ਯਾਦ ਸਕਤੀ ਸਹਾਰੇ ਪ੍ਰਸ਼ਨਾਂ ਦੇ ਉੱਤਰ ਦੇਣ ਲਈ। ਇਸੇ ਸੰਦੇਸ਼ ਦੇ ਤਹਿਤ, ਪੰਜਾਬ ਸਕੂਲ ਸਿੱਖਿਆ ਬੋਰਡ ਨੇ ਐਲਾਨ ਕੀਤਾ ਹੈ ਕਿ ਉਹ ਕੇਂਦਰੀ ਸਿੱਖਿਆ ਮੰਤਰਾਲੇ ਦੇ ਪ੍ਰੋਗਰਾਮ 'ਪਰਖ' (ਦੇ ਰਾਸ਼ਟਰੀ ਮੁਲਾਂਕਣ ਕੇਂਦਰ) ਨਾਲ ਮਿਲ ਕੇ ਰਾਸ਼ਟਰੀ ਪ੍ਰਸ਼ਨ ਬੈਂਕ 'ਚ ਪੰਜਾਬ ਵੱਲੋਂ ਵੀ ਉੱਚ-ਮਿਆਰੀ ਅਤੇ ਕਾਬਲੀਅਤ-ਆਧਾਰਤ ਪ੍ਰਸ਼ਨ ਸ਼ਾਮਲ ਕੀਤੇ ਜਾਣਗੇ। ਇਹ ਨੈਸ਼ਨਲ ਪ੍ਰਸ਼ਨ ਬੈਂਕ ਅਤੇ ਮੁਕਾਬਲਿਆਂ ਦੀਆਂ ਹੋਰ ਪ੍ਰੀਖਿਆਵਾਂ ਲਈ ਸਵਾਲ ਉਪਲੱਬਧ ਕਰਵਾਏਗਾ। ਉਕਤ ਕਾਰਜ ਲਈ ਉਚੇਚੀ ਤਰ੍ਹਾਂ ਦੀ ਸਿਖਲਾਈ ਪ੍ਰਾਪਤ ਅਧਿਆਪਕ ਵਿਗਿਆਨ, ਗਣਿਤ, ਸਮਾਜਿਕ ਵਿਗਿਆਨ ਅਤੇ ਭਾਸ਼ਾਵਾਂ 'ਚ ਅਜਿਹੇ ਪ੍ਰਸ਼ਨ ਬਣਾਉਣਗੇ ਜੋ ਸਿਰਫ ਅੰਕ ਦੇਣ ਨੂੰ ਹੀ ਨਹੀਂ, ਬਲਕਿ ਵਿਦਿਆਰਥੀ ਦੇ ਅਸਲ ਸਿੱਖਣ ਨੂੰ ਤਰਜੀਹ ਦੇਣਗੇ।

# ਬੂਟੇ ਲਗਾ ਕੇ ਮਨਾਇਆ ਜਨਮ ਦਿਨ




**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਬਸਪਾ ਦੇ ਸਾਬਕਾ ਇੰਚਾਰਜ ਮੱਖਣ ਲਾਲ ਚੌਹਾਨ ਅਤੇ ਉਹਨਾਂ ਦੀ ਪਤਨੀ ਰੀਟਾ ਚੌਹਾਨ ਨੇ 48 ਵਾਂ ਦਾ ਜਨਮ ਦਿਨ ਛਾਂਦਾਰ ਅਤੇ ਫਲਦਾਰ ਬੂਟੇ ਲਗਾ ਕੇ ਮਨਾਇਆ । ਇਸ ਮੌਕੇ ਉਨ੍ਹਾਂ ਨੇ ਆਪਣੇ ਪਲਾਟ ਵਿੱਚ ਅੰਬ, ਬੱਗੂਗੋਸ਼ਾ, ਕਟਹਲ, ਪਪੀਤਾ ਅਤੇ ਨਿੰਮ ਦੇ 18 ਬੂਟੇ ਲਗਾਏ। ਸੁਰਜੀਤ ਕਰੀਮਪੁਰੀ, ਸੁਖਵਿੰਦਰ ਕੁਲਵਿੰਦਰ ਸਿੰਘ ਅਤੇ ਉਨ੍ਹਾਂ ਦੇ ਪਰਵਾਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਸਾਲਾਂ ਤੋਂ ਹਰ ਇੱਕ ਖ਼ੁਸ਼ੀ ਦੇ ਮੌਕੇ ਨੂੰ ਬੂਟੇ ਲਗਾ ਕੇ ਮਨਾਉਣਾ ਲੋਕ ਹਿੱਤ ਅਤੇ ਕੁਦਰਤ ਲਈ ਬਹੁਤ ਵੱਡਾ ਯੋਗਦਾਨ ਹੈ। ਬਸਪਾ ਦੇ ਸਾਬਕਾ ਇੰਚਾਰਜ ਮੱਖਣ ਲਾਲ ਚੌਹਾਨ ਨੇ ਕਿਹਾ ਕਿ ਹਰਿਆਲੀ ਘਟਣ ਨਾਲ ਪਿਛਲੇ ਕਈ ਸਾਲਾਂ ਤੋਂ ਪੰਜਾਬ ਵਿੱਚ ਗਰਮੀ ਵਧਣ, ਮੀਂਹ ਘੱਟ ਪੈਣ, ਹਨੇਰੀ- ਝੱਖੜ ਦੇ ਨਾਲ ਅਚਾਨਕ ਹੜ੍ਹ ਆਉਣ ਆਦਿ ਕਾਰਨ ਕੁਦਰਤੀ ਆਫ਼ਤਾਂ ਵਧਦੀਆਂ ਜਾ ਰਹੀਆਂ ਹਨ। ਇਨ੍ਹਾਂ ਨੂੰ ਰੋਕਣ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਲੋੜ ਹੈ। ਖਾਸ ਕਰਕੇ ਦਰਿਆ, ਨਦੀਆਂ, ਨਹਿਰਾਂ, ਬੇਈਆਂ ਅਤੇ ਸੜਕਾਂ ਦੇ ਕਿਨਾਰਿਆਂ 'ਤੇ ਲੱਗੇ ਹੋਏ ਰੁੱਖ ਮਿੱਟੀ ਨੂੰ ਖੁਰਨ ਤੋਂ ਰੋਕ ਕੇ ਹੜ੍ਹਾਂ ਤੋਂ ਬਚਾਅ ਕਰਦੇ ਹਨ। ਇਸ ਮੌਕੇ ਰੋਹਿਨੀ ਚੌਹਾਨ, ਅਰਸ਼ਦੀਪ ਚੌਹਾਨ ਹਾਜ਼ਰ ਸਨ।

# ਜਲ ਸਰੋਤ ਮੰਤਰੀ ਵੱਲੋਂ ਟਿਵਾਣਾ ਨੇੜੇ ਘੱਗਰ ਨੂੰ ਚੌੜਾ ਕਰਨ ਤੇ ਬੰਨ੍ਹ ਨੂੰ ਮਿੱਟੀ ਪਾ ਕੇ ਮਜ਼ਬੂਤ ਕਰਨ ਦਾ ਭਰੋਸਾ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਰੱਖੇ ਧਿਆਨ ਦਿਵਾਊ ਮਤੇ ਦਾ ਜਵਾਬ ਦਿੰਦਿਆਂ ਭਰੋਸਾ ਦਿੱਤਾ ਕਿ ਡੇਰਾਬੱਸੀ ਹਲਕੇ ਦੇ ਪਿੰਡ ਟਿਵਾਣਾ ਨੇੜੇ ਘੱਗਰ ਨੂੰ ਚੌੜਾ ਕਰਨ ਅਤੇ ਇਸ ਦੇ ਬੰਨ੍ਹ ਨੂੰ ਮਿੱਟੀ ਪਾ ਕੇ ਮਜ਼ਬੂਤ ਕਰਨ ਦੀ ਤਜਵੀਜ਼ 'ਤੇ ਸਰਕਾਰ ਜਲਦ ਅਮਲ ਕਰੇਗੀ। ਵਿਧਾਨ ਸਭਾ ਹਲਕਾ ਡੇਰਾ ਬੱਸੀ ਤੋਂ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵਲੋਂ ਵਿਧਾਨ ਸਭਾ ਵਿਚ ਪੇਸ਼ ਕੀਤੇ ਗਏ ਧਿਆਨ ਦਿਵਾਊ ਮਤੇ ਦਾ ਜਵਾਬ ਦਿੰਦਿਆਂ ਜਲ ਸਰੋਤ ਮੰਤਰੀ ਨੇ ਦੱਸਿਆ ਕਿ ਸਾਲ 2023 ਵਿੱਚ ਆਈ ਭਾਰੀ ਬਰਸਾਤ ਕਾਰਨ ਪਿੰਡ ਟਿਵਾਣਾ ਵਿਖੇ ਘੱਗਰ ਦਰਿਆ ਵਿੱਚ ਪਾਣੀ ਦਾ ਪੱਧਰ ਬਹੁਤ ਵਧ ਗਿਆ ਸੀ, ਜਿਸ ਕਾਰਨ ਘੱਗਰ ਦਰਿਆ ਦੇ ਹੜ੍ਹ ਦੇ ਪਾਣੀ ਨਾਲ ਖੱਬੇ ਪਾਸੇ ਲੱਗਦੀਆਂ ਵਾਹੀਯੋਗ ਜ਼ਮੀਨਾਂ ਵਿੱਚ ਪਾਣੀ ਭਰ ਗਿਆ ਸੀ ਅਤੇ ਨਾਲ ਹੀ ਖੋਰਾ ਪੈਣ ਨਾਲ ਜ਼ਮੀਨ ਦਾ ਪੱਧਰ ਲਗਭਗ 8 ਤੋਂ 10 ਫੁੱਟ ਨੀਵਾਂ ਹੋ ਗਿਆ ਸੀ, ਜਿਸ ਉਪਰੰਤ ਵਿਭਾਗ ਵਲੋਂ ਵਾਹੀਯੋਗ ਜ਼ਮੀਨ ਨੂੰ ਖੋਰ ਤੋਂ



ਬਚਾਉਣ ਲਈ 2500 ਫੁੱਟ ਦੀ ਲੰਬਾਈ ਵਿੱਚ ਪੱਥਰਾਂ ਦੀ ਰਿਵੈਟਮੈਂਟ ਅਤੇ ਸਟੱਡ ਲਗਾਏ ਗਏ ਸਨ। ਇਸ ਰਿਵੈਟਮੈਂਟ ਨੂੰ ਸਪੋਰਟ ਕਰਨ ਲਈ ਇਸ ਦੇ ਪਿੱਛੇ ਮਿੱਟੀ ਦੀ ਭਰਤੀ ਨਾਲ ਬੰਨ੍ਹ ਬਣਾਇਆ ਗਿਆ ਸੀ। ਉਨ੍ਹਾਂ ਦੱਸਿਆ ਇਸ ਕੰਮ ਨੂੰ ਕਰਨ ਲਈ ਵਿਭਾਗ ਵਲੋਂ ਇਸ ਮੌਕੇ 10 ਕਰੋੜ ਦਾ ਖਰਚਾ ਕੀਤਾ ਗਿਆ ਸੀ ਤੇ ਉਸ ਤੋਂ ਬਾਅਦ ਸਮੇ ਸਮੇ 'ਤੇ ਕਾਫ਼ੀ ਲਾਗਤ ਨਾਲ ਕੰਮ ਕਰਵਾਏ ਜਾਂਦੇ ਰਹੇ ਹਨ ।ਗੋਇਲ ਨੇ ਵਿਧਾਇਕ ਰੰਧਾਵਾ ਵੱਲੋਂ ਆਪਣੇ ਹਲਕੇ ਦੇ ਲੋਕਾਂ ਲਈ ਜ਼ਾਹਰ ਕੀਤੀ ਚਿੰਤਾ ਦੇ ਜੁਆਬ 'ਚ ਦੱਸਿਆ ਕਿ 29 ਜੂਨ ਨੂੰ ਘੱਗਰ ਦੇ ਕੈਚਮੈਂਟ ਏਰੀਏ ਵਿੱਚ ਭਾਰੀ ਬਰਸਾਤ ਹੋਣ ਕਾਰਨ ਘੱਗਰ ਦਰਿਆ ਵਿੱਚ ਪਾਣੀ ਦਾ ਪੱਧਰ ਅਚਾਨਕ ਵਧ ਗਿਆ ਸੀ ਪਰ ਪੱਥਰਾਂ ਦੀ ਰਿਵੈਟਮੈਂਟ ਬਿਲਕੁਲ ਠੀਕ ਹੈ। ਹਾਲਾਂਕਿ ਰਿਵੈਟਮੈਂਟ ਦੇ ਪਿੱਛੇ ਲੱਗੇ ਮਿੱਟੀ ਦੇ ਬੰਨ੍ਹ ਨੂੰ ਥੋੜ੍ਹੀ ਜਗ੍ਹਾ ਤੋਂ ਖੋਰਾ ਲੱਗ ਗਿਆ ਸੀ। ਵਿਭਾਗ ਵਲੋਂ ਤੁਰੰਤ ਪ੍ਰਭਾਵ ਨਾਲ ਕਾਰਵਾਈ ਕਰਦੇ ਹੋਏ ਬੰਨ੍ਹ ਦੀ ਮੁਰੰਮਤ ਕਰਵਾ ਦਿਤੀ ਗਈ ਹੈ। ਇਹ ਮੁਰੰਮਤ ਦਾ ਕੰਮ ਵਿਭਾਗ ਨੇ ਆਪਣੇ ਪੱਧਰ 'ਤੇ ਮੁਕੰਮਲ ਕਰਵਾਇਆ ਹੈ। ਉਨ੍ਹਾਂ ਦੱਸਿਆ ਕਿ ਘੱਗਰ ਦਰਿਆ ਵਿੱਚ 8 ਜੁਲਾਈ ਨੂੰ ਦੁਬਾਰਾ ਕਾਫੀ ਪਾਣੀ ਆਇਆ ਸੀ, ਪਰੰਤੂ ਇਸ ਬੰਨ੍ਹ ਨੂੰ ਕੋਈ ਨੁਕਸਾਨ ਨਾ ਕਰਦੇ ਹੋਏ ਅੱਗੇ ਨਿਕਲ ਗਿਆ।ਕੈਬਨਿਟ ਮੰਤਰੀ ਨੇ ਭਰੋਸਾ ਦਿੱਤਾ ਕਿ ਘੱਗਰ ਦਰਿਆ ਦੇ ਸੱਜੇ ਪਾਸੇ ਪਿੰਡ ਟਿਵਾਣਾ ਵਿੱਚ ਘੱਗਰ ਨੂੰ ਚੌੜਾ ਕਰਨ ਅਤੇ ਇਸ ਮਿੱਟੀ ਨੂੰ ਬੰਨ੍ਹ ਦੇ ਖੱਬੇ ਪਾਸੇ ਪਾ ਕੇ ਬੈਂਕ ਨੂੰ ਚੌੜਾ/ਮਜ਼ਬੂਤ ਕਰਨ ਲਈ ਤਜਵੀਜ਼ ਵਿਭਾਗ ਵੱਲੋਂ ਲਗਭਗ 11 ਲੱਖ ਰੁਪਏ ਦੀ ਲਾਗਤ ਨਾਲ ਇਹ ਕੰਮ ਤੁਰੰਤ ਪ੍ਰਭਾਵ ਨਾਲ (ਕਲ੍ਹ ਤੋਂ) ਕਰਵਾਇਆ ਜਾਵੇਗਾ।

# ਇੰਨੋਸੈਂਟ ਹਾਰਟਸ ਸਕੂਲ 'ਚ ਸੀ ਬੀ ਐੱਸ ਈ ਕਪੈਸਿਟੀ ਬਿਲਡਿੰਗ ਵਰਕਸ਼ਾਪ

**ਜਲੰਧਰ (ਸ਼ੈਲੀ ਐਲਬਰਟ)**- ਇੰਨੋਸੈਂਟ ਹਾਰਟਸ ਸਕੂਲ, ਨੂਰਪੁਰ ਬ੍ਰਾਂਚ ਨੇ "ਸਟੂਡੈਂਟ ਮੈਂਟਲ ਹੈਲਥ ਐਂਡ ਵੈਲਨੈਸ" ਦੇ ਮਹੱਤਵਪੂਰਨ ਵਿਸ਼ੇ 'ਤੇ ਇੱਕ ਕਪੈਸਿਟੀ ਬਿਲਡਿੰਗ ਵਰਕਸ਼ਾਪ (ਸੀਬੀਐਸਈ) ਦਾ ਸਫਲਤਾਪੂਰਵਕ ਆਯੋਜਨ ਕੀਤਾ। ਵਰਕਸ਼ਾਪ ਦਾ ਉਦੇਸ਼ ਅਧਿਆਪਕਾਂ ਨੂੰ ਵਿਵਹਾਰਕ ਰਣਨੀਤੀਆਂ ਅਤੇ ਭਾਵਨਾਤਮਕ ਸਾਧਨਾਂ ਨਾਲ ਸਸ਼ਕਤ ਬਣਾਉਣਾ ਸੀ ਤਾਂ ਜੋ ਵਿਦਿਆਰਥੀਆਂ ਦੇ ਅਕਾਦਮਿਕ ਵਿਕਾਸ ਦੇ ਨਾਲ-ਨਾਲ ਉਨ੍ਹਾਂ ਦੀ ਮਨੋਵਿਗਿਆਨਕ ਅਤੇ ਭਾਵਨਾਤਮਕ ਤੰਦਰੁਸਤੀ ਦਾ ਸਮਰਥਨ ਕੀਤਾ ਜਾ ਸਕੇ। ਇਹ ਸੂਝਵਾਨ ਸੈਸ਼ਨ ਸੀਬੀਐਸਈ ਸਰੋਤ ਵਿਅਕਤੀਆਂ ਡਾ. ਰੋਮਾ ਦੁੱਲਤ, ਐਲ ਐਮ ਜੇ ਪਬਲਿਕ ਸਕੂਲ, ਫਗਵਾੜਾ ਦੇ ਪ੍ਰਿੰਸੀਪਲ, ਸ੍ਰੀਮਤੀ ਰਮਨ ਦੁਆ, ਮਾਝਾ ਪਬਲਿਕ ਸਕੂਲ, ਤਰਨ-ਤਾਰਨ ਦੇ ਪ੍ਰਿੰਸੀਪਲ ਦੁਆਰਾ ਸੰਚਾਲਿਤ ਕੀਤਾ ਗਿਆ। ਉਨ੍ਹਾਂ ਦੇ ਮਾਹਰ ਮਾਰਗਦਰਸ਼ਨ ਅਤੇ ਹਮਦਰਦੀ ਵਾਲੇ ਪਹੁੰਚ ਨੇ ਮੌਜੂਦ ਸਾਰੇ ਅਧਿਆਪਕਾਂ ਲਈ



ਸਿੱਖਣ ਦੇ ਅਨੁਭਵ ਨੂੰ ਵਧੀਆ ਬਣਾਇਆ। ਵਰਕਸ਼ਾਪ ਦੌਰਾਨ, ਸਿੱਖਿਅਕਾਂ ਨੇ ਤਣਾਅ ਪ੍ਰਬੰਧਨ, ਕਿਸ਼ੋਰ ਵਿਵਹਾਰ, ਭਾਵਨਾਤਮਕ ਬੁੱਧੀ, ਅਤੇ ਮੁਕਾਬਲਾ ਕਰਨ ਦੇ ਹੁਨਰ ਵਰਗੇ ਮੁੱਖ ਖੇਤਰਾਂ ਨੂੰ ਕਵਰ ਕਰਨ ਵਾਲੇ ਇੰਟਰਐਕਟਿਵ ਸੈਸ਼ਨਾਂ ਵਿੱਚ ਹਿੱਸਾ ਲਿਆ। ਅਧਿਆਪਕ ਅਸਲ-ਜੀਵਨ ਦੇ ਕੇਸ ਚਰਚਾਵਾਂ, ਸਮੂਹ ਗਤੀਵਿਧੀਆਂ ਵਿੱਚ ਰੁੱਝੇ ਹੋਏ ਸਨ, ਅਤੇ ਉਨ੍ਹਾਂ ਨੂੰ ਦਿਮਾਗੀ ਅਭਿਆਸਾਂ ਅਤੇ ਕਲਾਸਰੂਮ ਤੰਦਰੁਸਤੀ ਅਭਿਆਸਾਂ ਨਾਲ ਜਾਣੂ ਕਰਵਾਇਆ ਗਿਆ,ਜਿਨ੍ਹਾਂ ਨੂੰ ਰੋਜ਼ਾਨਾ ਸਿੱਖਿਆਵਾਂ ਵਿੱਚ ਸਹਿਜੇ ਹੀ ਜੋੜਿਆ ਜਾ ਸਕਦਾ ਹੈ।

# ਵਿਸ਼ਵ ਯੁਵਾ ਹੁਨਰ ਦਿਹਾੜੇ 'ਤੇ ਆਈ ਟੀ ਆਈ ਵਿਖੇ ਕਰਵਾਇਆ ਸੈਮੀਨਾਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਇੱਥੇ ਮਾਈ ਭਾਰਤ ਹੁਸ਼ਿਆਰਪੁਰ ਵੱਲੋਂ "ਵਿਸ਼ਵ ਯੁਵਾ ਹੁਨਰ ਦਿਹਾੜੇ" ਦੇ ਮੌਕੇ 'ਤੇ ਇਕ ਸੈਮੀਨਾਰ ਸਥਾਨਕ ਆਈ.ਟੀ.ਆਈ. ਕਾਲਜ ਹੁਸ਼ਿਆਰਪੁਰ ਵਿਖੇ ਕੀਤਾ ਗਿਆ ਜਿਸ ਵਿੱਚ ਮੁੱਖ ਵਕਤਾ ਡਾ.ਸੁਖਦੇਵ ਸਿੰਘ ਢਿੱਲੋਂ, ਗਰੇਸਾ ਫਿਲਮਜ਼ ਦੇ ਨਿਰਦੇਸ਼ਕ ਅਸ਼ੋਕ ਪੁਰੀ ਅਤੇ ਵਾਈਸ ਪ੍ਰਿੰਸੀਪਲ ਗੁਰਨਾਮ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਹ ਸੈਮੀਨਾਰ ਬਹੁਰੰਗ ਕਲਾਮੰਚ ਦੇ ਪ੍ਰਧਾਨ ਵਿਕਰਮਪ੍ਰੀਤ ਸਿੰਘ ਵੱਲੋਂ ਕਰਵਾਇਆ ਗਿਆ। ਮੁੱਖ ਬੁਲਾਰੇ ਸੁਖਦੇਵ ਸਿੰਘ ਢਿੱਲੋਂ ਨੇ ਭਾਰਤ ਦੀਆਂ ਮੁੱਢ ਕਦੀਮ ਰਵਾਇਤਾਂ ਤੋਂ ਸ਼ੁਰੂ ਹੋ ਕੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ ਮਰਦਾਨਾ ਅਤੇ ਭਾਈ ਲਾਲੋ ਜੀ ਵੱਲੋਂ ਕੀਤੇ ਗਏ ਕੰਮਾਂ ਤੋਂ ਸ਼ੁਰੂ ਕਰਕੇ ਅੱਜ ਦੇ ਸੰਸਾਰ ਵਿੱਚ ਹੁਨਰ ਦੀ ਮਹੱਤਤਾ ਅਤੇ ਜ਼ਰੂਰਤ ਉਪਰ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਹੁਨਰ ਤੋਂ ਬਿਨਾਂ ਕੋਈ ਵੀ ਆਦਮੀ ਪਸ਼ੂ ਸਮਾਨ ਹੁੰਦਾ ਹੈ। ਸਾਨੂੰ ਸਿਰਫ ਆਪਣੀਆਂ ਰੁਚੀਆਂ ਉਪਰ ਧਿਆਨ ਦੇਣ ਦੀ ਜ਼ਰੂਰਤ ਹੈ ਅਤੇ ਮਾਨਵਤਾ ਦੇ ਭਲੇ ਲਈ ਇਸ ਨੂੰ ਵਰਤੋਂ ਵਿੱਚ ਲਿਆਉਣਾ ਚਾਹੀਦਾ ਹੈ।ਡੀਜ਼ਲ-ਮਸ਼ੀਨ ਟਰੇਡ ਦੇ ਵਿਦਿਆਰਥੀ ਮੰਗੇਸ਼ ਕੁਮਾਰ ਸ਼ਰਮਾ ਅਤੇ ਮੈਕੇਨਿਕ ਆਟੋ ਬਾਡੀ ਰਿਪੇਅਰ ਟਰੇਡ ਦੇ ਵਿਦਿਆਰਥੀ ਤਨਵੀਰ ਸਿੰਘ ਵੱਲੋਂ ਵਿਚਾਰ ਚਰਚਾ ਵਿੱਚ ਸਾਰਥਕ ਤੌਰ 'ਤੇ ਭਾਗ ਲੈਣ ਲਈ ਸਤਿ ਸ਼੍ਰੀ ਅਕਾਲ ਦੁਆਬਾ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਟ੍ਰੇਨਿੰਗ ਅਫਸਰ ਗੁਰਦੇਵ ਸਿੰਘ, ਅਸ਼ਵਨੀ ਕੁਮਾਰ, ਸਤਪਾਲ ਸਿੰਘ , ਮਸਤ ਰਾਮ, ਸ਼੍ਰੀਮਤੀ ਪੁਨੀਤ ਕੌਰ, ਸਤਪਾਲ ਅਤੇ ਨਿਰਦੇਸ਼ਕ ਅਸ਼ੋਕ ਖੁਰਾਨਾ ਨੇ ਹੁਨਰ ਦੀ ਮਹੱਤਤਾ 'ਤੇ ਵਿਚਾਰ ਚਰਚਾ ਕੀਤੀ।ਵਾਈਸ ਪ੍ਰਿੰਸੀਪਲ ਗੁਰਨਾਮ ਸਿੰਘ, ਡਾ.ਸੁਖਦੇਵ ਸਿੰਘ ਢਿੱਲੋਂ, ਡਾ.ਅਸ਼ੋਕ ਪੁਰੀ ਦਾ ਬਹੁਰੰਗ ਕਲਾਮੰਚ ਵੱਲੋਂ ਸਨਮਾਨ ਕੀਤਾ ਗਿਆ।



# ਖੁਰਾਲਗੜ੍ਹ ਸਾਹਿਬ ਵਿਖੇ ਮਾਂਗਟ ਦੀਆਂ ਸੰਗਤਾਂ ਵੱਲੋਂ ਲੰਗਰ ਦੀ ਸੇਵਾ ਸ਼ੁਰੂ

**ਹੁਸ਼ਿਆਰਪੁਰ (ਪ੍ਰੀਤਮ ਸਿੰਘ ਪੰਮੀ)**- ਗ੍ਰਾਮ ਪੰਚਾਇਤ ਮਾਂਗਟ ਦੀ ਵਿਸ਼ੇਸ਼ ਮੀਟਿੰਗ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਵਿਖੇ ਹੋਈ। ਗ੍ਰਾਮ ਪੰਚਾਇਤ ਪਿੰਡ ਮਾਂਗਟ (ਲੁਧਿਆਣਾ)



ਵਲੋਂ ਸਮੂਹ ਦੇਸ਼ ਵਿਦੇਸ਼ ਅਤੇ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ 20 ਜੁਲਾਈ ਦਿਨ ਜੇਠਾ ਐਤਵਾਰ ਨੂੰ ਸਤਿਗੁਰੂ ਰਵਿਦਾਸ ਇਤਿਹਾਸਕ ਆਦਿ ਧਰਮ ਸਤਿਸੰਗ ਅਸਥਾਨ ਸੱਚਖੰਡ ਸ੍ਰੀ ਖੁਰਾਲਗੜ੍ਹ ਵਿਖੇ ਲੰਗਰਾਂ ਦੀ ਸੇਵਾ ਆਰੰਭ ਕੀਤੀ ਜਾਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਤ ਚਰਨ ਦਾਸ ਮਾਂਗਟ, ਸਰਪੰਚ ਕਮਲ ਚੰਦ ਧੀਰ ਅਤੇ ਮਾਸਟਰ ਨਜ਼ੀਰ ਦਾਸ ਨੇ ਦੱਸਿਆ ਕਿ 20 ਜੁਲਾਈ ਨੂੰ ਸਤਿਗੁਰੂ ਰਵਿਦਾਸ ਇਤਿਹਾਸਕ ਆਦਿ ਧਰਮ ਸਤਿਸੰਗ ਅਸਥਾਨ ਸ੍ਰੀ ਖੁਰਾਲਗੜ੍ਹ ਵਿਖੇ ਮਹਾਨ ਆਦਿ ਧਰਮ ਸਤਿਸੰਗ ਸਮਾਗਮ ਕਰਵਾਏ ਜਾ ਰਹੇ ਹਨ ਜਿਸ ਵਿਚ ਦੇਸ਼ ਵਿਦੇਸ਼ ਦੀਆਂ ਸੰਗਤਾਂ ਤੋਂ ਇਲਾਵਾ ਕੌਮ ਦੇ ਸੰਤ, ਬੁੱਧੀਜੀਵੀ ਆਦਿ ਧਰਮ ਲਹਿਰ ਸਬੰਧੀ ਵਿਚਾਰ ਪੇਸ਼ ਕਰਨਗੇ। ਉਨ੍ਹਾਂ ਸੰਗਤਾਂ ਨੂੰ ਆਦਿ ਧਰਮ ਸਤਿਸੰਗ ਸਮਾਗਮਾਂ ਵਿੱਚ ਹੁੰਮ-ਹੁਮਾ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ। ਇਸ ਮੌਕੇ ਜਗਦੀਸ਼ ਸਿੰਘ, ਰਣਜੀਤ ਸਿੰਘ, ਮਨਿੰਦਰਪਾਲ, ਬੂਟਾ ਸਿੰਘ, ਹਰਬੰਸ ਸਿੰਘ, ਜਤਿੰਦਰ ਮਾਂਗਟ, ਨਿਰਮਲ ਸਿੰਘ, ਇੰਦਰਜੀਤ, ਦੇਵ ਰਾਜ, ਸੋਮ ਨਾਥ, ਪ੍ਰੀਤਮ ਦਾਸ, ਵਿਜੈ ਕੁਮਾਰ, ਕਮਲਜੀਤ ਅਤੇ ਹੋਰ ਸੰਗਤਾਂ ਹਾਜ਼ਰ ਸਨ।

# ਲੋਕ ਕੇਂਦਰ ਸਰਕਾਰ ਦੀਆਂ ਸਕੀਮਾਂ ਦਾ ਲਾਭ ਲੈ ਕੇ ਬੇਹੱਦ ਖ਼ੁਸ਼ : ਪਰਵੀਨ ਪੁਰੀ

**ਬਲਾਚੌਰ (ਜਸਵਿੰਦਰ ਬੈਂਸ)**- ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਐਸ.ਬੀ.ਐਸ. ਨਗਰ ਵੱਲੋਂ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਦੀ ਅਗਵਾਈ ਹੇਠ ਹਲਕਾ ਬਲਾਚੌਰ ਵਿੱਚ ਸ਼ਹਿਰ ਦੇ ਵਾਰਡ ਨੰ 10 ਦੇ ਬਾਬਾ ਬਾਲਕ ਨਾਥ ਮੰਦਰ ਵਿਖੇ ਕੇਂਦਰ ਸਰਕਾਰ ਦੀਆਂ ਸਕੀਮਾਂ ਦਾ ਵਿਸ਼ੇਸ਼ ਸਹਾਇਤਾ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਭਾਜਪਾ ਦੇ ਸ਼ਹਿਰੀ ਪ੍ਰਧਾਨ ਪਰਵੀਨ ਪੁਰੀ ਵੱਲੋਂ ਕੀਤਾ ਗਿਆ।ਇਸ ਕੈਂਪ ਦਾ ਉਦੇਸ਼ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ-ਹਿਤੈਸ਼ੀ ਸਕੀਮਾਂ ਨੂੰ ਜ਼ਮੀਨ 'ਤੇ ਲਾਗੂ ਕਰਨਾ ਅਤੇ ਆਮ ਜਨਤਾ ਤੱਕ ਉਸ ਦੇ ਲਾਭ ਪਹੁੰਚਾਉਣਾ ਸੀ।ਕੈਂਪ ਦੌਰਾਨ ਭਾਰੀ ਸੰਖਿਆ ਵਿੱਚ ਲੋਕਾਂ ਨੇ ਸ਼ਮੂਲੀਅਤ ਕੀਤੀ, ਜਿੱਥੇ ਹੇਠ ਲਿਖੀਆਂ ਸਕੀਮਾਂ ਤਹਿਤ ਜ਼ਮੀਨੀ ਪੱਧਰ 'ਤੇ ਲਾਭ ਦਿੱਤੇ ਗਏ। ਆਯੁਸ਼ਮਾਨ ਭਾਰਤ ਯੋਜਨਾ ਤਹਿਤ ਆਯੁਸ਼ਮਾਨ ਕਾਰਡ ਬਣਾਏ ਗਏ, ਜਿਸ ਰਾਹੀਂ ਲਾਭਪਾਤਰੀ ਹੁਣ 5 ਲੱਖ ਰੁਪਏ ਤੱਕ ਮੁਫ਼ਤ ਇਲਾਜ ਦੀ ਸਹੂਲਤ ਪ੍ਰਾਪਤ ਕਰ ਸਕਣਗੇ।ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ -ਤਹਿਤ ਕਿਸਾਨਾਂ ਨੇ ਆਪਣੀ ਕੇ ਵਾਈ ਸੀ ਕਰਵਾਈ, ਜੋ ਉਨ੍ਹਾਂ ਨੂੰ ਰੁਪਏ 6 ਹਜ਼ਾਰ ਸਾਲਾਨਾ ਦੀ ਆਵਰਤੀ ਰਾਸ਼ੀ ਲੈਣ ਯੋਗ ਬਣਾਉਂਦੀ ਹੈ। ਮਹਿਲਾਵਾਂ ਲਈ ਟੂਲ ਕਿੱਟ ਯੋਜਨਾ ਤਹਿਤ ਮਹਿਲਾਵਾਂ ਨੇ ਟੂਲ ਕਿੱਟ ਲਈ ਫਾਰਮ ਭਰਵਾਏ, ਜੋ ਉਨ੍ਹਾਂ ਦੇ ਸਵੈਰੋਜ਼ਗਾਰ ਨੂੰ ਉਤਸ਼ਾਹਿਤ ਕਰਨ ਵਿੱਚ ਮਦਦਗਾਰ ਸਾਬਤ ਹੋਵੇਗਾ। ਕਈ ਅਣਸੰਗਠਿਤ ਖੇਤਰਾਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਨੇ ਵੀ ਆਪਣੇ ਈ-ਸ਼੍ਰਮ ਕਾਰਡ ਬਣਵਾਏ, ਜਿਸ ਨਾਲ ਉਹ ਭਵਿੱਖ ਵਿੱਚ ਸਰਕਾਰੀ ਲਾਭਾਂ ਦੇ ਹੱਕਦਾਰ ਬਣਨਗੇ। ਉਨ੍ਹਾਂ ਕਿਹਾ ਕਿ ਇਹ ਯੋਜਨਾਵਾਂ ਕੇਵਲ ਦਸਤਾਵੇਜ਼ੀ ਨਹੀਂ, ਸਗੋਂ ਲੋਕਾਂ ਦੀ ਜ਼ਿੰਦਗੀ ਵਿੱਚ ਅਸਲੀ ਬਦਲਾਵ ਲਿਆ ਰਹੀਆਂ ਹਨ। ਸ਼ਹਿਰੀ ਪ੍ਰਧਾਨ ਪਰਵੀਨ ਪੁਰੀ ਨੇ ਕਿਹਾ ਕਿ ਲੋਕ ਕੇਂਦਰ ਸਰਕਾਰ ਦੀਆਂ ਸਕੀਮਾਂ ਦਾ ਲਾਭ ਪਿੰਡ ਵਿੱਚ ਹੀ ਮਿਲਣ ਨਾਲ ਬੇਹੱਦ ਖੁਸ਼ ਹਨ। ਉਨ੍ਹਾ ਕਿਹਾ ਕਿ ਭਾਜਪਾ ਦੇ ਵਰਕਰ ਹਰ ਵਾਰਡ ਹਰ ਪਿੰਡ ਵਿੱਚ ਜਾ ਕੇ ਇਹ ਯੋਜਨਾਵਾਂ ਲੋਕਾਂ ਤੱਕ ਪਹੁੰਚਾ ਰਹੇ ਹਨ, ਜਦਕਿ ਆਮ ਆਦਮੀ ਪਾਰਟੀ ਅਤੇ ਕਾਂਗਰਸ ਨੇ ਸਿਰਫ਼ ਵਾਅਦੇ ਕੀਤੇ, ਉਨ੍ਹਾਂ ਨੂੰ ਲਾਗੂ ਕਰਨ ਦੀ ਕਦੇ ਮਨਸ਼ਾ ਨਹੀਂ ਸੀ।ਉਨ੍ਹਾਂ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਭਾਜਪਾ ਹਮੇਸ਼ਾ ਜਨ-ਸੇਵਾ ਨੂੰ ਆਪਣਾ ਧਰਮ ਮੰਨਦੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਇਸ ਤਰ੍ਹਾਂ ਦੇ ਕੈਂਪ ਹਰ ਪਿੰਡ ਪੱਧਰ 'ਤੇ ਲਗਾਏ ਜਾਣਗੇ।ਇਸ ਮੌਕੇ ਨਰਿੰਦਰ ਨਾਥ ਸੂਦਨ ਜ਼ਿਲ੍ਹਾ ਖਜ਼ਾਨਚੀ, ਅਮਨ ਰਾਣਾ ਜ਼ਿਲ੍ਹਾ ਜਨਰਲ ਸਕੱਤਰ, ਪੰਕਜ ਕੁਮਾਰ ਜ਼ਿਲ੍ਹਾ ਯੂਥ ਪ੍ਰਦਾਨ, ਕੀਮਤੀ ਲਾਲ ਜਨਰਲ ਸਕੱਤਰ ਭੱਦੀ ਆਦਿ ਨੇ ਸ਼ਮੂਲੀਅਤ ਕੀਤੀ।



# ਗਦਰ ਪਾਰਟੀ ਦੀ ਮਾਈ ਭਾਗੋ ਬੀਬੀ ਗੁਲਾਬ ਕੌਰ ਦੇ ਸ਼ਤਾਬਦੀ ਸਮਾਗਮਾਂ ਰਾਹੀਂ ਸਾਂਝੇ ਸੰਗਰਾਮਾਂ 'ਚ ਜੂਝਣ ਲਈ ਪ੍ਰੇਰਿਤ ਕੀਤਾ ਜਾਵੇਗਾ: ਤਲਵਿੰਦਰ ਸਿੰਘ ਹੀਰ

**ਮਾਹਿਲਪੁਰ (ਸ.ਫ਼ਰੀ)**- ਮਹਾਨ ਗਦਰੀ ਬਾਬੇ ਹਰਨਾਮ ਸਿੰਘ ਟੁੰਡੀਲਾਟ, ਬਾਬਾ ਅਮਰ ਸਿੰਘ, ਬਾਬਾ ਸ਼ਿਵ ਸਿੰਘ ਸਮੇਤ 8 ਦੇਸ਼ ਭਗਤਾਂ ਦੀ ਜਨਮ ਭੂਮੀ ਪਿੰਡ ਕੋਟਲਾ ਨੌਧ ਸਿੰਘ ਨੂੰ ਇਹ ਮਾਣ ਪ੍ਰਾਪਤ ਹੈ ਕਿ ਇੱਥੇ ਗ਼ਦਰ ਪਾਰਟੀ ਦੇ ਸਭ ਤੋਂ ਛੋਟੀ ਉਮਰ ਤੇ ਸਭ ਤੋਂ ਵੱਧ ਸਰਗਰਮ ਰਹੇ ਕਰਤਾਰ ਸਿੰਘ ਸਰਾਭੇ ਜਿਹੇ ਮਹਾਨ ਯੋਧੇ ਨੇ ਕਈ ਵਾਰ ਆਪਣੇ ਪਵਿੱਤਰ ਚਰਨ ਪਾਏ ਤੇ ਇਸੇ ਪਿੰਡ ਦੇ ਗ਼ਦਰੀ ਬਾਬੇ ਅਮਰ ਸਿੰਘ ਦਾ ਘਰ ਗ਼ਦਰੀ ਵੀਰਾਂਗਣਾਂ ਬੀਬੀ ਗੁਲਾਬ ਕੌਰ ਦੀ ਆਖਰੀ ਸਵਾਸਾਂ ਤੱਕ ਪਨਾਹਗਾਹ ਰਿਹਾ। 28 ਜੁਲਾਈ 1925 ਨੂੰ ਆਖਰੀ ਸਵਾਸਾਂ ਤੱਕ ਬੀਬੀ ਗੁਲਾਬ ਕੌਰ ਤੱਕ ਪਿੰਡ ਕੋਟਲਾ ਨੌਧ ਸਿੰਘ ਜ਼ਿਲਾ ਹੁਸ਼ਿਆਰਪੁਰ ਵਿੱਚ ਰਹੀ।ਮਾਲਵੇ ਦੇ ਜ਼ਿਲ੍ਹਾ ਸੰਗਰੂਰ ਦੇ ਸੁਨਾਮ ਲਾਗੇ ਪਿੰਡ ਬਖਸ਼ੀਵਾਲ ਦੀ ਜੰਮਪਲ ਤੇ ਪਿੰਡ ਜਖੇਪਲ ਦੇ ਮਾਨ ਸਿੰਘ ਨਾਲ ਵਿਆਹੀ ਬੀਬੀ ਗੁਲਾਬ ਕੌਰ ਨੇ ਆਪਣੇ ਗ਼ਦਰੀ ਭਰਾਵਾਂ ਤੋਂ ਪ੍ਰਭਾਵਿਤ ਹੋ ਕੇ ਘਰ ਬਾਰ ਤੇ ਪਰਵਾਰ ਦੇ ਸੁੱਖਾਂ ਦਾ ਤਿਆਗ ਕਰਕੇ ਪੂਰਾ ਜੀਵਨ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਦੇ ਲੇਖੇ ਲਾਉਂਣ ਦਾ ਬਿਖੜਾ ਪੈਂਡਾ ਚੁਣਿਆ ਤੇ ਉਸ ਨੂੰ ਆਪਣੀ ਸੂਝ, ਅਣਖ, ਦਲੇਰੀ ਤੇ ਸਿਦਕ ਨਾਲ ਆਖਰੀ ਸਵਾਸਾਂ ਤੱਕ ਨਿਭਾਇਆ।ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਨੇ ਔਰਤ ਹੋਣ ਦੇ ਬਾਵਜੂਦ ਅਤਿਅੰਤ ਜੋਖ਼ਮ ਭਰੇ ਕੰਮਾਂ ਨੂੰ ਆਪਣੇ ਜਿੰਮੇ ਲਿਆ ਤੇ ਪੂਰੇ ਸਿਦਕ ਤੇ ਜ਼ਿੰਦਾਦਿਲੀ ਨਾਲ ਨਿਭਾਇਆ।ਬਜਬਜ ਘਾਟ ਦੇ ਖ਼ੂਨੀ ਸਾਕੇ ਨੇ ਮਹਾਨ ਵੀਰਾਂਗਣਾਂ ਬੀਬੀ ਗੁਲਾਬ ਕੌਰ ਦੇ ਦਿਲ ਤੇ ਦਿਮਾਗ 'ਚ ਜ਼ਾਲਮ ਅੰਗਰੇਜ਼ ਸਾਮਰਾਜ ਵਿਰੁੱਧ ਰੋਹ ਤੇ ਨਫ਼ਰਤ ਦੀ ਜਵਾਲਾ ਭੜਕਾ ਦਿੱਤੀ ਤੇ ਉਹ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕਰੋ ਜਾਂ ਮਰੋ ਦੇ ਸਿਧਾਂਤ ਅਨੁਸਾਰ ਡਟ ਕੇ ਲੜਨ ਲਈ ਮੈਦਾਨ 'ਚ ਜੂਝੀ ਤੇ ਸਾਥੀ ਗ਼ਦਰੀ ਭਰਾਵਾਂ ਨੂੰ ਵੀ ਦੇਸ਼ ਦੇ ਗਲੋਂ ਗੁਲਾਮੀ ਲਾਹੁਣ ਲਈ ਉਤਸ਼ਾਹਤ ਕੀਤਾ।ਅਮਰੀਕਾ ਜਾਣ ਦੇ ਸੁਨਹਿਰੇ ਸੁਪਨੇ ਅੱਧ ਵਿਚਾਲੇ ਛੱਡ ਮਨੀਲਾ ਤੋਂ ਲੁਧਿਆਣਾ, ਕੋਟਲਾ ਨੌਧ ਸਿੰਘ ਹੁਸ਼ਿਆਰਪੁਰ, ਅੰਮ੍ਰਿਤਸਰ, ਲਾਹੌਰ 'ਚ ਗ਼ਦਰੀ ਬੀਬੀ ਗੁਲਾਬ ਕੌਰ ਨੇ ਪਾਰਟੀ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਆਪਣੀ ਡਿਊਟੀ ਨੂੰ ਪੂਰੀ ਸਾਵਧਾਨੀ, ਜ਼ਿੰਮੇਵਾਰੀ ਤੇ ਤਨਦੇਹੀ ਨਾਲ ਨਿਭਾਇਆ।ਔਖੇ ਸਮਿਆਂ ਵਿੱਚ ਆਪਣੇ ਗ਼ਦਰੀ ਸਾਥੀਆਂ ਨੂੰ ਬਚਾਉਣ ਲਈ ਉਹ ਆਪਣੀ ਜਾਨ ਜੋਖ਼ਮ ਵਿੱਚ ਪਾ ਲੈਂਦੀ ਪਰ ਆਪਣੇ ਗ਼ਦਰੀ ਭਰਾਵਾਂ ਨੂੰ ਤੱਤੀ ਵਾਅ ਨਾ ਲੱਗਣ ਦਿੰਦੀ।ਵਣਜਾਰਨ ਦਾ ਰੂਪ ਧਾਰ ਉਹ ਗ਼ਦਰੀ ਸਾਹਿਤ ਤੇ ਹਥਿਆਰ ਹਰ ਰੋਜ਼ ਬੇਝਿਜਕ ਦੂਰ ਦੁਰੇਡੇ ਇਲਾਕਿਆਂ ਵਿੱਚ ਪਹੁੰਚਾਉਂਦੀ ਰਹੀ। ਸੰਘਵਾਲ ਪਿੰਡ ਦੀ ਮੀਟਿੰਗ ਦੀ ਸੂਹ ਲੱਗਣ



'ਤੇ ਜਦੋਂ ਗ਼ਦਰੀ ਬਾਬਿਆਂ ਨੂੰ ਗ੍ਰਿਫਤਾਰੀ ਤੋਂ ਬਚਣ ਲਈ ਮੀਟਿੰਗ ਵਾਲੀ ਥਾਂ ਛੱਡਣੀ ਪਈ ਤੇ ਗ਼ਦਰੀ ਸਾਹਿਤ ਛੱਡ ਕੇ ਯਕਦਮ ਉਥੋਂ ਪਰੇ ਹੋਣਾ ਪਿਆ ਤਾਂ ਬੀਬੀ ਗੁਲਾਬ ਕੌਰ ਨੇ ਸਾਰਾ ਸਾਹਿਤ ਤੇ ਹਥਿਆਰ ਆਪਣੀ ਟੋਕਰੀ 'ਚ ਛੁਪਾ ਕੇ ਬਚਾ ਲਏ ਤੇ ਅਡੋਲ ਚਿੱਤ ਪ੍ਰਲਸ ਵਾਲਿਆਂ ਦੇ ਕੋਲੋਂ ਦੀ ਲੰਘ ਗਈ ਤੇ ਪੁਲਸ ਨੂੰ ਭਿਣਕ ਤੱਕ ਨਾ ਲੱਗਣ ਦਿੱਤੀ।ਪੁਲਸ ਦਾ ਅਸਹਿ ਤਸ਼ੱਦਦ ਵੀ ਬੀਬੀ ਜੀ ਨੂੰ ਸਿਦਕੋਂ ਡੁਲਾ ਨਾ ਸਕਿਆ ਤੇ ਉਸ ਨੇ ਆਪਣੇ ਕਿਸੇ ਗ਼ਦਰੀ ਸਾਥੀ ਬਾਰੇ ਇੱਕ ਸ਼ਬਦ ਵੀ ਆਪਣੇ ਮੂੰਹੋਂ ਪੁਲਸ ਨੂੰ ਨਾ ਦੱਸਿਆ।ਹੁਸ਼ਿਆਰਪੁਰ ਜੇਲ੍ਹ ਵਿੱਚ ਸਜ਼ਾ ਭੁਗਤਣ ਤੇ ਪੁਲਸ ਦੇ ਤਸ਼ੱਦਦ ਕਾਰਨ ਬੀਬੀ ਜੀ ਨੂੰ ਭਿਆਨਕ ਬਿਮਾਰੀ ਨੇ ਲਪੇਟ 'ਚ ਲੈ ਲਿਆ।ਇਲਾਕੇ ਦੇ ਮਾਹਰ ਦੇਸੀ ਹਕੀਮਾਂ ਤੋਂ ਬਥੇਰਾ ਇਲਾਜ ਕਰਾਇਆ ਪਰ ਰੋਗ ਵਧਦਾ ਹੀ ਗਿਆ। ਅੰਤ ਉਹਨਾਂ ਪਿੰਡ ਕੋਟਲਾ ਨੌਧ ਸਿੰਘ ਵਿਖੇ ਗ਼ਦਰੀ ਬਾਬੇ ਅਮਰ ਸਿੰਘ ਦੇ ਘਰ ਵਿੱਚ ਹੀ 28 ਜੁਲਾਈ 1925 ਨੂੰ ਅੰਤਿਮ ਸਵਾਸ ਲਏ।ਹੁਣ ਬੀਬੀ ਗੁਲਾਬ ਕੌਰ ਦੇ ਅੰਤਿਮ ਵਿਛੋੜੇ ਦੀ 100ਵੀਂ ਵਰ੍ਹੇਗੰਢ ਬਾਬਾ ਅਮਰ ਸਿੰਘ ਦੇ ਵਿਰਸੇ ਦੇ ਅਸਲ ਵਾਰਿਸ ਕਾਮਰੇਡ ਜਰਨੈਲ ਸਿੰਘ,ਬਾਬਾ ਸ਼ਿਵ ਸਿੰਘ ਦੇ ਪੋਤਰੇ ਭੁਪਿੰਦਰ ਸਿੰਘ ਵਲੋਂ ਪੂਰੇ ਨਗਰ ਨਿਵਾਸੀਆਂ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਤੇ ਸਹਿਯੋਗੀ ਸੰਸਥਾਵਾਂ ਦੇ ਉੱਦਮ ਸਦਕਾ 27 ਜੁਲਾਈ ਦਿਨ ਐਤਵਾਰ ਨੂੰ ਪਿੰਡ ਕੋਟਲਾ ਨੌਧ ਸਿੰਘ ਵਿਖੇ ਮਨਾਈ ਜਾ ਰਹੀ ਹੈ।ਸਮਾਗਮ ਦੀ ਸ਼ੁਰੂਆਤ ਠੀਕ 11 ਵਜੇ ਗਦਰੀ ਬਾਬਾ ਹਰਨਾਮ ਸਿੰਘ ਟੁੰਡੀਲਾਟ ਯਾਦਗਾਰੀ ਸਕੂਲ ਵਿਖੇ ਹੋਵੇਗੀ।ਸਾਰੀਆਂ ਲੋਕ ਪੱਖੀ ਸੰਸਥਾਵਾਂ, ਵਿਸ਼ੇਸ਼ ਤੌਰ ਤੇ ਔਰਤਾਂ ਭੈਣਾਂ ਤੇ ਮਜ਼ਦੂਰ ਸਾਥੀਆਂ ਤੇ ਪ੍ਰਦੇਸੀਂ ਬੈਠੇ ਦੇਸ਼ ਦਰਦੀਆਂ ਨੂੰ ਇਸ ਪ੍ਰੋਗਰਾਮ ਵਿੱਚ ਪਰਵਾਰਾਂ ਸਮੇਤ ਪਹੁੰਚਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।ਸਮਾਗਮ 'ਚ ਦੇਸ਼ ਭਗਤੀ ਦੇ ਗੀਤ ਸੰਗੀਤ, ਨਾਟਕ ਤੇ ਬੀਬੀ ਜੀ ਤੇ ਬਾਬਿਆਂ ਦੇ ਸੰਘਰਸ਼ਮਈ ਤੇ ਸੰਕਟ ਭਰਪੂਰ ਜੀਵਨ ਯਾਤਰਾ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਦੇਸ਼ ਨੂੰ ਦਰਪੇਸ਼ ਖਤਰਿਆਂ ਚੋਂ ਕੱਢਣ ਲਈ ਬੀਬੀ ਜੀ ਸ਼ਰਧਾ ਦੇ ਫੁੱਲ ਭੇਟ ਕਰਕੇ ਉਨਾਂ ਦਾ ਆਸ਼ੀਰਵਾਦ ਪ੍ਰਾਪਤ ਕਰਕੇ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਉਨ੍ਹਾਂ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਲਈ ਲੁੱਟ ਖਸੁੱਟ ਰਹਿਤ ਬਰਾਬਰੀ ਦਾ ਸਮਾਜ ਸਿਰਜਣ ਲਈ ਸਾਂਝੇ ਸੰਘਰਸਾਂ ਵਿੱਚ ਲਗਾਤਾਰ ਜੂਝਣਾ ਹੋਵੇਗਾ ਤੇ ਦੇਸ਼ ਨੂੰ ਲੁਟੇਰੇ ਸਰਮਾਏਦਾਰਾਂ, ਭ੍ਰਿਸ਼ਟ ਅਧਿਕਾਰੀਆਂ ਤੇ ਜ਼ਾਲਮ ਫਿਰਕਾਪ੍ਰਸਤ ਹਾਕਮਾਂ ਤੋਂ ਬਚਾਉਣ ਲਈ ਤਨ ਮਨ ਧਨ ਸਭ ਦੇਸ਼ ਦੇ ਲੇਖੇ ਲਾਉਣ ਲਈ ਪ੍ਰਣ ਕਰਨਾ ਹੋਵੇਗਾ, ਇਹੀ ਗ਼ਦਰੀ ਬੀਬੀ ਗੁਲਾਬ ਕੌਰ ਜੀ ਨੂੰ ਉਨਾਂ ਦੇ ਵਿਛੋੜੇ ਦੀ 100ਵੀਂ ਵਰੇਗੰਢ ਮੌਕੇ ਸੱਚੀ ਸ਼ਰਧਾਂਜਲੀ ਹੋਵੇਗੀ।ਆਓ ਸਾਰੇ ਮਿਲ ਕੇ ਕਾਫ਼ਲੇ ਬਣਾ ਕੇ 27 ਜੁਲਾਈ ਨੂੰ ਠੀਕ 10:30 ਵਜੇ ਪਿੰਡ ਕੋਟਲਾ ਨੌਧ ਸਿੰਘ ਦੀ ਸੂਰਮਿਆਂ ਦੇਸ਼ ਭਗਤਾਂ ਨੂੰ ਜਨਮ ਦੇਣ ਵਾਲੀ ਧਰਤੀ ਤੇ ਗ਼ਦਰ ਪਾਰਟੀ ਦੀ ਮਾਈ ਭਾਗੋ ਦੀ ਪਨਾਹਗਾਹ ਰਹੇ ਪਿੰਡ ਕੋਟਲਾ ਨੌਧ ਸਿੰਘ ਵਿਖੇ ਪੁੱਜੀਏ ਤੇ ਉਸ ਮਹਾਨ ਗ਼ਦਰੀ ਮਾਂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਤੇ ਆਪਣਾ ਜੀਵਨ ਸਫ਼ਲਾ ਕਰੀਏ।

# ਸਾਬਕਾ ਸਰਪੰਚ ਜਸਵੰਤ ਸਿੰਘ ਬੇਲਾ ਨੂੰ ਗਹਿਰਾ ਸਦਮਾ, ਮਾਤਾ ਹਰਭਜਨ ਕੌਰ ਦਾ ਦੇਹਾਂਤ

**ਨੰਗਲ (ਸੁਰਜੀਤ ਸਿੰਘ)**- ਨਜ਼ਦੀਕੀ ਪਿੰਡ ਬੇਲਾ ਪੱਤੀ ਟੇਕ ਸਿੰਘ ਦੇ ਸਾਬਕਾ ਸਰਪੰਚ ਜਸਵੰਤ ਸਿੰਘ ਬੇਲਾ, ਭੁਪਿੰਦਰ ਸਿੰਘ ਅਤੇ ਜਸਵਿੰਦਰ ਸਿੰਘ ਸੋਢੀ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ, ਜਦੋਂ ਉਨ੍ਹਾਂ ਦੀ ਮਾਤਾ ਹਰਭਜਨ ਕੌਰ 87 ਪਤਨੀ ਸਵਰਗੀ ਮਾਸਟਰ ਸੁਰਿੰਦਰ ਸਿੰਘ ਬੇਲਾ ਅੱਜ ਸਵੇਰੇ ਅਕਾਲ ਚਲਾਣਾ ਕਰ ਗਈ। ਉਨ੍ਹਾਂ ਦਾ ਪਿਛਲੇ ਦਿਨੀਂ ਬਾਥਰੂਮ ਵਿੱਚ ਡਿੱਗਣ ਕਾਰਨ ਚੂਲਾ ਟੁੱਟ ਗਿਆ ਸੀ।ਇਲਾਜ ਦੌਰਾਨ ਉਨ੍ਹਾਂ ਦੀ ਸਿਹਤ ਕਾਫ਼ੀ ਨਾਜ਼ੁਕ ਦੌਰ ਵਿਚ ਸੀ। ਉਹ ਆਪਣੇ ਪਿੱਛੇ ਤਿੰਨ ਪੁੱਤਰਾਂ, ਇੱਕ ਪੁੱਤਰੀ ਨਰਿੰਦਰ ਪਾਲ ਕੌਰ ਸਮੇਤ ਹੱਸਦਾ ਵੱਸਦਾ ਵੱਡਾ ਪਰਵਾਰ ਛੱਡ ਗਏ।ਉਨ੍ਹਾਂ ਦਾ ਅੰਤਿਮ ਦਾਹ ਸੰਸਕਾਰ ਅੱਜ ਕਰ ਦਿੱਤਾ ਗਿਆ। ਇਸ ਮੌਕੇ ਆਪ ਦੇ ਸੀਨੀਅਰ ਆਗੂ ਡਾਕਟਰ ਸੰਜੀਵ ਗੌਤਮ, ਇਲਾਕਾ ਸੰਘਰਸ਼ ਕਮੇਟੀ ਦੇ ਪ੍ਰਧਾਨ ਹਰਦੇਵ ਸਿੰਘ ਐਲਗਰਾ, ਟਿੱਕਾ ਯਸ਼ਵੀਰ ਚੰਦ ਭਲਾਣ, ਦੇਸ਼ ਸੇਵਕ ਅਖ਼ਬਾਰ ਦੇ ਪ੍ਰਬੰਧਕ ਰਣਜੀਤ ਸਿੰਘ ਬੇਲਾ, ਸੀ ਪੀ ਆਈ ਐਮ ਦੇ ਜ਼ਿਲ੍ਹਾ ਸਕੱਤਰੇਤ ਮੈਂਬਰ ਕਾਮਰੇਡ ਸੁਰਜੀਤ ਸਿੰਘ ਢੇਰ, ਪੱਤਰਕਾਰ ਹਰਦੀਪ ਸਿੰਘ ਢੀਂਡਸਾ, ਅਮਨਿੰਦਰ ਸਿੰਘ ਸੇਖੋਂ, ਚੇਅਰਮੈਨ ਹਰਮਿੰਦਰ ਸਿੰਘ ਢਾਹੇ, ਸਰਪੰਚ ਜਸਪਾਲ ਸਿੰਘ ਢਾਹੇ, ਜਗਜੀਤ ਸਿੰਘ ਜੱਗੀ, ਹਰਜਾਪ ਸਿੰਘ ਬਡਿਆਲ, ਹਰਜੀਤ ਸਿੰਘ ਵਿਰਕ, ਕਰਮ ਸਿੰਘ ਸਾਬਕਾ ਸਰਪੰਚ, ਹਰਵਿੰਦਰ ਸਿੰਘ ਸੇਖੋਂ, ਮੁਲਾਜ਼ਮ ਆਗੂ ਸਰਬਜੀਤ ਸਿੰਘ ਬੇਲਾ, ਥਾਣੇਦਾਰ ਬਲਜੀਤ ਸਿੰਘ ਵਿਰਕ, ਸੁਮਨ ਰਾਣੀ ਐਸ ਡੀ ਓ ਮਿਉਂਸਪਲ ਕੌਂਸਲ ਨੰਗਲ, ਗੁਰਜੀਤ ਸਿੰਘ ਜੇਈ, ਬਲਵਿੰਦਰ ਸਿੰਘ ਬੇਲਾ, ਕੈਪਟਨ ਹਰਪਿੰਦਰ ਸਿੰਘ ਵਿਰਕ, ਸੁਰਿੰਦਰ ਸਿੰਘ ਫੌਜੀ, ਨਰਿੰਦਰਦੀਪ ਸਿੰਘ, ਅਮਰ ਦੇਵ ਮੋਜੋਵਾਲ, ਬਲਰਾਮ ਚੱਬਾ, ਸੁਰਜੀਤ ਸਿੰਘ ਸੇਖੋਂ, ਮੇਮਨ ਸਿੰਘ ਫੌਜੀ, ਬਲਵਿੰਦਰ ਸਿੰਘ ਬੱਲੀ, ਰਵਿੰਦਰ ਸਿੰਘ ਸੇਖੋਂ ਸਮੇਤ ਇਲਾਕੇ ਦੇ ਲੋਕ ਵੱਡੀ ਗਿਣਤੀ ਵਿੱਚ ਹਾਜ਼ਰ ਹੋਏ ਅਤੇ ਪਰਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।



# 12 ਅਪਰਾਧਿਕ ਮਾਮਲਿਆਂ 'ਚ ਸ਼ਾਮਲ ਪਿਓ-ਪੁੱਤਰ ਦੀ ਗੈਰ-ਕਾਨੂੰਨੀ ਉਸਾਰੀ ਢਾਹੀ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜਾਰੀ ਕਾਰਵਾਈ ਵਿੱਚ, ਮੋਹਾਲੀ ਪੁਲਸ ਨੇ ਥਾਣਾ ਬਲੌਂਗੀ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਪਿੰਡ ਜੁਝਾਰ ਨਗਰ ਵਿੱਚ ਨਸ਼ਾ ਤਸਕਰੀ ਦੇ ਕਾਰੋਬਾਰ ਨਾਲ ਕੀਤੀ ਨਾਜਾਇਜ਼ ਉਸਾਰੀ ਢਾਹੁਣ ਦੀ ਮੁਹਿੰਮ ਚਲਾਈ। ਇਹ ਕਾਰਵਾਈ ਐਨ ਡੀ ਪੀ ਐਸ ਅਤੇ ਆਬਕਾਰੀ ਐਕਟ ਸਮੇਤ 12 ਅਪਰਾਧਿਕ ਮਾਮਲਿਆਂ ਵਿੱਚ ਸ਼ਾਮਲ ਪਿਓ-ਪੁੱਤਰ ਦੀ ਜੋੜੀ ਵਿਰੁੱਧ ਕੀਤੀ ਗਈ।ਸੀਨੀਅਰ ਸੁਪਰਡੈਂਟ ਆਫ਼ ਪੁਲਸ (ਐਸ ਐਸ ਪੀ) ਹਰਮਨਦੀਪ ਸਿੰਘ ਹਾਂਸ ਨੇ ਦੱਸਿਆ ਕਿ ਇਹ ਕਾਰਵਾਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡਾਇਰੈਕਟਰ ਜਨਰਲ, ਪੰਜਾਬ ਪੁਲਸ, ਗੌਰਵ ਯਾਦਵ ਦੇ ਨਿਰਦੇਸ਼ਾਂ ਅਨੁਸਾਰ ਕੀਤੀ ਗਈ। ਉਨ੍ਹਾਂ ਦੱਸਿਆ ਕਿ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੀ ਬੇਨਤੀ ਦੇ ਜਵਾਬ ਵਿੱਚ ਗੈਰ-ਕਾਨੂੰਨੀ ਉਸਾਰੀ ਢਾਹ ਦਿੱਤੀ ਗਈ, ਜਿਸਨੇ ਪੰਚਾਇਤੀ ਜ਼ਮੀਨ 'ਤੇ ਨਸ਼ਾ ਤਸਕਰ ਦੇ ਨਾਜਾਇਜ਼ ਕਬਜ਼ੇ ਨੂੰ ਹਟਾਉਣ ਵਿੱਚ ਜ਼ਿਲ੍ਹਾ ਪੁਲਸ ਦੀ ਮਦਦ ਮੰਗੀ ਸੀ।ਐਸ ਐਸ ਪੀ ਹਾਂਸ ਨੇ ਖੁਲਾਸਾ ਕੀਤਾ ਕਿ ਮਲਕੀਤ ਸਿੰਘ ਅਤੇ ਉਸਦੇ ਪੁੱਤਰ ਕਰਮ ਚੰਦ ਵਿਰੁੱਧ 2018 ਤੋਂ 2024 ਤੱਕ ਸੱਤ ਐਫ ਆਈ ਆਰਜ਼ ਦਰਜ ਹਨ। ਇਨ੍ਹਾਂ ਵਿੱਚ ਐਨ ਡੀ ਪੀ ਐਸ ਐਕਟ ਅਧੀਨ ਦੋ, ਆਬਕਾਰੀ ਐਕਟ ਅਧੀਨ ਤਿੰਨ ਅਤੇ ਆਈ ਪੀ ਸੀ ਅਧੀਨ ਦੋ ਹੋਰ ਪਰਚੇ ਸ਼ਾਮਲ ਹਨ। ਇਹ ਸਾਰੇ ਪਰਚੇ ਥਾਣਾ ਬਲੌਂਗੀ ਵਿੱਚ ਦਰਜ ਹਨ।



# ਸਮੁੱਚਾ ਪੇਂਡੂ ਭਾਈਚਾਰਾ ਲੈਂਡ ਪੂਲਿੰਗ ਸਕੀਮ ਦੇ ਵਿਰੁੱਧ : ਕਰਨ ਸਿੰਘ ਰਾਣਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸੰਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਦੀ ਇਕਾਈ ਦੇ ਆਗੂਆਂ ਦੀ ਮੀਟਿੰਗ ਸਾਥੀ ਚੰਨਣ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਤੋਂ ਬਾਅਦ ਦੋਆਬਾ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸਾਥੀ ਕਰਨ ਸਿੰਘ ਰਾਣਾ ਸੂਬਾਈ ਜਨਰਲ ਸਕੱਤਰ ਨੇ ਕਿਹਾ ਕਿ ਲੈਂਡ ਪੂਲਿੰਗ ਸਕੀਮ ਲਾਗੂ ਕਰਨ ਤੋਂ ਪਹਿਲਾਂ ਪੰਜਾਬ ਸਰਕਾਰ ਨੇ ਕਿਸਾਨਾਂ ਮਜ਼ਦੂਰਾਂ ਅਤੇ ਛੋਟੇ ਵਪਾਰੀਆਂ ਨਾਲ ਕੋਈ ਸਲਾਹ ਮਸ਼ਵਰਾ ਨਹੀਂ ਕੀਤਾ। ਜਿਸ ਦੇ ਸਿੱਟੇ ਵਜੋਂ ਸਮੁੱਚਾ ਪੇਂਡੂ ਭਾਈਚਾਰਾ ਇਸ ਲੈਂਡ ਪੂਲਿੰਗ ਸਕੀਮ ਦੇ ਵਿਰੁੱਧ ਹੋ ਗਿਆ ਹੈ। ਮੀਟਿੰਗ ਨੇ ਮਹਿਸੂਸ ਕੀਤਾ ਕਿ ਪੀੜਤ ਪਿੰਡਾਂ ਦੇ ਲੋਕ ਸਰਕਾਰ ਦੇ ਇਸ ਧੱਕੇ ਅਤੇ ਜਬਰ ਦੇ ਵਿਰੁੱਧ ਜ਼ੋਰਦਾਰ ਸੰਘਰਸ਼ ਕਰਨ ਲਈ ਤਿਆਰ ਹੋ ਰਹੇ ਹਨ। ਮੀਟਿੰਗ ਨੇ ਪੀੜਤ ਲੋਕਾਂ ਨੂੰ ਭਰੋਸਾ ਦਿੱਤਾ ਕਿ ਉਹਨਾਂ ਵੱਲੋਂ ਸ਼ੁਰੂ ਕੀਤੇ ਹੋਏ ਕਿਸੇ ਵੀ ਸੰਘਰਸ਼ ਦਾ ਪੂਰਨ ਸਹਿਯੋਗ ਦਿੱਤਾ ਜਾਵੇਗਾ। ਮੀਟਿੰਗ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਲੈਂਡ ਪੂਲਿੰਗ ਸਕੀਮ ਨੂੰ ਤੁਰੰਤ ਰੱਦ ਕਰੇ। ਸਾਥੀ ਰਾਣਾ ਨੇ ਅੱਗੇ ਦੱਸਿਆ ਕਿ ਮੀਟਿੰਗ ਨੇ ਬਿਜਲੀ ਐਕਟ ਸੋਧ 225 ਦਾ ਵਿਰੋਧ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮੀਟਿੰਗ ਵਿੱਚ ਆਗੂਆਂ ਨੇ ਮਹਿਸੂਸ ਕੀਤਾ ਕਿ ਪ੍ਰੀਪੇਡ ਮੀਟਰ ਲਾਉਣ ਨਾਲ ਕਿਸਾਨਾਂ ਮਜ਼ਦੂਰਾਂ 'ਤੇ ਆਮ ਲੋਕਾਂ ਤੇ ਭਾਰੀ ਆਰਥਿਕ ਬੋਝ ਪਵੇਗਾ। ਜਦ ਕਿ ਕੇਂਦਰ ਸਰਕਾਰ ਨੇ ਇਤਿਹਾਸਕ ਕਿਸਾਨ ਅੰਦੋਲਨ ਦੀ ਜਿੱਤ ਮੌਕੇ ਭਰੋਸਾ ਦਿੱਤਾ ਸੀ ਕਿ ਬਿਜਲੀ ਐਕਟ ਸੋਧ ਕਿਸਾਨਾਂ ਮਜ਼ਦੂਰਾਂ ਦੀ ਸਲਾਹ ਤੋਂ ਬਿਨਾਂ ਲਾਗੂ ਨਹੀਂ ਕੀਤਾ ਜਾਵੇਗਾ ਪਰ ਹੁਣ ਕੇਂਦਰ ਸਰਕਾਰ ਬਿਜਲੀ ਸੋਧ ਐਕਟ ਨੂੰ ਲਾਗੂ ਕਰਨਾ ਚਾਹੁੰਦੀ ਹੈ ਜਿਸ ਦਾ ਵਿਰੋਧ ਪੂਰੇ ਦੇਸ਼ ਵਿੱਚ ਹੋਵੇਗਾ। ਮੀਟਿੰਗ ਨੇ ਮੰਗ ਕੀਤੀ ਕਿ ਕੇਂਦਰ ਸਰਕਾਰ ਬਿਜਲੀ ਸੋਧ ਐਕਟ 2025 ਦਾ ਖਰੜਾ ਤੁਰੰਤ ਵਾਪਸ ਲਵੇ। ਮੀਟਿੰਗ ਨੇ ਸਰਬ ਸੰਮਤੀ ਨਾਲ ਮਤਾ ਪਾਸ ਕਰਕੇ ਸਰਕਾਰਾਂ ਤੋਂ ਮੰਗ ਕੀਤੀ ਕਿ ਕਿਸਾਨਾਂ ਮਜ਼ਦੂਰਾਂ ਸਿਰ ਚੜ੍ਹੇ ਕਰਜ਼ੇ ਮਾਫ ਕੀਤੇ ਜਾਣ। ਇਸ ਮੌਕੇ ਹਰਪਾਲ ਸਿੰਘ, ਕਰਨੈਲ ਸਿੰਘ ਭੱਲਾ, ਪ੍ਰਤਾਪ ਸਿੰਘ ਰਾਣਾ, ਮਨੋਹਰ ਲਾਲ, ਹਰਦੇਵ ਸਿੰਘ ਰਾਣਾ ਅਤੇ ਜੋਗਿੰਦਰ ਪਾਲ ਆਦਿ ਆਗੂਆਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।



# ਮੱਕੀ ਦੀ ਫਸਲ 'ਤੇ ਵਪਾਰੀਆਂ ਨੂੰ ਵੱਧ ਤਰਜੀਹ ਦੇਣ ਵਿਰੁੱਧ ਡੀ ਸੀ ਨੂੰ ਮਿਲਿਆ ਕਿਸਾਨਾਂ ਦਾ ਵਫਦ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਸਰਕਾਰ ਵੱਲੋਂ ਫਸਲੀ ਵਿਭਿੰਨਤਾ ਵਜੋਂ ਮੱਕੀ ਅਤੇ ਗੰਨੇ ਆਦਿ ਦੀ ਫਸਲ ਨੂੰ ਉਤਸ਼ਾਹਤ ਕੀਤਾ ਗਿਆ ਸੀ ਪਰ ਫਸਲਾਂ ਦੀ ਬਿਜਾਈ ਅਤੇ ਮੰਡੀਕਰਨ ਸਬੰਧੀ ਕਿਸਾਨਾਂ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਲਾਚੋਵਾਲ ਦੇ ਸਰਪ੍ਰਸਤ ਗੁਰਦੀਪ ਸਿੰਘ ਖੁਣਖੁਣ, ਪ੍ਰਧਾਨ ਪਰਮਿੰਦਰ ਸਿੰਘ, ਵਿੱਤ ਸਕੱਤਰ ਰਣਧੀਰ ਸਿੰਘ ਅਸਲਪੁਰ, ਪ੍ਰੈਸ ਸਕੱਤਰ ਗੁਰਨਾਮ ਸਿੰਘ ਸਿੰਗੜੀਵਾਲਾ ਦੀ ਅਗਵਾਈ ਹੇਠ ਇੱਕ ਵਫਦ ਕਿਸਾਨ ਮੰਗਾਂ ਸਬੰਧੀ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੂੰ ਮਿਲਿਆ। ਇਸ ਸਮੇਂ ਆਗੂਆਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੱਕੀ ਨੂੰ ਸੁਕਾਉਣ ਲਈ ਹੁਸ਼ਿਆਰਪੁਰ ਜ਼ਿਲ੍ਹੇ ਅੰਦਰ ਕਰੋੜਾਂ ਰੁਪਏ ਦੀ ਲਾਗਤ ਨਾਲ ਦੋ ਮੇਜ ਡਰਾਇਰ ਸੈਂਟਰ ਲਗਾਏ ਗਏ ਸਨ, ਜਿਹਨਾਂ ਵਿੱਚੋਂ ਮੇਲਾ ਖੁਰਦ ਪਿਛਲੇ ਤਿੰਨ ਸਾਲ ਤੋਂ ਬੰਦ ਪਿਆ ਹੈ ਤੇ ਫੁਗਲਾਣਾ ਮੇਜ ਡਰਾਇਰ ਜੋ ਕਿ ਕਾਫੀ ਲੇਟ ਚੱਲਿਆ ਹੈ, ਉੱਥੇ ਵੀ ਵਪਾਰੀਆਂ ਦੀ ਮੱਕੀ ਨੂੰ ਸੁਕਾਉਣ ਲਈ ਜ਼ਿਆਦਾ ਤਰਜੀਹ ਦਿੱਤੀ ਜਾਂਦੀ ਹੈ ਤੇ ਕਿਸਾਨਾਂ ਦੀ ਮੱਕੀ ਨਾਮਾਤਰ ਹੀ ਸੁਕਾਈ ਜਾਂਦੀ ਹੈ ਤੇ ਮੱਕੀ ਨੂੰ ਸੁਕਾਉਣ ਦੇ ਰੇਟ ਵਿੱਚ ਵੀ ਕਾਫੀ ਵਾਧਾ ਕਰ ਦਿੱਤਾ ਗਿਆ ਹੈ। ਉਹਨਾਂ ਕਿਹਾ ਕਿ ਦਾਣਾ ਮੰਡੀ ਹੁਸ਼ਿਆਰਪੁਰ ਵਿਖੇ ਸ਼ੈਡ ਅੰਦਰ ਆੜ੍ਹਤੀਆਂ ਦੁਆਰਾ ਖਰੀਦਿਆ ਮਾਲ ਸਟੋਰ ਕੀਤਾ ਜਾਂਦਾ ਹੈ ਪਰ ਕਿਸਾਨਾਂ ਨੂੰ ਆਪਣੀ ਫਸਲ ਖੁੱਲ੍ਹੇ ਅਸਮਾਨ ਹੇਠ ਵੇਚਣੀ ਪੈਂਦੀ ਹੈ। ਪਹਿਲਾਂ ਮੱਕੀ ਦਾ ਬੀਜ ਖੇਤੀਬਾੜੀ ਵਿਭਾਗ ਵੱਲੋਂ ਸਬਸਿਡੀ ਉਪਰ ਕਿਸਾਨਾਂ ਨੂੰ ਦਿੱਤਾ ਜਾਂਦਾ ਸੀ। ਇਸ ਸਾਲ ਨਾ ਮੱਕੀ ਅਤੇ ਨਾ ਜੰਤਰ ਦਾ ਬੀਜ ਕਿਸਾਨਾਂ ਨੂੰ ਉਪਲਬਧ ਕਰਾਇਆ ਗਿਆ। ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਇਹਨਾਂ ਮੰਗਾਂ ਵੱਲ ਤੁਰੰਤ ਧਿਆਨ ਦੇ ਕੇ ਇਹਨਾਂ ਦਾ ਹੱਲ ਕਰੇ ਨਹੀਂ ਤਾਂ ਕਿਸਾਨਾਂ ਨੂੰ ਇਸ ਵਿਰੁੱਧ ਸੰਘਰਸ਼ ਲਈ ਸੜਕਾਂ 'ਤੇ ਉਤਰਨਾ ਪਵੇਗਾ। ਇਸ ਸਮੇਂ ਲੰਬਰਦਾਰ ਮਨਜੀਤ ਸਿੰਘ, ਪਵਿੱਤਰ ਸਿੰਘ ਫੁਗਲਾਣਾ, ਸਤਵੰਤ ਸਿੰਘ, ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।



# ਵੇਈਂ ਦੀ 25ਵੀਂ ਵਰ੍ਹੇਗੰਢ ਮਨਾਉਣ ਲਈ ਅਖੰਡ ਪਾਠ ਆਰੰਭ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨਛੋਹ ਪ੍ਰਾਪਤ ਪਵਿੱਤਰ ਵੇਈਂ ਦੀ ਕਾਰ ਸੇਵਾ ਦੀ 25ਵੀਂ ਵਰ੍ਹੇਗੰਢ ਨੂੰ ਰਸਮੀ ਤੌਰ 'ਤੇ ਮਨਾਉਣ ਲਈ ਨਿਰਮਲ ਕੁਟੀਆ ਵਿੱਚ ਗੁਰਦੁਆਰਾ ਸ਼੍ਰੀ ਗੁਰਪ੍ਰਕਾਸ਼ ਸਾਹਿਬ ਵਿਖੇ ਸ਼੍ਰੀ ਆਖੰਡ ਪਾਠ ਸਾਹਿਬ ਦੀ ਆਰੰਭਤਾ ਹੋ ਗਈ। ਪੰਜਾਬ ਦੇ ਵਾਤਾਵਰਣ ਵਿੱਚ ਨਿਰਣਾਇਕ ਭੂਮਿਕਾ ਨਿਭਾਉਣ ਵਾਲੀ ਬਾਬੇ ਨਾਨਕ ਦੀ ਵੇਈਂ ਦੇਸ਼ ਦੇ ਦੂਜੇ ਪਲੀਤ ਦਰਿਆਵਾਂ ਨੂੰ ਸਾਫ ਕਰਨ ਲਈ ਰਾਹ ਦਸੇਰਾ ਬਣ ਗਈ ਹੈ।ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਵਿਖੇ ਪਵਿੱਤਰ ਵੇਈਂ ਦੀ 25ਵੀਂ ਵਰ੍ਹੇਗੰਢ ਦੀ ਤਿਆਰੀਆਂ ਸੰਤ ਸੀਚੇਵਾਲ ਦੀ ਅਗਵਾਈ ਨਿਰੰਤਰ ਚੱਲ ਰਹੀਆਂ ਹਨ। ਸੰਗਤਾਂ ਵਿੱਚ ਇਸ ਇਤਿਹਾਸਕ ਵਰ੍ਹੇਗੰਢ ਬਾਰੇ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ, ਕਿਉਂਕਿ ਇਹ ਕਾਰਸੇਵਾ ਦੀ 25ਵੀਂ (ਸਿਲਵਰ ਜੁਬਲੀ) ਵਰ੍ਹੇਗੰਢ ਹੈ। ਯਾਦ ਰਹੇ ਕਿ ਪਵਿੱਤਰ ਵੇਈਂ ਦੀ ਕਾਰ ਸੇਵਾ 16 ਜੁਲਾਈ 2000 ਨੂੰ ਸ਼ੁਰੂ ਕੀਤੀ ਗਈ ਸੀ। ਇੰਨ੍ਹਾਂ 25 ਸਾਲਾਂ ਦੇ ਲੰਮੇ ਅਰਸੇ ਦੌਰਾਨ ਬਹੁਤ ਸਾਰੀਆਂ ਇਤਿਹਾਸਕ ਘਟਨਾਵਾਂ ਵਾਪਰੀਆਂ ਹਨ ਜਿਹੜੀਆਂ ਕਿ ਯਾਦਗਾਰ ਬਣ ਗਈਆਂ ਹਨ। ਉਧਰ ਪਵਿੱਤਰ ਵੇਈਂ ਦੀ ਕਾਰ ਸੇਵਾ ਦੇ ਸਿਲਵਰ ਜੁਬਲੀ ਸਮਾਗਮਾਂ ਵਿੱਚ ਆਉਣ ਵਾਲੀਆਂ ਸਖਸ਼ੀਅਤਾਂ ਦੀ ਸੁਰੱਖਿਆ ਦੇ ਮੱਦੇ ਨਜ਼ਰ ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ, ਐਸਐਸਪੀ ਗੌਰਵ ਤੂਰਾ ਅਤੇ ਐਸਪੀ ਗੁਰਪ੍ਰੀਤ ਸਿੰਘ ਸਮੇਤ ਹੋਰ ਅਫਸਰਾਂ ਨੇ ਪਵਿੱਤਰ ਵੇਈਂ ਦਾ ਦੌਰਾ ਕੀਤਾ। ਇਸ ਮੌਕੇ ਜ਼ਿਲ੍ਹਾ ਕਪੂਰਥਲਾ ਦੇ ਸਿਵਲ ਤੇ ਪੁਲਸ ਪ੍ਰਸ਼ਾਸ਼ਨ ਦੇ ਅਧਿਕਾਰੀਆਂ ਨੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਮੁਲਾਕਾਤ ਕੀਤੀ। ਇਸ ਮੌਕੇ ਸੰਤ ਸੀਚੇਵਾਲ ਨੇ ਜਿਲ੍ਹਾਂ ਅਧਿਕਾਰੀਆਂ ਨੂੰ ਪਵਿੱਤਰ ਵੇਈਂ ਦੀ ਕਾਰ ਸੇਵਾ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਅਤੇ ਇਸ ਦੌਰਾਨ ਆਈਆਂ ਚਣੌਤੀਆਂ ਨੂੰ ਵਿਸਥਾਰ ਨਾਲ ਦੱਸਿਆ।15 ਜੁਲਾਈ ਨੂੰ ਪਵਿੱਤਰ ਵੇਈਂ 'ਤੇ ਕਵੀ ਦਰਬਾਰ ਅਤੇ ਕੀਰਤਨ ਦਰਬਾਰ ਕਰਵਾਇਆ ਜਾ ਰਿਹਾ ਹੈ।



# ਬੀ ਐੱਲ ਓ ਦੇ ਚੌਥੇ ਤੇ ਆਖ਼ਰੀ ਬੈਚ ਦੀ ਟ੍ਰੇਨਿੰਗ ਸਫਲਤਾਪੂਰਵਕ ਸੰਪੰਨ

**ਬੰਗਾ (ਅਵਤਾਰ ਕਲੇਰ)** ਭਾਰਤ ਚੋਣ ਕਮਿਸ਼ਨ ਵੱਲੋਂ ਚਲਾਏ ਜਾ ਰਹੇ ਬੀ.ਐੱਲ.ਓ. ਟ੍ਰੇਨਿੰਗ ਪ੍ਰੋਗਰਾਮ ਤਹਿਤ ਵਿਧਾਨ ਸਭਾ ਹਲਕਾ ਬੰਗਾ ਅਧੀਨ ਆਉਂਦੇ ਵੱਖ-ਵੱਖ ਪੋਲਿੰਗ ਸਟੇਸ਼ਨਾਂ 'ਤੇ ਨਿਯੁਕਤ ਬੂਥ ਲੇਵਲ ਅਫਸਰਾਂ ਦੀ ਟ੍ਰੇਨਿੰਗ ਦਾ ਆਯੋਜਨ ਸਬ ਡਿਵੀਜ਼ਨਲ ਮੈਜਿਸਟ੍ਰੇਟ ਕਮ-ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਦੀ ਰਹਿਨੁਮਾਈ ਹੇਠ ਐੱਸ. ਡੀ. ਐੱਮ. ਦਫਤਰ ਬੰਗਾ ਦੇ ਮੀਟਿੰਗ ਹਾਲ ਵਿੱਚ ਕੀਤਾ ਗਿਆ। ਟ੍ਰੇਨਿੰਗ ਦੇ ਚੌਥੇ ਬੈਚ ਵਿੱਚ ਵਿਧਾਨ ਸਭਾ ਹਲਕਾ ਬੰਗਾ ਦੇ ਪੰਜਾਹ ਬੀ.ਐੱਲ.ਓਜ਼. ਨੂੰ ਸ਼ਾਮਿਲ ਕੀਤਾ ਗਿਆ। ਉਸ ਟ੍ਰੇਨਿੰਗ ਵਿੱਚ ਸਮੂਹ ਬੀ.ਐੱਲ.ਓਜ਼ ਨੂੰ ਸਮੇਂ ਦੀ ਮੰਗ ਅਨੁਸਾਰ ਵੋਟਰਾਂ ਨਾਲ ਵਿਚਰਨ ਸਮੇਂ ਪ੍ਰੋਫੈਸ਼ਨਲ ਰਵੱਈਆ ਅਪਨਾਉਣ 'ਤੇ ਜ਼ੋਰ ਦਿੱਤਾ ਗਿਆ। ਮਾਸਟਰ ਟ੍ਰੇਨਰਾਂ ਵੱਲੋਂ ਸਮੂਹ ਬੀ.ਐੱਲ.ਓਜ਼. ਨੂੰ ਡੋਰ-ਟੂ-ਡੋਰ ਸਰਵੇ, ਵੋਟਾ ਬਨਾਉਣ, ਸੋਧ ਕਰਨ ਅਤੇ ਵੋਟ ਰਜਿਸਟ੍ਰੇਸ਼ਨ ਸਬੰਧੀ ਬੂਥ ਪੱਧਰ 'ਤੇ ਕੀਤੇ ਜਾਣ ਵਾਲੇ ਵੱਖ-ਵੱਖ ਕੰਮਾਂ ਅਤੇ ਜ਼ਿੰਮੇਵਾਰੀਆਂ ਪ੍ਰਤੀ ਸਪੱਸ਼ਟ ਕਰਦੇ ਹੋਏ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਨਵੀਆਂ ਹਦਾਇਤਾਂ ਬਾਰੇ ਬਾਰੀਕੀ ਨਾਲ ਚਰਚਾ ਕੀਤੀ ਗਈ। ਇਸ ਤੋਂ ਇਲਾਵਾ ਫੀਲਡ-ਵਿਜ਼ਿਟ ਦੌਰਾਨ ਇੱਕ ਬੀ.ਐੱਲ.ਓ. ਵੱਲੋਂ ਕਿਸੇ ਵੀ ਵਿਅਕਤੀ ਨਾਲ ਮਿਲਣ ਜਾਂ ਫੋਨ 'ਤੇ ਗੱਲਬਾਤ ਦੌਰਾਨ ਪ੍ਰੋਫੈਸ਼ਨਲ ਰਵੱਈਆ ਅਪਨਾਉਣ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਵਿਸ਼ੇਸ਼ ਚਰਚਾ ਕੀਤੀ ਗਈ। ਸਮੂਹ ਭਾਗੀਦਾਰਾਂ ਵੱਲੋਂ ਟ੍ਰੇਨਿੰਗ ਦੌਰਾਨ ਹਾਸਲ ਕੀਤੀ ਸਿੱਖਿਆ ਦਾ ਓਬਜੈਕਟਿਵ-ਟਾਇਪ ਐੱਮ.ਸੀ.ਕਿਊ. ਅਧਾਰਿਤ ਕੁਇਜ਼ ਕਰਵਾਇਆ ਗਿਆ ਅਤੇ ਡਿਊਟੀ ਦੌਰਾਨ ਕੀਤੇ ਜਾਣ ਵਾਲੇ ਕੰਮਾਂ ਸਬੰਧੀ ਮੌਕ-ਪ੍ਰੈਕਟਿਸ ਵੀ ਕਰਵਾਈ ਗਈ, ਜਿਸ ਵਿੱਚ ਹਰੇਕ ਬੀ.ਐੱਲ.ਓ. ਵੱਲੋ ਮੰਚ ਤੇ ਆ ਕੇ ਆਪਣੇ ਕੰਮਾਂ ਸਬੰਧੀ ਰੋਲ-ਪਲੇਅ ਕਰਨ ਅਤੇ ਵੋਟਾਂ ਸਬੰਧੀ ਭਰੇ ਜਾਣ ਵਾਲੇ ਵੱਖ-ਵੱਖ ਫਾਰਮਾਂ ਨੂੰ ਭਰਨ ਦਾ ਅਭਿਆਸ ਕੀਤਾ ਗਿਆ। ਮਾਸਟਰ ਟ੍ਰੇਨਰ ਭੁਪਿੰਦਰ ਸਿੰਘ ਵੱਲੋਂ ਵੋਟਰ ਹੈਲਪਲਾਈਨ ਐਪ ਅਤੇ ਬੀ.ਐੱਲ.ਓ. ਐਪ ਬਾਰੇ ਸਟੈੱਪ-ਬਾਏ-ਸਟੈੱਪ ਡੈਮੋਂਸਟ੍ਰੇਸ਼ਨ ਦਿੱਤੀ ਗਈ। ਮਾਸਟਰ ਟ੍ਰੇਨਰ ਰਾਜਿੰਦਰ ਕੁਮਾਰ ਵੱਲੋਂ ਵੱਖ-ਵੱਖ ਫਾਰਮ ਭਰਦੇ ਹੋਏ ਬੀ.ਐੱਲ.ਓ. ਵੱਲੋਂ ਪੇਸ਼ ਕੀਤੇ ਸਵਾਲਾਂ ਅਤੇ ਸ਼ੰਕਾਂਵਾਂ ਦਾ ਹੱਲ ਦੱਸਦੇ ਹੋਏ ਵੋਟਰ ਰਜਿਸਟ੍ਰੇਸ਼ਨ ਨਾਲ ਜੁੜੇ ਹਰ ਪਹਿਲੂ 'ਤੇ ਚਾਨਣਾ ਪਾਇਆ ਗਿਆ। ਅਖੀਰ ਵਿੱਚ ਸਾਰੇ ਟ੍ਰੇਨੀਆਂ ਨੂੰ ਸਰਟੀਫਿਕੇਟ ਦਿੱਤੇ ਗਏ। ਇਸ ਟ੍ਰੇਨਿੰਗ ਵਿੱਚ ਵਿਕਰਮ ਕੁਮਾਰ ਗੁੰਬਰ ਤਹਿਸੀਲਦਾਰ ਬੰਗਾ, ਐੱਸ.ਡੀ.ਐੱਮ ਦਫਤਰ ਬੰਗਾ ਤੋਂ ਬਲਦੇਵ ਸਿੰਘ ਸੈਣੀ ਸੁਪਰਡੰਟ, ਅਮਨ, ਹਰਜਿੰਦਰ ਸਿੰਘ, ਗੁਰਜੀਤ ਸਿੰਘ, ਰਾਜ ਕੁਮਾਰ, ਮਾਸਟਰ ਟ੍ਰੇਨਰ ਦਵਿੰਦਰ ਕੁਮਾਰ ਸੱਲ੍ਹਣ, ਮਾਸਟਰ ਟ੍ਰੇਨਰ ਅਮਰ ਕਟਾਰੀਆ ਅਤੇ ਹਲਕਾ ਬੰਗਾ ਦੇ ਸੈਕਟਰ ਅਫਸਰ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।



# ਸ਼ਹੀਦ ਫੌਜੀਆਂ ਦੀਆਂ ਧੀਆਂ ਲਈ ਸਕਾਲਰਸ਼ਿਪ ਦਾ ਐਲਾਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**—ਅਥਰਵ ਯੂਨੀਵਰਸਿਟੀ ਨੇ ਦੇਸ਼ ਭਰ ਦੇ ਸ਼ਹੀਦ ਸੈਨਿਕਾਂ ਦੀਆਂ ਧੀਆਂ ਅਤੇ ਜੰਮੂ ਅਤੇ ਕਸ਼ਮੀਰ ਅਤੇ ਭਾਰਤ ਦੇ ਉੱਤਰ ਪੂਰਬੀ ਰਾਜਾਂ ਦੇ ਵਿਦਿਆਰਥੀਆਂ ਲਈ ਯੂਨੀਵਰਸਿਟੀ ਦੀਆਂ ਸਾਰੀਆਂ ਸ਼ਾਖਾਵਾਂ ਵਿੱਚ ਵਿਸ਼ੇਸ਼ ਸਕਾਲਰਸ਼ਿਪ ਦਾ ਐਲਾਨ ਕੀਤਾ ਹੈ। ਅਥਰਵ ਯੂਨੀਵਰਸਿਟੀ, ਮੁੰਬਈ ਦੇ ਸੰਸਥਾਪਕ ਸੁਨੀਲ ਰਾਣੇ ਨੇ ਕਿਹਾ ਕਿ ਸ਼ਹੀਦਾਂ ਦੀਆਂ ਧੀਆਂ ਲਈ 100% ਸਕਾਲਰਸ਼ਿਪ ਉਪਲਬਧ ਹੈ ਅਤੇ ਜੰਮੂ ਅਤੇ ਕਸ਼ਮੀਰ ਅਤੇ ਉੱਤਰ-ਪੂਰਬੀ ਭਾਰਤੀ ਰਾਜਾਂ ਦੇ ਵਿਦਿਆਰਥੀਆਂ ਲਈ 75% ਸਕਾਲਰਸ਼ਿਪ ਉਪਲਬਧ ਹੈ। ਯੂਨੀਵਰਸਿਟੀ ਇੰਜੀਨੀਅਰਿੰਗ, ਬੀਬੀਏ/ਐਮਬੀਏ, ਹੋਟਲ ਮੈਨੇਜਮੈਂਟ, ਬੀਸੀਏ ਅਤੇ ਬੀ ਡਿਜ਼ਾਈਨ ਦੇ ਕੋਰਸ ਪੇਸ਼ ਕਰਦੀ ਹੈ। 25 ਸਾਲਾਂ ਦੀ ਵਿਰਾਸਤ ਦੇ ਨਾਲ, ਅਥਰਵ ਮਾਲਾਡ ਇੱਕ ਪ੍ਰਮੁੱਖ ਵਿਦਿਅਕ ਸੰਸਥਾ ਹੈ ਜੋ ਮਾਰਵੇ ਰੋਡ, ਮਾਲਾਡ ਵੈਸਟ, ਮੁੰਬਈ ਵਿੱਚ ਸਥਿਤ ਹੈ। ਦਾਖਲੇ ਲਈ 022-40294949 'ਤੇ ਸੰਪਰਕ ਕੀਤਾ ਜਾ ਸਕਦਾ ਹੈ ਜਾਂ www.atharvauniversity.org 'ਤੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।



# ਸੜਕਾਂ ਦੀ ਸੁਰੱਖਿਅਤਾ ਤੋਂ ਬਿਨਾਂ ਰੋਡ ਐਕਸੀਡੈਂਟ ਨਹੀਂ ਘਟਾਏ ਜਾ ਸਕਦੇ : ਧੀਮਾਨ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**- ਰੋਡ ਸੇਫਟੀ ਉਤੇ ਕਰੋੜਾਂ ਰਪਏ ਖਰਚਣ ਦੇ ਬਾਵਜੂਦ ਸੇਫਟੀ ਨਿਯਮ ਕਾਗਜ਼ਾਂ ਤੱਕ ਹੀ ਸੀਮਤ ਹੈ ।ਆਵਜਾਈ ਦੇ ਸਾਧਨ ਓਨਾ ਚਿਰ ਕਦੇ ਵੀ ਸੁੱਰਖਿਅਤ ਨਹੀਂ ਹੋ ਸਕਦੇ ਜਿੰਨਾ ਚਿਰ ਸਰਕਾਰਾਂ ਸੜਕਾਂ ਦੀ ਬਣਤਰ ਅਤੇ ਉਹਨਾਂ ਉਤੇ ਹੋ ਰਹੇ ਨਜਾਇਜ਼ ਕਬਜ਼ਿਆਂ, ਸੜਕਾਂ ਉਤੇ ਝੁਕੇ ਦਰੱਖਤਾਂ ਅਤੇ ਉਨ੍ਹਾਂ ਦੁਆਲੇ ਖਤਮ ਹੋ ਰਹੇ ਟਰੈਫਿਕ ਚਿੰਨ੍ਹਾਂ ਆਦਿ ਵੱਲ ਧਿਆਨ ਨਹੀਂ ਦਿੱਤਾ ਜਾਂਦਾ।ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਸਰਕਾਰ ਵਲੋਂ ਆਵਾਜਾਈ ਸਾਧਨਾਂ ਨੂੰ ਸੁੱਰਖਿਅਤ ਕਰਨ ਦੀ ਥਾਂ ਉਨ੍ਹਾਂ ਉਤੇ ਅਸੁੱਰਖਿਅਤਾ ਦਾ ਮਾਹੌਲ ਬਣਾ ਕੇ ਰੱਖਣ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਸੜਕੀ ਅਸੁੱਰਖਿਅਤਾ ਨੇ ਦੇਸ਼ ਵਿਚ ਬਹੁਤ ਕੀਮਤੀ ਜਾਨਾਂ ਲਈਆਂ ਹਨ, ਪਰ ਸਰਕਾਰਾਂ ਦੇ ਕੰਨਾਂ ਉਤੇ ਜੂੰ ਤੱਕ ਨਹੀਂ ਸਰਕੀ।ਕਿੰਨੀ ਸ਼ਰਮ ਦੀ ਗੱਲ ਹੈ ਕਿ ਮਨਿਸਟਰੀ ਆਫ ਰੋਡ ਐਂਡ ਟਰਾਂਪੋਰਟ ਐਂਡ ਹਾਈਵੇਜ਼ ਦੇ ਮੰਤਰੀ ਨਿਤਿਨ ਗਡਗਰੀ ਆਪਣੇ ਆਪ ਟੇਬਲ ਥਪਥਪਾ ਕੇ ਡੀਂਗਾਂ ਮਾਰ ਕੇ ਕਹਿ ਰਹੇ ਹਨ ਕਿ ਭਾਰਤ ਵਿਚ ਦੁਨੀਆ ਤੋਂ ਸਭ ਵੱਧ ਲੋਕ ਰੋਡ ਐਕਸੀਡੈਂਟ ਨਾਲ ਮਰ ਰਹੇ ਹਨ।ਸਰਕਾਰਾਂ ਸੜਕਾਂ ਉਤੇ ਲੋਕਾਂ ਨੂੰ ਜੁਰਮਾਨੇ ਤਾਂ ਹਰ ਰੋਜ਼ ਵਧਾ ਰਹੀਆਂ ਹਨ ਪਰ ਉਸੇ ਸਪੀਡ ਨਾਲ ਕਦੇ ਵੀ ਸੜਕਾਂ ਉਤੇ ਨਿਰਪੱਖ ਭਾਵਨਾ ਨਾਲ ਸੜਕੀ ਸੁਰੱਖਿਆ ਪ੍ਰਦਾਨ ਨਹੀਂ ਕਰ ਰਹੀਆਂ।ਇਹ ਕਿਸ ਮੋਟਰ ਵਹੀਕਲ ਐਕਟ ਵਿਚ ਲਿਖਿਆ ਗਿਆ ਹੈ ਕਿ ਸੜਕਾਂ ਨੂੰ ਚਰਾਂਦਗਾਹ ਬਣਾਇਆ ਜਾ ਸਕਦਾ ਤੇ ਜਿਹੜਾ ਮਰਜ਼ੀ ਸੜਕਾਂ ਉਤੇ ਪਾਲਤੂ ਪਸ਼ੂਆਂ ਨੂੰ ਬਿਨਾਂ ਕਿਸੇ ਡਰ ਦੇ ਘੁਮਾ ਸਕਦਾ ਹੈ, ਜਿਹੜੀ ਮਰਜ਼ੀ ਟੋਲ ਕੰਪਨੀ ਜਿੰਨਾ ਚਾਹੇ ਟੋਲ ਲੈ ਸਕਦੀ ਹੈ।ਪਰ ਮੰਤਰਾਲੇ ਦੀ ਡਿਊਟੀ ਇਕੱਲਾ ਟੈਕਸ ਹੀ ਲੈਣਾ ਰਹਿ ਗਿਆ ਹੈ। ਇਨ੍ਹਾਂ ਐਕਸੀਡੈਂਟਾ ਕਾਰਨ ਪਰਵਾਰਾਂ ਦੇ ਪਰਵਾਰ ਹੀ ਖਤਮ ਹੋ ਗਏ ਹਨ।ਸੜਕਾਂ ਉਤੇ ਅਵਾਰਾ ਕੁੱਤੇ, ਜਾਨਵਰ ਆਮ ਘੁੰਮਦੇ ਵੇਖੇ ਜਾ ਸਕਦੇ ਹਨ, ਜੋ ਸਭ ਤੋਂ ਵੱਡਾ ਐਕਸੀਡੈਂਟ ਦਾ ਕਾਰਨ ਬਣ ਜਾਂਦੇ ਹਨ।ਧੀਮਾਨ ਨੇ ਕਿਹਾ ਕਿ ਅੱਜ ਹਾਈਵੇਜ ਦਾ ਹਾਲ ਅਤਿ ਭੈੜਾ ਹੈ।ਸੜਕਾਂ ਦੇ ਤਾਂ ਵਰਮ ਵੀ ਅਲੋਪ ਹੋ ਚੁੱਕੇ ਹਨ, ਜਿਹੜਾ ਵੀ ਵੇਖਦਾ ਹੈ, ਉਹੀ ਸੜਕਾਂ ਦੇ ਆਲੇ ਦੁਆਲੇ ਕੰਸਟਰਕਸ਼ਨ ਦਾ ਕਚਰਾ ਸੁੱਟ ਦਿੰਦਾ ਹੈ, ਜਿਹੜਾ ਮਰਜ਼ੀ ਸੜਕਾਂ ਦੇ ਆਲੇ ਦੁਆਲੇ ਪਲਾਸਟਿਕ ਦਾ ਢੇਰ ਲਗਾ ਦਿੰਦਾ ਹੈ।ਬਹੁਤ ਸਾਰੇ ਪੈਲੇਸ ਵਾਲੇ ਆਪਦਾ ਕਚਰਾ ਵੀ ਡੰਪ ਕਰ ਦਿੰਦੇ ਹਨ।ਸੜਕਾਂ ਦਾ ਆਲਾ ਦੁਆਲਾ ਪੂਰੀ ਤਰ੍ਹਾਂ ਕਚਰੇ ਨਾਲ ਭਰਿਆ ਪਿਆ ਹੁੰਦਾ ਹੈ, ਜਿਨ੍ਹਾਂ 'ਤੇ ਅਵਾਰਾ ਪਸ਼ੂ, ਕੁੱਤੇ ਆਮ ਘੁੰਮਦੇ ਵੇਖੇ ਜਾ ਸਕਦੇ ਹਨ।ਉਹੀ ਕਚਰਾ ਲੋਕਾਂ ਦੀ ਅਤੇ ਵਾਤਾਵਰਣ ਦੀ ਸਿਹਤ ਨਾਲ ਖਿਲਵਾੜ ਕਰਦਾ ਹੈ ।ਸੜਕੀ ਅਣਗਹਿਲੀਆਂ ਸਾਫ ਦਰਸਾਉਂਦੀਆਂ ਹਨ ਕਿ ਸਰਕਾਰਾਂ ਨੂੰ ਸਿਰਫ ਵੋਟਾਂ ਨਾਲ ਹੀ ਪਿਆਰ ਹੈ ਨਾ ਕਿ ਲੋਕਾਂ ਦੀਆਂ ਜ਼ਿੰਦਗੀਆਂ ਨਾਲ। ਧੀਮਾਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸੜਕਾਂ ਨੂੰ ਸੁੱਰਖਿਅਤਾ ਪ੍ਰਦਾਨ ਕਰਵਾਉਣ ਲਈ ਕੁੰਭਕਰਨੀ ਨੀਂਦੇ ਸੁੱਤੀ ਸਰਕਾਰ ਨੂੰ ਜਗਾਉਣ ਲਈ ਜਾਗਰੂਕ ਹੋਣ।



# ਬਿਜਲੀ ਨੰਗਲ 'ਚ ਸਾਲਾਨਾ ਜੋੜ ਮੇਲਾ ਸ਼ਰਧਾ ਨਾਲ ਮਨਾਇਆ



**ਕਾਲਾ ਸੰਘਿਆਂ (ਮਨਜੀਤ ਮਾਨ)** ਪਿੰਡ ਬਿਜਲੀ ਨੰਗਲ ਵਾਸੀਆਂ ਵਲੋਂ ਸ਼ੇਰੇ ਏ ਪੰਜਾਬ ਟੋਲ ਪਲਾਜ਼ਾ ਵਰਕਰ ਯੂਨੀਅਨ ਦੇ ਚੇਅਰਮੈਨ ਬਾਈ ਨੱਛਤਰ ਸਿੰਘ ਦੇ ਸਹਿਯੋਗ ਨਾਲ ਅਤੇ ਪ੍ਰਵਾਸੀ ਭਾਰਤੀਆਂ ਦੇ ਸਹਿਜੋਗ ਨਾਲ 22ਵਾਂ ਸਾਲਾਨਾ ਜੋੜ ਮੇਲਾ ਬਾਬਾ ਲੱਖ ਦਾਤਾ ਪੀਰ (ਲਾਲਾ ਵਾਲੀ ਸਰਕਾਰ) ਗੁੱਗਾ ਜਾਹਿਰ ਪੀਰ ਦੇ ਪਵਿੱਤਰ ਅਸਥਾਨ ਪਿੰਡ ਬਿਜਲੀ ਨੰਗਲ ਵਿਖੇ ਬੜੀ ਧੂਮ ਧਾਮ ਨਾਲ ਮਨਾਇਆ ਗਿਆ, ਸਵੇਰੇ ਮੁੱਖ ਸੇਵਾਦਾਰ ਕੁਲਦੀਪ ਸਿੰਘ ਅਤੇ ਸਮੂਹ ਕਮੇਟੀ ਮੈਂਬਰਾਂ ਨੇ ਬਾਬਾ ਜੀ ਦੇ ਪਵਿੱਤਰ ਅਸਥਾਨ ਤੇ ਝੰਡਾ ਚੜ੍ਹਾਇਆ, ਉਪਰੰਤ ਮੇਲੇ ਵਿਚ ਲਖਵਿੰਦਰ ਕੋਟੀਆ, ਜਗਤਾਰ ਧੰਜਲ,ਜਗਤਾਰ ਅਣਖੀਲਾ ਕਮਲਜੋਤ, ਪੂਜਾ ਮਨੀ, ਰਾਏ ਜੁਝਾਰ, ਪ੍ਰੀਤੀ ਵਾਲੀਆ ਆਦਿ ਕਲਾਕਾਰਾਂ ਨੇ ਆਪਣੇ ਫਨ ਮੁਜ਼ਾਹਰਾ ਕੀਤਾ, ਇਸ ਮੌਕੇ ਮੇਲਾ ਕਮੇਟੀ ਵੱਲੋਂ ਇਲਾਕੇ ਦੀਆਂ ਪ੍ਰਮੁੱਖ ਸਖਸ਼ੀਅਤਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਤ ਕੀਤਾ,ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ। ਇਸ ਮੌਕੇ ਬਾਈ ਨਛੱਤਰ ਸਿੰਘ ਚੇਅਰਮੈਨ, ਹਰਜਿੰਦਰ ਕੌਰ ਸਰਪੰਚ, ਬੱਬੂ ਖੇੜਾ ਮਨਪ੍ਰੀਤ ਸਿੰਘ ਅਤੇ ਇਲਾਕਾ ਨਿਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਲੋਕ ਰੋਹ ਹੀ ਸਰਕਾਰ ਨੂੰ ਲੋਕ ਵਿਰੋਧੀ ਪਾਲਿਸੀ ਵਾਪਸ ਲੈਣ ਲਈ ਮਜਬੂਰ ਕਰੇਗਾ: ਸਿੱਧੂ

**ਐਸ.ਏ.ਐਸ. ਨਗਰ (ਗੁਰਜੀਤ ਬਿੱਲਾ)**— ਸੀਨੀਅਰ ਕਾਂਗਰਸੀ ਆਗੂ ਅਤੇ ਪੰਜਾਬ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਐਲਾਨ ਕੀਤਾ ਹੈ ਕਿ ਉਹ ਮੋਹਾਲੀ ਹਲਕੇ ਦੇ ਲੋਕਾਂ ਨੂੰ ਨਾਲ ਲੈ ਕੇ ਸੂਬਾ ਸਰਕਾਰ ਵਲੋਂ ਲਿਆਂਦੀ ਕਿਸਾਨ ਵਿਰੋਧੀ ਲੈਂਡ ਪੂਲਿੰਗ ਪਾਲਿਸੀ ਨੂੰ ਰੱਦ ਕਰਾਉਣ ਲਈ ਆਗਾਮੀ 21 ਜੁਲਾਈ ਨੂੰ ਸਵੇਰੇ 10 ਵਜੇ ਗਮਾਡਾ ਦੇ ਮੁੱਖ ਦਫ਼ਤਰ ਸਾਹਮਣੇ ਧਰਨਾ ਦੇਣਗੇ।ਇਸ ਧਰਨੇ ਨੂੰ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਸਣੇ ਪਾਰਟੀ ਦੇ ਸਾਰੇ ਸੀਨੀਅਰ ਆਗੂ ਸੰਬੋਧਨ ਕਰਨਗੇ। ਉਹਨਾਂ ਕਿਹਾ ਕਿ ਸਮੁੱਚੀਆਂ ਕਿਸਾਨ ਜਥੇਬੰਦੀਆਂ ਅਤੇ ਸਬੰਧਤ ਪਿੰਡਾਂ ਦੇ ਕਿਸਾਨਾਂ ਨੇ ਪਹਿਲਾਂ ਹੀ ਜ਼ਮੀਨ ਨਾ ਦੇਣ ਦਾ ਫੈਸਲਾ ਕਰ ਲਿਆ ਹੈ ਅਤੇ ਕਾਂਗਰਸ ਪਾਰਟੀ ਕਿਸੇ ਵੀ ਕੀਮਤ ਜਤੇ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਨਹੀਂ ਦੇਵੇਗੀ। ਉਹਨਾਂ ਹਲਕੇ ਦੇ ਲੋਕਾਂ ਨੂੰ ਵੱਡੀ ਗਿਣਤੀ ਵਿਚ ਇਸ ਧਰਨੇ ਵਿਚ ਸ਼ਾਮਲ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਲੋਕ ਰੋਹ ਹੀ ਸਰਕਾਰ ਨੂੰ ਇਹ ਲੋਕ ਵਿਰੋਧੀ ਪਾਲਿਸੀ ਵਾਪਸ ਲੈਣ ਲਈ ਮਜ਼ਬੂਰ ਕਰੇਗਾ।ਕਾਂਗਰਸੀ ਆਗੂ ਨੇ ਕਿਹਾ ਕਿ ਇਹ ਲੈਂਡ ਪੂਲਿੰਗ ਪਾਲਿਸੀ 2013 ਵਿਚ ਡਾ.ਮਨਮੋਹਨ ਸਿੰਘ ਦੀ ਸਰਕਾਰ ਵਲੋਂ ਜ਼ਮੀਨ ਗ੍ਰਹਿਣ ਕਰਨ ਲਈ ਬਣਾਏ ਗਏ ਕਿਸਾਨ ਪੱਖੀ ਕਾਨੂੰਨ ਦੀ ਸਰਾਸਰ ਉਲੰਘਣਾ ਹੈ ਜਿਸ ਤਹਿਤ ਜ਼ਮੀਨ ਗ੍ਰਹਿਣ ਕਰਨ ਤੋਂ ਪਹਿਲਾਂ ਇਲਾਕੇ ਵਿਚ ਸਮਾਜਿਕ ਤੇ ਵਾਤਾਵਰਣ ਅਸਰ ਸਬੰਧੀ ਨਿਰੀਖਣ ਕਰਾਉਣੇ ਲਾਜ਼ਮੀ ਹਨ। ਉਹਨਾਂ ਕਿਹਾ ਕਿ ਇਸ ਕਾਨੂੰਨ ਅਨੁਸਾਰ 50 ਫ਼ੀਸਦੀ ਜ਼ਮੀਨ ਮਾਲਕਾਂ ਦੀ ਸਹਿਮਤੀ ਜਰੂਰੀ ਹੈ ਅਤੇ ਕਾਨੂੰਨ ਵਿਚ ਇਹ ਵੀ ਪ੍ਰਬੰਧ ਹੈ ਕਿ ਜੇ ਪੰਜ ਸਾਲ ਤੋਂ ਬਾਅਦ ਵੀ ਜ਼ਮੀਨ ਦੀ ਵਰਤੋਂ ਨਹੀਂ ਕੀਤੀ ਜਾਂਦੀ ਤਾਂ ਜ਼ਮੀਨ ਪਹਿਲੇ ਮਾਲਕਾਂ ਨੂੰ ਵਾਪਸ ਕਰਨੀ ਪਵੇਗੀ। ਸਿੱਧੂ ਨੇ ਕਿਹਾ ਇਸ ਕਾਨੂੰਨ ਦੀਆਂ ਕਿਸਾਨ ਪੱਖੀ ਧਾਰਾਵਾਂ ਤੋਂ ਬਚਣ ਲਈ ਹੀ ਪੰਜਾਬ ਸਰਕਾਰ 'ਚੋਰ ਮੋਰੀ' ਵਜੋਂ ਇਹ ਲੈਂਡ ਪੂਲਿੰਗ ਪਾਲਿਸੀ ਲੈ ਕੇ ਆਈ ਹੈ।ਸਿੱਧੂ ਨੇ ਕਿਹਾ ਇਸ ਨਵੀਂ ਪਾਲਿਸੀ ਵਿਚ ਜ਼ਮੀਨ ਮਾਫ਼ੀਆ ਅਤੇ ਵੱਡੀਆਂ ਕੰਪਨੀਆਂ ਨੂੰ ਫਾਇਦਾ ਪਹੁੰਚਾਉਣ ਲਈ ਲਿਆਂਦੀ ਗਈ 50 ਏਕੜ ਦੀ ਸਕੀਮ ਤਹਿਤ ਜ਼ਮੀਨ ਮਾਲਕ/ਮਾਲਕਾਂ ਨੂੰ 30 ਏਕੜ ਵਾਪਸ ਕੀਤੀ ਜਾਵੇਗੀ।ਉਹਨਾਂ ਕਿਹਾ ਇਹ ਸਕੀਮ ਤਾਂ ਲਿਆਂਦੀ ਹੀ ਉਹਨਾਂ ਬਿਲਡਰਾਂ ਜਾਂ ਕੰਪਨੀਆਂ ਲਈ ਹੈ ਜਿਹੜੀਆਂ ਪਹਿਲਾਂ ਹੀ ਜ਼ਮੀਨ ਇਕੱਠੀ ਕਰੀ ਬੈਠੀਆਂ ਹਨ ਕਿਉਂਕਿ ਕਿ ਪੰਜਾਬ ਵਿਚ ਤਜ਼ਵੀਜ਼ਤ ਅਰਬਨ ਅਸਟੇਟਾਂ ਦੇ ਇਲਾਕੇ ਵਿਚ ਕਿਸੇ ਵੀ ਜ਼ਿਮੀਦਾਰ ਕੋਲ 50 ਏਕੜ ਜ਼ਮੀਨ ਨਹੀਂ ਹੈ ਅਤੇ ਨਾ ਹੀ ਜ਼ਿਮੀਂਦਾਰ ਜ਼ਮੀਨ ਇਕੱਠੀ ਕਰ ਸਕਦੇ ਹਨ।

# ਭੂੰਗਰਨੀ ਵਿਖੇ ਸਰਬੱਤ ਦੇ ਭਲੇ ਲਈ ਗੁਰਮਤਿ ਸਮਾਗਮ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**- ਇਤਿਹਾਸਕ ਪਿੰਡ ਭੂੰਗਰਨੀ ਵਿਖੇ ਪਾਤਸ਼ਾਹੀ ਸੱਤਵੀਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਪਵਿੱਤਰ ਚਰਨ ਛੋਹ ਧਰਤੀ 'ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਰਬੱਤ ਦੇ ਭਲੇ ਲਈ ਮਹਾਨ ਗੁਰਮਤਿ ਸਮਾਗਮ 16 ਜੁਲਾਈ ਨੂੰ ਅੰਮ੍ਰਿਤ ਵੇਲੇ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 16 ਜੁਲਾਈ ਨੂੰ ਅੰਮ੍ਰਿਤ ਵੇਲੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਭਾਈ ਸੁਖਚੈਨ ਸਿੰਘ ਹੈਡ ਗ੍ਰੰਥੀ, ਸਤਿੰਦਰ ਸਿੰਘ ਆਲਮ ਹੁਸ਼ਿਆਰਪੁਰ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਚਾਹ ਦੇ ਲੰਗਰ ਅਤੁੱਟ ਵਰਤਾਏ ਜਾਣਗੇ।



# ਨਗਰ ਨਿਗਮ ਨੇ ਚਲਾਈ 'ਸਫ਼ਾਈ ਅਪਨਾਓ, ਬਿਮਾਰੀ ਭਜਾਓ' ਮੁਹਿੰਮ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਥਾਨਕ ਸਰਕਾਰਾਂ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਨਗਰ ਨਿਗਮ ਹੁਸ਼ਿਆਰਪੁਰ ਦੇ ਕਮਿਸ਼ਨਰ ਜੋਤੀ ਬਾਲਾ ਮੱਟੂ ਅਤੇ ਜੁਆਇੰਟ ਕਮਿਸ਼ਨਰ ਸੰਦੀਪ ਤਿਵਾੜੀ ਦੇ ਆਦੇਸ਼ਾਂ 'ਤੇ ਹੈਲਥ ਸ਼ਾਖਾ ਦੇ ਸੀ.ਐਸ.ਓ ਦੀਪਕ ਕੁਮਾਰ ਤੇ ਸੈਨੇਟਰੀ ਇੰਸਪੈਕਟਰ ਸੰਜੀਵ ਕੁਮਾਰ ਨਾਹਰ ਦੀ ਅਗਵਾਈ ਵਿਚ ਸਫ਼ਾਈ ਅਪਨਾਓ, ਬਿਮਾਰੀ ਭਜਾਓ ਮੁਹਿੰਮ ਚਲਾਈ ਗਈ ਹੈ। ਇਸ ਸਬੰਧੀ ਕਮਿਸ਼ਨਰ ਨਗਰ ਨਿਗਮ ਜੋਤੀ ਬਾਲਾ ਮੱਟ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਹਿੰਮ ਵਿਚ ਨਗਰ ਨਿਗਮ ਨੂੰ ਸਹਿਯੋਗ ਦੇਣ, ਕਿਉਂਕਿ ਸ਼ਹਿਰ ਵਾਸੀਆਂ ਦੀ ਮਦਦ ਸਦਕਾ ਹੀ ਇਸ ਮਹਿੰਮ ਨੂੰ ਸਫਲ ਬਣਾਇਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਸ ਮਹਿੰਮ ਤਹਿਤ ਸ਼ਹਿਰ ਦੇ ਵੱਖ-ਵੱਖ ਸਥਾਨਾਂ 'ਤੇ ਸਫ਼ਾਈ ਕਰਵਾਈ ਜਾਣੀ ਹੈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਬਰਸਾਤੀ ਮੌਸਮ ਨੂੰ ਧਿਆਨ ਵਿਚ ਰੱਖਦੇ ਹੋਏ ਆਪਣੇ ਘਰਾਂ ਦੇ ਵਿਚ ਕੂਲਰਾਂ, ਟੁੱਟੇ ਗਮਲਿਆਂ, ਪੁਰਾਣੇ ਕਬਾੜ ਆਦਿ ਵਿਚ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ। ਜਾਨਵਰਾਂ ਦੇ ਪੀਣ ਵਾਲੇ ਪਾਣੀ ਦੇ ਭਾਂਡਿਆਂ ਨੂੰ ਰੋਜ਼ਾਨਾ ਸਾਫ਼ ਕੀਤਾ ਜਾਵੇ ਅਤੇ ਆਲੇ-ਦੁਆਲੇ ਦੀ ਸਾਫ-ਸਫਾਈ ਦਾ ਵਿਸ਼ੇਸ਼ ਖਿਆਲ ਰੱਖਿਆ ਜਾਵੇ। ਇਸ ਤੋਂ ਇਲਾਵਾ ਆਪਣੇ ਘਰਾਂ ਵਿਚ ਗਿੱਲੇ ਅਤੇ ਸੁੱਕੇ ਕੂੜੇ ਨੂੰ ਵੱਖ-ਵੱਖ ਰੱਖਣ ਨੂੰ ਤਰਜੀਹ ਦੇਣ। ਪਲਾਸਟਿਕ, ਥਰਮੋਕੋਲ ਅਤੇ ਪਲਾਸਟਿਕ ਦੇ ਲਿਫਾਫਿਆਂ ਆਦਿ ਦੀ ਵਰਤੋਂ ਨਾ ਕੀਤੀ ਜਾਵੇ। ਸੜਕਾਂ 'ਤੇ ਕੂੜਾ ਨਾ ਸੁੱਟਿਆ ਜਾਵੇ ਅਤੇ ਨਾ ਹੀ ਸਾੜਿਆ ਜਾਵੇ, ਕਿਉਂਕਿ ਇਹ ਸਿਹਤ ਅਤੇ ਵਾਤਾਵਰਨ ਲਈ ਬਹੁਤ ਹਾਨੀਕਾਰਕ ਹੈ। ਉਨ੍ਹਾਂ ਕਿਹਾ ਕਿ ਸਾਰੇ ਨਾਗਰਿਕਾਂ ਨੂੰ ਆਪਣੇ ਸ਼ਹਿਰ ਨੂੰ ਸਿੰਗਲ ਯੂਜ਼ ਪਲਾਸਟਿਕ ਅਤੇ ਕੂੜਾ ਮੁਕਤ ਰੱਖਣ ਲਈ ਸਹਿਯੋਗ ਦੇਣਾ ਚਾਹੀਦਾ ਹੈ।



# ਬਹੁਜਨ ਸਮਾਜ ਪਾਰਟੀ ਦੇ ਵਿਧਾਇਕ ਡਾ. ਨਛੱਤਰ ਪਾਲ ਵੱਲੋਂ ਅਮਰੀਕਾ ਫੇਰੀ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਬਹੁਜਨ ਸਮਾਜ ਪਾਰਟੀ ਦੇ ਵਿਧਾਇਕ ਡਾਕਟਰ ਨਛੱਤਰ ਪਾਲ ਦੀ ਅਮਰੀਕਾ ਫੇਰੀ ਦੌਰਾਨ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਸੈਕਰਾਮੈਂਟੋ ਵਿੱਚ ਪਹੁੰਚਣ ਉਪਰੰਤ ਪ੍ਰਬੰਧਕ ਕਮੇਟੀ ਵੱਲੋਂ ਗੁਲਦਸਤੇ ਭੇਟ ਕਰਕੇ ਸਵਾਗਤ ਕੀਤਾ ਗਿਆ। ਮੰਚ ਸੰਚਾਲਨ ਦੀ ਭੂਮਿਕਾ ਨਿਭਾਉਂਦੇ ਹੋਏ ਜਨਰਲ ਸਕੱਤਰ ਬਲਜੀਤ ਸਿੰਘ ਨੇ ਕਿਹਾ ਕਿ ਸਾਡੇ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਬਹੁਜਨ ਸਮਾਜ ਪਾਰਟੀ ਦੇ ਨੁਮਾਇੰਦੇ ਅੱਜ ਗੁਰੂ ਘਰ ਨਤਮਸਤਕ ਹੋਏ ਹਨ। ਵਰਲਡ ਵਾਈਡ ਬੀ ਐੱਸ ਪੀ ਸਪੋਰਟਰਸ ਦੇ ਸੀਨੀਅਰ ਸਾਥੀ ਅਮਰ ਦੜੋਚ ਨੇ ਸੰਖੇਪ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਬਹੁਜਨ ਸਮਾਜ ਪਾਰਟੀ ਦੇ ਐਮ ਐਲ ਏ ਪਹਿਲੀ ਵਾਰ ਅਮਰੀਕਾ ਦੀ ਧਰਤੀ 'ਤੇ ਆਏ ਹਨ। ਅੱਜ ਪੰਜਾਬ ਦੀ ਵਿਧਾਨ ਸਭਾ ਵਿੱਚ ਆਪਣੇ ਇਲਾਕੇ ਤੋਂ ਇਲਾਵਾ ਦੱਬੇ ਕੁਚਲੇ ਸਮਾਜ, ਪੰਜਾਬ ਦੇ ਮਸਲਿਆਂ, ਬਾਬਾ ਸਾਹਿਬ ਡਾ. ਅੰਬੇਡਕਰ ਦੇ ਰਹਿੰਦੇ ਅਧੂਰੇ ਕਾਰਜ ਜਾਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਬੇਗ਼ਮਪੁਰੇ ਦੀ, ਐੱਸ ਸੀ ਵਿਦਿਆਰਥੀਆਂ ਨੂੰ ਮਿਲ ਰਹੀ ਸਕਾਲਰਸ਼ਿਪ ਸਕੀਮ ਸਬੰਧੀ ਗੱਲ ਕਰਦਾ ਹੈ ਤਾਂ ਡਾਕਟਰ ਨਛੱਤਰ ਪਾਲ ਹਨ। ਸਾਨੂੰ ਆਸ ਹੈ ਕਿ ਆਉਣ ਵਾਲੇ ਸਮੇਂ ਬਹੁਜਨ ਸਮਾਜ ਦੇ ਲੋਕਾਂ ਦੇ ਮਸਲੇ ਪੰਜਾਬ ਵਿਧਾਨ ਸਭਾ ਵਿੱਚ ਉਠਾਉਂਦੇ ਰਹਿਣਗੇ। ਇਸ ਮੌਕੇ ਪ੍ਰਬੰਧਕ ਕਮੇਟੀ ਅਤੇ ਹਾਜ਼ਰ ਸੰਗਤਾਂ ਦਾ ਧੰਨਵਾਦ ਕਰਦਿਆਂ ਡਾਕਟਰ ਨਛੱਤਰ ਪਾਲ ਨੇ ਕਿਹਾ ਕਿ ਜਿਸ ਬੇਗ਼ਮਪੁਰੇ ਦੀ ਗੱਲ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਬਾਣੀ ਵਿੱਚ ਕੀਤੀ ਹੈ ਉਹ ਮੈਨੂੰ ਅਮਰੀਕਾ ਵਿੱਚ ਨਜ਼ਰ ਆ ਰਹੀ ਹੈ ਕਿਉਂਕਿ ਇਥੇ ਇਨਸਾਨ ਨੂੰ ਇਨਸਾਨ, ਕਿਰਤੀ ਨੂੰ ਕਿਰਤ ਦਾ ਪੂਰਾ ਮੁੱਲ, ਭ੍ਰਿਸ਼ਟਾਚਾਰ ਦਾ ਬੋਲਬਾਲਾ ਨਹੀਂ ਅਤੇ ਕਿਸੇ ਤਰ੍ਹਾਂ ਦਾ ਵਖਰੇਵਾਂ ਨਜ਼ਰ ਨਹੀਂ ਆਉਂਦਾ। ਮਨੁੱਖ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਅਤੇ ਸਭ ਧਰਮਾਂ ਦੇ ਲੋਕ ਮਨ ਸਨਮਾਨੀ ਦੀ ਜ਼ਿੰਦਗੀ ਬਸਰ ਕਰ ਰਹੇ ਹਨ। ਉਨ੍ਹਾਂ ਆਪਣੇ ਵੱਲੋਂ ਪੰਜਾਬ ਵਿਧਾਨ ਸਭਾ ਵਿੱਚ ਉਠਾਏ ਸਵਾਲਾਂ ਦਾ ਵੀ ਜ਼ਿਕਰ ਕੀਤਾ ਅਤੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਗ੍ਰਾਂਟਾਂ ਜਾਰੀ ਨਾ ਕਰਨ ਦੇ ਕਾਰਨ ਲੱਖਾਂ ਬੱਚਿਆਂ ਨੇ ਆਪਣੀ ਪੜ੍ਹਾਈ ਛੱਡ ਦਿੱਤੀ। ਪ੍ਰਬੰਧਕਾਂ ਵੱਲੋਂ ਡਿਗਰੀਆਂ ਰੋਕੀਆਂ ਗਈਆਂ ਅਤੇ ਪੇਪਰਾਂ ਵਿਚ ਬਹਿਣ ਨਹੀਂ ਦਿੱਤਾ ਜਾਂਦਾ ਸੀ । ਲਗਾਤਾਰ ਇਕ ਸਾਲ ਬਹੁਜਨ ਸਮਾਜ ਪਾਰਟੀ ਨੇ ਸੜਕਾਂ ਉੱਤੇ ਅਤੇ ਸਦਨ ਵਿੱਚ ਸੰਘਰਸ਼ ਕੀਤਾ ਜਿਸ ਦੇ ਸਦਕੇ ਪੰਜਾਹ ਹਜ਼ਾਰ ਬੱਚਿਆਂ ਵਿੱਚੋਂ ਚਾਲੀ ਹਜ਼ਾਰ ਬੱਚਿਆਂ ਨੂੰ ਸਰਟੀਫਿਕੇਟ ਜਾਰੀ ਹੋਏ ਅਤੇ ਪੰਜਾਬ ਸਰਕਾਰ ਨੇ 907 ਕਰੋੜ ਜਾਰੀ ਕੀਤੇ। ਲਾਅ ਅਫਸਰਾਂ ਦੀ ਭਰਤੀ ਵਿੱਚ ਰਾਖਵਾਂਕਰਨ ਦੀ ਵਿਵਸਥਾ ਕਰਵਾਈ ਅਤੇ ਪੰਜਾਬ ਇਸੇ ਤਰ੍ਹਾਂ ਦਾ ਪਹਿਲਾ ਸੂਬਾ ਬਣਿਆ। ਪੰਜਾਬ ਵਿੱਚ ਹਜ਼ਾਰਾਂ ਏਕੜ ਖਾਲੀ ਪਈ ਜ਼ਮੀਨ ਗਰੀਬ ਲੋਕਾਂ ਨੂੰ ਦਿੱਤੀ ਜਾਵੇ। ਸਜ਼ਾਵਾਂ ਪੂਰੀਆਂ ਹੋ ਚੁੱਕੀਆਂ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ, ਪਾਣੀਆਂ ਦਾ ਮੁੱਦਾ, ਨੂਰਮਹਿਲ ਵਿੱਚ ਸ਼ਹੀਦਾਂ ਦਾ ਮੁੱਦਾ, ਮਾਨਵਤਾਵਾਦੀ ਰਹਿਬਰਾਂ ਦੀ ਯਾਦ ਵਿੱਚ ਸਮਾਰਕਾਂ, ਰਿਟਾਇਰਡ ਕਰਮਚਾਰੀਆਂ ਤੋਂ ਇਲਾਵਾ ਓ ਪੀ ਐਸ ਆਦਿ ਮੁੱਦਿਆਂ ਨੂੰ ਸਮੇਂ ਸਮੇਂ 'ਤੇ ਸਦਨ ਵਿੱਚ ਉਠਾਇਆ, ਜਿਸ ਦੇ ਸਾਰਥਕ ਨਤੀਜੇ ਵੀ ਸਾਹਮਣੇ ਆਏ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਦੇ ਨਾਲ ਮਿਸ਼ਨਰੀ ਸਾਥੀਆਂ ਵਲੋਂ ਡਾਕਟਰ ਨਛੱਤਰ ਪਾਲ ਅਤੇ ਅਮਰ ਦੜੋਚ ਨੂੰ ਪੰਚਸ਼ੀਲ ਅਤੇ ਮਿਸ਼ਨਰੀ ਕਿਤਾਬਾਂ ਦੇ ਕੇ ਸਨਮਾਨਤ ਕੀਤਾ ਗਿਆ। ਕਮੇਟੀ ਦੇ ਚੇਅਰਮੈਨ ਤੇਜ ਪਾਲ ਵਿਰਕ ਅਤੇ ਪ੍ਰਧਾਨ ਰਾਜ ਬੱਧਣ ਨੇ ਸਮੂਹ ਸੰਗਤਾਂ ਅਤੇ ਵਿਸ਼ੇਸ਼ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਰਾਜ ਕੁਮਾਰ ਜੱਸੀ, ਹਰਬਿਲਾਸ ਝਿੰਗੜ, ਧਰਮ ਪਾਲ ਪੈਂਥਰ, ਪ੍ਰੇਮ ਕੁਮਾਰ ਚੁੰਬਰ, ਉਂਕਾਰ ਚੰਦ ਬਸਰਾ, ਅਰਿਸਟੋਟਲ ਚੁੰਬਰ ਅਤੇ ਸੁਰਿੰਦਰ ਚੌਹਾਨ ਆਦਿ ਨੇ ਅਹਿਮ ਯੋਗਦਾਨ ਪਾਇਆ।



# ਇੰਟਰਨੈਸ਼ਨਲ ਕਰਾਟੇ ਖਿਡਾਰੀ ਪ੍ਰਭਵੀਰ ਨੇ ਫਲਦਾਰ ਬੂਟੇ ਲਗਾ ਕੇ ਜਨਮ ਦਿਨ ਮਨਾਇਆ

**ਬੰਗਾ (ਅਵਤਾਰ ਕਲੇਰ)**- ਇੰਟਰਨੈਸ਼ਨਲ ਕਰਾਟੇ ਖਿਡਾਰੀ ਪ੍ਰਭਵੀਰ ਕੈਂਥ ਜੋ 100 ਤੋਂ ਵੱਧ ਗੋਲਡ ਮੈਡਲ ਜਿੱਤ ਚੁੱਕਾ ਹੈ, ਨੇ ਆਪਣਾ ਜਨਮ ਦਿਨ ਫਲਦਾਰ ਬੂਟੇ ਲਗਾ ਕੇ ਮਨਾਇਆ। ਇਸ ਮੌਕੇ ਇਸ ਪ੍ਰਭਵੀਰ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੇ ਜਨਮ ਦਿਨ 'ਤੇ ਬੂਟੇ ਲਗਾਉਣੇ ਚਾਹੀਦੇ ਹਨ ਤਾਂ ਜੋ ਵਾਤਾਵਰਣ ਨੂੰ ਸੁਰੱਖਿਅਤ ਰੱਖਿਆ ਜਾ ਸਕੇ। ਸਾਨੂੰ ਆਪਣੇ ਬੱਚਿਆਂ ਨੂੰ ਵੀ ਵਾਤਾਵਰਣ ਪ੍ਰੇਮੀ ਬਣਾਉਣਾ ਚਾਹੀਦਾ ਹੈ ਅਤੇ ਆਪਣੇ ਆਸ ਪਾਸ ਹਰਿਆਲੀ ਕਾਇਮ ਰੱਖਣੀ ਚਾਹੀਦੀ ਹੈ। ਇਸ ਮੌਕੇ ਖਿਡਾਰੀ ਦੇ ਪਿਤਾ ਅਤੇ ਕਰਾਟੇ ਕੋਚ ਰਾਜਵੀਰ ਕੈਂਥ ਨੇ ਕਿਹਾ ਕਿ ਦਰੱਖਤਾਂ ਦੀ ਬੇਤਹਾਸ਼ਾ ਕਟਾਈ ਨੂੰ ਰੋਕਣਾ ਚਾਹੀਦਾ ਹੈ ਕਿਉਂਕਿ ਤਾਪਮਾਨ ਵਿੱਚ ਅਤੇ ਗਰਮੀ ਵਿੱਚ ਵਾਧਾ ਹੋ ਰਿਹਾ ਹੈ ਸਾਡੇ ਆਸ ਪਾਸ ਇਨਸਾਨਾਂ ਦੇ ਨਾਲ ਨਾਲ ਪਸ਼ੂ ਅਤੇ ਪੰਛੀਆਂ ਨੂੰ ਵੀ ਵਾਤਾਵਰਣ ਤਬਦੀਲੀ ਕਾਰਨ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਨੂੰ ਸਾਰਿਆਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਰਹਿਣਾ ਚਾਹੀਦਾ ਹੈ ਅਤੇ ਬੂਟੇ ਲਗਾਉਣੇ ਚਾਹੀਦੇ ਹਨ ਅਤੇ ਇਹਨਾਂ ਦੀ ਦੇਖਭਾਲ ਵੀ ਕਰਨੀ ਚਾਹੀਦੀ। ਇਸ ਮੌਕੇ ਕੁਲਦੀਪ ਸਿੰਘ ਰਾਣਾ, ਸੁਦੇਸ਼ ਕੁਮਾਰ, ਸੁਖਦੇਵ ਸਿੰਘ, ਪਰਮਜੀਤ ਸਿੰਘ ਪੰਮਾ, ਗੋਬਿੰਦ ਰਾਮ ਆਦਿ ਹਾਜ਼ਰ ਸਨ।



# ਗੁਰੂ ਗਿਆਨ ਨਾਥ ਧਰਮ ਸਮਾਜ ਸੰਸਥਾ ਵੱਲੋਂ ਮੁਰੀਦਵਾਲ ਵਿਖੇ ਮੀਟਿੰਗ

**ਕਾਲਾ ਸੰਘਿਆਂ (ਮਨਜੀਤ ਮਾਨ)**- ਆਲ ਇੰਡੀਆ ਗੁਰੂ ਗਿਆਨ ਨਾਥ ਧਰਮ ਸਮਾਜ ਸੰਸਥਾ ਵੱਲੋਂ ਸੰਸਥਾ ਦੇ ਆਲ ਇੰਡੀਆ ਪ੍ਰਧਾਨ ਸੰਤ ਗੁਰਧਰਮ ਸਿੰਘ ਮਨਾਵੇਂ ਵਾਲਿਆਂ ਵੱਲੋਂ ਪਿੰਡ ਮੁਰੀਦਵਾਲ ਦੇ ਗੁਰਦੁਆਰਾ ਸ਼ਹੀਦ ਬਾਬਾ ਜੀਵਨ ਸਿੰਘ (ਰਜਿ:) ਵਿਖੇ ਲੋਕਾਂ ਨਾਲ਼ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਮੌਕੇ ਇਕੱਤਰ ਲੋਕਾਂ ਨੂੰ ਸੰਬੋਧਨ ਕਰਦਿਆਂ ਸੰਤ ਗੁਰਧਰਮ ਸਿੰਘ ਮਨਾਵੇਂ ਵਾਲਿਆਂ ਨੇ ਕਿਹਾ ਕਿ ਪੰਜਾਬ ਅਤੇ ਦੇਸ਼ ਦੀ ਬਹੁਤਾਤ ਗਿਣਤੀ ਜਵਾਨੀ ਜੋ ਨਸ਼ਿਆਂ ਦੀ ਦਲਦਲ ਵਿੱਚ ਬੁਰੀ ਤਰ੍ਹਾਂ ਫਸ ਚੁੱਕੀ ਹੈ, ਨੂੰ ਬਚਾਉਣਾ ਸਮੇਂ ਦੀ ਮੁੱਖ ਲੋੜ ਹੈ ਅਤੇ ਇਸੇ ਨੂੰ ਧਿਆਨ ਵਿੱਚ ਰੱਖਦਿਆਂ ਸੰਤ ਸਮਾਜ ਅੱਗੇ ਆਇਆ ਹੈ। ਉਹਨਾਂ ਕਿਹਾ ਕਿ ਦਿਨੋ ਦਿਨ ਵਧ ਰਹੀਆਂ ਸਮਾਜਿਕ ਕੁਰੀਤੀਆਂ ਖ਼ਿਲਾਫ਼ ਲੜਨ ਤੇ ਖੜ੍ਹਨ ਲਈ ਬ੍ਰਹਮ ਗਿਆਨੀ ਬਾਬਾ ਪ੍ਰਗਟ ਨਾਥ ਅੰਮ੍ਰਿਤਸਰ ਵਾਲੇ, ਬਾਬਾ ਨਛੱਤਰ ਨਾਥ ਅਤੇ ਸੰਤ ਬਾਬਾ ਗੁਰਜੀਤ ਸਿੰਘ ਮਨਾਵੇਂ ਵਾਲਿਆਂ ਵੱਲੋਂ ਸਾਨੂੰ ਆਸ਼ੀਰਵਾਦ ਦੇ ਕੇ ਪੰਜਾਬ ਸਮੇਤ ਭਾਰਤ ਵਿੱਚ ਜਾਣ ਦਾ ਹੁਕਮ ਹੋਇਆ ਜਿਸ ਤਹਿਤ ਆਲ ਇੰਡੀਆ ਗੁਰੂ ਗਿਆਨ ਨਾਥ ਧਰਮ ਸਮਾਜ ਸੰਸਥਾ ਰਜਿ: ਵਿੱਚ ਆਲ ਇੰਡੀਆ ਜਨਰਲ ਸਕੱਤਰ ਡਾ. ਦਲਜੀਤ ਚੌਹਾਨ, ਸੀਨੀਅਰ ਕੋਰ ਕਮੇਟੀ ਮੈਂਬਰ ਜੱਸਾ ਸਿੰਘ ਤੇ ਹੋਰ ਅਹੁਦੇਦਾਰ ਅਤੇ ਮੈਂਬਰ ਸੇਵਾਵਾਂ ਨਿਭਾ ਰਹੇ ਹਨ। ਸੰਤ ਗੁਰਧਰਮ ਸਿੰਘ ਮਨਾਵੇਂ ਵਾਲਿਆਂ ਨੇ ਕਿਹਾ ਕਿ ਹੁਣ ਤੱਕ ਸੰਸਥਾ ਅਨੇਕਾਂ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਕੱਢ ਬਾਣੀ ਅਤੇ ਬਾਣੇ ਦੇ ਧਾਰਨੀ ਬਣਾ ਗੁਰੂ ਸਾਹਿਬ ਦੇ ਲੜ ਲਾ ਚੁੱਕੀ ਹੈ ਅਤੇ ਇਸੇ ਤਹਿਤ ਅੱਜ ਮੁਰੀਦਵਾਲ ਵਿਖੇ ਇਕੱਤਰਤਾ ਕਰ ਨੌਜਵਾਨਾਂ ਨੂੰ ਨਸ਼ੇ ਛੱਡਣ ਲਈ ਪ੍ਰੇਰਿਤ ਕੀਤਾ ਗਿਆ। ਉਹਨਾਂ ਕਿਹਾ ਕਿ ਜੇਕਰ ਕੋਈ ਵੀ ਨੌਜਵਾਨ ਨਸ਼ਿਆਂ ਦਾ ਤਿਆਗ ਕਰਨਾ ਚਾਹੁੰਦਾ ਹੈ ਤਾਂ ਉਸ ਦਾ ਇਲਾਜ ਸੰਸਥਾ ਵੱਲੋਂ ਕਰਵਾਇਆ ਜਾਵੇਗਾ। ਇਸ ਮੌਕੇ ਅਜੇਪਾਲ ਸਿੰਘ ਮੁਰੀਦਵਾਲ ਨੇ ਵੀ ਸੰਬੋਧਨ ਕਰਦਿਆਂ ਨੌਜਵਾਨਾਂ ਨੂੰ ਨਸ਼ਿਆਂ ਨੂੰ ਛੱਡਣ ਲਈ ਪ੍ਰੇਰਿਤ ਕੀਤਾ। ਸੀਨੀਅਰ ਪੱਤਰਕਾਰ ਸੁਖਵਿੰਦਰ ਸਿੰਘ ਸਿੱਧੂ ਨੇ ਮੰਚ ਸੰਚਾਲਨ ਦੀ ਭੂਮਿਕਾ ਨਿਭਾਈ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤਰਸੇਮ ਸਿੰਘ ਤੇ ਕਮੇਟੀ ਮੈਂਬਰਾਂ ਵੱਲੋਂ ਸੰਤ ਗੁਰਧਰਮ ਸਿੰਘ ਮਨਾਵੇਂ ਵਾਲਿਆਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਗੁਰਦੇਵ ਸਿੰਘ ਸਿੱਧੂ, ਅਵਤਾਰ ਸਿੰਘ ਸਰਪੰਚ ਪਤੀ, ਗੁਰਮੀਤ ਸਿੰਘ ਸੇਵਾ ਮੁਕਤ ਜੇ ਈ, ਰੌਸ਼ਨ ਲਾਲ ਸੇਵਾ ਮੁਕਤ ਖਜ਼ਾਨਾ ਅਫ਼ਸਰ, ਹਰਦੇਵ ਸਿੰਘ ਸਿੱਧੂ, ਬਲਦੇਵ ਸਿੰਘ ਸਿੱਧੂ, ਅਸ਼ੋਕ ਸਿੱਧੂ, ਗੁਰਸੇਵਕ ਸਿੰਘ ਰਿੰਕੂ, ਕਰਨ ਸਿੰਘ, ਨਿਸ਼ਾਨ ਸਿੰਘ ਫਿਰੋਜ਼ਪੁਰ, ਸਿਕੰਦਰ ਸਿੰਘ ਸਿੱਧੂ, ਸੰਦੀਪ ਸਿੰਘ ਸਿੱਧੂ, ਬਲਦੇਵ ਰਾਜ ਫੌਜੀ, ਪਰਮਜੀਤ ਪੰਮਾ ਸਮੇਤ ਵੱਡੀ ਗਿਣਤੀ ਬੀਬੀਆਂ, ਬਜ਼ੁਰਗ ਅਤੇ ਨੌਜਵਾਨ ਹਾਜ਼ਰ ਸਨ।



# ਬਾਬਾ ਇੱਛਾਧਾਰੀ ਦਾ ਮੇਲਾ 20 ਨੂੰ

**ਫਿਲੌਰ (ਬੀ ਐੱਸ ਕੈਨੇਡੀ)**- ਫਿਲੌਰ ਦੇ ਲਾਗਲੇ ਪਿੰਡ ਨੰਗਲ (ਬੇਟ) ਨਜ਼ਦੀਕ ਆਲੋਵਾਲ ਫਿਲੌਰ ਵਿਖੇ ਧੰਨ-ਧੰਨ ਬਾਬਾ ਇੱਛਾਧਾਰੀ ਦਾ ਮੇਲਾ 20 ਜੁਲਾਈ ਦਿਨ ਐਤਵਾਰ ਨੂੰ ਬੜੀ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਡੇਰੇ ਦੇ ਮੁੱਖ ਸੇਵਾਦਾਰ ਗੁਰਚਰਨ ਸਿੰਘ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਦਰਬਾਰ ਧੰਨ ਧੰਨ ਬਾਬਾ ਇੱਛਾਧਾਰੀ ਨੰਗਲ ਬੇਟ ਆਲੋਵਾਲ ਰੋਡ ਜ਼ਿਲ੍ਹਾ ਜਲੰਧਰ ਤਹਿਸੀਲ ਫਿਲੌਰ ਵਿਖੇ ਸਵੇਰੇ 9:30 ਵਜੇ ਝੰਡੇ ਦੀ ਰਸਮ ਅਦਾ ਕੀਤੀ ਜਾਏਗੀ, 10 ਵਜੇ ਚਾਹ ਪਕੌੜਿਆਂ ਦਾ ਲੰਗਰ ਚੱਲੇਗਾ, 12 ਵਜੇ ਕਲਾਕਾਰ ਆਪਣੀ ਹਾਜ਼ਰੀ ਭਰਨਗੇ। ਜਿਸ ਵਿੱਚ ਮਲਕੀਤ ਮੰਗਾ, ਸਰੇਸ ਯਮਲਾ ਅਤੇ ਹੋਰ ਕਲਾਕਾਰ ਦਰਬਾਰ 'ਤੇ ਹਾਜ਼ਰੀ ਭਰਨਗੇ। ਬਾਬਾ ਜੀ ਨੇ ਦੱਸਿਆ ਕਿ ਬਿਨ ਬੁਲਾਏ ਕਲਾਕਾਰਾਂ ਨੂੰ ਟਾਈਮ ਨਹੀਂ ਦਿੱਤਾ ਜਾਵੇਗਾ। 1 ਵਜੇ ਗੁਰੂ ਕਾ ਅਟੁੱਟ ਲੰਗਰ ਵਰਤਾਇਆ ਜਾਵੇਗਾ। 5.30 ਵਜੇ ਬੱਚਿਆਂ ਦੀਆਂ ਕੁਸ਼ਤੀਆਂ ਕਰਵਾਈਆਂ ਜਾਣਗੀਆਂ । ਦਰਬਾਰ ਦੇ ਗੱਦੀਨਸ਼ੀਨ ਬਾਬਾ ਗੁਰਚਰਨ ਸਿੰਘ ਨੇ ਮੇਲੇ ਵਿੱਚ ਲੋਕਾਂ ਨੂੰ ਪਹੁੰਚਣ ਦੀ ਅਪੀਲ ਕੀਤੀ । ਇਸ ਮੌਕੇ ਮਨਵਿੰਦਰ ਸਿੰਘ ਅਰਸ਼ਦੀਪ, ਮੇਜਰ ਸਿੰਘ ਆਲੋਵਾਲ, ਸਤਵਿੰਦਰ ਕੁਮਾਰ ਲੱਡੂ ਆਲੋਵਾਲ, ਸੰਨਦੀਪ ਕਾਨੋਂਗ ਬਿਲਗਾ, ਗੁਰਨਾਮ ਸਿੰਘ ਏ ਐਸ ਆਈ ਟਰੈਫਿਕ ਇੰਚਾਰਜ, ਮਨਦੀਪ ਸਿੰਘ ਮੱਖਣ, ਗੁਲਸ਼ਨ ਕੁਮਾਰ ਆੜ੍ਹਤੀਆ, ਹੁਸਨ ਲਾਲ ਲਾਲਾ ਸਾਬਕਾ ਸਰਪੰਚ ਪਿੰਡ ਨੰਗਲ, ਇੰਦਰਜੀਤ ਬਿੱਲਾ, ਸੋਨੂ ਮੱਲ੍ਹੀ, ਬਿੰਦਰ ਚਕਰੀ ਵਾਲਾ, ਧਰਮਵੀਰ ਡੇਅਰੀ ਵਾਲਾ, ਅਸ਼ੋਕ ਕੁਮਾਰ ਬਿਜਲੀ ਮਹਿਕਮੇ ਤੋਂ, ਯੋਗਰਾਜ ਆਲੋਵਾਲ, ਮਨਜੀਤ ਸਿੰਘ ਬਿੱਲਾ, ਜਗਜੀਤ ਸਿੰਘ ਡੇਅਰੀ, ਸਾਬਕਾ ਸਰਪੰਚ ਖੁਸ਼ੀ ਰਾਮ ਪਿੰਡ ਨੰਗਲ, ਸਾਬਕਾ ਸਰਪੰਚ ਫੀਰੀ ਪਿੰਡ ਆਲੋਵਾਲ, ਜੋਰਾ ਕੈਨੇਡਾ, ਗੌਰਵ ਅਮਰੀਕਾ ਹਾਜ਼ਰ ਰਹਿਣਗੇ।



## ਬੀ ਕੇ ਯੂ ਏਕਤਾ ਉਗਰਾਹਾਂ ਦੀ ਲੱਡਾ ਇਕਾਈ ਦਾ ਗਠਨ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਧੂਰੀ ਦੇ ਆਗੂਆਂ ਵੱਲੋਂ ਜਨਰਲ ਸਕੱਤਰ ਹਰਪਾਲ ਸਿੰਘ ਪੇਧਨੀ, ਬਲਾਕ ਪ੍ਰਧਾਨ ਹਰਬੰਸ ਸਿੰਘ ਲੱਡਾ, ਸੀਨੀ. ਮੀਤ ਪ੍ਰਧਾਨ ਰਾਮ ਸਿੰਘ ਕੱਕੜਵਾਲ ਦੀ ਅਗਵਾਈ ਹੇਠ ਲੱਡਾ ਇਕਾਈ ਦਾ ਗਠਨ ਕੀਤਾ ਗਿਆ।ਜਨਰਲ ਸਕੱਤਰ ਹਰਪਾਲ ਸਿੰਘ ਪੇਧਨੀ ਦੀ ਜਾਣਕਾਰੀ ਮੁਤਾਬਿਕ ਗੁਰਦੇਵ ਸਿੰਘ ਪ੍ਰਧਾਨ, ਦਵਿੰਦਰ ਸਿੰਘ ਮਿੱਠੂ ਜਨਰਲ ਸਕੱਤਰ, ਰਾਮ ਸਿੰਘ ਮੀਤ ਪ੍ਰਧਾਨ, ਪਰਗਟ ਸਿੰਘ ਸੀਨੀ. ਮੀਤ ਪ੍ਰਧਾਨ, ਹਰਮੇਲ ਸਿੰਘ ਖਜ਼ਾਨਚੀ, ਕੁਲਦੀਪ ਸਿੰਘ ਪ੍ਰੈੱਸ ਸਕੱਤਰ, ਹਰਜੀਤ ਸਿੰਘ ਸੰਗਠਨ ਸਕੱਤਰ, ਜਗਤਾਰ ਸਿੰਘ ਤਾਰੀ ਪ੍ਰਚਾਰ ਸਕੱਤਰ, ਸਰੂਪ ਸਿੰਘ ਸਲਾਹਕਾਰ, ਅਵਤਾਰ ਸਿੰਘ ਸਹਾਇਕ ਪ੍ਰਚਾਰ ਸਕੱਤਰ ਨਾਮਜ਼ਦ ਕੀਤਾ ਗਿਆ, ਜਦਕਿ ਕਮੇਟੀ ਮੈਂਬਰਾਂ ਵਿੱਚ ਜਾਗਰ ਸਿੰਘ, ਹਮੀਰ ਸਿੰਘ ਗੁੱਡੂ, ਬਚਨ ਸਿੰਘ ਤੇ ਗੁਰਤੇਜ ਸਿੰਘ ਭੋਲਾ ਨੂੰ ਸ਼ੁਮਾਰ ਕੀਤਾ ਗਿਆ।

## ਰਾਸ਼ਿਦ ਸ਼ੇਖ ਰੋਟਰੀ ਡਿਸਟ੍ਰਿਕ 3090 ਦੇ ਅਸਿਸਟੈਂਟ ਗਵਰਨਰ ਚੁਣੇ


**ਮਾਲੇਰਕੋਟਲਾ (ਅਸਗਰ ਪਰਿਹਾਰ)**-ਰੋਟਰੀ ਡਿਸਟ੍ਰਿਕ 3090 ਦੇ ਗਵਰਨਰ (ਇਲੈਕਟ) ਸ੍ਰੀ ਅਮਿਤ ਸਿੰਗਲਾ ਨੇ ਆਪਣੀ ਕੈਬਨਿਟ ਦਾ ਗਠਨ ਕਰਕੇ ਜ਼ਿੰਮੇਵਾਰੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ।ਉਨ੍ਹਾਂ ਵੱਲੋਂ ਚੁਣੀ ਗਈ ਟੀਮ ਸਾਲ 2025-26 'ਚ ਕੰਮ ਕਰੇਗੀ।ਸ੍ਰੀ ਸਿੰਗਲਾ ਨੇ ਆਪਣੀ ਟੀਮ 'ਚ ਰੋਟਰੀ ਕਲੱਬ ਮਾਲੇਰਕੋਟਲਾ ਦੇ ਸਾਬਕਾ ਪ੍ਰਧਾਨ ਸ੍ਰੀ ਰਾਸ਼ਿਦ ਸ਼ੇਖ ਨੂੰ ਆਪਣੇ ਸਹਾਇਕ ਦੀ ਜ਼ਿੰਮੇਵਾਰੀ ਦੇ ਕੇ ਅਸਿਸਟੈਂਟ ਗਵਰਨਰ ਬਣਾਇਆ ਹੈ ਤੇ ਸ੍ਰੀ ਸ਼ੇਖ ਨੂੰ ਇਹ ਜ਼ਿੰਮੇਵਾਰੀ, ਉਨ੍ਹਾਂ ਦੇ ਕਲੱਬ ਦੇ ਪ੍ਰਧਾਨਗੀ ਕਾਰਜ ਕਾਲ ਦੌਰਾਨ ਕੀਤੇ ਗਏ ਸਮਾਜ ਸੇਵਾ ਦੇ ਕੰਮਾਂ ਕਾਰਨ ਦਿੱਤੀ ਗਈ ਹੈ।ਵਰਨਣਯੋਗ ਹੈ ਕਿ ਸ੍ਰੀ ਰਾਸ਼ਿਦ ਸ਼ੇਖ ਨੇ ਪ੍ਰਧਾਨ ਹੁੰਦੇ ਹੋਏ ਸਮਾਜ ਸੇਵਾ ਦੇ ਕੰਮਾਂ ਦੀ ਹਨੇਰੀ ਲਿਆਂਦੀ।ਉਨ੍ਹਾ ਲੀਹੋਂ ਲੱਥੇ ਸਕੂਲ ਫਾਰ ਬਲਾਇੰਡ ਮਾਲੇਰਕੋਟਲਾ ਨੂੰ ਆਪਣੇ ਯਤਨਾਂ ਸਦਕਾ ਮੁੜ ਪਟੜੀ 'ਤੇ ਲਿਆਂਦਾ।ਰੋਟਰੀ ਭਵਨ ਦੀ ਉਸਾਰੀ ਦਾ ਮੁੱਢ ਬੰਨ੍ਹਿਆ।ਜ਼ਰੂਰਤਮੰਦ ਵਿਦਿਆਰਥੀਆਂ ਦੀਆਂ ਫੀਸਾਂ ਭਰਨੀਆਂ, ਬਿਮਾਰਾਂ ਦੇ ਇਲਾਜ ਕਰਵਾਉਣੇ, ਅੱਖਾਂ ਦੇ ਆਪ੍ਰੇਸ਼ਨ ਕਰਵਾਉਣੇ, ਵਾਤਾਵਰਨ ਦੀ ਸੰਭਾਲ ਲਈ ਪੌਦੇ ਲਗਾਉਣੇ, ਬਿਮਾਰੀਆਂ ਤੋਂ ਬਚਾਅ ਲਈ ਸੈਮੀਨਾਰਾਂ ਦੇ ਆਯੋਜਨ, ਮੰਦਬੁੱਧੀ ਤੇ ਅਪਾਹਜ ਵਿਦਿਆਰਥੀਆਂ ਦੀ ਮਦਦ ਕਰਨੀ, ਰੋਟਰੀ ਦੀ ਚੰਗੀ ਪਬਲਿਕ ਇਮੇਜ ਬਣਾਉਣਾ ਉਨ੍ਹਾਂ ਦੇ ਮੁੱਖ ਪ੍ਰੋਜੈਕਟ ਰਹੇ।ਸ੍ਰੀ ਰਾਸ਼ਿਦ ਸ਼ੇਖ ਦੇ ਅਸਿਸਟੈਂਟ ਗਵਰਨਰ ਬਣਨ 'ਤੇ ਮੁਬਾਰਕਬਾਦ ਦੇਣ ਵਾਲਿਆਂ 'ਚ ਪੀ.ਡੀ.ਜੀ. ਸ੍ਰੀ ਅਮਜਦ ਅਲੀ, ਰੋਟਰੀ ਕਲੱਬ ਮਾਲੇਰਕੋਟਲਾ ਦੇ ਪ੍ਰਧਾਨ ਡਾਕਟਰ ਸਈਅਦ ਤਨਵੀਰ ਹੁਸੈਨ, ਸੈਕਟਰੀ ਐਡਵੋਕੇਟ ਇਕਬਾਲ ਅਹਿਮਦ, ਕੈਸ਼ੀਅਰ ਮੁਹੰਮਦ ਜਮੀਲ, ਸਕੂਲ ਫਾਰ ਬਲਾਇੰਡ ਦੀ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਉਸਮਾਨ ਸਿਦੀਕੀ, ਅਬਦੁਲ ਹਲੀਮ ਐੱਮ ਡੀ ਮਿਲਕੋਵੈੱਲ, ਹਰੀਸ਼ ਪਾਸੀ, ਮੁਹੰਮਦ ਨਸੀਮ ਐੱਮ ਸੀ, ਤਾਹਿਰ ਰਾਣਾ, ਮੁਹੰਮਦ ਬਸ਼ੀਰ, ਅਬਦੁਲ ਗਫਾਰ, ਹਾਕਮ ਸਿੰਘ ਰਾਣੂ, ਨਿਸਾਰ ਅਹਿਮਦ, ਬੀ ਐੱਸ ਭਾਟੀਆ ਦੇ ਨਾਂਅ ਵਰਨਣਯੋਗ ਹਨ।

## ਸਰਕਾਰ ਪੰਜਾਬ, ਪੰਜਾਬੀਅਤ ਦੀ ਅਵਾਜ਼ ਚੁੱਕਣ ਵਾਲਿਆਂ ਨੂੰ ਜੇਲ੍ਹ 'ਚ ਸੁੱਟ ਰਹੀ : ਤਰਸੇਮ ਸਿੰਘ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਅਕਾਲੀ ਦਲ ਵਾਰਸ ਪੰਜਾਬ ਦੇ ਆਗੂ ਤੇ ਸਾਂਸਦ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੇ ਪਿਤਾ ਭਾਈ ਤਰਸੇਮ ਸਿੰਘ ਖ਼ਾਲਸਾ ਨੇ ਸਥਾਨਕ ਧੂਰੀ ਪਿੰਡ ਵਿਖੇ ਇੱਕ ਜਨਤਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੇ ਮੌਜੂਦਾ ਹਾਲਾਤਾਂ ਨੇ ਅੱਤਵਾਦ ਮੁੜ ਯਾਦ ਕਰਵਾ ਦਿੱਤਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਜਿਹੜਾ ਵੀ ਵਿਅਕਤੀ ਪੰਜਾਬ, ਪੰਜਾਬੀਅਤ ਦੀ ਗੱਲ ਕਰਦਾ ਹੈ, ਜਾਂ ਤਾਂ ਉਸ ਦਾ ਝੂਠਾ ਪੁਲਸ ਮੁਕਾਬਲਾ ਕਰ ਦਿੱਤਾ ਹੈ ਜਾਂ ਉਸ 'ਤੇ ਦੇਸ਼ ਵਿਰੋਧੀ ਐਕਟ ਲਗਾ ਕੇ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਨੇ ਵੀ ਪੰਜਾਬ, ਪੰਜਾਬੀਅਤ ਦੀ ਗੱਲ ਕੀਤੀ ਸੀ, ਪਰ ਸਰਕਾਰ ਨੇ ਉਸ ਨੂੰ ਵੀ ਜੇਲ੍ਹ ਵਿੱਚ ਸੁੱਟ ਦਿੱਤਾ, ਪਰ ਪੰਜਾਬ ਦੇ ਅਣਖੀ ਲੋਕਾਂ ਨੇ ਉਸ ਨੂੰ ਸਭ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਸਾਂਸਦ ਬਣਾ ਕੇ ਮਾਣ ਬਖ਼ਸ਼ਿਆ।ਉਨ੍ਹਾਂ ਕਿਹਾ ਕਿ ਅੱਜ ਪੰਜਾਬ ਵਿੱਚ ਸਿੱਖ ਤੇ ਸਿੱਖ ਕੌਮ ਦੀ ਹੋਂਦ ਨੂੰ ਖਤਰਾ ਹੈ।ਉਨ੍ਹਾਂ ਕਿਹਾ ਕਿ ਅਕਾਲੀ ਦਲ ਵਾਰਸ ਪੰਜਾਬ ਵੱਲੋਂ ਪੰਜਾਬ ਦੇ ਘਰ ਘਰ ਜਾ ਕੇ ਜਥੇਬੰਦੀ ਦਾ ਪ੍ਰਚਾਰ ਕੀਤਾ ਜਾਵੇਗਾ, ਕਿਉਂਕਿ ਅੱਜ ਪੰਜਾਬ ਨੂੰ ਪੰਜਾਬ ਹਿਤੈਸ਼ੀ ਪਾਰਟੀ ਦੀ ਲੋੜ ਹੈ।ਉਨ੍ਹਾ ਕਿਹਾ ਕਿ ਜਥੇਬੰਦੀ ਪੰਜਾਬ ਦੇ ਲੋਕਾਂ ਦੀਆਂ ਉਮੀਦਾਂ ਤੇ ਆਸਾਂ 'ਤੇ ਖਰਾ ਉਤਰੇਗੀ।ਇਸ ਮੌਕੇ ਪਾਰਟੀ ਕੋਆਰਡੀਨੇਟਰ ਪਰਮਜੀਤ ਸਿੰਘ ਜੌਹਲ, ਗੁਰਪਾਲ ਸਿੰਘ ਧੂਰੀ ਪਿੰਡ ਤੇ ਰਾਜਵੀਰ ਸਿੰਘ ਜਵੰਧਾ ਸਮੇਤ ਹੋਰ ਹਾਜ਼ਰ ਸਨ।

## 'ਆਪ' ਆਗੂ ਦਰਸ਼ਨ ਸਿੰਘ ਪੰਡੋਰੀ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਆਮ ਆਦਮੀ ਪਾਰਟੀ ਦੀ ਮਜ਼ਬੂਤੀ ਲਈ ਆਖਰੀ ਦਮ ਤੱਕ ਸਮਰਪਤ ਭਾਵਨਾ ਨਾਲ ਕੰਮ ਕਰਨ ਵਾਲੇ ਹਰ ਵਰਗ ਦੇ ਹਰਮਨ ਪਿਆਰੇ ਆਗੂ, ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੇ ਨਜ਼ਦੀਕੀ ਸਾਥੀ ਆਪ ਆਗੂ ਦਰਸ਼ਨ ਸਿੰਘ ਪੰਡੋਰੀ ਦਾ ਬਿਮਾਰੀ ਉਪਰੰਤ ਪੀ ਜੀ ਆਈ ਚੰਡੀਗੜ੍ਹ ਵਿਖੇ ਦਿਹਾਂਤ ਹੋ ਗਿਆ।ਅੱਜ ਉਨ੍ਹਾਂ ਦੇ ਅੰਤਿਮ ਸੰਸਕਾਰ ਸਮੇਂ ਮ੍ਰਿਤਕ ਦੇਹ ਉਪਰ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੀ ਤਰਫੋਂ ਬੀਬੀ ਜਸਵਿੰਦਰ ਕੌਰ ਪੰਡੋਰੀ, ਚੇਅਰਮੈਨ ਸੁਖਵਿੰਦਰ ਦਾਸ ਕੁਰੜ, ਪੀ ਏ ਬਿੰਦਰ ਸਿੰਘ ਮਹਿਲ ਖੁਰਦ ਆਦਿ ਆਗੂਆਂ ਨੇ ਪਾਰਟੀ ਦਾ ਝੰਡਾ ਤੇ ਦੁਸ਼ਾਲਾ ਭੇਟ ਕਰਕੇ ਸ਼ਰਧਾਂਜਲੀ ਅਰਪਿਤ ਕੀਤੀ।ਚਿਖਾ ਨੂੰ ਅਗਨੀ ਉਨ੍ਹਾਂ ਦੇ ਇਕਲੌਤੇ ਪੁੱਤਰ ਉਂਕਾਰ ਸਿੰਘ ਹੈਰੀ ਨੇ ਵਿਖਾਈ।ਹਲਕੇ ਭਰ ਤੋਂ ਵੱਡੀ ਗਿਣਤੀ 'ਚ ਪਹੁੰਚੇ ਵੱਖ ਵੱਖ ਸਿਆਸੀ ਆਗੂਆਂ, ਵਰਕਰਾਂ ਤੇ ਆਮ ਲੋਕਾਂ ਨੇ ਨਮ ਅੱਖਾਂ ਨਾਲ ਆਪਣੇ ਹਰਮਨ ਪਿਆਰੇ ਨੂੰ ਅੰਤਿਮ ਵਿਦਾਇਗੀ ਦਿੱਤੀ। ਇਸ ਮੌਕੇ ਸਰਪੰਚ ਤੇਜਿੰਦਰਪਾਲ ਸਿੰਘ, ਰਿੰਕਾ ਕੁਤਬਾ ਬਾਹਮਣੀਆਂ, ਸਰਪੰਚ ਹਰਪਾਲ ਸਿੰਘ ਮਹਿਲ ਖ਼ੁਰਦ, ਗੁਰਪ੍ਰੀਤ ਸਿੰਘ ਨਿਹਾਲੂਵਾਲ, ਸਰਪੰਚ ਰਣਜੀਤ ਸਿੰਘ ਕਾਲਾਬੂਲਾ, ਸਰਪੰਚ ਸਰਬਜੀਤ ਸਿੰਘ ਸੰਭੂ, ਅਰੁਣ ਕੁਮਾਰ ਬਾਂਸਲ, ਡਾ: ਕੇਵਲ ਸਿੰਘ ਬੋਪਾਰਾਏ, ਭਾਈ ਜਗਸੀਰ ਸਿੰਘ ਖ਼ਾਲਸਾ, ਦਵਿੰਦਰ ਸਿੰਘ ਬਦੇਸ਼ਾ, ਪ੍ਰਗਟ ਸਿੰਘ ਹਰੀ, ਸੁਖਵਿੰਦਰ ਸਿੰਘ ਪੱਪੂ, ਕੇਵਲ ਸਿੰਘ ਧਾਲੀਵਾਲ, ਮਾ: ਦਲਜਿੰਦਰ ਸਿੰਘ, ਲੱਖਾ ਖਿਆਲੀ, ਦਵਿੰਦਰ ਸਿੰਘ ਧਨੋਆ, ਗੁਰਜੀਤ ਸਿੰਘ ਧਾਲੀਵਾਲ, ਮਨਜੀਤ ਸਿੰਘ ਸਹਿਜੜਾ, ਹਾਕਮ ਸਿੰਘ ਛੀਨੀਵਾਲ, ਰਮਨਦੀਪ ਦੀਪੀ, ਮੋਹਿਤ ਗਰਗ ਹੀਰਾ, ਬਾਬੂ ਅਜੈ ਕੁਮਾਰ, ਕਰਮਜੀਤ ਸਿੰਘ ਕਰਮਾ, ਹਰਜੀਤ ਸਿੰਘ ਕੈਰੇ, ਬਾਬਾ ਵਿਜੈ ਸਿੰਘ, ਬਿੱਟੂ ਬੋਪਾਰਾਏ, ਪਰਮਜੀਤ ਸਿੰਘ ਜਗਦੇ, ਮੇਜਰ ਸਿੰਘ ਪੰਡੋਰੀ, ਪਿਆਰਾ ਸਿੰਘ ਪੰਡੋਰੀ, ਸੁਦਾਗਰ ਸਿੰਘ ਚਹਿਲ, ਜਗਦੀਪ ਸਿੰਘ ਪੰਡੋਰੀ ਆਦਿ ਹਾਜ਼ਰ ਸਨ।

## ਗਲੋਬਲ ਡਿਸਕਵਰੀ ਸਕੂਲ ਵਿਖੇ ਅਧਿਆਪਕਾਂ ਲਈ ਸਿਖਲਾਈ ਪ੍ਰੋਗਰਾਮ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਿੱਖਿਆ ਨੂੰ 21ਵੀਂ ਸਦੀ ਦੇ ਅਨੁਸਾਰ ਅਨੁਕੂਲ, ਰਚਨਾਤਮਕ ਤੇ ਸਮੱਸਿਆ ਹੱਲ ਕਰਨ ਦੇ ਹੁਨਰਾਂ ਦੇ ਸਮਰੱਥ ਬਣਾਉਣ ਦੇ ਉਦੇਸ਼ ਨਾਲ ਪ੍ਰਿੰਸੀਪਲ ਅੰਜੂ ਨਾਗਪਾਲ ਦੀ ਅਗਵਾਈ ਹੇਠ ਗਲੋਬਲ ਡਿਸਕਵਰੀ ਸਕੂਲ ਰਾਮਪੁਰਾ ਫੂਲ ਵਿਖੇ ਸਕੂਲ ਅਧਿਆਪਕਾਂ ਲਈ ਸਿਖਲਾਈ ਪ੍ਰੋਗਰਾਮ ਕੀਤੇ ਗਏ।ਸਕੂਲ 'ਚ ਮਾਨਸਿਕ ਸਿਹਤ ਤੇ ਤੰਦਰੁਸਤੀ, ਸੰਪੂਰਨ ਅਤੇ ਬਹੁ-ਅਨੁਸ਼ਾਸਨੀ ਸਿੱਖਿਆ, ਕਲਾਸ ਰੂਮ ਪ੍ਰਬੰਧਨ, ਸੰਚਾਰ ਹੁਨਰ ਤੇ ਅੰਤਰ-ਵਿਅਕਤੀਗਤ ਹੁਨਰ, 21ਵੀਂ ਸਦੀ ਦੇ ਹੁਨਰਾਂ ਲਈ ਸਿੱਖਿਆ ਸ਼ਾਸਤਰ ਵਰਗੇ ਮਹੱਤਵਪੂਰਨ ਵਿਸ਼ਿਆਂ ਤੇ ਸਿਖਲਾਈ ਪ੍ਰੋਗਰਾਮ ਕੀਤੇ ਗਏ।ਸਿਖਲਾਈ ਦੌਰਾਨ ਅਧਿਆਪਕਾਂ ਨੂੰ ਵੱਖ-ਵੱਖ ਗਤੀਵਿਧੀਆਂ ਰਾਹੀਂ ਅਨੁਭਵੀ ਸਿੱਖਿਆ ਦੇ ਤਰੀਕਿਆਂ ਤੋਂ ਜਾਣੂ ਕਰਵਾਇਆ ਗਿਆ।ਸਕੂਲ ਦੇ ਚੇਅਰਮੈਨ ਇੰਜੀਨੀਅਰ ਕਮਲੇਸ਼ ਸਰਾਫ ਨੇ ਆਪਣੇ ਵਿਚਾਰਾਂ 'ਚ ਕਿਹਾ ਕਿ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਇੱਕ ਚੰਗਾ ਨਾਗਰਿਕ ਬਣਾਉਣ, ਉਨ੍ਹਾਂ ਦਾ ਮਾਰਗਦਰਸ਼ਨ ਕਰਨ ਤੇ ਉਨ੍ਹਾਂ ਨੂੰ ਇੱਕ ਉੱਜਵਲ ਭਵਿੱਖ ਦੇਣ 'ਚ ਮੁੱਖ ਭੂਮਿਕਾ ਨਿਭਾਉਂਦਾ ਹੈ, ਜਿਸ ਕਾਰਨ ਸਕੂਲ ਵੱਖ ਵੱਖ ਸਿਖਲਾਈ ਪ੍ਰੋਗਰਾਮ ਕਰਦਾ ਹੈ ਤੇ ਅਧਿਆਪਕਾਂ ਨੂੰ ਸਿਖਲਾਈ ਦਿੰਦਾ ਹੈ।ਸਕੂਲ ਪ੍ਰਿੰਸੀਪਲ ਅੰਜੂ ਨਾਗਪਾਲ ਨੇ ਕਿਹਾ ਕਿ ਇਨ੍ਹਾਂ ਸਿਖਲਾਈਆਂ ਰਾਹੀਂ ਨਵੀਂਆਂ ਸਿੱਖਿਆ ਨੀਤੀਆਂ ਤੇ ਹੁਨਰਾਂ ਨੂੰ ਜਾਣਨ ਨਾਲ, ਸਿੱਖਿਆ ਆਕਰਸ਼ਕ, ਪ੍ਰਭਾਵਸ਼ਾਲੀ ਤੇ ਉਪਯੋਗੀ ਬਣ ਜਾਂਦੀ ਹੈ।ਇਹ ਸਿਖਲਾਈ ਅਧਿਆਪਕਾਂ ਨੂੰ ਆਤਮ-ਵਿਸ਼ਵਾਸੀ ਤੇ ਮਹੱਤਵਪੂਰਨ ਵੀ ਬਣਾਉਂਦੀਆਂ ਹਨ।

## ਵਜੀਦਕੇ ਕਲਾਂ ਤੇ ਕੁਤਬਾ 'ਚ 27 ਨੂੰ ਹੋਣਗੀਆਂ ਪੰਚਾਂ ਦੀਆਂ ਚੋਣਾਂ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਚੋਣ ਸ਼ਡਿਊਲ ਅਨੁਸਾਰ ਬਲਾਕ ਮਹਿਲ ਕਲਾਂ ਦੇ ਪਿੰਡ ਵਜੀਦਕੇ ਕਲਾਂ ਤੇ ਕੁਤਬਾ ਵਿੱਚ ਪੰਚਾਂ ਦੀ ਚੋਣ 27 ਜੁਲਾਈ ਨੂੰ ਕਰਵਾਈ ਜਾਵੇਗੀ।ਇਨ੍ਹਾਂ ਪਿੰਡਾਂ 'ਚ ਆਦਰਸ਼ ਚੋਣ ਜ਼ਾਬਤਾ ਲਾਗੂ ਕਰ ਦਿੱਤਾ ਗਿਆ ਹੈ।ਇਸ ਸੰਬੰਧੀ ਏ.ਆਰ.ਓ. ਲਖਵਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਵਜੀਦਕੇ ਕਲਾਂ ਦੇ ਵਾਰਡ ਨੰਬਰ 5 ਤੇ ਪਿੰਡ ਕੁਤਬਾ ਦੇ ਵਾਰਡ ਨੰਬਰ 4 ਲਈ ਪੰਚਾਂ ਦੀ ਚੋਣ ਹੋਣੀ ਨਿਸ਼ਚਤ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਨਾਮਜ਼ਦਗੀਆਂ ਦਾਖ਼ਲ ਕਰਨ ਦੀ ਪ੍ਰਕਿਰਿਆ ਅੱਜ ਤੋਂ ਸ਼ੁਰੂ ਹੋ ਚੁੱਕੀ ਹੈ, ਜੋ ਕਿ 17 ਜੁਲਾਈ ਤੱਕ ਜਾਰੀ ਰਹੇਗੀ।ਨਾਮਜ਼ਦਗੀ ਪੱਤਰ ਹਰ ਰੋਜ਼ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਦਾਖ਼ਲ ਕੀਤੇ ਜਾ ਸਕਣਗੇ।ਉਨ੍ਹਾਂ ਦੱਸਿਆ ਕਿ ਨਾਮਜ਼ਦਗੀ ਪੱਤਰਾਂ ਦੀ ਜਾਂਚ 18 ਜੁਲਾਈ ਨੂੰ ਕੀਤੀ ਜਾਵੇਗੀ, ਜਦਕਿ 19 ਜੁਲਾਈ ਨੂੰ ਨਾਮਜ਼ਦਗੀ ਵਾਪਸ ਲੈਣ ਦੀ ਆਖਰੀ ਤਰੀਕ ਹੋਵੇਗੀ।ਚੋਣ ਕਮਿਸ਼ਨ ਦੇ ਨਿਰਧਾਰਤ ਪ੍ਰੋਗਰਾਮ ਅਨੁਸਾਰ ਅੱਜ ਨਾਮਜ਼ਦਗੀਆਂ ਦੇ ਪਹਿਲੇ ਦਿਨ ਦੋਵਾਂ ਪਿੰਡਾਂ ਵਿੱਚੋਂ ਕਿਸੇ ਵੀ ਉਮੀਦਵਾਰ ਵੱਲੋਂ ਪੰਚਾਂ ਦੀ ਚੋਣ ਲੜਨ ਲਈ ਨਾਮਜ਼ਦਗੀ ਪੱਤਰ ਦਾਖ਼ਲ ਨਹੀਂ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਵੋਟਿੰਗ 27 ਜੁਲਾਈ ਨੂੰ ਕਰਵਾਈ ਜਾਵੇਗੀ ਤੇ ਵੋਟਾਂ ਦੀ ਗਿਣਤੀ ਵੀ ਉਸੇ ਦਿਨ ਪੋਲਿੰਗ ਸਟੇਸ਼ਨਾਂ 'ਤੇ ਹੋਵੇਗੀ।ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਪੂਰੀ ਚੋਣ ਪ੍ਰਕਿਰਿਆ ਨਾਮਜ਼ਦਗੀਆਂ, ਪੋਲਿੰਗ ਤੇ ਗਿਣਤੀ ਦੀ ਵੀਡੀਓਗ੍ਰਾਫੀ ਵੀ ਯਕੀਨੀ ਬਣਾਉਣੀ ਹੋਵੇਗੀ।

# ਗੁਰੂ ਹਰਗੋਬਿੰਦ ਖਾਲਸਾ ਕਾਲਜ ਵਿਖੇ ਸਾਈਬਰ ਫਸਟ ਰਿਸਪਾਂਡਰ 'ਤੇ ਆਨਲਾਈਨ ਵਰਕਸ਼ਾਪ



**ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)**

ਨੌਜਵਾਨਾਂ ਵਿੱਚ ਡਿਜੀਟਲ ਸਾਖਰਤਾ ਤੇ ਸੁਰੱਖਿਆ ਨੂੰ ਵਧਾਉਣ ਲਈ ਇੱਕ ਮਹੱਤਵਪੂਰਨ ਪਹਿਲਕਦਮੀ ਵਿੱਚ ਸੋਮਵਾਰ ਗੁਰੂ ਹਰਗੋਬਿੰਦ ਖਾਲਸਾ ਕਾਲਜ ਗੁਰੂਸਰ ਸੁਧਾਰ ਵਿਖੇ ਐੱਨ ਸੀ ਸੀ ਗਰਲ ਕੈਡਿਟਾਂ ਲਈ 'ਸਾਈਬਰ ਫਸਟ ਰਿਸਪਾਂਡਰ' ਪ੍ਰੋਗਰਾਮ 'ਤੇ ਆਨਲਾਈਨ ਵਰਕਸ਼ਾਪ ਲਗਾਈ ਗਈ।ਇਸ ਸਮਾਗਮ ਵਿੱਚ ਮੁੱਖ ਮਹਿਮਾਨ ਬ੍ਰਿਗੇਡੀਅਰ ਪੀ.ਐੱਸ. ਚੀਮਾ, ਐੱਸ ਐੱਮ, ਵੀ ਐੱਸ ਐੱਮ, ਗਰੁੱਪ ਕਮਾਂਡਰ, ਐੱਨ ਸੀ ਸੀ ਗਰੁੱਪ ਹੈੱਡਕੁਆਰਟਰ ਲੁਧਿਆਣਾ ਸ਼ਾਮਲ ਹੋਏ।ਇਹ ਡਿਜੀਟਲ ਸਸ਼ਕਤੀਕਰਨ ਸੈਸ਼ਨ ਮੇਜਰ ਜਨਰਲ ਜੇ. ਐੱਸ. ਚੀਮਾ ਏਡੀਜੀ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਚੰਡੀਗੜ੍ਹ ਡਾਇਰੈਕਟੋਰੇਟ ਦੀ ਅਗਵਾਈ ਅਤੇ ਡੀ ਜੀ ਐੱਨ ਸੀ ਸੀ ਲੈਫਟੀਨੈਂਟ ਜਨਰਲ ਗੁਰਬੀਰਪਾਲ ਸਿੰਘ ਪੀ ਵੀ ਐੱਸ ਐੱਮ, ਏ ਵੀ ਐੱਸ ਐੱਮ, ਵੀ ਐੱਸ ਐੱਮ ਦੇ ਉੱਚ ਨਿਰਦੇਸ਼ਾਂ ਹੇਠ ਆਯੋਜਤ ਕੀਤਾ ਗਿਆ ਸੀ।ਸਾਈਬਰ ਫਸਟ ਰਿਸਪਾਂਡਰ ਔਨਲਾਈਨ ਵਰਕਸ਼ਾਪ ਗੁਰੂ ਹਰਗੋਬਿੰਦ ਕਾਲਜ ਗੁਰੂਸਰ ਸੁਧਾਰ ਵਿਖੇ ਚੱਲ ਰਹੇ ਸਾਲਾਨਾ ਸਿਖਲਾਈ ਕੈਂਪ-59 ਦੌਰਾਨ ਕੈਂਪ ਕਮਾਂਡੈਂਟ ਕਰਨਲ ਰਾਕੇਸ਼ ਸਿੰਘ ਨਾਲ ਲਗਾਈ ਗਈ।ਚੌਹਾਨ ਇਹ ਯਕੀਨੀ ਬਣਾ ਰਹੇ ਹਨ ਕਿ ਤਿੰਨ ਸੌ ਤੋਂ ਵੱਧ ਐੱਨ.ਸੀ.ਸੀ. ਗਰਲ ਕੈਡੇਟ ਤੇ ਸਟਾਫ ਸਾਈਬਰ ਫਸਟ ਰਿਸਪਾਂਡਰ ਔਨਲਾਈਨ ਵਰਕਸ਼ਾਪ ਵਿੱਚੋਂ ਗੁਜ਼ਰਨ।3 ਪੰਜਾਬ ਗਰਲਜ਼ ਬਟਾਲੀਅਨ ਐੱਨਸੀਸੀ, 3 ਪੰਜਾਬ ਬਟਾਲੀਅਨ ਐੱਨਸੀਸੀ, 19 ਪੰਜਾਬ ਬਟਾਲੀਅਨ ਐੱਨਸੀਸੀ ਅਤੇ 4 ਪੰਜਾਬ ਏਅਰ ਸਕੁਐਡਰਨ ਐੱਨਸੀਸੀ ਦੇ ਕੈਡਿਟਾਂ ਨੇ ਇਸ ਵਰਕਸ਼ਾਪ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ, ਜਿਸ ਦਾ ਉਦੇਸ਼ ਉਨ੍ਹਾਂ ਨੂੰ ਸਾਈਬਰ ਸੁਰੱਖਿਆ ਦੇ ਬੁਨਿਆਦੀ ਸਿਧਾਂਤਾਂ ਦੇ ਜ਼ਰੂਰੀ ਗਿਆਨ ਨਾਲ ਲੈਸ ਕਰਨਾ ਸੀ।ਸੈਸ਼ਨ ਨੇ ਕੈਡਿਟਾਂ ਤੇ ਐੱਨਸੀਸੀ ਇੰਸਟ੍ਰਕਟਰ ਸਟਾਫ ਨੂੰ ਸੁਰੱਖਿਅਤ ਡਿਜੀਟਲ ਅਭਿਆਸਾਂ, ਸਾਈਬਰ ਸਫਾਈ ਦੀ ਧਾਰਨਾ ਤੇ ਸਾਈਬਰ ਖਤਰਿਆਂ ਦੀ ਪਛਾਣ ਕਰਨ ਅਤੇ ਘਟਾਉਣ ਵਿੱਚ ਪਹਿਲੇ ਜਵਾਬ ਦੇਣ ਵਾਲਿਆਂ ਦੀ ਭੂਮਿਕਾ ਬਾਰੇ ਸਿੱਖਿਆ ਦਿੱਤੀ।ਸੈਸ਼ਨ ਨੂੰ ਸ੍ਰੀ ਤੁਸ਼ਾਰ ਸ਼ਰਮਾ, ਇੱਕ ਸਾਈਬਰ ਸੁਰੱਖਿਆ ਮਾਹਰ ਤੇ ਇੱਕ ਵਕੀਲ ਦੁਆਰਾ ਕਵਰ ਕੀਤਾ ਗਿਆ। ਇਸ ਪਹਿਲਕਦਮੀ ਵਿੱਚ ਸਾਈਬਰ ਜਾਗਰੂਕਤਾ, ਸਾਈਬਰ ਅਪਰਾਧ ਤੋਂ ਬਚਾਉਣ ਲਈ ਸਾਈਬਰ ਸੁਰੱਖਿਆ ਕੁੰਜੀਆਂ, ਸਾਈਬਰ ਅਪਰਾਧ ਨਾਲ ਕਿਵੇਂ ਨਜਿੱਠਣਾ ਹੈ ਤੇ ਵੱਖ-ਵੱਖ ਕੇਸ ਅਧਿਐਨ ਸ਼ਾਮਲ ਸਨ।ਸੈਸ਼ਨ ਦਾ ਅੰਤ ਪ੍ਰਸ਼ਨ-ਉੱਤਰ ਸੈਸ਼ਨਾਂ ਨਾਲ ਹੋਇਆ।ਸ੍ਰੀ ਤੁਸ਼ਾਰ ਨੇ ਕੈਡਿਟਾਂ ਦੁਆਰਾ ਸਵੈ-ਜ਼ਿੰਮੇਵਾਰੀ 'ਤੇ ਜ਼ੋਰ ਦਿੱਤਾ, ਐੱਨਸੀਸੀ ਕੈਡਿਟਾਂ ਨੂੰ ਵਲੰਟੀਅਰ ਵਜੋਂ 'ਸਾਈਬਰ ਪੀਸ' ਵਿੱਚ ਸ਼ਾਮਲ ਹੋਣ ਲਈ ਵੀ ਉਤਸ਼ਾਹਤ ਕੀਤਾ।ਇਹ ਪਹਿਲਕਦਮੀ ਐੱਨਸੀਸੀ ਦੁਆਰਾ ਸਾਈਬਰ ਸੁਰੱਖਿਆ ਵਿੱਚ ਰਾਸ਼ਟਰੀ ਤਰਜੀਹਾਂ ਨਾਲ ਯੁਵਾ ਸਿਖਲਾਈ ਨੂੰ ਇਕਸਾਰ ਕਰਨ ਵਿੱਚ ਇੱਕ ਹੋਰ ਕਦਮ ਦਰਸਾਉਂਦੀ ਹੈ, ਇਹ ਯਕੀਨੀ ਬਣਾਉਂਦੀ ਹੈ ਕਿ ਕੈਡਿਟਾਂ ਨਾ ਸਿਰਫ਼ ਸਰੀਰਕ ਤੇ ਮਾਨਸਿਕ ਤੌਰ 'ਤੇ ਤਿਆਰ ਹਨ, ਬਲਕਿ ਡਿਜੀਟਲ ਤੌਰ 'ਤੇ ਜਾਗਰੂਕ ਤੇ ਜ਼ਿੰਮੇਵਾਰ ਵੀ ਹਨ। ਕੁੱਲ ਮਿਲਾ ਕੇ, ਇਹ ਪ੍ਰਚਲਿਤ ਸਾਈਬਰ ਅਪਰਾਧ ਵਿਰੁੱਧ ਐੱਨਸੀਸੀ ਗਰਲ ਕੈਡਿਟਾਂ ਨੂੰ ਸਸ਼ਕਤ ਬਣਾਉਣ ਤੇ ਉਨ੍ਹਾਂ ਨੂੰ 'ਸਾਈਬਰ ਫਸਟ ਰਿਸਪਾਂਡਰ' ਦੇ ਵਲੰਟੀਅਰ ਬਣਾਉਣ ਲਈ ਇੱਕ ਵਧੀਆ ਪਹਿਲ ਸੀ।

# ਓ ਐੱਸ ਡੀ ਸੁਖਵੀਰ ਸਿੰਘ ਸੁੱਖੀ ਨੇ ਸੁਣੀਆਂ ਲੋਕਾਂ ਦੀਆਂ ਮੁਸ਼ਕਲਾਂ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐੱਸ.ਡੀ. ਸੁਖਵੀਰ ਸਿੰਘ ਸੁੱਖੀ ਨੇ ਸਥਾਨਕ ਮੁੱਖ ਮੰਤਰੀ ਕੈਂਪਸ ਦਫ਼ਤਰ ਧੂਰੀ ਵਿਖੇ ਹਲਕਾ ਨਿਵਾਸੀਆਂ ਨਾਲ ਮੁਲਾਕਾਤ ਕੀਤੀ।ਉਨ੍ਹਾਂ ਇਸ ਦੌਰਾਨ ਨਾਗਰਿਕਾਂ ਦੀਆਂ ਮੁਸ਼ਕਲਾਂ ਧੀਰਜ ਨਾਲ ਸੁਣਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਮੌਕੇ 'ਤੇ ਹੀ ਸੰਬੰਧਤ ਅਧਿਕਾਰੀਆਂ ਨੂੰ ਹੁਕਮ ਜਾਰੀ ਕੀਤੇ।

ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਭਲਾਈ ਲਈ ਜ਼ਮੀਨੀ ਪੱਧਰ 'ਤੇ ਯਤਨ ਕੀਤੇ ਜਾ ਰਹੇ ਹਨ।ਧੂਰੀ ਹਲਕੇ ਦੀ ਹਰ ਇੱਕ ਗਲੀ, ਪਿੰਡ ਤੇ ਸ਼ਹਿਰੀ ਖੇਤਰ ਦਾ ਚਹੁੰਮੁਖੀ ਵਿਕਾਸ ਕਰਵਾਉਣਾ ਸਰਕਾਰ ਦੀ ਪਹਿਲ ਹੈ।ਉਨ੍ਹਾਂ ਕਿਹਾ ਕਿ ਧੂਰੀ ਦੇ ਵਿਕਾਸ ਲਈ ਫੰਡਾਂ ਦੀ ਕਦੇ ਵੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਚੱਲ ਰਹੇ ਵਿਕਾਸ ਕਾਰਜਾਂ ਦੀ ਸਮੀਖਿਆ ਕਰਦਿਆਂ ਤਜਵੀਜ਼ਾਂ ਰਿਪੋਰਟਾਂ ਮੰਗੀਆਂ ਤੇ ਅਧਿਕਾਰੀਆਂ ਨੂੰ ਹਦਾਇਤ ਦਿੱਤੀ ਕਿ ਹਰ ਕੰਮ ਨਿਧਾਰਤ ਸਮੇਂ ਅੰਦਰ ਪੂਰਾ ਕੀਤਾ ਜਾਵੇ।ਲੋਕਾਂ ਦੀਆਂ ਸਮੱਸਿਆਵਾਂ ਨਾਲ ਜੁੜੀਆਂ ਗੱਲਾਂ ਨੂੰ ਤੁਰੰਤ ਹੱਲ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।ਧੂਰੀ ਵਿਕਾਸ ਮੰਚ ਵੱਲੋਂ ਉੱਪ-ਚੇਅਰਮੈਨ ਰਾਜੇਸ਼ਵਰ ਚੌਧਰੀ, ਪ੍ਰਧਾਨ ਅਮਨ ਗਰਗ, ਵਾਈਸ ਚੇਅਰਮੈਨ ਅਭਿਨਵ ਗੋਇਲ, ਮੀਡੀਆ ਸਕੱਤਰ ਮਨੋਹਰ ਸਿੰਘ ਸੱਗੂ ਦੀ ਅਗਵਾਈ ਹੇਠ ਵਫ਼ਦ ਨੇ ਵੀ ਉਨ੍ਹਾਂ ਨਾਲ ਮੁਲਾਕਾਤ ਕੀਤੀ।ਵਫ਼ਦ ਵੱਲੋਂ ਧੂਰੀ ਦੇ ਸਿਵਲ ਹਸਪਤਾਲ ਵਿਖੇ ਡਾਇਲਿਸਿਸ ਮਸ਼ੀਨ ਲਗਾਉਣ ਦੀ ਮੰਗ ਕੀਤੀ ਗਈ, ਜਿਸ 'ਤੇ ਓ.ਐੱਸ.ਡੀ. ਸੁੱਖੀ ਨੇ ਭਰੋਸਾ ਦਿਵਾਇਆ ਕਿ ਇਹ ਮੰਗ ਮੁੱਖ ਮੰਤਰੀ ਤੱਕ ਪਹੁੰਚਾਈ ਜਾਵੇਗੀ ਤੇ ਜਲਦੀ ਇਸ ਸੰਬੰਧੀ ਕਾਰਵਾਈ ਹੋਏਗੀ।ਇਸ ਮੌਕੇ ਪੰਜਾਬ ਲਘੂ ਉਦਯੋਗ ਵਿਕਾਸ ਨਿਗਮ ਦੇ ਅਧਿਕਾਰੀ ਤੇ ਮੁੱਖ ਮੰਤਰੀ ਕੈਂਪਸ ਦਫ਼ਤਰ ਦੇ ਇੰਚਾਰਜ ਦਲਵੀਰ ਸਿੰਘ ਢਿੱਲੋਂ, ਸਾਬਕਾ ਚੇਅਰਮੈਨ ਸਤਿੰਦਰ ਸਿੰਘ ਚੱਠਾ, ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ, ਅਮਰਦੀਪ ਸਿੰਘ ਧਾਂਦਰਾ, ਐਡਵੋਕੇਟ ਹੈਪੀ ਗਰਗ, ਅਮਨ ਖਾਂ ਘਨੌਰੀ, ਗੋਬਿੰਦ ਲੋਹਟ, ਹਰਪ੍ਰੀਤ ਸਿੰਘ ਗਿੱਲ ਆਦਿ ਹਾਜ਼ਰ ਸਨ।

## ਪੰਜਾਬ ਦੇ ਲੋਕਾਂ ਨੂੰ ਮਿਲੇਗਾ 10 ਲੱਖ ਤੱਕ ਮੁਫ਼ਤ ਇਲਾਜ : ਡਾ. ਅਨਵਰ ਭਸੌੜ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**

ਆਮ ਆਦਮੀ ਪਾਰਟੀ ਦੇ ਆਗੂ ਤੇ ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਲੋਕਾਂ ਲਈ 10 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਦੀ ਸਹੂਲਤ ਸ਼ੁਰੂ ਕਰਨਾ ਇੱਕ ਇਤਿਹਾਸਕ ਕਦਮ ਹੈ। ਉਨ੍ਹਾਂ ਕਿਹਾ ਕਿ ਇਹ ਯੋਜਨਾ ਨਾ ਸਿਰਫ਼ ਸਰਕਾਰੀ ਹਸਪਤਾਲਾਂ ਵਿੱਚ, ਸਗੋਂ ਨਿੱਜੀ ਪੈਨਲ ਹਸਪਤਾਲਾਂ ਵਿਚ ਵੀ ਲਾਗੂ ਹੋਏਗੀ, ਜਿਸ ਦਾ ਲਾਭ ਹਰ ਆਮ ਨਾਗਰਿਕ ਤੱਕ ਪਹੁੰਚੇਗਾ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਨੇ ਪੰਜਾਬ ਦੇ ਲੋਕਾਂ ਦੀ ਸਿਹਤ ਸੰਭਾਲ ਲਈ ਜੋ ਫੈਸਲਾ ਲਿਆ ਹੈ, ਉਹ ਬੇਮਿਸਾਲ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀ ਲੋਕ-ਹਿਤੈਸ਼ੀ ਪਾਲਿਸੀ ਪਿਛਲੀ ਕਿਸੇ ਵੀ ਸਰਕਾਰ ਨੇ ਨਹੀਂ ਬਣਾਈ। ਪਿਛਲੀਆਂ ਸਰਕਾਰਾਂ ਨੇ ਸਿਰਫ਼ ਚੁਣਾਵੀ ਸਿਆਸਤ ਕਰਕੇ ਲੋਕਾਂ ਨੂੰ ਠੱਗਿਆ, ਪਰ ਭਗਵੰਤ ਮਾਨ ਦੀ ਸਰਕਾਰ ਨੇ ਗਤੀਸ਼ੀਲ ਅਤੇ ਦੂਰਦਰਸ਼ੀ ਸੋਚ ਦਿਖਾਈ ਹੈ। ਉਨ੍ਹਾਂ ਉਮੀਦ ਜਤਾਈ ਕਿ ਹੁਣ ਕੋਈ ਵੀ ਮਰੀਜ਼ ਸਿਰਫ਼ ਪੈਸਿਆਂ ਦੀ ਘਾਟ ਕਾਰਨ ਇਲਾਜ ਤੋਂ ਵਾਂਝਾ ਨਹੀਂ ਰਹੇਗਾ।

## 'ਆਪ' ਆਗੂ ਅਮਰਦੀਪ ਸੰਘੇੜਾ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਬਣੇ



**ਪਟਿਆਲਾ/ਸਨੌਰ (ਰਾਜਿੰਦਰ ਸਿੰਘ ਥਿੰਦ)**-ਆਮ ਆਦਮੀ ਪਾਰਟੀ ਦੇ ਨੌਜਵਾਨ ਆਗੂ ਅਮਰਦੀਪ ਸੰਘੇੜਾ ਨੂੰ ਪਾਰਟੀ ਪ੍ਰਤੀ ਨਿਭਾਈਆਂ ਸ਼ਾਨਦਾਰ ਸੇਵਾਵਾ ਬਦਲੇ ਜ਼ਿਲ੍ਹਾ ਪਟਿਆਲਾ ਤੋਂ ਯੂਥ ਵਿੰਗ ਦਾ ਜ਼ਿਲ੍ਹਾ ਪ੍ਰਧਾਨ ਬਣਾਇਆ ਗਿਆ ਹੈ। ਆਪਣੀ ਨਿਯੁਕਤੀ ਲਈ ਉਨ੍ਹਾਂ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ, ਮੁੱਖ ਮੰਤਰੀ ਭਗਵੰਤ ਮਾਨ ਤੇ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਦਿੱਤੀਆਂ ਗਈਆਂ ਜ਼ਿੰਮੇਵਾਰੀਆਂ ਨੂੰ ਉਹ ਪੂਰੀ ਈਮਾਨਦਾਰੀ ਨਾਲ ਨਿਭਾਉਣਗੇ।

# ਭਾਈ ਘਨੱਈਆ ਜੀ ਯੁਵਕ ਸੇਵਾਵਾਂ ਕਲੱਬ ਨੇ ਕਰਵਾਏ ਗੁਰਬਾਣੀ ਕੰਠ ਮੁਕਾਬਲੇ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਪੰਡੋਰੀ (ਬਰਨਾਲਾ) ਵਿਖੇ ਭਾਈ ਘਨੱਈਆ ਜੀ ਯੁਵਕ ਸੇਵਾਵਾਂ ਕਲੱਬ ਵੱਲੋਂ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ 'ਚ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ ਦਾ ਮਕਸਦ ਨਿੱਕੀ ਉਮਰ ਤੋਂ ਹੀ ਬੱਚਿਆਂ ਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾ ਕੇ ਗੁਰਬਾਣੀ ਨਾਲ ਜੋੜ ਕੇ ਧਾਰਮਿਕ ਸੰਸਕਾਰ ਦੇਣਾ ਹੈ।ਗੁਰਬਾਣੀ ਕੰਠ ਮੁਕਾਬਲੇ ਗੁਰੂ ਘਰ ਦੇ ਗ੍ਰੰਥੀ ਸਿੰਘ ਭਾਈ ਕਰਮਜੀਤ ਸਿੰਘ ਦੀ ਅਗਵਾਈ ਹੇਠ ਕਰਵਾਏ ਗਏ।ਇਸ ਕਾਰਜ ਦੀ ਸਫਲਤਾ ਲਈ ਬੀਬੀ ਜਸਵੰਤ ਕੌਰ ਜੰਡੂ (ਕੈਨੇਡਾ), ਸਪੁੱਤਰੀ ਮੋਹਨ ਸਿੰਘ ਵੈਦ ਵੱਲੋਂ ਵਿਸ਼ੇਸ਼ ਸਹਿਯੋਗ ਦਿਤਾ ਗਿਆ।ਇਨ੍ਹਾਂ ਮੁਕਾਬਲਿਆਂ 'ਚ ਪੰਡੋਰੀ ਤੋਂ ਇਲਾਵਾ ਆਸ-ਪਾਸ ਦੇ ਪਿੰਡਾਂ ਦੇ ਬੱਚਿਆਂ ਨੇ ਵੀ ਭਾਗ ਲਿਆ।ਬੱਚਿਆਂ ਨੂੰ ਉਮਰ ਅਨੁਸਾਰ ਦੋ ਵਰਗਾਂ ਵਿੱਚ ਵੰਡਿਆ ਗਿਆ।ਨਿੱਕੀ ਉਮਰ ਵਰਗ ਵਿੱਚ ਨਤੀਜੇ ਅਨੁਸਾਰ ਪਹਿਲਾ ਸਥਾਨ ਦਮਨਪ੍ਰੀਤ ਕੌਰ ਪਿੰਡ ਕਰਮਗੜ੍ਹ, ਦੂਜਾ ਸਥਾਨ ਰਵਿੰਦਰ ਸਿੰਘ ਪਿੰਡ ਪੰਡੋਰੀ, ਤੀਜਾ ਸਥਾਨ ਤੇਗਨੂਰ ਕੌਰ ਪਿੰਡ ਜਾਂਗਪੁਰ, ਵੱਧ ਉਮਰ ਵਰਗ 'ਚ ਨਤੀਜੇ 'ਚ ਪਹਿਲਾ ਸਥਾਨ ਰਾਜਵੀਰ ਸਿੰਘ ਪਿੰਡ ਲੱਖਾ, ਦੂਜਾ ਸਥਾਨ ਗੁਰਵੀਰ ਸਿੰਘ ਪਿੰਡ ਜਾਂਗਪੁਰ, ਤੀਜਾ ਸਥਾਨ ਅਭਜੀਤ ਸਿੰਘ ਪਿੰਡ ਕਰਮਗੜ੍ਹ ਨੇ ਪ੍ਰਾਪਤ ਕਰਕੇ ਨਾਂਅ ਰੌਸ਼ਨ ਕੀਤਾ।ਇਸ ਮੁਕਾਬਲੇ 'ਚ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਯਾਦਗਾਰੀ ਇਨਾਮ ਦਿੱਤੇ ਗਏ।ਲੰਗਰ ਦੀ ਸੇਵਾ ਕਰਨ ਵਾਲੀਆਂ ਬੀਬੀਆਂ, ਸੇਵਾਦਾਰ ਨੌਜਵਾਨਾਂ ਤੇ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੂੰ ਵੀ ਕਲੱਬ ਵੱਲੋਂ ਖ਼ਾਸ ਤੌਰ 'ਤੇ ਸਨਮਾਨਤ ਕੀਤਾ ਗਿਆ।ਇਨਾਮ ਵੰਡ ਸਮਾਰੋਹ ਮੌਕੇ ਕਲੱਬ ਦੇ ਸਰਪ੍ਰਸਤ ਬਲਜੀਤ ਸਿੰਘ ਸਿੱਧੂ, ਪ੍ਰਧਾਨ ਹਰਵਿੰਦਰ ਸਿੰਘ ਸਿੱਧੂ, ਗ੍ਰੰਥੀ ਸਿੰਘ ਬਾਬਾ ਬਲਵੰਤ ਸਿੰਘ, ਬਬਲਾ ਸਿੰਘ, ਮਨਪ੍ਰੀਤ ਸਿੰਘ, ਗੋਪੀ ਸਿੰਘ, ਜੱਸਾ ਸਿੰਘ, ਗਗਨਦੀਪ ਸਿੰਘ, ਵਿੱਕੀ ਸਿੰਘ, ਪ੍ਰਮਿੰਦਰ ਸਿੰਘ, ਅਜੈਬ ਸਿੰਘ ਖ਼ਜ਼ਾਨਚੀ, ਕੰਤਾ ਸਿੰਘ, ਮਨੀਆ ਸਿੰਘ, ਵੈਦ ਬਲਦੇਵ ਸਿੰਘ ਮਿਸਤਰੀ, ਨਵਦੀਪ ਸਿੰਘ ਬਾਠ, ਦਵਿੰਦਰ ਸਿੰਘ ਲੇਖਕ ਆਦਿ ਹਾਜ਼ਰ ਸਨ।ਇਸ ਸਮਾਰੋਹ ਦੌਰਾਨ ਗ੍ਰੰਥੀ ਸਿੰਘ ਭਾਈ ਕਰਮਜੀਤ ਸਿੰਘ ਦੀ ਮਹੱਤਵਪੂਰਨ ਭੂਮਿਕਾ ਦੀ ਪ੍ਰਸੰਸਾ ਕਰਦਿਆਂ ਉਨ੍ਹਾਂ ਨੂੰ ਬੀਬੀ ਜਸਵੰਤ ਕੌਰ ਜੰਡੂ ਵੱਲੋਂ 5100 ਰੁਪਏ ਨਗਦ ਇਨਾਮ ਨਾਲ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

# ਪ੍ਰਬੁੱਧ ਭਾਰਤ ਫਾਊਂਡੇਸ਼ਨ ਪੰਜਾਬ ਨੇ ਲਾਇਆ ਸੈਮੀਨਾਰ



**ਬੁਢਲਾਡਾ (ਅਸ਼ੋਕ ਲਾਕੜਾ)**

ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ, ਪਿੰਡ ਬੱਛੋਆਣਾ ਵਿਖੇ ਪ੍ਰਬੁੱਧ ਭਾਰਤ ਫਾਊਂਡੇਸ਼ਨ ਵੱਲੋਂ ਸੈਮੀਨਾਰ ਕਰਾਇਆ ਗਿਆ। ਸੈਮੀਨਾਰ ਦੇ ਪ੍ਰਬੰਧਕ ਸਮਾਜ ਸੇਵੀ ਤੇ ਨੌਜਵਾਨ ਆਗੂ ਪੂਰਨ ਸਿੰਘ ਬੱਛੋਆਣਾ ਨੇ ਜਲੰਧਰ ਤੋਂ ਉਚੇਚੇ ਤੌਰ 'ਤੇ ਪਹੁੰਚੇ ਹੋਏ ਮੁੱਖ ਮਹਿਮਾਨਾਂ ਡਾਕਟਰ ਰਾਹੁਲ, ਡਾਕਟਰ ਸੁਭਾਸ਼ ਤੇ ਡਾਕਟਰ ਥਿੰਦ ਦਾ ਗਰਜੋਸ਼ੀ ਨਾਲ ਸਵਾਗਤ ਕੀਤਾ।ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਮੁੱਖ ਮਹਿਮਾਨਾਂ ਨੇ ਦੱਸਿਆ ਕਿ ਪ੍ਰਬੁੱਧ ਭਾਰਤ ਫਾਊਂਡੇਸ਼ਨ ਪੰਜਾਬ ਵੱਲੋਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੀ ਜੀਵਨੀ ਤੇ ਮਿਸ਼ਨ ਤਹਿਤ 16ਵਾਂ ਬੁੱਕ ਮੁਕਾਬਲਾ 24 ਅਗਸਤ ਨੂੰ ਪੂਰੇ ਪੰਜਾਬ ਵਿੱਚ ਸੈਂਟਰ ਬਣਾ ਕੇ ਕਰਾਇਆ ਜਾ ਰਿਹਾ ਹੈ।ਮੁਕਾਬਲੇ ਵਿੱਚ ਦੋ ਵਰਗ ਬਣਾਏ ਹਨ; 6ਵੀਂ ਤੋਂ 12ਵੀਂ ਅਤੇ 12ਵੀਂ ਤੋਂ 40 ਸਾਲ ਦੀ ਉਮਰ ਤੱਕ ਵਿਦਿਆਰਥੀ ਭਾਗ ਲੈ ਸਕਦੇ ਹਨ।ਦੋਵੇਂ ਵਰਗਾਂ ਵਿੱਚ ਪੁਜ਼ੀਸ਼ਨਾਂ ਹਾਸਲ ਕਰਨ ਵਾਲਿਆਂ ਨੂੰ 50,000/-, 20,000/-, 10,000/- ਤੇ ਮੈਰਿਟ ਵਿੱਚ ਆਉਣ ਵਾਲੇ 250 ਬੱਚਿਆਂ ਨੂੰ 1000, 1000, ਰੁਪਏ ਇਨਾਮ ਦਿੱਤਾ ਜਾਵੇਗਾ।ਉਸ ਤੋਂ ਬਾਅਦ ਪੁਜ਼ੀਸ਼ਨ ਹਾਸਲ ਕਰਨ ਵਾਲੇ ਬੱਚਿਆਂ ਦਾ ਕੁਇਜ਼ ਮੁਕਾਬਲਾ ਹੋਵੇਗਾ, ਜਿਸ ਦਾ ਇਨਾਮ 21,000, 18,000 15,000, 12000, ਅਤੇ 9000 ਹੋਵੇਗਾ, ਜੋ ਪੁਜ਼ੀਸ਼ਨ ਹਾਸਲ ਕਰਨ ਵਾਲੇ ਬੱਚਿਆਂ ਨੂੰ ਦਿੱਤਾ ਜਾਵੇਗਾ।ਇਸ ਦੇ ਨਾਲ਼ ਹੀ ਉਨ੍ਹਾਂ ਨੇ ਬੱਚਿਆਂ ਦੇ ਆਉਣ ਵਾਲ਼ੇ ਭਵਿੱਖ ਬਾਰੇ ਚਿੰਤਨ ਵੀ ਕੀਤਾ। ਸੈਮੀਨਾਰ ਦਾ ਮਕਸਦ ਡਾਕਟਰ ਭੀਮ ਰਾਓ ਅੰਬੇਦਕਰ ਦੇ ਜੀਵਨ ਸੰਘਰਸ਼ ਬਾਰੇ ਬੱਚਿਆਂ ਨੂੰ ਜਾਣੂ ਕਰਾਉਣਾ ਤੇ ਪ੍ਰੇਰਨਾ ਲੈਣਾ ਹੈ। ਐਡਵੋਕੇਟ ਅਮਰਿੰਦਰ ਸਿੰਘ ਉੱਡਤ ਤੇ ਐਡਵੋਕੇਟ ਹੰਸ ਰਾਜ ਬਖਸ਼ੀਵਾਲਾ (ਸੁਨਾਮ) ਨੇ ਬੱਚਿਆਂ ਤੇ ਮਾਪਿਆਂ ਨੂੰ ਦਲਿਤ ਵਰਗ ਨਾਲ਼ ਹੋ ਰਹੇ ਪੱਖਪਾਤ, ਸੋਸ਼ਣ ਵਿਰੁੱਧ ਅਧਿਕਾਰ, ਮੁੱਫ਼ਤ ਕਾਨੂੰਨੀ ਸਹਾਇਤ ਤੇ ਪੜ੍ਹਾਈ ਦੀ ਮਹੱਤਤਾ ਬਾਰੇ ਚਾਨਣਾ ਪਾਇਆ।

ਯੂਨੀਅਨ ਜ਼ਿਲ੍ਹਾ ਪ੍ਰਧਾਨ ਦੇ ਮਾਸਟਰ ਵਿਜੈ ਕੁਮਾਰ ਤੇ ਮੈਂਬਰ ਮਾਸਟਰ ਰਵਿੰਦਰ ਸਿੰਘ ਅਤੇ ਅੰਮ੍ਰਿਤਪਾਲ ਸਿੰਘ ਨੇ ਤਰਕਪੂਰਨ ਤੇ ਵਿਗਿਆਨਿਕ ਸੋਚ ਨੂੰ ਦਰਸਾਉਂਦੀ ਵਿੱਦਿਆ, ਬੁੱਧੀ ਦੇ ਵਿਕਾਸ ਅਤੇ ਮਾਪਿਆਂ ਦੇ ਆਪਣੇ ਬੱਚਿਆਂ ਪ੍ਰਤੀ ਜ਼ਿੰਮੇਵਾਰੀ ਤੋਂ ਜਾਣੂ ਕਰਾਇਆ।ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਕਮੇਟੀ ਦੇ ਪ੍ਰਧਾਨ ਅੰਗਰੇਜ਼ ਸਿੰਘ ਤੇ ਗੁਰਪਿਆਰ ਸਿੰਘ ਨੇ ਪਹੁੰਚੇ ਹੋਏ ਮੁੱਖ ਮਹਿਮਾਨਾਂ ਦਾ ਧੰਨਵਾਦ ਕੀਤਾ।

## ਸਵੈ ਸਹਾਇਤਾ ਸਮੂਹਾਂ ਦੇ ਲੋਨ ਨੂੰ ਦਿੱਤੀ ਜਾਵੇ ਤਰਜ਼ੀਹ : ਏ ਡੀ ਸੀ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸਵੈ ਸਹਾਇਤਾ ਸਮੂਹਾਂ ਦੇ ਬੈਂਕ ਖਾਤੇ ਖੋਲ੍ਹਣ ਤੇ ਉਨ੍ਹਾਂ ਨੂੰ ਛੋਟੇ-ਮੋਟੇ ਕਾਰੋਬਾਰ ਸ਼ੁਰੂ ਕਰਨ ਲਈ ਸਵੈ ਸਹਾਇਤਾ ਲੋਨ ਪਹਿਲ ਦੇ ਆਧਾਰ 'ਤੇ ਜਾਰੀ ਕਰਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਮੈਡਮ ਕੰਚਨ ਨੇ ਜ਼ਿਲ੍ਹਾ ਪ੍ਰੀਸ਼ਦ ਵਿਖੇ ਜ਼ਿਲ੍ਹੇ ਦੇ ਬੈਂਕ ਮੈਨੇਜਰਾਂ ਦੀ ਕਰਾਈ ਗਈ ਇੰਟਰਪ੍ਰਾਇਜ ਫਾਇਨਾਸਿੰਗ ਸਬੰਧੀ ਵਿਸ਼ੇਸ਼ ਟ੍ਰੇਨਿੰਗ ਉਪਰੰਤ ਬੈਂਕ ਮੈਨੇਜਰਾਂ ਤੇ ਅਧਿਕਾਰੀਆਂ ਨਾਲ ਗੱਲਬਾਤ ਕਰਨ ਮੌਕੇ ਕੀਤਾ। ਵਧੀਕ ਡਿਪਟੀ ਕਮਿਸ਼ਨਰ ਨੇ ਸਮੂਹ ਬ੍ਰਾਂਚ ਮੈਨੇਜਰਾਂ ਨੂੰ ਕਿਹਾ ਕਿ ਉਹ ਸੀ.ਸੀ.ਐਲ. ਫਾਇਲਾਂ ਪ੍ਰਾਪਤ ਕਰਨ ਮੌਕੇ ਸਵੈ ਸਹਾਇਤਾ ਸਮੂਹਾਂ ਨੂੰ ਪ੍ਰਾਪਤੀ ਰਸੀਦ ਜਾਰੀ ਕਰਨ। ਨੈਸ਼ਨਲ ਇੰਸਟੀਚਿਊਟ ਆਫ ਰੂਰਲ ਡਿਵੈਲਪਮੈਂਟ, ਹੈਦਰਾਬਾਦ ਤੋਂ ਆਏ ਨੈਸ਼ਨਲ ਰਿਸੋਰਸ ਪਰਸਨ ਸ੍ਰੀ ਆਰ.ਕੇ ਅਰੋੜਾ ਨੇ ਬ੍ਰਾਂਚ ਮੈਨੇਜਰਾਂ ਨੂੰ ਇੰਟਰਪ੍ਰਾਇਜ ਫਾਇਨਾਸਿੰਗ ਦੀ ਸਿਖਲਾਈ ਦੌਰਾਨ ਰਿਜ਼ਰਵ ਬੈਂਕ ਆਫ ਇੰਡੀਆਂ ਦੇ ਨਵੇਂ ਸਰਕੂਲਰ ਸਵੈ ਸਹਾਇਤਾ ਸਮੂਹ ਦੀ ਗ੍ਰੇਡਿੰਗ, ਬੈਂਕ ਲਿਕਿੰਜ਼, ਡਿਜ਼ੀਟਲ ਫਾਇਨਾਂਸ, ਫਾਇਨਾਸ਼ੀਅਲ ਲਿਟਰੇਸੀ ਤੇ ਇੰਸ਼ੋਰੈਂਸ਼ ਆਦਿ ਵਿਸ਼ਿਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।

# ਅਕਾਲੀ ਸਰਕਾਰ ਬਣਨ 'ਤੇ ਮਾਲੇਰਕੋਟਲੇ ਵਾਲਿਆਂ ਦਾ ਖ਼ਾਸ ਖ਼ਿਆਲ ਰੱਖਿਆ ਜਾਵੇਗਾ : ਸੁਲੇਮਾਨ

**ਮਾਲੇਰਕੋਟਲਾ (ਅਸਗਰ ਪਰਿਹਾਰ)**

ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਮੈਂਬਰ ਤੇ ਹਲਕਾ ਮਾਲੇਰਕੋਟਲਾ ਤੋਂ ਇੰਚਾਰਜ ਬੀਬਾ ਜ਼ਾਹਿਦਾ ਸੁਲੇਮਾਨ ਨੇ ਜ਼ਿਲ੍ਹਾ ਮਾਲੇਰਕੋਟਲਾ 'ਚ ਪੈਂਦੇ ਦੋ ਵਿਧਾਨ ਸਭਾ ਹਲਕਿਆਂ ਅਮਰਗੜ੍ਹ ਤੇ ਮਾਲੇਰਕੋਟਲਾ ਦੇ ਜ਼ਿਲ੍ਹਾ ਡੈਲੀਗੇਟਾਂ ਨੂੰ ਨਾਲ ਲੈ ਕੇ ਪਿੰਡ ਬਾਦਲ ਵਿਖੇ ਪਾਰਟੀ ਪ੍ਰਧਾਨ ਸ੍ਰ. ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ।

ਉਨ੍ਹਾਂ ਜਥੇਦਾਰ ਤਰਲੋਚਨ ਸਿੰਘ ਧਲੇਰ ਨੂੰ ਮਾਲੇਰਕੋਟਲਾ ਅਕਾਲੀ ਦਲ ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤੇ ਜਾਣ ਤੇ ਪਾਰਟੀ ਪ੍ਰਧਾਨ ਦਾ ਧੰਨਵਾਦ ਕੀਤਾ ਤੇ ਜ਼ਿਲ੍ਹੇ ਦੇ ਸਿਆਸੀ ਹਾਲਾਤ ਬਾਰੇ ਵਿਚਾਰ-ਚਰਚਾ ਕੀਤੀ।

■ ਜ਼ਿਲ੍ਹੇ ਦੀ ਅਕਾਲੀ ਲੀਡਰਸ਼ਿਪ ਨੇ ਸੁਖਬੀਰ ਬਾਦਲ ਨਾਲ ਕੀਤੀ ਮੁਲਾਕਾਤ



ਸ੍ਰ. ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਤੋਂ ਬਾਅਦ ਇਥੇ ਇਕ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦਾ ਗ੍ਰਾਫ਼ ਦਿਨ-ਪ੍ਰਤੀ ਦਿਨ ਉਪਰ ਜਾ ਰਿਹਾ ਹੈ।ਅਕਾਲੀ ਆਗੂਆਂ ਤੇ ਵਰਕਰਾਂ ਅੰਦਰ ਬਹੁਤ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ।ਪਾਰਟੀ ਪ੍ਰਧਾਨ ਦੇ ਗ੍ਰਹਿ ਵਿਖੇ ਪੰਜਾਬ ਭਰਤ ਤੋਂ ਪੁੱਜੇ ਲੋਕਾਂ ਦੀ ਭੀੜ ਸਪੱਸ਼ਟ ਕਰਦੀ ਹੈ ਕਿ ਲੋਕ ਹੁਣ ਅਕਾਲੀ ਦਲ ਦੀ ਸਰਕਾਰ ਵੇਖਣਾ ਚਾਹੁੰਦੇ ਹਨ।ਉਨ੍ਹਾਂ ਕਿਹਾ ਕਿ ਸ. ਸੁਖਬੀਰ ਸਿੰਘ ਬਾਦਲ ਮਾਲੇਰਕੋਟਲਾ ਤੇ ਮੁਸਲਮਾਨਾਂ ਦੇ ਵਿਕਾਸ ਲਈ ਬਹੁਤ ਚਿੰਤਿਤ ਹਨ।ਉਨ੍ਹਾਂ ਵਾਅਦਾ ਕੀਤਾ ਕਿ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਮਾਲੇਰਕੋਟਲਾ ਵਾਸੀਆਂ ਦਾ ਖ਼ਾਸ ਖ਼ਿਆਲ ਰੱਖਿਆ ਜਾਵੇਗਾ।ਉਨ੍ਹਾਂ ਨੇ ਕਿਹਾ ਕਿ ਉਹ ਅਪਣੇ ਜ਼ਿਲ੍ਹਾ ਡੈਲੀਗੇਟਾਂ ਤੇ ਜ਼ਿਲ੍ਹਾ ਪ੍ਰਧਾਨ ਨਾਲ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕਰਨ ਆਏ ਸਨ।ਇਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਉਹ ਅਪਣੇ ਹਲਕੇ ਅੰਦਰ ਬਹੁਤ ਤਬਦੀਲੀਆਂ ਕਰਨਗੇ ਤੇ ਲਗਾਤਾਰ ਹਲਕੇ ਅੰਦਰ ਰਹਿ ਕੇ ਕੰਮ ਕੀਤਾ ਜਾਵੇਗਾ।ਪਾਰਟੀ ਨੂੰ ਬੂਥ ਪੱਧਰ ਤਕ ਸੰਗਠਤ ਕੀਤਾ ਜਾਵੇਗਾ ਤੇ ਪਾਰਟੀ ਅੰਦਰ ਨੌਜੁਆਨਾਂ ਨੂੰ ਨੁਮਾਇੰਦੀ ਦਿੱਤੀ ਜਾਵੇਗੀ।ਜ਼ਿਕਰਯੋਗ ਹੈ ਕਿ ਢੀਂਡਸਾ ਤੇ ਝੂੰਦਾਂ ਨੂੰ ਅਕਾਲੀ ਦਲ ਵਿੱਚੋਂ ਕੱਢੇ ਜਾਣ ਤੋਂ ਬਾਅਦ ਜ਼ਾਹਿਦਾ ਸੁਲੇਮਾਨ ਜ਼ਿਲ੍ਹੇ ਵਿੱਚ ਸੀਨੀਅਰ ਨੇਤਾ ਵਜੋਂ ਵਿਚਰ ਰਹੇ ਹਨ ਤੇ ਪਾਰਟੀ ਦੀਆਂ ਸਾਰੀਆਂ ਗਤੀਵਿਧੀਆਂ ਸੰਭਾਲ ਰਹੇ ਹਨ।

ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਜਥੇਦਾਰ ਸ੍ਰ. ਤਰਲੋਚਨ ਸਿੰਘ ਧਲੇਰ, ਚੌਧਰੀ ਮੁਹੰਮਦ ਸੁਲੇਮਾਨ ਨੋਨਾ, ਚੌਧਰੀ ਮੁਹੰਮਦ ਸ਼ਮਸ਼ਾਦ, ਇਕਬਾਲ ਮੁਹੰਮਦ ਹਥਣ, ਜਥੇਦਾਰ ਮਨਦੀਪ ਸਿੰਘ ਮਾਣਕਵਾਲ, ਜਥੇਦਾਰ ਰਾਜਪਾਲ ਸਿੰਘ ਰਾਜੂ ਚੱਕ, ਜਸਵੰਤ ਸਿੰਘ ਮਿੱਠੇਵਾਲ, ਜਥੇਦਾਰ ਮੁਕੰਦ ਸਿੰਘ ਧਾਲੀਵਾਲ, ਜਥੇਦਾਰ ਹਰਪ੍ਰੀਤ ਸਿੰਘ ਮਦੇਵੀ, ਜਥੇਦਾਰ ਗੁਰਪ੍ਰੀਤ ਸਿੰਘ ਬਈਏਆਲ, ਸ਼ਹਿਰੀ ਪ੍ਰਧਾਨ ਮੁਹੰਮਦ ਇਕਬਾਲ ਬਾਲਾ, ਮੁਹੰਮਦ ਮਹਿਮੂਦ ਅਲੀ, ਚੌਧਰੀ ਮੁਹੰਮਦ ਸਿੱਦੀਕ ਮੁਨਸ਼ੀ, ਜਥੇਦਾਰ ਸਤਬੀਰ ਸਿੰਘ ਅਮਰਗੜ੍ਹ, ਗੁਰਸ਼ਰਨ ਸਿੰਘ ਸਰਨਾ ਚੱਠਾ ਅਮਰਗੜ੍ਹ, ਜਥੇਦਾਰ ਅਵਤਾਰ ਸਿੰਘ ਮਿੱਠੇਵਾਲ ਤੇ ਜਗਜੀਤ ਸਿੰਘ ਮਿੱਠੇਵਾਲ ਸਮੇਤ ਕਈ ਅਕਾਲੀ ਆਗੂ ਹਾਜ਼ਰ ਸਨ।

## ਫਤਿਹ ਕਾਲਜ ਦਾ ਐੱਮ ਐੱਸ ਸੀ ਫੈਸ਼ਨ ਡਿਜ਼ਾਇਨ ਐਂਡ ਟੈਕਨਾਲੋਜੀ ਦਾ ਨਤੀਜਾ ਸ਼ਾਨਦਾਰ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਫਤਿਹ ਕਾਲਜ ਰਾਮਪੁਰਾ ਫੂਲ ਦੇ ਫੈਸ਼ਨ ਟੈਕਨਾਲੋਜੀ ਵਿਭਾਗ ਵੱਲੋਂ ਐੱਮ ਐੱਸਸੀ ਫੈਸ਼ਨ ਡਿਜ਼ਾਇਨ ਐਂਡ ਟੈਕਨਾਲੋਜੀ ਪਹਿਲੇ ਸਾਲ ਦੇ ਨਤੀਜੇ ਸ਼ਾਨਦਾਰ ਰਹੇ। ਵਿਭਾਗ ਮੁਖੀ ਪ੍ਰੋ. ਰਮਨਪ੍ਰੀਤ ਕੌਰ ਨੇ ਦੱਸਿਆ ਕਿ ਉਕਤ ਨਤੀਜਿਆਂ ਵਿੱਚੋਂ ਜਸ਼ਨਪ੍ਰੀਤ ਕੌਰ ਨੇ 415/500 (83%) ਅੰਕ ਪ੍ਰਾਪਤ ਕਰਕੇ ਪਹਿਲੀ ਪੁਜ਼ੀਸ਼ਨ ਹਾਸਲ ਕੀਤੀ, ਜਦਕਿ ਅੰਮ੍ਰਿਤਪਾਲ ਕੌਰ ਨੇ 414/500 (82.8%) ਅੰਕ ਲੈ ਕੇ ਦੂਜੀ ਤੇ ਸੁਖਦੀਪ ਕੌਰ ਨੇ 412/500 (82.5%) ਅੰਕ ਲੈ ਕੇ ਤੀਜੀ ਪੁਜ਼ੀਸ਼ਨ ਹਾਸਲ ਕੀਤੀ। ਸਹਾਇਕ ਡਾਇਰੈਕਟਰ ਪ੍ਰੋ. ਜਸਵਿੰਦਰ ਸਿੰਘ, ਡੀਨ ਅਕਾਦਮਿਕ ਡਾ. ਜਗਵਿੰਦਰ ਸਿੰਘ ਸਿੱਧੂ, ਪ੍ਰਿੰਸੀਪਲ ਬਘੇਲ ਸਿੰਘ, ਪ੍ਰੋ. ਸੁਖਪ੍ਰੀਤ ਕੌਰ, ਪ੍ਰੋ. ਗਗਨਦੀਪ ਕੌਰ, ਸੀਨੀਅਰ ਪ੍ਰੋ. ਕੁਮਾਰੀ ਸ਼ੈਲਜਾ ਨੇ ਉਕਤ ਨਤੀਜਿਆਂ 'ਤੇ ਤਸੱਲੀ ਪ੍ਰਗਟ ਕਰਦਿਆਂ ਮੁਬਾਰਕਬਾਦ ਦਿੱਤੀ।ਚੇਅਰਮੈਨ ਐੱਸ. ਐੱਸ. ਚੱਠਾ ਨੇ ਵਿਦਿਆਰਥਣਾਂ ਦੀ ਪ੍ਰਾਪਤੀ 'ਤੇ ਖ਼ੁਸ਼ੀ ਜਤਾਉਂਦਿਆਂ ਕਿਹਾ ਕਿ ਫੈਸ਼ਨ ਤੇ ਟੈਕਨਾਲੋਜੀ ਦੇ ਖੇਤਰ ਵਿੱਚ ਵਿਦਿਆਰਥੀਆਂ ਨੇ ਜੋ ਪ੍ਰਾਪਤੀ ਦਰਜ ਕੀਤੀ ਹੈ, ਉਹ ਸਾਡੇ ਸੰਸਥਾਨ ਦੀ ਗੁਣਵੱਤਾ ਨੂੰ ਦਰਸਾਉਂਦੀ ਹੈ।ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਇਨ੍ਹਾਂ ਦੀ ਸਫਲਤਾ ਹੋਰ ਨਵੇਂ ਵਿਦਿਆਰਥੀਆਂ ਲਈ ਪ੍ਰੇਰਨਾ ਬਣੇਗੀ।ਉਨ੍ਹਾਂ ਫੈਸ਼ਨ ਟੈਕਨਾਲੋਜੀ ਦੀ ਪੜ੍ਹਾਈ ਨੂੰ ਵਿਦਿਆਰਥੀਆਂ ਲਈ ਅਤਿ ਲਾਹੇਵੰਦ ਦੱਸਿਆ।ਸਹਾਇਕ ਡਾਇਰੈਕਟਰ ਪਬਲਿਕ ਰਿਲੇਸ਼ਨ ਪ੍ਰੋ. ਹਰਪ੍ਰੀਤ ਸ਼ਰਮਾ, ਆਈ ਟੀ ਸੈੱਲ ਮੁਖੀ ਪ੍ਰੋ. ਸੰਨਵਿੰਦਰ ਸਿੰਘ ਨੇ ਕਿਹਾ ਕਿ ਲੜਕੀਆਂ ਨੂੰ ਫੈਸ਼ਨ ਟੈਕਨਾਲੋਜੀ ਦੀ ਪੜ੍ਹਾਈ ਕਰਕੇ ਪੰਜਾਬ ਤੋਂ ਇਲਾਵਾ ਵੱਖ ਵੱਖ ਦੇਸ਼ਾਂ ਵਿਦੇਸ਼ਾਂ ਵਿੱਚ ਰੁਜ਼ਗਾਰ ਦੇ ਵੱਡੇ ਮੌਕੇ ਮਿਲਦੇ ਹਨ।

## ਸਰਕਾਰੀ ਹਾਈ ਸਕੂਲ ਮਹਿਲ ਖੁਰਦ ਦੀ ਮੈਨੇਜਮੈਂਟ ਕਮੇਟੀ ਦੀ ਚੋਣ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਸਿੱਖਿਆ ਅਫ਼ਸਰ ਸੁਨੀਤਇੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਰਕਾਰੀ ਹਾਈ ਸਕੂਲ ਮਹਿਲ ਖੁਰਦ ਵਿਖੇ ਨਵੀਂ ਸਕੂਲ ਮੈਨੇਜਮੈਂਟ ਕਮੇਟੀ ਦਾ ਗਠਨ ਕੀਤਾ ਗਿਆ।ਇਸ ਮੌਕੇ ਹੈੱਡ ਮਾਸਟਰ ਕੁਲਦੀਪ ਸਿੰਘ ਕਮਲ ਨੇ ਦੱਸਿਆ ਕਿ ਸਰਪੰਚ ਹਰਪਾਲ ਸਿੰਘ ਸਮੁੱਚੀ ਗ੍ਰਾਮ ਪੰਚਾਇਤ, ਵਿਦਿਆਰਥੀਆਂ ਦੇ ਮਾਪੇ ਤੇ ਮੋਹਤਬਰਾਂ ਦੀ ਹਾਜ਼ਰੀ 'ਚ ਸਰਬਸੰਮਤੀ ਨਾਲ ਸੈਸ਼ਨ 2025-27 ਲਈ ਦੋ ਸਾਲ ਦੇ ਕਾਰਜਕਾਲ ਲਈ ਸਕੂਲ ਮੈਨੇਜਮੈਂਟ ਕਮੇਟੀ ਦਾ ਗਠਨ ਕੀਤਾ ਗਿਆ।ਇਸ ਮੌਕੇ ਸ੍ਰੀ ਰਕੇਸ਼ ਕੁਮਾਰ ਨੂੰ ਚੇਅਰਮੈਨ ਤੇ ਪਰਮਜੀਤ ਕੌਰ ਨੂੰ ਉੱਪ-ਚੇਅਰਮੈਨ ਚੁਣਿਆ ਗਿਆ।ਸਰਕਾਰ ਦੇ ਪ੍ਰਤੀਨਿਧ ਤੌਰ 'ਤੇ ਗੁਰਜੀਤ ਸਿੰਘ ਧਾਲੀਵਾਲ ਸਿੱਖਿਆ ਸ਼ਾਸਤਰੀ, ਗੁਰਜੰਟ ਸਿੰਘ ਮੇਜਰ ਸੂਬੇਦਾਰ, ਪੰਚਾਇਤ ਮੈਂਬਰ ਵਿਜੈ ਕੁਮਾਰ ਤੇ ਅਧਿਆਪਕਾ ਸ੍ਰੀਮਤੀ ਬਲਵਿੰਦਰ ਕੌਰ ਨੂੰ ਨਾਮਜ਼ਦ ਕੀਤਾ ਗਿਆ।ਮਾਪੇ ਮੈਂਬਰ ਦੇ ਤੌਰ 'ਤੇ ਮਨਜੀਤ ਸਿੰਘ, ਜਸਵਿੰਦਰ ਸਿੰਘ, ਜਸਵੀਰ ਸਿੰਘ, ਗੁਰਿੰਦਰ ਸਿੰਘ, ਤਰਸੇਮ ਸਿੰਘ, ਕਿਰਨਜੀਤ ਕੌਰ, ਅਮਨਦੀਪ ਕੌਰ, ਗੋਗੀ ਕੌਰ, ਕਿਰਨਾ ਰਾਣੀ, ਮਨਜੀਤ ਕੌਰ ਦੀ ਚੋਣ ਕੀਤੀ ਗਈ।ਅਖੀਰ ਵਿੱਚ ਵਾਇਸ ਇੰਚਾਰਜ ਜਸਵਿੰਦਰਪਾਲ ਸਿੰਘ ਬੁੱਟਰ ਨੇ ਸਾਰਿਆਂ ਦਾ ਧੰਨਵਾਦ ਕੀਤਾ।

## ਛਾਜਲੀ 'ਚ ਇੱਕੋ ਰਾਤ ਤਿੰਨ ਦੁਕਾਨਾਂ 'ਤੇ ਚੋਰੀਆਂ




**ਦਿੜ੍ਹਬਾ (ਜਸਵੀਰ ਲਾਡੀ)**-ਇੱਥੋਂ ਨੇੜਲੇ ਪਿੰਡ ਛਾਜਲੀ ਵਿਖੇ ਇੱਕੋ ਰਾਤ ਤਿੰਨ ਚੋਰੀਆਂ ਹੋਈਆਂ।ਵੱਖ-ਵੱਖ ਥਾਂਵਾਂ ਤੋਂ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਚੋਰਾਂ ਨੇ ਦੋ ਦੁਕਾਨਾਂ ਜੋ ਛਾਜਲੀ ਪਿੰਡ ਦੀ ਜੋ ਮੇਨ ਸੜਕ ਸਟੇਸ਼ਨ ਤੋਂ ਮੇਨ ਬਜ਼ਾਰ ਨੂੰ ਜਾਂਦੀ ਹੈ, ਉਸ 'ਤੇ ਸਟਾਰ ਟੈਲੀਕੋਮ ਦੁਕਾਨ ਦਾ ਸ਼ਟਰ ਤੋੜ ਕੇ ਗੱਲ੍ਹੇ ਵਿੱਚ ਪਏ 2400-2500/- ਚੋਰੀ ਕਰ ਲਏ ਅਤੇ ਜਾਂਦੇ ਹੋਏ ਚਾਰ-ਪੰਜ ਨਵੇਂ-ਪੁਰਾਣੇ ਫੋਨ ਵੀ ਚੁੱਕ ਕੇ ਲੈ ਗਏ।ਦੂਜੀ ਚੋਰੀ ਮਿੱਠੂ ਫਰੈਂਡਜ਼ ਕੈਫੇ ਦਾ ਵੀ ਸ਼ਟਰ ਤੋੜ ਕੇ ਗੱਲ੍ਹੇ ਵਿੱਚ ਪਏ 14000-15000/- ਚੋਰੀ ਕਰ ਲਏ, ਪਰ ਦੁਕਾਨ ਅੰਦਰ ਹੋਰ ਪਏ ਸਾਮਾਨ ਦਾ ਕੋਈ ਨੁਕਸਾਨ ਨਹੀਂ ਕੀਤਾ।ਤੀਸਰੀ ਚੋਰੀ ਜਾਖਲ ਰੋਡ ਸੁਨਾਮ 'ਤੇ ਬਣੇ ਵਿਸ਼ਵਾਸ ਪੈਸਟੀਸਾਇਡ ਛਾਜਲੀ 'ਤੇ ਹੋਈ।ਸਟੋਰ ਦੇ ਮਾਲਕ ਧਰਮਪਾਲ ਸ਼ਰਮਾ ਨੇ ਦੱਸਿਆ ਕਿ ਚੋਰਾਂ ਨੇ ਇੱਕ ਸਾਇਡ ਤੋਂ ਸ਼ਟਰ ਤੋੜ ਕੇ ਅੰਦਰ ਵੜ ਗਏ।ਇੱਥੇ ਵੀ ਚੋਰਾਂ ਨੇ ਗੱਲ੍ਹੇ ਵਿੱਚ ਪਏ ਲੱਗਭੱਗ 10,000/- ਚੋਰੀ ਕਰ ਲਏ ਤੇ ਨਾਲ ਪਏ ਗਊਸ਼ਾਲਾ ਦੇ ਗੱਲ੍ਹੇ ਵਿੱਚੋਂ ਤੇ ਦੁਕਾਨ ਦੇ ਗੱਲ੍ਹੇ ਵਿੱਚੋਂ ਵੱਡੇ ਨੋਟ ਚੋਰਾਂ ਨੇ ਚੋਰੀ ਕਰ ਲਏ, ਪਰ ਛੋਟੇ ਨੋਟ ਦੋਹਾਂ ਗੱਲ੍ਹਿਆਂ ਵਿੱਚ ਪਏ ਰਹਿਣ ਦਿੱਤੇ।ਚੋਰ ਇੰਨੇ ਚੁਸਤ-ਚਲਾਕ ਸੀ ਕਿ ਜਾਂਦੇ-ਜਾਂਦੇ ਕੈਮਰਾ ਤੇ ਡੀ.ਵੀ.ਆਰ. ਵੀ ਨਾਲ ਲੈ ਗਏ।ਚੇਤੇ ਰਹੇ ਕਿ ਚੋਰ ਐਨੇ ਨਿਧੜਕ ਹਨ ਕਿ ਚੋਰੀ ਵਾਲੀਆਂ ਤਿੰਨੇ ਥਾਵਾਂ ਪੁਲਸ ਸਟੇਸ਼ਨ ਤੋਂ ਅੱਧਾ ਕਿਲੋਮੀਟਰ 'ਤੇ ਸਥਿਤ ਹੈ ਤੇ ਦੋਵੇਂ ਰੋਡ 24 ਘੰਟੇ ਚੱਲਦੇ ਹਨ।ਤਿੰਨੋਂ ਚੋਰੀਆਂ ਦੀ ਥਾਣਾ ਛਾਜਲੀ ਵਿਖੇ ਇਤਲਾਹ ਕਰ ਦਿੱਤੀ ਹੈ ਤੇ ਪੁਲਸ ਚੋਰਾਂ ਦੀ ਭਾਲ ਵਿੱਚ ਲੱਗ ਗਈ ਹੈ।

## ਡਾਇਟ ਨਾਭਾ ਦਾ ਨਤੀਜਾ 100 ਫੀਸਦੀ, ਹੋਣਹਾਰ ਵਿਦਿਆਰਥੀ ਸਨਮਾਨਤ




**ਨਾਭਾ (ਵਰਿੰਦਰ ਵਰਮਾ)**-ਐੱਸ ਸੀ ਈ ਆਰ ਟੀ ਮੋਹਾਲੀ ਵੱਲੋਂ (ਡੀਐੱਲਐੱਡ) ਡਿਪਲੋਮਾ ਇਨ ਐਲੀਮੈਂਟਰੀ ਐਜੂਕੇਸ਼ਨ ਭਾਗ ਦੂਜਾ ਦਾ ਸੰਯੁਕਤ ਨਤੀਜਾ ਘੋਸ਼ਿਤ ਕੀਤਾ ਗਿਆ, ਜਿਸ ਵਿੱਚ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ (ਡਾਇਟ) ਨਾਭਾ ਦਾ ਨਤੀਜਾ 100 ਫੀਸਦੀ ਰਿਹਾ।ਇਸ ਸੰਸਥਾ ਦੇ 79 ਵਿਦਿਆਰਥੀਆਂ ਵਿੱਚੋਂ 63 ਵਿਦਿਆਰਥੀਆਂ ਨੇ 80 ਫੀਸਦੀ ਤੋਂ ਵੱਧ ਅੰਕ ਹਾਸਲ ਕੀਤੇ, ਜਿਨ੍ਹਾਂ ਵਿੱਚ ਡਿੰਪੀ ਰਾਣੀ ਪੁੱਤਰੀ ਰਾਮ ਸਰੂਪ ਨੇ 1916/2100 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ।ਇਸ ਸੰਸਥਾ ਦੀ ਵਿਦਿਆਰਥਣ ਲਵਪ੍ਰੀਤ ਕੌਰ ਪੁੱਤਰੀ ਸੁਖਪਾਲ ਸਿੰਘ ਨੇ 1902/2100 ਅੰਕ ਪ੍ਰਾਪਤ ਕਰਕੇ ਦੂਸਰਾ ਤੇ ਰਮਨਦੀਪ ਕੌਰ ਪੁੱਤਰੀ ਸ਼ਾਮ ਲਾਲ ਵੱਲੋਂ 1892/2100 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ ਗਿਆ।ਵਿਦਿਆਰਥੀਆਂ ਦੀ ਇਸ ਪ੍ਰਾਪਤੀ ਉੱਪਰ ਸੰਸਥਾ ਵੱਲੋਂ ਪ੍ਰਿੰਸੀਪਲ ਸੰਦੀਪ ਨਾਗਰ ਦੀ ਅਗਵਾਈ ਹੇਠ ਇਨ੍ਹਾਂ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਪ੍ਰਿੰਸੀਪਲ ਸੰਦੀਪ ਨਾਗਰ ਵੱਲੋਂ ਵਿਦਿਆਰਥੀਆਂ ਦੀ ਕਾਰਗੁਜ਼ਾਰੀ 'ਤੇ ਸੰਤੋਸ਼ ਪ੍ਰਗਟ ਕਰਦੇ ਹੋਏ ਵਿਦਿਆਰਥੀਆਂ ਨੂੰ ਦੋ ਸਾਲਾ (ਡੀਐੱਲਐੱਡ) ਡਿਪਲੋਮਾ ਇਨ ਐਲੀਮੈਂਟਰੀ ਐਜੂਕੇਸ਼ਨ ਕੋਰਸ ਸਫਲਤਾ ਪੂਰਵਕ ਪਾਸ ਕਰਨ 'ਤੇ ਵਧਾਈ ਦਿੱਤੀ ਤੇ ਨਾਲ ਹੀ ਅਗਲੇਰੇ ਜੀਵਨ ਲਈ ਸ਼ੁੱਭ-ਕਾਮਨਾਵਾਂ ਵੀ ਦਿੱਤੀਆਂ। ਇਸ ਸਮੇਂ ਸਟਾਫ ਮੈਂਬਰ ਲੈਕਚਰਾਰ ਯਾਦਵਿੰਦਰ ਕੁਮਾਰ, ਡਾਕਟਰ ਅਜੀਤ ਸਿੰਘ, ਰਵਿੰਦਰ ਕੁਮਾਰ ਸ਼ਰਮਾ, ਮੋਨਿਕਾ ਤੇ ਟੀਚਿੰਗ ਸਟਾਫ ਸੋਨੀਆ ਧੀਰ, ਪ੍ਰੀਤੀ, ਜਸਪ੍ਰੀਤ ਕੌਰ, ਆਸ਼ਾ ਰਾਣੀ ਤੇ ਨਾਨ ਟੀਚਿੰਗ ਸਟਾਫ ਸੰਜੀਵ ਕੁਮਾਰ ਸੀਨੀਅਰ ਸਹਾਇਕ ਤੇ ਕਲਰਕ ਅਮਿਤ ਕੁਮਾਰ ਵੀ ਹਾਜ਼ਰ ਸਨ।

## ਕਾਮਰੇਡ ਰਣਬੀਰ ਸਿੰਘ ਢਿੱਲੋਂ ਦੀ ਪਹਿਲੀ ਬਰਸੀ 'ਤੇ ਸਮਾਗਮ 19 ਨੂੰ



**ਕੋਟਕਪੂਰਾ (ਰਛਪਾਲ ਭੁੱਲਰ)**-ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਕਨਫੈੱਡਰੇਸ਼ਨ ਦੇ ਕੌਮੀ ਆਗੂ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਦੇ ਸੂਬਾਈ ਚੇਅਰਮੈਨ ਕਾਮਰੇਡ ਰਣਬੀਰ ਸਿੰਘ ਢਿੱਲੋਂ, ਜੋ ਪਿਛਲੇ ਸਾਲ ਸਦੀਵੀ ਵਿਛੋੜਾ ਦੇ ਗਏ ਸਨ, ਦੇ ਪਹਿਲੀ ਬਰਸੀ ਦੇ ਸਮਾਗਮ 19 ਜੁਲਾਈ ਨੂੰ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ।ਇਹ ਜਾਣਕਾਰੀ ਦਿੰਦੇ ਹੋਏ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾਈ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਸਰਪ੍ਰਸਤ ਚਰਨ ਸਿੰਘ ਸਰਾਭਾ, ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ ਤੇ ਗੁਰਜੀਤ ਸਿੰਘ ਘੋੜੇਵਾਹ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਐਡੀਸ਼ਨਲ ਜਨਰਲ ਸਕੱਤਰ ਕਰਤਾਰ ਸਿੰਘ ਪਾਲ ਤੇ ਪ੍ਰੇਮ ਚਾਵਲਾ, ਪਰਵੀਨ ਕੁਮਾਰ ਲੁਧਿਆਣਾ, ਰਣਦੀਪ ਸਿੰਘ ਫਤਿਹਗੜ੍ਹ ਸਾਹਿਬ, ਪ੍ਰੈੱਸ ਸਕੱਤਰ ਟਹਿਲ ਸਿੰਘ ਸਰਾਭਾ ਤੇ ਪ੍ਰਭਜੀਤ ਸਿੰਘ ਉੱਪਲ ਨੇ ਦੱਸਿਆ ਕਿ ਇਨ੍ਹਾਂ ਸਮਾਗਮਾਂ ਦੌਰਾਨ ਸਾਥੀ ਰਣਬੀਰ ਸਿੰਘ ਢਿੱਲੋਂ ਦੇ ਲੰਮੇ ਸੰਘਰਸ਼ਮਈ ਜੀਵਨ ਬਾਰੇ, ਸੰਘਰਸ਼ ਸ਼ਾਂਤ ਦੌਰਾਨ ਕੀਤੀਆਂ ਗਈਆਂ ਪ੍ਰਾਪਤੀਆਂ ਬਾਰੇ ਤੇ ਮੌਜੂਦਾ ਸਮੇਂ ਦੌਰਾਨ ਮੁਲਾਜ਼ਮ ਵਰਗ ਨੂੰ ਦਰਪੇਸ਼ ਚੁਣੌਤੀਆਂ ਸਬੰਧੀ ਵਿਚਾਰ ਚਰਚਾ ਕੀਤੀ ਜਾਵੇਗੀ।ਇਸ ਦੌਰਾਨ ਫਰੀਦਕੋਟ ਜ਼ਿਲ੍ਹੇ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਆਗੂ ਕੁਲਵੰਤ ਸਿੰਘ ਚਾਨੀ, ਅਸ਼ੋਕ ਕੌਸ਼ਲ, ਇਕਬਾਲ ਸਿੰਘ ਮੰਘੇੜਾ, ਸੋਮ ਨਾਥ ਅਰੋੜਾ, ਨਛੱਤਰ ਸਿੰਘ ਭਾਣਾ, ਇਕਬਾਲ ਸਿੰਘ ਢੁੱਡੀ ਤੇ ਬਲਕਾਰ ਸਿੰਘ ਸਹੋਤਾ ਨੇ ਦੱਸਿਆ ਕਿ 19 ਜੁਲਾਈ ਨੂੰ ਸਵੇਰੇ ਠੀਕ 10 ਵਜੇ ਸ਼ਹੀਦ ਭਗਤ ਸਿੰਘ ਪਾਰਕ ਨੇੜੇ ਪੁਰਾਣਾ ਕਿਲ੍ਹਾ ਕੋਟਕਪੂਰਾ ਵਿਖੇ ਸਾਥੀ ਰਣਬੀਰ ਸਿੰਘ ਢਿੱਲੋਂ ਦਾ ਪਹਿਲਾ ਬਰਸੀ ਸਮਾਗਮ ਮਨਾਇਆ ਜਾਵੇਗਾ।

## ਰੁੱਖਾਂ ਨੂੰ ਕੱਟਣ ਦਾ ਅਮਲ ਵਾਤਾਵਰਣ ਦੇ ਨਾਲ-ਨਾਲ ਪੰਛੀਆਂ, ਜਾਨਵਰਾਂ ਦੀਆਂ ਰੱਖਾਂ ਨੂੰ ਤਬਾਹ ਕਰਨ ਦੇ ਤੁੱਲ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਕੁਝ ਸਮੇਂ ਤੋਂ ਸੜਕਾਂ ਦੇ ਆਲੇ-ਦੁਆਲੇ ਅਤੇ ਹੋਰ ਜੋ ਵੱਡੀਆਂ-ਵੱਡੀਆਂ ਪੰਛੀਆਂ ਤੇ ਜਾਨਵਰਾਂ ਦੀਆਂ ਰੱਖਾਂ ਨਿਰੰਤਰ ਲੰਮੇ ਸਮੇਂ ਤੋਂ ਕਾਇਮ ਹਨ, ਉਨ੍ਹਾਂ ਨੂੰ ਦਿਸ਼ਾਹੀਣ ਨੀਤੀਆਂ ਰਾਹੀਂ ਕੀਤੀ ਜਾ ਰਹੀ ਕਟਾਈ ਕੇਵਲ ਵਾਤਾਵਰਣ ਨੂੰ ਹੀ ਵੱਡਾ ਨੁਕਸਾਨ ਨਹੀਂ ਕਰ ਰਹੀ, ਬਲਕਿ ਸਾਡੇ ਵੱਖ-ਵੱਖ ਕਿਸਮ ਦੇ ਜਾਨਵਰਾਂ ਤੇ ਪੰਛੀਆਂ ਦੀਆਂ ਰੱਖਾਂ ਨੂੰ ਵੀ ਤਬਾਹ ਕਰਨ ਦੇ ਵੱਡੇ ਦੁੱਖਦਾਇਕ ਅਮਲ ਹੋ ਰਹੇ ਹਨ, ਜਿਸ ਉਤੇ ਸਖਤੀ ਨਾਲ ਰੋਕ ਲੱਗਣੀ ਜ਼ਰੂਰੀ ਹੈ।ਇਹ ਵਿਚਾਰ ਸ੍ਰ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਮੁਲਕ ਵਿੱਚ ਵੱਡੇ-ਵੱਡੇ ਜੰਗਲਾਂ, ਰੱਖਾਂ, ਸੜਕਾਂ ਤੇ ਰਸਤਿਆ ਕਿਨਾਰਿਆਂ ਲੱਗੇ ਦਰੱਖਤਾਂ ਤੇ ਰੁੱਖਾਂ ਨੂੰ ਬਹੁਤ ਤੇਜ਼ੀ ਨਾਲ ਬਿਨਾਂ ਕਿਸੇ ਨੀਤੀ ਅਧੀਨ ਕੱਟੇ ਜਾਣ ਉੱਤੇ ਇਥੋਂ ਦੇ ਵਾਤਾਵਰਣ ਨੂੰ ਖਰਾਬ ਕਰਨ ਦਾ ਦੋਸ਼ ਲਗਾਉਂਦੇ ਹੋਏ ਅਤੇ ਜਾਨਵਰਾਂ ਤੇ ਪੰਛੀਆਂ ਦੀਆਂ ਰੱਖਾਂ ਨੂੰ ਤਬਾਹ ਕਰਨ 'ਤੇ ਗਹਿਰਾ ਦੁੱਖ ਜ਼ਾਹਰ ਕਰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਇਸ ਗੱਲ 'ਤੇ ਵੀ ਡੂੰਘਾਂ ਦੁੱਖ ਜ਼ਾਹਰ ਕੀਤਾ ਕਿ ਜੋ ਰੁੱਖਾਂ ਦੀ ਕਟਾਈ ਸੰਬੰਧੀ ਦੁੱਖਦਾਇਕ ਅਮਲ ਹੋ ਰਹੇ ਹਨ, ਉਸ ਉਤੇ ਮੁਲਕ ਦੀ ਸੁਪਰੀਮ ਕੋਰਟ ਵੱਲੋਂ ਵੀ ਕੋਈ ਹਾਂ-ਵਾਚਕ ਅਮਲ ਨਹੀਂ ਹੋ ਰਿਹਾ।ਫਿਰ ਜੋ ਮੁਲਕ ਦੇ ਜੰਗਲਾਤ ਵਿਭਾਗ ਦੇ ਵਜ਼ੀਰ ਹਨ, ਜਿਨ੍ਹਾਂ ਨੂੰ ਵਾਤਾਵਰਣ, ਪੰਛੀਆਂ, ਜਾਨਵਰਾਂ ਨਾਲ ਪਿਆਰ ਨਹੀਂ ਹੈ, ਉਹ ਇਸ ਗੰਭੀਰ ਵਿਸ਼ੇ ਉੱਤੇ ਚੁੱਪ ਰਹਿ ਕੇ ਗੈਰ-ਜ਼ਿੰਮੇਵਰਾਨਾ ਅਮਲ ਕਰ ਰਹੇ ਹਨ।ਅਜਿਹੇ ਵਜ਼ੀਰ ਨੂੰ ਤੁਰੰਤ ਬਦਲ ਦੇਣਾ ਚਾਹੀਦਾ ਹੈ, ਜਿਸ ਨੂੰ ਵਾਤਾਵਰਣ, ਜਾਨਵਰਾਂ, ਪੰਛੀਆਂ ਨਾਲ ਪਿਆਰ ਨਾ ਹੋਵੇ।ਸ੍ਰ. ਮਾਨ ਨੇ ਮੰਗ ਕੀਤੀ ਕਿ ਜੰਗਲਾਂ, ਰੱਖਾਂ ਦੀ ਪੂਰਨ ਹਿਫਾਜ਼ਤ ਲਈ ਪਹਿਲੋਂ ਬਣਾਏ ਹੋਏ ਕਾਨੂੰਨਾਂ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ ਤੇ ਇਨ੍ਹਾਂ ਨੂੰ ਸੁਰੱਖਿਅਤ ਰੱਖਣ ਲਈ ਹੋਰ ਵਧੇਰੇ ਕਾਰਗਰ ਢੰਗ ਨਾਲ ਅਮਲ ਹੋਣੇ ਚਾਹੀਦੇ ਹਨ, ਤਾਂ ਕਿ ਮੁਲਕ ਦਾ ਵਾਤਾਵਰਣ, ਜਾਨਵਰਾਂ ਤੇ ਪੰਛੀਆਂ ਦੇ ਵਧਣ-ਫੁੱਲਣ ਦੇ ਮੌਕਿਆਂ ਦੀ ਭਰਮਾਰ ਹੋ ਸਕੇ ਤੇ ਇਥੇ ਵਸਣ ਵਾਲਾ ਇਨਸਾਨ ਚੰਗੇ ਵਾਤਾਵਰਣ ਵਿੱਚ ਜ਼ਿੰਦਗੀ ਬਤੀਤ ਕਰ ਸਕੇ।

## ਈਜ਼ੀ ਰਜਿਸਟ੍ਰੇਸ਼ਨ ਸਕੀਮ ਤਹਿਤ ਸਬ-ਤਹਿਸੀਲ ਧਾਰੀਵਾਲ ਵਿਖੇ ਰਜਿਸਟ੍ਰੇਸ਼ਨ ਸ਼ੁਰੂ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਖੱਜਲ ਖੁਆਰੀ ਘਟਾਉਣ ਲਈ ਸ਼ੁਰੂ ਕੀਤੀ ਗਈ ਈਜ਼ੀ ਰਜਿਸਟ੍ਰੇਸ਼ਨ ਸਕੀਮ ਤਹਿਤ ਸਥਾਨਕ ਸਬ ਤਹਿਸੀਲ ਧਾਰੀਵਾਲ ਵਿਖੇ ਵੀ ਰਜਿਸਟ੍ਰੇਸ਼ਨ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕਰਮਜੀਤ ਸਿੰਘ ਨਾਇਬ ਤਹਿਸੀਲਦਾਰ ਧਾਰੀਵਾਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਸ ਪਹਿਲਕਦਮੀ ਤਹਿਤ ਸਬ ਤਹਿਸੀਲ ਵਿੱਚ ਕੰਮ ਕਰਵਾਉਣ ਲਈ ਆਉਣ ਵਾਲੇ ਆਮ ਲੋਕਾਂ ਅਤੇ ਦਫਤਰੀ ਸਟਾਫ ਲਈ ਸਾਫ ਸੁਥਰੇ ਕਮਰੇ ਤਿਆਰ ਕੀਤੇ ਗਏ ਹਨ ਜਿਨ੍ਹਾਂ ਵਿੱਚ ਪਬਲਿਕ ਦੇ ਬੈਠਣ ਲਈ ਢੁੱਕਵੇਂ ਪ੍ਰਬੰਧ ਸਮੇਤ ਏਸੀ ਆਦਿ ਲਗਾ ਕੇ ਲੋਕਾਂ ਦੀ ਸਹੂਲਤ ਦਾ ਹਰ ਖਿਆਲ ਰੱਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਈਜ਼ੀ ਰਜਿਸਟ੍ਰੇਸ਼ਨ ਤਹਿਤ ਕੋਈ ਵੀ ਵਿਅਕਤੀ ਖੁਦ ਵੀ ਰਜਿਸਟਰੀ ਤਿਆਰ ਕਰ ਸਕਦਾ ਹੈ ਅਤੇ ਦਫਤਰ ਵਿੱਚ ਹਾਜ਼ਰ ਸਟਾਫ ਪਾਸੋਂ ਵੀ ਰਜਿਸਟਰੀ ਤਿਆਰ ਕਰਵਾ ਸਕਦਾ ਹੈ। ਰਜਿਸਟਰੀ ਤਿਆਰ ਕਰਵਾਉਣ ਉਪਰੰਤ ਆਨਲਾਈਨ ਅਪਾਇੰਟਮੈਂਟ ਲੈ ਕੇ ਦਫਤਰ ਵਿੱਚ ਆਪਣੀ ਰਜਿਸਟ੍ਰੇਸ਼ਨ ਪ੍ਰਕਿਰਿਆ ਮੁਕੰਮਲ ਕਰਵਾਈ ਜਾ ਸਕਦੀ ਹੈ, ਜਿਸਦੀ ਜਾਣਕਾਰੀ ਸਾਰੀ ਸਮੇਂ ਸਮੇਂ 'ਤੇ ਵਿਅਕਤੀ ਨੂੰ ਉਸਦੇ ਵਟਸਐਪ 'ਤੇ ਮਿਲਦੀ ਰਹੇਗੀ। ਇਸ ਮੌਕੇ ਉਨ੍ਹਾਂ ਇਸ ਸਕੀਮ ਤਹਿਤ ਰਜਿਸਟਰਡ ਕੀਤਾ ਗਿਆ ਪਹਿਲਾ ਦਸਤਾਵੇਜ਼ ਖਰੀਦਦਾਰ ਨੂੰ ਦਿੰਦਿਆਂ ਵਧਾਈ ਵੀ ਦਿੱਤੀ। ਇਸ ਮੌਕੇ ਐਡਵੋਕੇਟ ਗੁਰਪ੍ਰੀਤ ਕਸ਼ਅਪ, ਗੁਰਭੇਜ ਸਿੰਘ ਕਲਸੀ ਟੈਕਨੀਕਲ ਸਹਾਇਕ, ਚੇਤਨ ਸ਼ਰਮਾ ਡਾਟਾ ਐਂਟਰੀ ਆਪਰੇਟਰ ਅਤੇ ਡਾ. ਰਮਿੰਦਰ ਸਿੰਘ ਆਦਿ ਹਾਜ਼ਰ ਸਨ।



## ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸੈਮੀਨਾਰ

### * ਨੌਜਵਾਨਾਂ ਨੂੰ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਦਾ ਦਿੱਤਾ ਸੁਨੇਹਾ

ਗੁਰਦਾਸਪੁਰ (ਜਨਕ ਮਹਾਜਨ)-ਸਰਬ ਭਾਰਤ ਨੌਜਵਾਨ ਸਭਾ ਜ਼ਿਲ੍ਹਾ ਇਕਾਈ ਵੱਲੋਂ ਬਨੇਗਾ ਪ੍ਰਾਪਤੀ ਮੁਹਿੰਮ ਦੇ ਬੈਨਰ ਹੇਠ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਨੌਜਵਾਨਾਂ ਵੱਲੋਂ ਸ਼ਮੂਲੀਅਤ ਕੀਤੀ ਗਈ।ਇਸ ਸੈਮੀਨਾਰ ਦੀ ਪ੍ਰਧਾਨਗੀ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਵਰਿੰਦਰ ਸਿੰਘ ਕੰਤੋਵਾਲ ਅਤੇ ਸੂਬਾ ਕੌਂਸਲ ਮੈਂਬਰ ਮਦਨ ਸਿੰਘ ਦੀਨਾਨਗਰ ਨੇ ਕੀਤੀ।ਇਸ ਸੈਮੀਨਾਰ ਨੂੰ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਨ ਲਈ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ ਹਾਜ਼ਰ ਹੋਏ।ਇਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਚਰਨਜੀਤ ਛਾਂਗਾ ਰਾਏ ਨੇ ਕਿਹਾ ਕਿ ਮਹਾਨ ਸ਼ਹੀਦ ਊਧਮ ਸਿੰਘ ਦਾ ਸਮੁੱਚਾ ਇਨਕਲਾਬੀ ਜੀਵਨ ਅਦੁੱਤੀ ਕੁਰਬਾਨੀ ਭਰਿਆ ਸੀ ਜਿਸ ਨੇ ਆਪਣੇ ਦੇਸ਼ ਦੇ ਆਜ਼ਾਦੀ ਸੰਘਰਸ਼ ਵਿੱਚ ਆਪਣੀ ਜਾਨ ਵਾਰ ਕੇ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਹੈ।ਉਨ੍ਹਾਂ ਨੌਜਵਾਨਾਂ ਨੂੰ ਸ਼ਹੀਦ ਊਧਮ ਸਿੰਘ ਦੇ ਇਨਕਲਾਬੀ ਜੀਵਨ ਤੋਂ ਪ੍ਰੇਰਨਾ ਲੈਣ ਦੀ ਸਲਾਹ ਦਿੱਤੀ।ਸੂਬਾ ਸਕੱਤਰ ਨੇ ਅੱਗੇ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਨਾਲ ਆਜ਼ਾਦ ਹੋਇਆ ਦੇਸ਼ ਅੱਜ ਮੁੜ ਦੁਬਾਰਾ ਗੁਲਾਮੀ ਵਰਗੀਆਂ ਸੈਂਕੜੇ ਮੁਸ਼ਕਿਲਾਂ ਨਾਲ ਜੂਝ ਰਿਹਾ ਹੈ ਜਿਨ੍ਹਾਂ ਵਿੱਚ ਸਭ ਤੋਂ ਵੱਡੀ ਮੁਸ਼ਕਿਲ ਬੇਰੁਜ਼ਗਾਰੀ ਹੈ।ਬੇਰੁਜ਼ਗਾਰ ਨੌਜਵਾਨ ਬਹੁਤ ਵੱਡੇ ਸ਼ੋਸ਼ਣ ਦਾ ਸ਼ਿਕਾਰ ਹੋ ਕੇ ਮਾਨਸਿਕ ਗੁਲਾਮੀ ਵਰਗਾ ਜੀਵਨ ਜੀ ਰਹੇ ਹਨ।ਆਜ਼ਾਦੀ ਤੋਂ ਬਾਅਦ ਦੇਸ਼ ਵਿੱਚ ਬਣੀਆਂ ਸਰਕਾਰਾਂ ਨੇ ਨੌਜਵਾਨ ਪੀੜ੍ਹੀ ਨੂੰ ਅੱਖੋਂ ਪਰੋਖੇ ਕਰਕੇ ਇਹ ਹਾਲਾਤ ਦੇਖਣ ਲਈ ਮਜਬੂਰ ਕੀਤਾ ਹੈ।ਨੌਜਵਾਨਾਂ ਦੇ ਸੂਬਾਈ ਆਗੂ ਨੇ ਕਿਹਾ ਕਿ ਸਰਬ ਭਾਰਤ ਨੌਜਵਾਨ ਸਭਾ ਵੱਲੋਂ ਬੇਰੁਜ਼ਗਾਰੀ ਦੇ ਖਾਤਮੇ ਲਈ ਬਨੇਗਾ ਭਾਵ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਬਣਵਾਉਣ ਲਈ ਸੰਘਰਸ਼ ਜਾਰੀ ਰੱਖਿਆ ਹੋਇਆ ਹੈ ਜਿਸ ਦੇ ਪਾਸ ਹੋਣ ਨਾਲ ਹਰ ਇਕ ਬੇਰੁਜ਼ਗਾਰ ਨੂੰ ਰੁਜ਼ਗਾਰ ਮਿਲਣ ਦੀ ਗਰੰਟੀ ਹੋਵੇਗੀ।ਉਨ੍ਹਾਂ ਨੌਜਵਾਨਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਸਰਬ ਭਾਰਤ ਨੌਜਵਾਨ ਸਭਾ ਦੇ ਮੈਂਬਰ ਬਣਨ ਅਤੇ ਬਨੇਗਾ ਵਲੰਟੀਅਰ ਬਣ ਕੇ ਸੰਘਰਸ਼ ਦੇ ਮੈਦਾਨ ਵਿੱਚ ਆਉਣ ਤਾਂ ਕਿ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਿਆ ਜਾ ਸਕੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਵਣ ਸਿੰਘ, ਹੈਰੀ ਮਸੀਹ, ਰਵੀ ਕੁਮਾਰ, ਰੋਬਿਨ ਗਿੱਲ, ਅੰਕੁਸ਼ ਗਿੱਲ, ਸ਼ੇਖਰ ਸਿੰਘ, ਵੰਸ਼ ਸਿੱਧਪੁਰ, ਸੋਨੂੰ ਕੁਮਾਰ, ਸੁਨੀਲ ਕੁਮਾਰ ਅਤੇ ਸਲੀਮ ਬਿਆਨਪੁਰ ਆਦਿ ਹਾਜ਼ਰ ਸਨ।



## 470 ਕਿੱਲੋ ਪਾਬੰਦੀਸ਼ੁਦਾ ਪਲਾਸਟਿਕ ਦੇ ਲਿਫਾਫੇ ਬਰਾਮਦ,3 ਦੁਕਾਨਦਾਰਾਂ ਦੇ ਕੱਟੇ ਚਲਾਨ

ਬਟਾਲਾ, (ਡਾ. ਮਲਵਿੰਦਰ ਸਿੰਘ)-ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹੇ ਅੰਦਰ ਪਲਾਸਟਿਕ ਲਿਫਾਫਿਆਂ ਦੀ ਵਰਤੋਂ ਦੇ ਖਿਲਾਫ ਚੈਕਿੰਗ ਕੀਤੀ ਜਾ ਰਹੀ ਹੈ ਜਿਸ ਦੇ ਚੱਲਦਿਆਂ ਨਗਰ ਨਿਗਮ ਬਟਾਲਾ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਟੀਮ ਵੱਲੋਂ ਸਖ਼ਤ ਕਾਰਵਾਈ ਕਰਦਿਆਂ ਪਲਾਸਟਿਕ ਕੈਰੀ ਬੈਗ ਦੀ ਵਰਤੋਂ ਸਬੰਧੀ ਤਿੰਨ ਚਲਾਨ ਕੱਟੇ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਵੀ ਸੂਰੀ ਐਸਡੀਓ ਪ੍ਰਦੂਸ਼ਣ ਬੋਰਡ ਬਟਾਲਾ ਅਤੇ ਸੈਨੇਟਰੀ ਇੰਸਪੈਕਟਰ ਵਿਕਾਸ ਵਾਸੂਦੇਵ ਨੇ ਦੱਸਿਆ ਕਿ ਸਾਂਝੀ ਟੀਮ ਵੱਲੋਂ ਬੱਸ ਅੱਡੇ, ਪਹਾੜੀ ਗੇਟ ਅਤੇ ਮੀਆਂ ਮੁਹੱਲੇ ਵਿਖੇ ਹੋਲਸੇਲ ਦੁਕਾਨਾਂ ਦੀ ਚੈਕਿੰਗ ਕੀਤੀ ਗਈ ਅਤੇ 470 ਕਿਲੋਗ੍ਰਾਮ ਪਲਾਸਟਿਕ ਦੇ ਲਿਫਾਫਿਆਂ ਦੀ ਰਿਕਵਰੀ ਕੀਤੀ ਗਈ ਹੈ ਅਤੇ ਮੌਕੇ 'ਤੇ ਤਿੰਨ ਚਲਾਨ ਕੱਟੇ ਗਏ ਹਨ ਜਿਨ੍ਹਾਂ ਨੂੰ 17 ਜੁਲਾਈ ਨੂੰ ਕਮਿਸ਼ਨਰ ਨਗਰ ਨਿਗਮ ਬਟਾਲਾ ਦੇ ਸਨਮੁੱਖ ਪੇਸ਼ ਹੋਣ ਲਈ ਕਿਹਾ ਗਿਆ ਹੈ, ਜਿਸ ਉਪਰੰਤ ਕਮਿਸ਼ਨਰ ਨਗਰ ਨਿਗਮ ਬਟਾਲਾ ਵੱਲੋਂ ਉਨ੍ਹਾਂ ਨੂੰ ਜੁਰਮਾਨਾ ਕੀਤਾ ਜਾਵੇਗਾ। ਇਹ ਤਿੰਨ ਚਲਾਨ ਕਾਲਾ ਕਰਿਆਨਾ ਸਟੋਰ, ਸੋਹਣ ਲਾਲ ਅਤੇ ਵਿਕਰਮ ਦੇ ਕੀਤੇ ਗਏ ਹਨ। ਉਨ੍ਹਾਂ ਦੁਕਾਨਦਾਰਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਸਰਕਾਰ ਵੱਲੋਂ ਮਨਜ਼ੂਰਸ਼ੁਦਾ ਲਿਫਾਫੇ ਅਤੇ ਡਿਸਪੋਜ਼ਲ ਦਾ ਸਮਾਨ ਹੀ ਆਪਣੀਆਂ ਦੁਕਾਨਾਂ ਤੇ ਇਸਤੇਮਾਲ ਕਰਨ। ਉਨ੍ਹਾਂ ਨੇ ਲੋਕਾਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਉਹ ਸਮਾਨ ਖਰੀਦ ਕਰਨ ਸਮੇਂ ਆਪਣੇ ਘਰ ਤੋਂ ਹੀ ਕੱਪੜੇ ਦਾ ਥੈਲਾ/ਥੈਲਾ ਨਾਲ ਲੈ ਕੇ ਜਾਣ ਤਾਂ ਜੋ ਪ੍ਰਦੂਸ਼ਿਤ ਹੋ ਰਹੇ ਵਾਤਾਵਰਨ ਨੂੰ ਸਵੱਛ ਰੱਖਣ ਦੇ ਸਾਥ ਨਾਲ ਬਚਾਇਆ ਜਾ ਸਕੇ।



ਉਨ੍ਹਾਂ ਕਿਹਾ ਕਿ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਨਾ ਕੀਤੀ ਜਾਵੇ ਤਾਂ ਜੋ ਭਵਿੱਖ ਵਿੱਚ ਸ਼ਹਿਰ ਵਿੱਚ ਗੰਦਗੀ ਅਤੇ ਸੀਵਰੇਜ ਦੀ ਸਮੱਸਿਆ ਤੋਂ ਨਿਜਾਤ ਮਿਲ ਸਕੇ। ਇਸ ਮੌਕੇ ਫੀਲਡ ਅਸਿਸਟੈਂਟ ਜਸਪਾਲ ਸਿੰਘ, ਨਾਰਾਇਣ ਮਲਹੋਤਰਾ ਅਤੇ ਰਮਨ ਸ਼ਰਮਾ ਵੀ ਮੌਜੂਦ ਸਨ।

## ਸਾਫ-ਸਫਾਈ ਨਾ ਰੱਖਣ ਵਾਲੇ ਦੁਕਾਨਦਾਰ ਦਾ ਚਲਾਨ ਕੱਟਿਆ

ਬਟਾਲਾ (ਡਾ. ਮਲਵਿੰਦਰ ਸਿੰਘ)-ਨਗਰ ਨਿਗਮ ਬਟਾਲਾ ਵੱਲੋਂ ਸ਼ਹਿਰ ਅੰਦਰ ਸਾਫ਼-ਸਫਾਈ ਨੂੰ ਲੈ ਕੇ ਲਗਾਤਾਰ ਚੈਕਿੰਗ ਕੀਤੀ ਜਾ ਰਹੀ ਹੈ, ਜਿਸ ਦੇ ਚੱਲਦਿਆਂ ਸਿਨੇਮਾ ਰੋਡ 'ਤੇ ਸਫ਼ਾਈ ਨਾ ਰੱਖਣ ਵਾਲੇ ਇੱਕ ਦੁਕਾਨਦਾਰ ਦਾ ਪੰਜਾਬ ਮਿਊਂਸੀਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 323 ਤਹਿਤ ਚਲਾਨ ਕੱਟਿਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਭਜੋਤ ਕੌਰ, ਇਨਫਰਮੇਸ਼ਨ ਐਜੂਕੇਸ਼ਨ ਕਮਿਊਨੀਕੇਸ਼ਨ ਅਤੇ ਕੈਪੇਸਿਟੀ ਬਿਲਡਿੰਗ ਐਕਸਪਰਟ ਨੇ ਦੱਸਿਆ ਕਿ ਵਿਕਰਮਜੀਤ ਸਿੰਘ ਪਾਂਥੇ ਐੱਸਡੀਐੱਕਮ-ਕਮਿਸ਼ਨਰ, ਨਗਰ ਨਿਗਮ ਬਟਾਲਾ ਦੀ ਅਗਵਾਈ ਹੇਠ ਬਟਾਲਾ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਲਈ ਨਗਰ ਨਿਗਮ ਬਟਾਲਾ ਵੱਲੋਂ ਲਗਾਤਾਰ ਸ਼ਹਿਰ ਦੀ ਚੈਕਿੰਗ ਕੀਤੀ ਜਾ ਰਹੀ ਹੈ।ਉਨ੍ਹ ਦੱਸਿਆ ਕਿ ਨਗਰ ਨਿਗਮ ਬਟਾਲਾ ਵੱਲੋਂ ਵਿਸ਼ੇਸ਼ ਟੀਮ ਗਠਿਤ ਕੀਤੀ ਗਈ ਹੈ, ਜਿਸ ਵੱਲੋਂ ਲਗਾਤਾਰ ਸ਼ਹਿਰ ਵਿੱਚ ਸਾਫ਼ ਸਫਾਈ ਸਬੰਧੀ ਚੈਕਿੰਗ ਕੀਤੀ ਜਾਂਦੀ ਹੈ।ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਦੁਕਾਨਾਂ ਦੇ ਬਾਹਰ ਕੂੜਾ ਨਾ ਸੁੱਟਣ, ਦੁਕਾਨਾਂ ਵਿੱਚ ਡਸਟਬਿਨ ਰੱਖੇ ਜਾਣ ਅਤੇ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਵਿੱਚ ਟੀਮ ਦਾ ਸਹਿਯੋਗ ਕੀਤਾ ਜਾਵੇ।



## ਐੱਨ. ਆਰ. ਆਈ. ਬਲਦੇਵ ਰਾਜ ਨੇ ਲੋੜਵੰਦ ਵਿਦਿਆਰਥੀਆਂ ਨੂੰ ਸਾਈਕਲ ਵੰਡੇ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪੀਐੱਮਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਦੇ ਪ੍ਰਿੰਸੀਪਲ ਮੈਡਮ ਸੁਨੀਤਾ ਕੌਸ਼ਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਐੱਨਆਰਆਈ ਬਲਦੇਵ ਰਾਜ ਵਾਸੀ ਇੰਗਲੈਂਡ ਨੇ ਆਪਣੀ ਨੇਕ ਕਮਾਈ ਵਿੱਚੋਂ ਦਸਵੰਧ ਕੱਢਦੇ ਹੋਏ ਪੀਐੱਮਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਦੇ ਵਿਦਿਆਰਥੀਆਂ ਨੂੰ ਸਾਈਕਲ ਦਾਨ ਕੀਤੇ।ਇਸ ਮੌਕੇ ਸ੍ਰੀ ਬਲਦੇਵ ਰਾਜ ਦਾ ਇਸ ਨੇਕ ਕਾਰਜ ਲਈ ਧੰਨਵਾਦ ਕਰਦੇ ਹੋਏ ਸਕੂਲ ਪ੍ਰਿੰਸੀਪਲ ਸੁਨੀਤਾ ਕੌਸ਼ਲ ਨੇ ਦੱਸਿਆ ਕਿ ਲੋੜਵੰਦ ਵਿਦਿਆਰਥੀਆਂ ਨੂੰ ਬਲਦੇਵ ਰਾਜ ਵੱਲੋਂ ਪੰਜ ਸਾਈਕਲ ਦਾਨ ਕੀਤੇ ਗਏ ਹਨ ਜੋ ਕਿ ਬਹੁਤ ਵਧੀਆ ਅਤੇ ਨੇਕ ਉਪਰਾਲਾ ਹੈ।ਇਸ ਮੌਕੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।



## ਦੌੜਾਕ ਫੌਜਾ ਸਿੰਘ ਦੇ ਅਕਾਲ ਚਲਾਣੇ 'ਤੇ ਬਾਬਾ ਬਲਬੀਰ ਸਿੰਘ ਵੱਲੋਂ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ: (ਜਸਬੀਰ ਸਿੰਘ ਪੱਟੀ)**—ਸਿੱਖ ਦੌੜਾਕ ਸ. ਫੌਜਾ ਸਿੰਘ ਦੀ ਇੱਕ ਸੜਕ ਹਾਦਸੇ ਵਿੱਚ ਮੌਤ ਹੋ ਜਾਣ ਤੇ ਨਿਹੰਗ ਸਿੰਘਾਂ ਦੀ ਮੁੱਖ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਫੌਜਾ ਸਿੰਘ ਨੇ ਆਪਣਾ ਨਾਮ ਵਿਸ਼ਵ ਰਿਕਾਰਡ 'ਚ ਦਰਜ ਕਰਾ ਕੇ ਸਿੱਖ ਕੌਮ ਦਾ ਮਾਣ ਉੱਚਾ ਕੀਤਾ।ਉਨ੍ਹਾਂ ਕਿਹਾ ਕਿ ਇਸ ਦਸਤਾਰਧਾਰੀ ਸਿੱਖ ਨੇ ਸੰਸਾਰ ਵਿੱਚ ਵੱਖ-ਵੱਖ ਸਮੇਂ ਦੌੜਾਂ ਵਿੱਚ ਸ਼ਾਮਲ ਹੋ ਕੇ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ। ਉਨ੍ਹਾਂ ਦੇ ਜਾਣ ਨਾਲ ਇੱਕ ਯੁੱਗ ਦਾ ਅੰਤ ਹੋ ਗਿਆ ਹੈ।ਮੈਰਾਥਨ ਦੌੜਾਂ ਵਿੱਚ ਇਸ ਸਿੱਖ ਖਿਡਾਰੀ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ।ਉਨ੍ਹਾਂ ਕਿਹਾ ਕਿ ਸ. ਫੌਜਾ ਸਿੰਘ ਨੇ ਆਪਣੇ ਦੇਸ਼, ਸੂਬੇ, ਖਾਸ ਕਰ ਆਪਣੇ ਪਿੰਡ ਦਾ ਨਾਮ ਰੌਸ਼ਨ ਕੀਤਾ ਹੈ।ਉਨ੍ਹਾਂ ਕਿਹਾ ਕਿ ਸ. ਫੌਜਾ ਸਿੰਘ ਨੇ ਲੰਮੀ ਦੌੜ ਵਿੱਚ ਰਿਕਾਰਡ ਤੋੜ ਜਿੱਤਾਂ ਪ੍ਰਾਪਤ ਕਰਕੇ ਵਡੇਰੀ ਉਮਰ ਵਿੱਚ ਵੀ ਆਪਣਾ ਸਿੱਕਾ ਜਮਾਈ ਰੱਖਿਆ।ਉਨ੍ਹਾਂ ਦੀ 114 ਸਾਲ ਦੀ ਉਮਰ ਉਨ੍ਹਾਂ ਦੀ ਚੰਗੀ ਸਿਹਤ ਦਾ ਹੀ ਫਲ ਸੀ।

## ਸ਼੍ਰੋਮਣੀ ਅਕਾਲੀ ਦਲ ਨੂੰ ਵੱਡਾ ਝਟਕਾ; ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ 'ਆਪ' 'ਚ ਸ਼ਾਮਿਲ

ਝਬਾਲ (ਹਰਜਿੰਦਰ ਸਿੰਘ ਸੋਨੀ)-ਵਿਧਾਨ ਸਭਾ ਹਲਕਾ ਤਰਨਤਾਰਨ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਆਗੂ ਅਤੇ ਤਰਨਤਾਰਨ ਤੋਂ ਤਿੰਨ ਵਾਰ ਐੱਮਐੱਲਏ ਰਹਿ ਚੁੱਕੇ ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ।ਹਰਮੀਤ ਸਿੰਘ ਸੰਧੂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਮਨੀਸ਼ ਸਿਸੋਦੀਆ ਵੱਲੋਂ ਪਾਰਟੀ ਵਿੱਚ ਸ਼ਾਮਲ ਕਰਵਾਇਆ ਗਿਆ।ਹਰਮੀਤ ਸੰਧੂ ਦੀ ਆਮ ਆਦਮੀ ਪਾਰਟੀ ਵਿਚ ਸ਼ਮੂਲੀਅਤ ਨੂੰ ਹਲਕਾ ਤਰਨਤਾਰਨ ਦੀ ਜ਼ਿਮਨੀ ਚੋਣ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।ਜ਼ਿਕਰਯੋਗ ਹੈ ਕਿ ਹਰਮੀਤ ਸਿੰਘ ਸੰਧੂ ਵਿਧਾਨ ਸਭਾ ਹਲਕਾ ਤਰਨਤਾਰਨ ਤੋਂ ਅਜ਼ਾਦ ਉਮੀਦਵਾਰ ਵਜੋਂ 2002 ਤੋਂ 2007 ਤੱਕ ਅਤੇ 2007 'ਚ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਚੋਣ ਲੜਦਿਆਂ ਜਿੱਤ ਹਾਸਲ ਕਰਦਿਆਂ 2012 ਤੱਕ ਅਤੇ 2012 ਤੋਂ ਫਿਰ ਅਕਾਲੀ ਦਲ ਦੇ ਉਮੀਦਵਾਰ ਵਜੋਂ ਸ਼ਾਨਦਾਰ ਵੋਟਾਂ ਨਾਲ ਜਿੱਤ ਕੇ 2017 ਤੱਕ ਲਗਾਤਾਰ ਤਿੰਨ ਵਾਰ ਐੱਮਐੱਲਏ ਬਣੇ।2017 ਵਿਚ ਅਕਾਲੀ ਦਲ ਨੇ ਸੰਧੂ ਨੂੰ ਫਿਰ ਅਕਾਲੀ ਦਲ ਦੇ ਉਮੀਦਵਾਰ ਬਣਾ ਕੇ ਚੋਣ ਮੈਦਾਨ ਵਿੱਚ ਉਤਾਰਿਆ ਪਰ ਕਾਂਗਰਸ ਪਾਰਟੀ ਦੇ ਉਮੀਦਵਾਰ ਡਾ. ਧਰਮਵੀਰ ਅਗਨੀਹੋਤਰੀ ਜਿੱਤ ਗਏ। ਜਦ ਕਿ 2022 ਵਿੱਚ ਸੂਬੇ ਭਰ ਵਿੱਚ ਬਦਲਾਵ ਤੇ ਆਪ ਦੀ ਹਵਾ ਹੋਣ ਕਰਕੇ ਆਪ ਫਿਰ ਅਕਾਲੀ ਦਲ ਦੀ ਸੀਟ ਹਾਰ ਗਏ ਤੇ ਇੱਥੋਂ ਆਮ ਪਾਰਟੀ ਦੇ ਉਮੀਦਵਾਰ ਡਾ. ਕਸ਼ਮੀਰ ਸਿੰਘ ਸੋਹਲ ਜਿੱਤ ਪ੍ਰਾਪਤ ਕਰਦਿਆ ਹਲਕਾ ਤਰਨਤਾਰਨ ਦੇ ਐੱਮਐੱਲਏ ਬਣੇ।ਸ੍ਰ: ਹਰਮੀਤ ਸੰਧੂ ਵੱਲੋਂ 19 ਨਵੰਬਰ 2024 ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਗਿਆ ਸੀ।ਸੂਤਰਾਂ ਮੁਤਾਬਿਕ ਆਪ ਹਾਈ ਕਮਾਂਡ ਹਰਮੀਤ ਸਿੰਘ ਸੰਧੂ ਨੂੰ ਹਲਕਾ ਤਰਨਤਾਰਨ ਤੋਂ ਆਪ ਦੇ ਉਮੀਦਵਾਰ ਵਜੋਂ ਚੋਣ ਮੈਦਾਨ ਵਿੱਚ ਉਤਾਰ ਸਕਦੀ ਹੈ।ਜੇਕਰ ਪਾਰਟੀ ਵੱਲੋਂ ਟਿਕਟ ਮਿਲਦੀ ਹੈ ਤਾਂ ਜਿੱਤ ਯਕੀਨੀ ਹੈ।



## ਕਲਾ ਕੇਂਦਰ ਗੁਰਦਾਸਪੁਰ ਵਿਖੇ ਕਰੀਅਰ ਗਾਈਡੈਂਸ ਅਤੇ ਕਾਊਂਸਲਿੰਗ ਸੈਮੀਨਾਰ ਕਰਵਾਇਆ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਐੱਸਡੀਐੱਮ ਦੀਨਾਨਗਰ ਜਸਪਿੰਦਰ ਸਿੰਘ ਦੀ ਰਹਿਨੁਮਾਈ ਹੇਠ ਕਲਾ ਕੇਂਦਰ ਗੁਰਦਾਸਪੁਰ ਵਿਖੇ ਇੱਕ ਵਿਸ਼ੇਸ਼ ਕਰੀਅਰ ਗਾਈਡੈਂਸ ਅਤੇ ਕਾਊਂਸਲਿੰਗ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਦੀ ਪ੍ਰਧਾਨਗੀ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਨੇ ਕੀਤੀ ਜਦਕਿ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।ਇਸ ਮੌਕੇ ਅਭਿਸ਼ੇਕ ਸ਼ਰਮਾ ਡਾਇਰੈਕਟਰ ਅਭਿਸ਼ੇਕ ਐਜੂਕੇਸ਼ਨ ਸਰਵਿਸ ਮੁਹਾਲੀ ਵੱਲੋਂ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਗਈ। ਸਕੂਲ ਆਫ਼ ਐਮੀਨੈਂਸ ਗੁਰਦਾਸਪੁਰ, ਸਕੂਲ ਆਫ਼ ਐਮੀਨੈਂਸ ਬਟਾਲਾ, ਮੈਰੀਟੋਰੀਅਸ ਸਕੂਲ ਗੁਰਦਾਸਪੁਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਤੇ ਲੜਕੀਆਂ ਦੀਨਾਨਗਰ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਤੇ ਲੜਕੀਆਂ ਗੁਰਦਾਸਪੁਰ ਦੇ 200 ਤੋਂ ਵੱਧ ਵਿਦਿਆਰਥੀਆਂ ਨੇ ਹਿੱਸਾ ਲਿਆ।ਇਸ ਮੌਕੇ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਵਿਦਿਆਰਥੀਆਂ ਦਾ ਮਿਹਨਤੀ ਅਤੇ ਦ੍ਰਿੜ੍ਹ ਸੰਕਲਪ ਹੋਣਾ ਬਹੁਤ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਜ਼ਿੰਦਗੀ ਵਿੱਚ ਕਾਮਯਾਬ ਹੋਣ ਲਈ ਮਿਹਨਤ ਤੇ ਸਮਰਪਣ ਹੀ ਇੱਕੋ-ਇੱਕ ਰਸਤਾ ਹੈ ਅਤੇ ਸਫ਼ਲਤਾ ਦਾ ਸਿਵਾਏ ਮਿਹਨਤ ਤੋਂ ਹੋਰ ਕੋਈ ਸ਼ਾਰਟ-ਕੱਟ ਨਹੀਂ ਹੈ।ਇਸ ਮੌਕੇ ਪਰਸ਼ੋਤਮ ਸਿੰਘ ਚਿੱਬ ਜ਼ਿਲ੍ਹਾ ਰੋਜ਼ਗਾਰ ਅਫ਼ਸਰ, ਜ਼ਿਲ੍ਹਾ ਸਿੱਖਿਆ ਅਫ਼ਸਰ ਰਾਜੇਸ਼ ਸ਼ਰਮਾ, ਪ੍ਰੋਫੈਸਰ ਰਾਜ ਕੁਮਾਰ ਸ਼ਰਮਾ, ਸਕੱਤਰ, ਜ਼ਿਲ੍ਹਾ ਹੈਰੀਟੇਜ ਸੁਸਾਇਟੀ, ਹਰਮਨਪ੍ਰੀਤ ਸਿੰਘ, ਕੰਵਨਰਜੀਤ ਸਿੰਘ ਰੱਤੜਾ ਐੱਸਡੀਓ, ਗਾਈਡੈਂਸ ਕਾਊਂਸਲਰ ਪਰਮਿੰਦਰ ਸਿੰਘ ਸੈਣੀ ਆਦਿ ਹਾਜ਼ਰ ਸਨ।




## ਇੰਸਪੈਕਟਰ ਹਰਪਾਲ ਸਿੰਘ ਨੇ ਥਾਣਾ ਧਾਰੀਵਾਲ ਦਾ ਚਾਰਜ ਸੰਭਾਲਿਆ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਆਦਿਤਿਆ ਦੇ ਹੁਕਮਾਂ ਅਨੁਸਾਰ ਇੰਸਪੈਕਟਰ ਹਰਪਾਲ ਸਿੰਘ ਨੇ ਥਾਣਾ ਧਾਰੀਵਾਲ ਦਾ ਬਤੌਰ ਮੁੱਖ ਅਫਸਰ ਆਪਣਾ ਅਹੁਦਾ ਸੰਭਾਲ ਕੇ ਕੰਮ ਕਾਰਜ ਸ਼ੁਰੂ ਕਰ ਦਿੱਤਾ ਹੈ। ਥਾਣਾ ਧਾਰੀਵਾਲ ਦਾ ਚਾਰਜ ਸੰਭਾਲਣ ਮਗਰੋਂ ਐੱਸਐੱਚਓ ਇੰਸਪੈਕਟਰ ਹਰਪਾਲ ਸਿੰਘ ਨੇ ਪਲੇਠੀ ਪ੍ਰੈੱਸ ਮਿਲਣੀ ਦੌਰਾਨ ਕਿਹਾ ਕਿ ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਥਾਣਾ ਧਾਰੀਵਾਲ ਅਧੀਨ ਪੈਂਦੇ ਇਲਾਕੇ ਨੂੰ ਨਸ਼ਾ ਮੁਕਤ ਬਣਾਉਣ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਪੂਰੀ ਚੌਕਸੀ ਵਰਤੀ ਜਾਵੇਗੀ।

ਗੈਰ ਸਮਾਜਿਕ ਅਨਸਰਾਂ ਤੇ ਪੂਰਾ ਸਿਕੰਜਾ ਕੱਸਿਆ ਜਾਵੇਗਾ ਅਤੇ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ। ਬਿਨਾਂ ਕਿਸੇ ਪੱਖਪਾਤ ਲੋਕਾਂ ਦੇ ਕੰਮ ਹੋਣਗੇ ਅਤੇ ਉਹ ਕਿਸੇ ਨਾਲ ਬੇਇਨਸਾਫੀ ਨਹੀਂ ਹੋਣ ਦੇਣਗੇ। ਉਨ੍ਹਾਂ ਨੇ ਬੁਲਟ ਮੋਟਰਸਾਈਕਲ ਦੇ ਪਟਾਕੇ ਪਾਉਣ ਵਾਲਿਆਂ, ਬਿਨਾਂ ਨੰਬਰੀ ਅਤੇ ਅਧੂਰੇ ਦਸਤਾਵੇਜ਼ ਵਾਲੇ ਵਾਹਨ ਚਾਲਕਾਂ ਨੂੰ ਸਖਤ ਚੇਤਾਵਨੀ ਦਿੰਦਿਆਂ ਕਿਹਾ ਕਿ ਆਵਾਜਾਈ ਦੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਨੇ ਦੁਕਾਨਦਾਰਾਂ ਅਤੇ ਰੇਹੜੀ-ਫੜ੍ਹੀ ਵਾਲਿਆਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਸਾਮਾਨ ਸਰਕਾਰੀ ਨਿਯਮਾਂ ਅਨੁਸਾਰ ਆਪਣੀ ਹਦੂਦ ਤੱਕ ਰੱਖਣ ਤਾਂ ਜੋ ਸ਼ਹਿਰ ਵਿੱਚ ਟ੍ਰੈਫਿਕ ਸਮੱਸਿਆ ਨਾ ਆਵੇ।

ਥਾਣਾ ਮੁਖੀ ਇੰਸਪੈਕਟਰ ਹਰਪਾਲ ਸਿੰਘ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਾਨੂੰਨ ਵਿਵਸਥਾ ਬਣਾਈ ਰੱਖਣ, ਨਸ਼ਿਆਂ ਅਤੇ ਗੈਰ ਸਮਾਜਿਕ ਅਨਸਰਾਂ ਨੂੰ ਠੱਲ੍ਹ ਪਾਉਣ ਲਈ ਪੁਲਸ ਦਾ ਸਹਿਯੋਗ ਕਰਨ ਅਤੇ ਪੁਲਸ ਨੂੰ ਹਮੇਸ਼ਾ ਸੱਚੀ ਤੇ ਸਹੀ ਇਤਲਾਹ ਦੇਣ।



## ਕਾਮਰੇਡ ਸਵਰਨ ਸੋਹਲ ਤੇ ਸਾਥੀਆਂ ਦੀ ਬਰਸੀ 22 ਨੂੰ

ਝਬਾਲ (ਹਰਜਿੰਦਰ ਸਿੰਘ ਸੋਨੀ)-ਕਿਸਾਨਾਂ ਮਜ਼ਦੂਰਾਂ ਲਈ ਹਮੇਸ਼ਾ ਸੰਘਰਸ਼ਸ਼ੀਲ ਰਹਿਣ ਵਾਲੇ ਕਾਮਰੇਡ ਸਵਰਨ ਸਿੰਘ ਸੋਹਲ ਤੇ ਉਨ੍ਹਾਂ ਦੇ ਚਾਰ ਹੋਰ ਪਰਿਵਾਰਕ ਮੈਂਬਰਾਂ ਨੂੰ 21-22 ਜੁਲਾਈ 1987 ਦੀ ਰਾਤ ਨੂੰ ਅੱਤਵਾਦੀਆਂ ਵੱਲੋਂ ਸ਼ਹੀਦ ਕਰ ਦਿੱਤਾ ਗਿਆ ਸੀ।ਕਾਮਰੇਡ ਚਰਨਜੀਤ ਸਰਾਂ, ਕਾਮਰੇਡ ਕਸ਼ਮੀਰਾ ਸਿੰਘ ਸੋਹਲ ਜੋ ਇਸੇ ਦੌਰ ਵਿੱਚ ਸ਼ਹੀਦ ਕਰ ਦਿੱਤੇ ਗਏ ਸਨ, ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ 22 ਜੁਲਾਈ ਨੂੰ ਝਬਾਲ ਲਾਇਬਰੇਰੀ ਹਾਲ ਵਿਖੇ ਭਾਰਤੀ ਕਮਿਊਨਿਸਟ ਪਾਰਟੀ ਇਲਾਕਾ ਗੰਡੀਵਿੰਡ ਵੱਲੋਂ ਸਮਾਗਮ ਕੀਤਾ ਜਾਵੇਗਾ।ਕਾਮਰੇਡ ਦਵਿੰਦਰ ਸੋਹਲ ਤੇ ਇਲਾਕਾ ਸਕੱਤਰ ਸੁਰਿੰਦਰ ਸਿੰਘ ਬਿੱਲਾ ਤੇ ਮਨਜੀਤ ਸਿੰਘ ਢੰਡ ਨੇ ਕਿਹਾ ਇਸ ਮੌਕੇ ਇਲਾਕੇ ਦੇ ਵਰਕਰਾਂ ਵੱਲੋਂ ਜੁਝਾਰੂ ਯੋਧਿਆਂ ਨੂੰ ਯਾਦ ਕਰਦਿਆਂ ਅੱਜ ਦੀਆਂ ਸਰਕਾਰਾਂ ਵੱਲੋਂ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਖੇਡ ਕੇ ਮਿਹਨਤਕਸ਼ ਲੋਕਾਂ ਦੀ ਕੀਤੀ ਜਾ ਰਹੀ ਵੱਡੀ ਆਰਥਿਕ ਲੁੱਟ ਨੂੰ ਉਜਾਗਰ ਕੀਤਾ ਜਾਵੇਗਾ।ਭਾਰਤੀ ਕਮਿਊਨਿਸਟ ਪਾਰਟੀ ਦੀ 25ਵੀਂ ਕੌਮੀ ਕਾਨਫਰੰਸ ਜੋ ਚੰਡੀਗੜ੍ਹ ਵਿਖੇ 21 ਸਤੰਬਰ ਤੋਂ 25 ਸਤੰਬਰ ਤੱਕ ਪੰਜਾਬ ਇਕਾਈ ਵੱਲੋਂ ਕਰਵਾਈ ਜਾਂ ਰਹੀ ਹੈ, ਸਬੰਧੀ ਵੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ।ਇਸ ਮੌਕੇ ਕਾਮਰੇਡ ਹਰਭਜਨ ਸਿੰਘ ਤੇ ਰਾਜਿੰਦਰਪਾਲ ਕੌਰ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਨਗੇ।ਮੀਟਿੰਗ ਵਿੱਚ ਬਲਕਾਰ ਸਿੰਘ ਵਲਟੋਹਾ, ਕਾਮਰੇਡ ਕਸ਼ਮੀਰ ਸਿੰਘ ਛੀਨਾ, ਕੰਵਲਜੀਤ ਸਿੰਘ ਢਿੱਲੋਂ, ਜਗਤਾਰ ਸਿੰਘ ਜੱਗਾ, ਕੁਲਬੀਰ ਸਿੰਘ ਕਸੇਲ, ਮੋਤਾ ਸਿੰਘ ਸੋਹਲ, ਸੀਮਾ ਸੋਹਲ ਸਮੇਤ ਹੋਰ ਵੀ ਹਾਜ਼ਰ ਸਨ।



## ਪੀਰ ਸ਼ਾਹੂ ਸ਼ਾਹ ਦੀ ਯਾਦ 'ਚ ਸੱਭਿਆਚਾਰਕ ਮੇਲਾ ਭਲਕੇ



ਚੋਹਲਾ ਸਾਹਿਬ (ਚੱਢਾ)-ਪੀਰ ਬਾਬਾ ਸ਼ਾਹੂ ਸ਼ਾਹ ਦੀ ਯਾਦ ਵਿੱਚ ਸੱਭਿਆਚਾਰਕ ਮੇਲਾ ਬੱਸ ਅੱਡਾ ਚੋਹਲਾ ਸਾਹਿਬ ਵਿਖੇ 17 ਜੁਲਾਈ ਦਿਨ ਵੀਰਵਾਰ ਨੂੰ ਬੜੇ ਉਤਸ਼ਾਹ ਅਤੇ ਧੂਮਧਾਮ ਨਾਲ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨਿਸ਼ਾਨ ਸਾਹਿਬ ਅਤੇ ਮਨਮੋਹਨ ਸਿੰਘ ਪੱਪੂ ਪਹਿਲਵਾਨ ਨੇ ਦੱਸਿਆ ਕਿ ਇਸ ਦਿਨ ਸਵੇਰੇ ਸਰਕਾਰ ਸੱਤੇ ਸ਼ਾਹ ਜੀ ਕਾਦਰੀ ਮੰਨਣਾ ਵਾਲੇ ਪੀਰ ਦੀ ਦਰਗਾਹ ਉੱਪਰ ਚਾਦਰ ਚੜ੍ਹਾਉਣ ਦੀ ਰਸਮ ਆਪਣੇ ਕਰ ਕਮਲਾਂ ਨਾਲ ਨਿਭਾਉਣਗੇ। ਉਪਰੰਤ ਬੱਸ ਅੱਡੇ ਦੇ ਖੁੱਲ੍ਹੇ ਪੰਡਾਲ ਵਿੱਚ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਜਾਵੇਗਾ ਜਿਸ ਵਿੱਚ ਪੰਜਾਬ ਦੀ ਦੋਗਾਣਾ ਗਾਇਕ ਜੋੜੀ ਸ਼ਾਹੀ ਕੁਲਵਿੰਦਰ ਅਤੇ ਬੀਬਾ ਕੌਰ ਸੁਖਵੰਤ ਤੋਂ ਇਲਾਵਾ ਗੁਰਮੀਤ ਪੰਜਾਬੀ ਅਤੇ ਬੀਬਾ ਹੁਸਨਦੀਪ, ਰਜਿੰਦਰ ਹੰਸ, ਲੱਕੀ ਚੋਹਲਾ ਆਦਿ ਆਪਣੇ ਫ਼ਨ ਦਾ ਮੁਜ਼ਾਹਰਾ ਕਰਨਗੇ। ਸ਼ਾਮ ਨੂੰ ਗੁਰੂ ਅਰਜਨ ਦੇਵ ਖੇਡ ਸਟੇਡੀਅਮ ਵਿਖੇ ਫਤਿਆਬਾਦ ਅਤੇ ਚੋਹਲਾ ਸਾਹਿਬ ਦੀਆਂ ਟੀਮਾਂ ਦਰਮਿਆਨ ਕਬੱਡੀ ਦਾ ਸ਼ੋਅ ਮੈਚ ਵੀ ਕਰਵਾਇਆ ਜਾਵੇਗਾ। ਅਤੁੱਟ ਭੰਡਾਰ ਵੀ ਵਰਤਾਇਆ ਜਾਵੇਗਾ।

## ਧਾਰਮਿਕ ਗ੍ਰੰਥਾਂ ਸਬੰਧੀ ਬਿੱਲ ਦਾ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਵੱਲੋਂ ਸਵਾਗਤ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**—ਪੰਜਾਬ ਸਰਕਾਰ ਵੱਲੋਂ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਨੂੰ ਰੋਕਣ ਲਈ ਵੱਖ-ਵੱਖ ਧਰਮਾਂ ਦੇ ਧਾਰਮਿਕ ਗ੍ਰੰਥਾਂ ਖਾਸ ਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਸਬੰਧੀ ਬੇਅਦਬੀ ਨੂੰ ਲੈ ਕੇ ਪਾਸ ਕੀਤੇ ਗਏ ਬਿੱਲ ਦੀ ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸ਼ਲਾਘਾ ਕਰਦਿਆਂ ਸਵਾਗਤ ਕੀਤਾ ਹੈ।ਉਨ੍ਹਾਂ ਕਿਹਾ ਕਿ ਇਸ ਕਾਨੂੰਨ ਦੇ ਪਾਸ ਹੋਣ ਨਾਲ ਬੇਅਦਬੀ ਵਰਗੀਆਂ ਹੋ ਰਹੀਆਂ ਘਟਨਾਵਾਂ ਨੂੰ ਠੱਲ੍ਹ ਪਵੇਗੀ ਅਤੇ ਫਿਰਕਾਪ੍ਰਸਤੀ ਨੂੰ ਰੋਕ ਲੱਗੇਗੀ।ਵੱਖ-ਵੱਖ ਧਰਮਾਂ ਦੇ ਪਵਿੱਤਰ ਗ੍ਰੰਥ ਇਸ ਘੇਰੇ ਵਿੱਚ ਆਉਂਦੇ ਹਨ। ਸ਼੍ਰੀਮਦ ਭਗਵਤ ਗੀਤਾ, ਕੁਰਾਨ ਸ਼ਰੀਫ ਅਤੇ ਬਾਈਬਲ ਅਜਿਹੇ ਗ੍ਰੰਥ ਹਨ। ਉਨ੍ਹਾਂ ਕਿਹਾ ਕਿ ਇਸ ਐਕਟ ਦੀ ਦੁਰਵਰਤੋਂ ਨਹੀਂ ਹੋਣੀ ਚਾਹੀਦੀ।ਜੇ ਬਿੱਲ ਬਣਾਉਣ ਵਾਲਿਆਂ ਦੀ ਸੁਹਿਰਦਤਾ ਤੇ ਮਨਸ਼ਾ ਦਰੁਸਤ ਹੈ ਤਾਂ ਇਸ ਦੇ ਸਿੱਟੇ ਚੰਗੇ ਆਉਣਗੇ।ਉਨ੍ਹਾਂ ਕਿਹਾ ਕਿ ਭਾਵੇਂ ਦੇਰ ਨਾਲ ਹੀ ਸਹੀ ਪੰਜਾਬ ਸਰਕਾਰ ਵੱਲੋਂ ਇਹ ਸਹੀ ਫੈਸਲਾ ਲਿਆ ਗਿਆ ਹੈ।

## ਵਿਸ਼ ਅਤੇ ਪੈਂਥਰ ਵੱਲੋਂ ਨਵਾਂ ਗੀਤ 'ਬੋਲੋ ਬੋਲੋ' ਰਿਲੀਜ਼

ਲੁਧਿਆਣਾ:ਭਾਰਤ ਦੇ ਪਹਿਲੇ ਆਈ-ਪੌਪ ਗਰਲ ਗਰੁੱਪ ਵਿਸ਼ ਨੇ ਆਪਣੇ ਨਵੇਂ ਗੀਤ 'ਬੋਲੋ ਬੋਲੋ' ਦੀ ਰਿਲੀਜ਼ ਨਾਲ ਸ਼ਾਨਦਾਰ ਵਾਪਸੀ ਕੀਤੀ ਹੈ।ਇਸ ਗੀਤ ਵਿੱਚ ਉਨ੍ਹਾਂ ਨੇ ਉਭਰ ਰਹੇ ਰੈਪਰ ਪੈਂਥਰ ਨਾਲ ਮਿਲ ਕੇ ਇੱਕ ਸ਼ਾਨਦਾਰ ਅਫਰੋ-ਦੇਸੀ ਫਿਊਜ਼ਨ ਪੇਸ਼ ਕੀਤਾ ਹੈ।'ਬੋਲੋ ਬੋਲੋ' ਸਾਲ ਦਾ ਸਭ ਤੋਂ ਵੱਧ ਚਰਚਾ ਗੀਤ ਹੈ। ਇਸ ਗੀਤ ਨੂੰ ਸੰਗੀਤ ਨਿਰਦੇਸ਼ਕ ਅਤੇ ਸਲਾਹਕਾਰ ਮਿਕੀ ਮੈਕਕਲੇਰੀ ਦੇ ਨਾਲ ਨਵੀਂ ਪ੍ਰਤਿਭਾ ਪਾਰਥ ਪਾਰੇਖ ਦੁਆਰਾ ਤਿਆਰ ਕੀਤਾ ਗਿਆ ਹੈ।ਸ਼ਾਨਦਾਰ ਡਾਂਸ ਸਟੈਪਸ ਅਤੇ ਮਿਕੀ ਮੈਕਕਲੇਰੀ ਦੁਆਰਾ ਇੱਕ ਵਿਸ਼ੇਸ਼ ਕੈਮਿਓ ਪੇਸ਼ ਕੀਤਾ ਗਿਆ ਹੈ ।ਇਸ ਗਾਣੇ ਦੇ ਪਿੱਛੇ ਦੀ ਪ੍ਰੇਰਨਾ ਸਾਂਝੀ ਕਰਦੇ ਹੋਏ ਵਿਸ਼ ਨੇ ਕਿਹਾ ਕਿ 'ਬੋਲੋ ਬੋਲੋ' ਉਸ 'ਉਫ, ਅਬ ਤੋ ਬੋਲ ਹੀ ਦੋ!' ਮੂਡ ਤੋਂ ਪ੍ਰੇਰਿਤ ਹੈ।

## ਬਿਆਨਪੁਰ, ਸਿੱਧਪੁਰ ਤੇ ਮਕੌੜਾ ਵਿਖੇ ਪਿੰਡ ਵਾਸੀਆਂ ਨੂੰ ਨਸ਼ਿਆਂ ਵਿਰੁੱਧ ਸਹੁੰ ਚੁਕਾਈ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਯੁੱਧ ਨਸ਼ਿਆਂ ਵਿਰੁੱਧ ਤਹਿਤ ਨਸ਼ਾ ਮੁਕਤੀ ਯਾਤਰਾ ਮੁੜ ਸ਼ੁਰੂ ਹੋ ਗਈ ਹੈ।ਨਸ਼ਾ ਮੁਕਤੀ ਯਾਤਰਾ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਪਿੰਡ ਬਿਆਨਪੁਰ, ਸਿੱਧਪੁਰ ਅਤੇ ਮਕੌੜਾ ਵਿਖੇ ਪਹੁੰਚੀ ਜਿੱਥੇ ਵਿਲੇਜ ਡਿਫੈਂਸ ਕਮੇਟੀਆਂ ਦੇ ਨੁਮਾਇੰਦਿਆਂ ਅਤੇ ਪਿੰਡਾਂ ਦੇ ਵਸਨੀਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਕੀਤਾ ਗਿਆ।ਇਸ ਮੌਕੇ ਹਾਜ਼ਰ ਇਕੱਠ ਨੂੰ ਸ਼ਮਸ਼ੇਰ ਸਿੰਘ ਦੀਨਾਨਗਰ ਵੱਲੋਂ ਨਸ਼ਿਆਂ ਵਿਰੁੱਧ ਸਹੁੰ ਚੁਕਾਈ ਗਈ।ਇਸ ਮੌਕੇ ਜਾਗਰੂਕਤਾ ਸਭਾਵਾਂ ਨੂੰ ਸੰਬੋਧਨ ਕਰਦਿਆਂ ਉਘੇ ਜਨਤਕ ਆਗੂ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਨਸ਼ਿਆਂ ਦੇ ਖ਼ਾਤਮੇ ਲਈ ਸੂਬਾ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਮੁਕਤੀ ਯਾਤਰਾ ਅੱਜ ਮੁੜ ਸ਼ੁਰੂ ਹੋ ਗਈ ਹੈ ਜਿਸ ਨੂੰ ਪਿੰਡਾਂ ਵਿੱਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਉਨ੍ਹਾਂ ਕਿਹਾ ਕਿ ਲੋਕ ਆਪ ਮੁਹਾਰੇ ਅੱਗੇ ਆ ਕੇ ਇਸ ਯਾਤਰਾ ਦਾ ਹਿੱਸਾ ਬਣ ਰਹੇ ਹਨ ਅਤੇ ਪੰਜਾਬ ਵਿੱਚੋਂ ਨਸ਼ੇ ਦੀਆਂ ਜੜ੍ਹਾਂ ਪੁੱਟਣ ਲਈ ਦਿਨ ਰਾਤ ਇੱਕ ਕਰ ਕੇ ਕੰਮ ਵੀ ਕਰਨ ਲੱਗ ਪਏ ਹਨ, ਹੁਣ ਉਹ ਦਿਨ ਦੂਰ ਨਹੀਂ ਜਦੋਂ ਸੂਬੇ ਵਿੱਚੋਂ ਨਸ਼ਿਆਂ ਦਾ ਖ਼ਾਤਮਾ ਮੁਕੰਮਲ ਤੌਰ ਉੱਤੇ ਹੋ ਜਾਵੇਗਾ।ਸ਼ਮਸ਼ੇਰ ਸਿੰਘ ਨੇ ਕਿਹਾ ਕਿ ਸੂਬੇ ਦੀ ਨੌਜਵਾਨੀ ਹੁਣ ਨਸ਼ਿਆਂ ਦੀ ਦਲਦਲ ਵਿੱਚੋਂ ਨਿਕਲ ਰਹੀ ਹੈ ਅਤੇ ਪੰਜਾਬ ਮੁੜ ਤੋਂ ਸਿਹਤਮੰਦ ਪੰਜਾਬ ਬਣਨ ਵੱਲ ਵਧ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਤਸਕਰਾਂ ਵੱਲੋਂ ਖ਼ਿਲਾਫ਼ ਵੱਡੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਕਈ ਵੱਡੇ ਨਸ਼ਾ ਤਸਕਰ ਵੀ ਜੇਲ੍ਹਾਂ ਵਿੱਚ ਡੱਕੇ ਗਏ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੀ ਜਵਾਨੀ ਨੂੰ ਤਬਾਹ ਕਰਨ ਵਾਲੇ ਕਿਸੇ ਗ਼ਲਤ ਅਨਸਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ।




## ਪੀਐੱਨਬੀ ਮੈਟਲਾਈਫ ਨੇ ਪੀ ਐੱਨ ਬੀ ਮੈਟਲਾਈਫ ਵੈਲਿਊ ਫੰਡ ਲਾਂਚ ਕੀਤਾ

ਲੁਧਿਆਣਾ:ਪੀਐੱਨਬੀ ਮੈਟਲਾਈਫ ਇੰਡੀਆ ਇੰਸ਼ੋਰੈਂਸ ਕੰਪਨੀ ਲਿਮਟਿਡ (ਪੀਐੱਨਬੀ ਮੈਟਲਾਈਫ) ਨੇ ਆਪਣੇ ਯੂਨਿਟ ਲਿੰਕਡ ਇੰਸ਼ੋਰੈਂਸ ਯੋਜਨਾਵਾਂ (ਯੂਐੱਲਆਈਪੀ) ਦੇ ਤਹਿਤ ਪੀਐੱਨਬੀ ਮੈਟਲਾਈਫ ਵੈਲਿਊ ਫੰਡ ਲਾਂਚ ਕੀਤਾ ਹੈ, ਜੋ ਕਿ ਇੱਕ ਐਕਟਿਵ ਮੈਨੇਜਡ ਇਕਵਿਟੀ ਫੰਡ ਹੋਵੇਗਾ।ਇਹ ਫੰਡ ਵੈਲਿਊ ਇਨਵੈਸਟਮੈਂਟ ਰਣਨੀਤੀ ਦੀ ਪਾਲਣਾ ਕਰਦੇ ਹੋਏ ਗਾਹਕਾਂ ਨੂੰ ਲੰਬੀ ਅਵਧੀ ਵਿੱਚ ਪੂੰਜੀ ਨਿਰਮਾਣ ਵਿੱਚ ਮਦਦ ਕਰਨ ਦੇ ਨਾਲ-ਨਾਲ ਲਾਈਫ ਕਵਰ ਵੀ ਪ੍ਰਦਾਨ ਕਰੇਗਾ।ਇਹ ਨਵਾਂ ਫੰਡ 15 ਤੋਂ 28 ਜੁਲਾਈ ਤੱਕ ਸਬਸਕ੍ਰਿਪਸ਼ਨ ਲਈ ਖੁੱਲ੍ਹਾ ਰਹੇਗਾ ਅਤੇ ਇਸ ਦੀ ਨੈੱਟ ਐਸੇਟ ਵੈਲਿਊ (ਐੱਨਏਵੀ) ਰੁਪਏ 10 ਹੋਵੇਗੀ।ਸਬਸਕ੍ਰਿਪਸ਼ਨ ਸਮੇਂ ਤੋਂ ਬਾਅਦ ਇਹ ਫੰਡ ਮਾਰਕੀਟ ਲਿੰਕਡ ਐੱਨਏਵੀ 'ਤੇ ਨਿਵੇਸ਼ ਲਈ ਉਪਲਬਧ ਰਹੇਗਾ।ਸੰਜੇ ਕੁਮਾਰ ਚੀਫ ਇਨਵੈਸਟਮੈਂਟ ਅਫਸਰ ਪੀਐੱਨਬੀ ਮੈਟਲਾਈਫ ਨੇ ਕਿਹਾ ਕਿ ਪੀਐੱਨਬੀ ਮੈਟਲਾਈਫ ਵੈਲਿਊ ਫੰਡ ਸਾਡੀ ਟਿਕਾਊ ਅਤੇ ਲੰਬੇ ਸਮੇਂ ਦੀ ਵਾਧੂ ਪ੍ਰਤੀਬੱਧਤਾ ਦੇ ਅਨੁਕੂਲ ਹੈ।

## ਲੋਕਾਂ ਦੀਆਂ ਮੁਸ਼ਕਲਾਂ ਨੂੰ ਮੌਕੇ 'ਤੇ ਹੱਲ ਕਰਵਾਉਣਾ ਹੀ ਸ਼ੈਰੀ ਕਲਸੀ ਦੀ ਮੁੱਖ ਤਰਜੀਹ:ਮਾਨਿਕ ਮਹਿਤਾ

ਬਟਾਲਾ, (ਡਾ. ਮਲਵਿੰਦਰ ਸਿੰਘ)-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਅਗਵਾਈ ਹੇਠ ਬਟਾਲਾ ਸ਼ਹਿਰ ਵਾਸੀਆਂ ਦੀਆਂ ਮੁਸ਼ਕਿਲਾਂ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾ ਰਹੀਆਂ ਹਨ।ਮਾਨਿਕ ਮਹਿਤਾ ਚੇਅਰਮੈਨ ਮਾਰਕੀਟ ਕਮੇਟੀ ਬਟਾਲਾ ਨੇ ਕਿਹਾ ਕਿ ਉਨ੍ਹਾਂ ਵਲੋਂ ਸ਼ਹਿਰ ਦੀਆਂ ਵੱਖ-ਵੱਖ ਵਾਰਡਾਂ ਵਿੱਚ ਜਾ ਕੇ ਲੋਕਾਂ ਨੂੰ ਮਿਲ ਕੇ ਉਨਾਂ ਦੀ ਸੀਵਰੇਜ ਤੇ ਗਲੀਆਂ ਆਦਿ ਨਾਲ ਸਬੰਧਤ ਮੁਸ਼ਕਿਲਾਂ ਸੁਣ ਕੇ ਸਬੰਧਤ ਵਿਭਾਗ ਰਾਹੀਂ ਹੱਲ ਕਰਵਾਈਆਂ ਜਾ ਰਹੀਆਂ ਹਨ।ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਬਟਾਲਾ ਸ਼ਹਿਰ ਅੰਦਰ ਕਰਵਾਏ ਵਿਕਾਸ ਕਾਰਜਾਂ ਦਾ ਜ਼ਿਕਰ ਕਰਦਿਆਂ ਚੇਅਰਮੈਨ ਮਾਨਿਕ ਨੇ ਦੱਸਿਆ ਕਿ ਵਾਰਡਾਂ ਵਿੱਚ ਸੀਵਰੇਜ਼ ਪਾਉਣ ਦਾ ਕੰਮ ਚੱਲ ਰਿਹਾ ਹੈ।ਗਲੀਆਂ ਦੇ ਨਿਰਮਾਣ ਕਾਰਜ ਜਾਰੀ ਹਨ।ਟਰੈਫਿਕ ਦੀ ਸਮੱਸਿਆ ਤੋਂ ਲੋਕਾਂ ਨੂੰ ਨਿਜਾਤ ਪਾਉਣ ਦੇ ਮੰਤਵ ਨਾਲ ਸੜਕਾਂ ਨੂੰ ਚੌੜਿਆਂ ਕਰਨ ਦੇ ਨਾਲ ਬਿਜਲੀ ਦੇ ਖੰਬਿਆਂ ਨੂੰ ਸੜਕਾਂ ਦੇ ਕਿਨਾਰਿਆਂ ਤੋਂ ਹਟਾਇਆ ਗਿਆ ਹੈ। ਲੋਕਾਂ ਨੂੰ ਇੱਕ ਛੱਤ ਹੇਠਾਂ ਵੱਖ-ਵੱਖ ਸਰਕਾਰੀ ਸੇਵਾਵਾਂ ਦੇਣ ਦੇ ਮੰਤਵ ਨਾਲ ਨਵਾਂ ਤਹਿਸੀਲ ਕੰਪਲੈਕਸ ਉਸਾਰਿਆ ਗਿਆ ਹੈ।ਲਾਇਬ੍ਰੇਰੀ ਦੀ ਨਵੀਂ ਇਮਾਰਤ ਉਸਾਰੀ ਗਈ ਹੈ।ਕਰੀਬ 11 ਕਰੋੜ ਰੁਪਏ ਦੀ ਲਾਗਤ ਨਾਲ 'ਸਕੂਲ ਆਫ ਐਮੀਨੈਂਸ' ਦੇ ਕੰਮ ਚੱਲ ਰਹੇ ਹਨ।



## ਸਾਉਣੀ ਦੀਆਂ ਫ਼ਸਲਾਂ 'ਚ ਸਲਫ਼ਰ ਤੇ ਕੈਲਸ਼ੀਅਮ ਦੀ ਪੂਰਤੀ ਲਈ ਜਿਪਸਮ ਇੱਕ ਸਸਤਾ ਤੇ ਬਿਹਤਰ ਸਰੋਤ : ਮੁੱਖ ਖੇਤੀਬਾੜੀ ਅਫ਼ਸਰ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸਾਉਣੀ ਦੀਆਂ ਫ਼ਸਲਾਂ ਤੋਂ ਵਧੇਰੇ ਪੈਦਾਵਾਰ ਲੈਣ ਲਈ 16 ਖ਼ੁਰਾਕੀ ਤੱਤਾਂ ਦੀ ਜ਼ਰੂਰਤ ਹੁੰਦੀ ਹੈ ਅਤੇ ਇਹ ਖ਼ੁਰਾਕੀ ਤੱਤ ਫ਼ਸਲ ਨੂੰ ਹਵਾ, ਪਾਣੀ ਅਤੇ ਮਿੱਟੀ ਤੋਂ ਮਿਲਦੇ ਹਨ ,ਇਸ ਤੋਂ ਇਲਾਵਾ ਫ਼ਸਲ ਲਈ ਲੋੜੀਂਦੇ ਖ਼ੁਰਾਕੀ ਤੱਤ ਸਲਫ਼ਰ ਅਤੇ ਕੈਲਸ਼ੀਅਮ ਜਿਪਸਮ ਦੀ ਵਰਤੋਂ ਕਰਕੇ ਪੂਰਤੀ ਕੀਤੀ ਜਾ ਸਕਦੀ ਹੈ।ਇਸ ਬਾਰੇ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਕਿਸੇ ਵੀ ਫ਼ਸਲ ਨੂੰ 16 ਖ਼ੁਰਾਕੀ ਤੱਤਾਂ ਵਿਚੋਂ ਚਾਰ ਖ਼ੁਰਾਕੀ ਤੱਤ ਜਿਵੇਂ ਹਾਈਡਰੋਜਨ, ਕਾਰਬਨ, ਨਾਈਟ੍ਰੋਜਨ ਅਤੇ ਆਕਸੀਜਨ ਹਵਾ,ਪਾਣੀ ਅਤੇ ਮਿੱਟੀ ਤੋਂ ਮਿਲਦੇ ਹਨ ਜਦ ਕਿ ਫਾਸਫੋਰਸ, ਪੋਟਾਸ਼, ਜ਼ਿੰਕ, ਮੈਂਗਨੀਜ਼, ਮੈਗਨੀਸ਼ੀਅਮ, ਕਾਪਰ, ਬੋਰੋਨ, ਕੈਲਸ਼ੀਅਮ, ਸਲਫ਼ਰ, ਕਲੋਰਾਈਡ, ਲੋਹਾ, ਮੋਲੀਬਿਡਨਮ ਖ਼ੁਰਾਕੀ ਤੱਤ ਮਿੱਟੀ ਅਤੇ ਰਸਾਇਣਿਕ ਅਤੇ ਦੇਸੀ ਖਾਦਾਂ ਤੋਂ ਮਿਲਦੇ ਹਨ।ਉਨ੍ਹਾਂ ਦੱਸਿਆ ਕਿ ਝੋਨੇ ਦੀ ਫ਼ਸਲ ਵਿੱਚ, ਗੰਧਕ ਪੌਦਿਆਂ ਦੇ ਵਾਧੇ ਅਤੇ ਵਿਕਾਸ ਵਿੱਚ ਕਈ ਮਹੱਤਵਪੂਰਨ ਭੂਮਿਕਾਵਾਂ ਨਿਭਾਉਂਦਾ ਹੈ।ਇਹ ਕਲੋਰੋਫਿਲ ਦੇ ਗਠਨ ਲਈ ਜ਼ਰੂਰੀ ਹੈ, ਜੋ ਕਿ ਪ੍ਰਕਾਸ਼ ਸੰਸ਼ਲੇਸ਼ਨ ਲਈ ਮਹੱਤਵਪੂਰਨ ਹੈ, ਅਤੇ ਇਹ ਤਿੰਨ ਅਮੀਨੋ ਐਸਿਡਾਂ ਦਾ ਇੱਕ ਹਿੱਸਾ ਹੈ ਜੋ ਪ੍ਰੋਟੀਨ ਦੇ ਨਿਰਮਾਣ ਬਲਾਕ ਹਨ।ਗੰਧਕ ਨਾਈਟ੍ਰੋਜਨ ਮੈਟਾਬੋਲਿਜ਼ਮ, ਐਨਜ਼ਾਈਮ ਗਤੀਵਿਧੀ ਅਤੇ ਤੇਲ ਦੇ ਸੰਸ਼ਲੇਸ਼ਨ ਵਿੱਚ ਵੀ ਸਹਾਇਤਾ ਕਰਦਾ ਹੈ, ਖ਼ਾਸ ਕਰਕੇ ਤੇਲ ਬੀਜ ਫ਼ਸਲਾਂ ਵਿੱਚ।ਉਨ੍ਹਾਂ ਦੱਸਿਆ ਕਿ ਝੋਨੇ ਅਤੇ ਬਾਸਮਤੀ ਦੀ ਫ਼ਸਲ ਵਿਚ ਸਲਫ਼ਰ ਤੱਤ ਦੀ ਜ਼ਰੂਰਤ ਹੁੰਦੀ ਹੈ ਜਿਸ ਦੀ ਪੂਰਤੀ ਜਿਪਸਮ ਤੋਂ ਕੀਤੀ ਜਾ ਸਕਦੀ ਹੈ ਜੋ ਸਲਫ਼ਰ ਅਤੇ ਕੈਲਸ਼ੀਅਮ ਦਾ ਸਸਤਾ ਸਰੋਤ ਹੈ।ਉਨ੍ਹਾਂ ਦੱਸਿਆ ਕਿ ਸਲਫ਼ਰ ਖ਼ੁਰਾਕੀ ਤੱਤ ਦੀ ਪੂਰਤੀ ਲਈ ਜਿਪਸਮ ਬਹੁਤ ਹੀ ਸਸਤਾ ਅਤੇ ਬਿਹਤਰ ਸਰੋਤ ਹੈ ਜੋ ਪ੍ਰਤੀ ਏਕੜ 100 ਕਿੱਲੋ ਪਾਇਆ ਜਾ ਸਕਦਾ ਹੈ।



## ਪੰਜਾਬ ਸਰਕਾਰ ਵੱਲੋਂ ਬੇਅਦਬੀ ਖ਼ਿਲਾਫ਼ ਲਿਆਂਦਾ ਸਖ਼ਤ ਕਾਨੂੰਨ ਪ੍ਰਸ਼ੰਸਾਯੋਗ: ਭਾਈ ਤਰਲੋਚਨ ਸਿੰਘ ਸੋਹਲ

ਝਬਾਲ (ਹਰਜਿੰਦਰ ਸਿੰਘ ਸੋਨੀ)-ਪੰਜਾਬ ਦੇ ਮੁੱਖ ਮੰਤਰੀ ਸ੍ਰ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਪਾਰਟੀ ਦੀ ਸਰਕਾਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮੇਤ ਸਭ ਧਰਮਾ ਦੇ ਪਵਿੱਤਰ ਗ੍ਰੰਥਾਂ ਲਈ ਲਿਆਂਦੇ ਗਏ ਬੇਅਦਬੀ ਖਿਲਾਫ ਸਖ਼ਤ ਕਾਨੂੰਨ ਨੂੰ ਸਰਕਾਰ ਦਾ ਸ਼ਲਾਘਾਯੋਗ ਕਦਮ ਦੱਸਿਆ। ਉਨ੍ਹਾਂ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਹੋਰ ਧਾਰਮਿਕ ਗ੍ਰੰਥ ਸਾਡੇ ਲਈ ਸਿਰਫ ਧਾਰਮਿਕ ਪਾਠ ਹੀ ਨਹੀਂ ਸਗੋਂ ਸਾਡੀ ਜ਼ਿੰਦਗੀ ਦੀ ਰਾਹਦਾਰੀ ਹਨ।

ਉਨ੍ਹਾਂ ਦੀ ਬੇਅਦਬੀ ਸਿਰਫ ਕਿਸੇ ਧਰਮ ਦੀ ਨਹੀਂ ਸਗੋਂ ਸਾਰੀ ਇਨਸਾਨੀਅਤ ਦੀ ਤੌਹੀਨ ਹੁੰਦੀ ਹੈ।ਭਾਈ ਤਰਲੋਚਨ ਸਿੰਘ ਸੋਹਲ ਨੇ ਕਿਹਾ ਕਿ ਇਸ ਤਰ੍ਹਾਂ ਦੇ ਕਾਨੂੰਨ ਦੀ ਲੋੜ ਸਾਲਾਂ ਤੋਂ ਮਹਿਸੂਸ ਕੀਤੀ ਜਾ ਰਹੀ ਸੀ।ਅਕਾਲੀ ਸਰਕਾਰ ਤੇ ਕਾਂਗਰਸ ਸਰਕਾਰ ਨੇ ਵੀ ਆਪਣੇ ਕਾਰਜਕਾਲ ਦੌਰਾਨ ਬੇਅਦਬੀ ਖ਼ਿਲਾਫ਼ ਕਨੂੰਨ ਲਿਆਂਦਾ ਸੀ ਪਰ ਸਰਕਾਰਾਂ ਦੀ ਮਾੜੀ ਭਾਵਨਾ ਨਾਲ ਲਿਆਂਦਾ ਗਿਆ ਇਹ ਕਾਨੂੰਨ ਲਾਗੂ ਨਹੀਂ ਹੋ ਸਕਿਆ ਸੀ।ਲੰਮੇ ਸਮੇਂ ਤੋਂ ਆਏ ਦਿਨ ਸੂਬੇ ਭਰ 'ਚ ਹੁੰਦੀਆਂ ਬੇਅਦਬੀ ਦੀਆਂ ਘਟਨਾਵਾਂ ਨੇ ਪੰਜਾਬ ਦੇ ਲੋਕਾਂ ਦੇ ਦਿਲਾਂ ਨੂੰ ਝੰਜੋੜ ਕੇ ਰੱਖ ਦਿੱਤਾ ਸੀ।ਉਨ੍ਹਾਂ ਪੰਜਾਬ ਸਰਕਾਰ ਦੇ ਇਸ ਕਦਮ ਨੂੰ ਲੋਕਤੰਤਰਕ ਜ਼ਿੰਮੇਵਾਰੀ ਅਤੇ ਲੋਕ ਭਾਵਨਾਵਾਂ ਦੀ ਤਰਜਮਾਨੀ ਦੱਸਿਆ।ਉਨ੍ਹਾਂ ਕਿਹਾ ਕਿ ਇਹ ਫੈਸਲਾ ਸਿੱਖ ਕੌਮ ਦੇ ਇਤਿਹਾਸ, ਮਰਿਆਦਾਵਾਂ ਅਤੇ ਆਸਥਾ ਪ੍ਰਤੀ ਇੱਜ਼ਤ ਦਾ ਪ੍ਰਤੀਕ ਹੈ।

ਭਾਈ ਸੋਹਲ ਨੇ ਮੁੱਖ ਮੰਤਰੀ ਸ. ਭਗਵੰਤ ਮਾਨ, ਪਾਰਟੀ ਕਨਵੀਨਰ ਸ਼੍ਰੀ ਅਰਵਿੰਦ ਕੇਜਰੀਵਾਲ ਅਤੇ ਸਾਰੀ ਪੰਜਾਬ ਕੈਬਨਿਟ ਦਾ ਧੰਨਵਾਦ ਕੀਤਾ। ਉਨ੍ਹਾਂ ਆਖ਼ਰ ਵਿੱਚ ਕਿਹਾ ਕਿ ਸਾਡੀ ਨੌਜਵਾਨ ਪੀੜ੍ਹੀ ਨੂੰ ਵੀ ਇਹ ਸੰਦੇਸ਼ ਮਿਲੇਗਾ ਕਿ ਧਾਰਮਿਕ ਸਹਿਣਸ਼ੀਲਤਾ ਅਤੇ ਇੱਜ਼ਤ ਸਾਡੀ ਸਭਿਆਚਾਰਕ ਪਛਾਣ ਹੈ।ਕਿਸੇ ਵੀ ਧਰਮ ਦੇ ਪਵਿੱਤਰ ਗ੍ਰੰਥ ਦੀ ਬੇਅਦਬੀ ਕਿਸੇ ਵੀ ਸਥਿਤੀ ਵਿੱਚ ਬਰਦਾਸ਼ਤ ਤੋਂ ਬਾਹਰ ਹੈ।



## ਸਰਕਾਰੀ ਹਸਪਤਾਲ ਤਰਨਤਾਰਨ 'ਚ ਨਾਨਕ ਬਗੀਚੀ ਤਿਆਰ ਕਰ ਕੇ ਬੂਟੇ ਲਗਾਏ



ਚੋਹਲਾ ਸਾਹਿਬ (ਰਮਨ ਚੱਢਾ)-ਪੰਜਾਬ ਸਰਕਾਰ ਅਤੇ ਸੂਬੇ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਦੀ ਪ੍ਰਧਾਨਗੀ ਹੇਠ ਮੰਗਲਵਾਰ ਨੂੰ ਦਫਤਰ ਸਿਵਲ ਸਰਜਨ ਅਤੇ ਸਰਕਾਰੀ ਹਸਪਤਾਲ, ਤਰਨ ਤਾਰਨ ਵਿਖੇ ਨਾਨਕ ਬਾਗ਼ੀਚੀ ਨੂੰ ਤਿਆਰ ਕਰਕੇ ਵੱਖ-ਵੱਖ ਤਰਾਂ ਦੇ ਬੂਟੇ ਲਗਾਏ ਗਏ।

ਇਸ ਮੌਕੇ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਨੇ ਕਿਹਾ ਕਿ ਸਿਹਤ ਵਿਭਾਗ ਵਲੋਂ ਜ਼ਿਲ੍ਹੇ ਦੇ ਵਿੱਚ ਸੰਸਥਾਵਾਂ ਵਿੱਚ ਨਾਨਕ ਬਾਗ਼ੀਚੀ ਤਿਆਰ ਕਰ ਕੇ ਬੂਟੇ ਲਗਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਵਿਅਕਤੀ ਦੇ ਚੰਗੇ ਸਰੀਰਕ ਅਤੇ ਮਾਨਸਿਕ ਵਿਕਾਸ ਲਈ ਵਾਤਾਵਰਨ ਦਾ ਸਾਫ ਸੁਥਰਾ ਹੋਣਾ ਬਹੁਤ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਜੇਕਰ ਵਿਅਕਤੀ ਆਪਣੇ ਵਾਤਾਵਰਨ ਨੂੰ ਬਚਾਉਂਦਾ ਹੈ ਤਾਂ ਉਹ ਆਪਣਾ ਜੀਵਨ ਬਚਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਾਤਾਵਰਨ ਦੀ ਸਾਂਭ ਸੰਭਾਲ ਬਾਰੇ ਆਪਣੇ ਆਪਣੇ ਬਲਾਕਾਂ ਦੇ ਵਿੱਚ ਵੱਧ ਤੋਂ ਵੱਧ ਜਾਗਰੂਕਤਾ ਫੈਲਾਈ ਜਾਵੇ। ਇਸ ਮੌਕੇ ਜ਼ਿਲਾ ਪਰਿਵਾਰ ਭਲਾਈ ਅਫਸਰ ਡਾ. ਸਤਵਿੰਦਰ ਕੁਮਾਰ, ਜ਼ਿਲਾ ਸਿਹਤ ਅਫ਼ਸਰ ਡਾ. ਸੁਖਬੀਰ ਕੌਰ, ਸਹਾਇਕ ਸਿਵਲ ਸਰਜਨ ਡਾ. ਸੁਰਿੰਦਰ ਸਿੰਘ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਰੁਪਮ ਚੌਧਰੀ, ਡਾ. ਰਾਬਿੰਦਰ ਚੌਧਰੀ, ਡਾ. ਅਵਲੀਨ ਕੌਰ ਜ਼ਿਲਾ ਮਾਸ ਮੀਡੀਆ ਅਫਸਰ ਸੁਖਵੰਤ ਸਿੰਘ ਸਿੱਧੂ ਆਦਿ ਮੌਜੂਦ ਸਨ।


इण्डियन ओवरसीज़ बैंक
Indian Overseas Bank
(भारत सरकार का उपक्रम A Govt. of India Undertaking)
आपकी प्रगति का सच्चा साथी Good people to grow with
www.iob.in

ਖੇਤਰੀ ਦਫ਼ਤਰ : ਦੂਜੀ ਮੰਜ਼ਲ, ਪਲਾਟ ਨੰ: 3, ਮਾਲਵੀਆ ਨਗਰ, ਸਾਹਮਣੇ ਪੱਤਰਕਾਰ ਭਵਨ, ਭੋਪਾਲ (ਮੱਧ ਪ੍ਰਦੇਸ਼)-462003
ਟੈਲੀ : 0755-2570202, ਈ-ਮੇਲ : 2253law@iob.in

30-07-2025 ਨੂੰ ਸਰਫੇਸੀ ਐਕਟ 2002 ਦੇ ਤਹਿਤ ਈ-ਨਿਲਾਮੀ

### ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਲਈ ਜਨਤਕ ਨੋਟਿਸ

(ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ ਦੇ ਰੂਲ 8 (6)/ ਰੂਲ 9 (1) ਦੀਆਂ ਵਿਵਸਥਾਵਾਂ ਅਧੀਨ

ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 (6) ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ 2002 ਤਹਿਤ ਅਚੱਲ ਜਾਇਦਾਦ/ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।
ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਵਰਣਿਤ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਗਹਿਣੇ/ਚਾਰਜਿਡ ਹੈ, ਜਿਸ ਦਾ ਰਚਨਾਤਮਕ/ਭੌਤਿਕ (ਜੋ ਵੀ ਲਾਗੂ ਹੈ) ਕਬਜ਼ਾ ਇੰਡੀਅਨ ਓਵਰਸੀਜ਼ ਬੈਂਕ ਦੇ ਅਧਿਕਾਰਤ ਅਫਸਰ ਸਕਿਉਰਡ ਕ੍ਰੈਡਿਟਰ ਵੱਲੋਂ ਲੈ ਲਿਆ ਗਿਆ, ਨੂੰ 'ਜਿਥੇ ਹੈ ਜਿਵੇਂ ਹੈ' 'ਉੱਥੇ ਜੋ ਵੀ ਹੈ', 'ਉੱਥੇ ਜਿਵੇਂ ਹੈ' ਦੇ ਆਧਾਰ 'ਤੇ ਹੇਠਾਂ ਵਰਣਿਤ ਕਰਜ਼ਦਾਰਾਂ ਅਤੇ ਗਰੰਟਰਾਂ ਕੋਲੋਂ ਇੰਡੀਅਨ ਓਵਰਸੀਜ਼ ਬੈਂਕ (ਸਕਿਉਰਡ ਕ੍ਰੈਡੀਟਰ) ਦੀ ਹੇਠਾਂ ਵਰਨਣ ਬਕਾਇਆ ਨਿਕਲਦੀ ਰਕਮ ਵਸੂਲਣ ਲਈ ਮਿਤੀ 30.07.2025 ਨੂੰ ਵਿਕਰੀ ਕੀਤੀ ਜਾਵੇਗੀ। ਰਾਖਵੀਂ ਕੀਮਤ ਅਤੇ ਰਕਮ ਬਿਆਨਾ ਜਮ੍ਹਾਂ ਹੇਠਾਂ ਦਰਸਾਈ ਗਈ ਹੈ। ਨਿਮਨਹਸਤਾਖਰੀ ਰਾਹੀਂ ਵਿਕਰੀ ਈ-ਨਿਲਾਮੀ ਪਲੇਟ ਫਾਰਮ ਜੋ ਵੈੱਬ ਪੋਰਟਲ : https://baanket. 'ਤੇ ਮੁਹੱਈਆ ਕਰਵਾਇਆ ਗਿਆ ਹੈ, ਰਾਹੀਂ ਹੋਵੇਗੀ।

| ਲੜੀ ਨੰ: | ਕਰਜ਼ਦਾਰ/ਗਰੰਟਰਾਂ/ਰਹਿਣਕਾਰ/ ਦਾ ਨਾਂਅ ਅਤੇ ਪਤਾ | ਬਕਾਇਆ ਰਕਮ | ਜਾਇਦਾਦਾਂ ਦਾ ਵੇਰਵਾ ਅਤੇ ਜਾਇਦਾਦ ਦੇ ਮਾਲਕ ਦਾ ਨਾਂਅ | ਰਾਖਵੀਂ ਕੀਮਤ / ਈ ਐੱਮ ਡੀ ਰਾਸ਼ੀ / ਬੋਲੀ ਵਾਧਾ ਰਾਸ਼ੀ |
|---|---|---|---|---|
| ਵਿਦਿਸ਼ਾ ਬਰਾਂਚ : ਪਲਾਟ ਨੰ: 60, ਵਾਰਡ ਨੰ: 7, ਐੱਨ ਐੱਚ-7, ਸਾਂਚੀ ਰੋਡ, ਵਿਦਿਸ਼ਾ-464001 (ਮੱਧ ਪ੍ਰਦੇਸ਼) | | | | |
| 1 | ਕਰਜ਼ਦਾਰ/ਰਹਿਣਕਾਰ ਅਤੇ ਗਰੰਟਰ : ਸ੍ਰੀਮਤੀ ਪ੍ਰਨੀਤ ਕੌਰ ਪਤਨੀ ਬਰਿੰਦਰ ਸਿੰਘ ਅਤੇ ਸ੍ਰੀ ਬਰਿੰਦਰ ਸਿੰਘ ਪੁੱਤਰ ਸੁਰਿੰਦਰ ਪਾਲ ਸਿੰਘ ਸਥਾਈ ਪਤਾ : ਮਕਾਨ ਨੰ. 13, ਸੈਕਟਰ 123, ਸੰਨੀ ਇਨਕਲੇਵ, ਐੱਸ ਏ ਐੱਸ ਨਗਰ, ਮੋਹਾਲੀ, ਪੰਜਾਬ-140310 ਪੱਤਰ ਵਿਹਾਰ ਲਈ ਪਤਾ : ਫਲੈਟ ਨੰ. 111, ਓਰਬਿਟ ਹਾਈਟਸ, ਦੂਜੀ ਮੰਜ਼ਲ, ਵਾਰਡ ਨੰ. 11, ਵਿਦਿਸ਼ਾ ਭੋਪਾਲ ਮੇਨ ਰੋਡ, ਨੇੜੇ ਵਿਵੇਕਾਨੰਦਾ ਸਕੁਏਅਰ, ਵਿਦਿਸ਼ਾ, ਐੱਮ. ਪੀ. 464001 | 11.07.2025 ਨੂੰ ਰੁਪਏ 24,97,428/- ਜਮ੍ਹਾਂ ਵਿਆਜ ਅਤੇ ਹੋਰ ਚਾਰਜਿਜ਼ | ਜਾਇਦਾਦ ਦੀ ਸਾਰਨੀ : ਸ੍ਰੀਮਤੀ ਪ੍ਰਨੀਤ ਕੌਰ ਪਤਨੀ ਬਰਿੰਦਰ ਸਿੰਘ ਰਿਹਾਇਸ਼ੀ ਪਲਾਟ ਨੰ. 111, ਓਰਬਿਟ ਹਾਈਟਸ, ਦੂਜੀ ਮੰਜ਼ਲ, ਵਾਰਡ ਨੰ. 11, ਵਿਦਿਸ਼ਾ ਭੋਪਾਲ ਮੇਨ ਰੋਡ, ਨੇੜੇ ਵਿਵੇਕਾਨੰਦ ਸਕੁਏਅਰ, ਵਿਦਿਸ਼ਾ-464001, ਹੱਦਾਂ : ਉੱਤਰ : ਫਲੈਟ ਨੰ. 110, ਦੱਖਣ : ਰਿਲਾਇੰਸ ਦੀ ਜ਼ਮੀਨ, ਪੂਰਬ : ਕੋਰੀਡੋਰ, ਪੱਛਮ : ਰਿਲਾਇੰਸ ਨਾਲ ਸੰਬੰਧਤ ਜ਼ਮੀਨ। ਭੌਤਿਕ ਕਬਜ਼ਾ | ਰੁਪਏ 13,02,400/- ਰੁਪਏ 1,30,240/- ਰੁਪਏ 25,000/- |

ਈ- ਨਿਲਾਮੀ ਦੀ ਮਿਤੀ ਅਤੇ ਸਮਾਂ : 30-07-2025 (11.00 ਵਜੇ ਸਵੇਰੇ ਤੋਂ ਦੁਪਹਿਰ 1.00 ਵਜੇ ਤੱਕ)

ਟਿੱਪਣੀ : ਟੀ ਡੀ ਐੱਸ ਲਾਗੂ * ਪੰਜਾਹ ਲੱਖ ਜਾਂ ਇਸ ਤੋਂ ਵੱਧ ਦੀ ਅਚੱਲ ਜਾਇਦਾਦ ਲਈ ਈ ਵਿਕਰੀ/ਤਬਦੀਲ ਕਰਨ ਦੇ ਮਾਮਲੇ 'ਚ ਟਰਾਂਸਫਰੀ ਨੂੰ ਲਾਗੂ ਆਮਦਨ ਟੈਕਸ ਦੇ 1% ਦੇ ਬਰਾਬਰ ਰਕਮ ਦਾ ਭੁਗਤਾਨ ਕਰਨਾ ਪਵੇਗਾ।
ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਲਈ ਕਿਰਪਾ ਕਰਕੇ ਹੇਠਾਂ ਦਿੱਤੀਆਂ ਵੈੱਬਸਾਈਟਸ/ਵੈੱਬ ਪੇਜ ਪੋਰਟਲ ਲਿੰਕ ਦਾ ਹਵਾਲਾ ਲਿਆ ਜਾਵੇ।
(1) https://baanknet.com (2) www.iob.in
ਨੋਟ : ਇਸ ਨੂੰ ਉਕਤ ਕਰਜ਼ੇ ਦੇ ਕਰਜ਼ਦਾਰਾਂ ਅਤੇ ਗਰੰਟਰਾਂ ਲਈ ਉਪਰੋਕਤ ਦਰਸਾਈ ਮਿਤੀ 'ਤੇ ਈ-ਨਿਲਾਮੀ ਕਰਨ ਸੰਬੰਧੀ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8(6)/ 9(1) ਅਤੇ ਰੂਲ 6(2) ਤਹਿਤ ਨੋਟਿਸ ਮੰਨਿਆ ਜਾਵੇ।
ਮਿਤੀ : 11.07.2025


ਅਧਿਕਾਰਤ ਅਫਸਰ
ਇੰਡੀਅਨ ਓਵਰਸੀਜ਼ ਬੈਂਕ

16 July Page 12.qxd 7/15/2025 10:56 PM Page 1




# ਅਪਰੇਸ਼ਨ ਕਾਸੋ ਤਹਿਤ 20 ਹਾਟਸਪਾਟ ਇਲਾਕਿਆਂ ਦੀ ਜਾਂਚ, 4 ਗ੍ਰਿਫ਼ਤਾਰ

**ਜਲੰਧਰ (ਸ਼ੈਲੀ ਐਲਬਰਟ)** ਐਸ.ਐਸ.ਪੀ. ਜਲੰਧਰ ਦਿਹਾਤੀ ਹਰਵਿੰਦਰ ਸਿੰਘ ਵਿਰਕ ਦੇ ਨਿਰਦੇਸ਼ਾਂ ਅਤੇ ਐਸ.ਪੀ. (ਇਨਵੈਸਟੀਗੇਸ਼ਨ) ਸਰਬਜੀਤ ਰਾਏ ਦੀ ਅਗਵਾਈ ਹੇਠ ਪੁਲਸ ਵਲੋਂ ਨਸ਼ਾ ਤਸਕਰੀ ਅਤੇ ਅਪਰਾਧਿਕ ਅਨਸਰਾਂ ਵਿਰੁੱਧ ਆਪਰੇਸ਼ਨ ਕਾਸੋ ਚਲਾਇਆ ਗਿਆ। ਮੁਹਿੰਮ ਦੌਰਾਨ 8 ਗਜਟਿਡ ਅਧਿਕਾਰੀ ਅਤੇ 128 ਪੁਲਸ ਕਰਮਚਾਰੀ ਤਾਇਨਾਤ ਕੀਤੇ ਗਏ, ਜਿਨ੍ਹਾਂ ਵਲੋਂ ਜ਼ਿਲ੍ਹੇ ਦੇ 20 ਹਾਟਸਪਾਟ ਇਲਾਕਿਆਂ ਦੀ ਜਾਂਚ ਕੀਤੀ ਗਈ। ਜਾਂਚ ਦੌਰਾਨ 4 ਐਫ.ਆਈ.ਆਰ ਦਰਜ ਹੋਈਆਂ ਅਤੇ 4 ਵਿਅਕਤੀਆਂ ਨੂੰ ਐਨ.ਡੀ.ਪੀ.ਐਸ ਐਕਟ ਤਹਿਤ ਗ੍ਰਿਫ਼ਤਾਰ ਕੀਤਾ ਗਿਆ। ਵੱਖ-ਵੱਖ ਥਾਵਾਂ 'ਤੇ ਕੀਤੀ ਗਈ ਰੇਡ ਦੌਰਾਨ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਅਤੇ ਨਜਾਇਜ ਸ਼ਰਾਬ ਬਰਾਮਦ ਕੀਤੀ ਗਈ। ਐਸ.ਐਸ.ਪੀ. ਜਲੰਧਰ ਦਿਹਾਤੀ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਆਪਰੇਸ਼ਨ ਕਾਸੋ ਚਲਾਇਆ ਜਾ ਰਿਹਾ ਹੈ, ਜਿਸ ਦਾ ਮੁੱਖ ਉਦੇਸ਼ ਜਿੱਥੇ ਨਸ਼ਾ ਤਸਕਰੀ ਦੀ ਲੜੀ ਨੂੰ ਤੋੜਨਾ ਹੈ, ਉੱਥੇ ਨੌਜਵਾਨ ਪੀੜ੍ਹੀ ਨੂੰ ਨਸ਼ੀਲੇ ਪਦਾਰਥਾਂ ਤੋਂ ਬਚਾਉਣਾ ਅਤੇ ਜ਼ਿਲ੍ਹੇ ਵਿੱਚ ਕਾਨੂੰਨ-ਵਿਵਸਥਾ ਨੂੰ ਮਜਬੂਤ ਬਣਾਈ ਰੱਖਣਾ ਹੈ। ਉਨ੍ਹਾਂ ਦੱਸਿਆ ਕਿ ਇਹ ਕਾਰਵਾਈ ਸਿਰਫ ਸ਼ੁਰੂਆਤ ਹੈ ਅਤੇ ਆਪਰੇਸ਼ਨ ਕਾਸੋ ਤਹਿਤ ਆਉਣ ਵਾਲੇ ਦਿਨਾਂ ਵਿੱਚ ਵੀ ਹੋਰ ਤੇਜ ਕਾਰਵਾਈ ਕੀਤੀ ਜਾਵੇਗੀ।



# ਦੀਪਕ ਸੂਦ ਨੂੰ ਨਸ਼ਾ ਮੁਕਤੀ ਮੋਰਚੇ ਦੇ ਵਾਈਸ ਕੋਆਰਡੀਨੇਟਰ ਲਗਾਇਆ

**ਮਹਿਤਪੁਰ (ਰਾਜਾ)**- ਆਮ ਆਦਮੀ ਪਾਰਟੀ ਹਾਈ ਕਮਾਂਡ ਵੱਲੋਂ ਮਹਿਤਪੁਰ ਤੋਂ ਸੀਨੀਅਰ ਆਗੂ ਦੀਪਕ ਸੂਦ ਦੀਆਂ ਸੇਵਾਵਾਂ ਨੂੰ ਦੇਖਦੇ ਹੋਏ ਹਲਕਾ ਸ਼ਾਹਕੋਟ ਤੋਂ ਨਸ਼ਾ ਮੁਕਤੀ ਮੋਰਚੇ ਦੇ ਵਾਈਸ ਕੋਆਰਡੀਨੇਟਰ ਲਗਾਇਆ ਗਿਆ ਹੈ। ਜਿਸ ਕਰਕੇ ਹਲਕੇ ਦੇ ਆਪ ਆਗੂਆਂ ਤੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਹੈ। ਨਵੇਂ ਬਣੇ ਵਾਈਸ ਕੋਆਰਡੀਨੇਟਰ ਦੀਪਕ ਸੂਦ ਨੇ ਪਾਰਟੀ ਦੇ ਕਰਵੀਨਰ ਅਰਵਿੰਦਰ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਮਾਨ, ਇੰਚਾਰਜ ਮਨੀਸ਼ ਸੁਸ਼ੋਦੀਆ, ਪ੍ਰਧਾਨ ਅਮਨ ਅਰੋੜਾ ਤੇ ਹਲਕਾ ਇੰਚਾਰਜ ਪਿੰਦਰ ਪੰਡੋਰੀ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਿਨ੍ਹਾਂ ਨੇ ਉਨ੍ਹਾਂ ਨੂੰ ਵਾਈਸ ਕੋਆਰਡੀਨੇਟਰ ਬਣਾ ਕੇ ਬਹੁਤ ਹੀ ਵੱਡਾ ਮਾਣ ਬਖਸ਼ਿਆ ਹੈ। ਜਿਸ ਲਈ ਉਹ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ। ਇਸ ਲਈ ਉਹ ਹਲਕਾ ਸ਼ਾਹਕੋਟ ਤੋਂ ਨਸ਼ਾ ਮੁਕਤੀ ਲਈ ਆਵਾਜ਼ ਘਰ ਘਰ ਪਹੁੰਚਾਉਣਗੇ। ਇਸ ਮੌਕੇ ਸੁਰਜੀਤ ਸਿੰਘ ਮਾਨ, ਬਲਵੀਰ ਸਿੰਘ ਪੰਜਾਬ, ਹਰਵਿੰਦਰ ਸਿੰਘ ਮਠਾੜੂ, ਨਿਰਮਲ ਸਿੰਘ ਹਰੀਪੁਰ, ਸਾਬੂ ਸਿੰਘ ਧਾਰੀਵਾਲ, ਅਜੇ ਸੂਦ, ਰਾਕੇਸ਼ ਆੜ੍ਹਤੀਆ, ਵਿਸ਼ਾਲ, ਰਾਣਾ ਮੱਟੂ, ਸਾਬੀ ਮੱਟੂ, ਸੁਖਮਨ ਪ੍ਰੀਤ ਮੱਟੂ, ਦਲਜੀਤ ਸਿੰਘ, ਬਿਕਰਮ ਭੰਡਾਰੀ, ਮਹਾਵੀਰ ਨਿੱਕੂ, ਦਲਜੀਤ ਸਿੰਘ ਬਾਜਵਾ, ਰਾਜਕੁਮਾਰ ਰੱਤੂ, ਬਲਵੀਰ ਮਹੇੜੂ, ਰਾਜਿੰਦਰ ਚੌਹਾਨ, ਕਮਲਜੀਤ ਕੌਰ ਆਦਿ ਹਾਜ਼ਰ ਸਨ।



# ਐੱਲ ਪੀ ਯੂ ਦੇ ਵਿਦਿਆਰਥੀਆਂ ਨੇ 80 ਤੋਂ ਵੱਧ ਦੇਸ਼ਾਂ 'ਚ ਖੋਜ ਦੇ ਮੌਕੇ ਸਫਲਤਾਪੂਰਵਕ ਪ੍ਰਾਪਤ ਕੀਤੇ

**ਜਲੰਧਰ (ਸ਼ੈਲੀ ਐਲਬਰਟ)** ਗਲੋਬਲ ਅਕਾਦਮਿਕ ਉੱਤਮਤਾ ਪ੍ਰਤੀ ਆਪਣੀ ਵਚਨਬੱਧਤਾ ਨੂੰ ਪੂਰਾ ਕਰਦੇ ਹੋਏ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ ਲਈ ਇੱਕ ਪ੍ਰਮੁੱਖ ਯੂਨੀਵਰਸਿਟੀ ਵਜੋਂ ਉੱਭਰੀ ਹੈ। 850 ਤੋਂ ਵੱਧ ਐਲਪੀਯੂ ਵਿਦਿਆਰਥੀਆਂ ਨੇ 80 ਤੋਂ ਵੱਧ ਦੇਸ਼ਾਂ ਵਿੱਚ ਮੋਹਰੀ ਯੂਨੀਵਰਸਿਟੀਆਂ ਵਿੱਚ ਅਕਾਦਮਿਕ, ਖੋਜ ਦੇ ਮੌਕੇ ਸਫਲਤਾਪੂਰਵਕ ਪ੍ਰਾਪਤ ਕੀਤੇ ਹਨ। ਇਸ ਗਲੋਬਲ ਪਹੁੰਚ ਨੂੰ ਯੂਨੀਵਰਸਿਟੀ ਦੇ ਅਮਰੀਕਾ, ਯੂਕੇ, ਬ੍ਰਾਜ਼ੀਲ, ਕੋਲੰਬੀਆ, ਸਪੇਨ, ਕੈਨੇਡਾ, ਆਸਟ੍ਰੇਲੀਆ, ਫਰਾਂਸ, ਦੱਖਣੀ ਕੋਰੀਆ ਅਤੇ ਪੋਲੈਂਡ ਦੇ ਸੰਸਥਾਨਾਂ ਸਮੇਤ ਦੁਨੀਆ ਭਰ ਦੀਆਂ 530 ਤੋਂ ਵੱਧ ਚੋਟੀ ਦੀਆਂ ਯੂਨੀਵਰਸਿਟੀਆਂ ਨਾਲ ਵਿਆਪਕ ਸਹਿਯੋਗ ਦੁਆਰਾ ਸਮਰਥਤ ਕੀਤਾ ਗਿਆ ਹੈ। ਇਸ ਵਿੱਚ ਸਮਰ ਸਕੂਲ ਪ੍ਰੋਗਰਾਮ, ਅੰਤਰਰਾਸ਼ਟਰੀ ਖੋਜ ਅਤੇ ਵਿਦਿਆਰਥੀ ਆਦਾਨ-ਪ੍ਰਦਾਨ ਦੇ ਮੌਕੇ, ਨਾਲ ਹੀ ਵਿਸ਼ਵ ਪੱਧਰ 'ਤੇ ਪ੍ਰਸਿੱਧ ਸੰਸਥਾਵਾਂ ਵਿੱਚ ਪੂਰੇ-ਕ੍ਰੈਡਿਟ ਸਕਾਲਰਸ਼ਿਪ ਪ੍ਰੋਗਰਾਮ ਸ਼ਾਮਲ ਹਨ। ਇਹਨਾਂ ਅੰਤਰਰਾਸ਼ਟਰੀ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਲਈ, ਵਿਦਿਆਰਥੀਆਂ ਨੂੰ ਗਲੋਬਲ ਸਕਾਲਰਸ਼ਿਪ ਦੇ ਰੂਪ ਵਿੱਚ 10.23 ਕਰੋੜ ਪ੍ਰਾਪਤ ਹੋਏ, ਜਿਸ ਨਾਲ ਉਨ੍ਹਾਂ ਲਈ ਵਿਦੇਸ਼ਾਂ ਵਿੱਚ ਸਿੱਖਿਆ ਪ੍ਰਾਪਤ ਕਰਨਾ ਆਸਾਨ ਹੋ ਗਿਆ। ਰਾਜ ਸਭਾ ਮੈਂਬਰ ਅਤੇ ਐਲਪੀਯੂ ਦੇ ਸੰਸਥਾਪਕ ਚਾਂਸਲਰ, ਡਾ. ਅਸ਼ੋਕ ਕੁਮਾਰ ਮਿੱਤਲ ਨੇ ਕਿਹਾ,"ਐਲ ਪੀ ਯੂ ਵਿੱਚ ਅੰਤਰਰਾਸ਼ਟਰੀਕਰਨ ਇੱਕ ਲੰਬੇ ਸਮੇਂ ਤੋਂ ਚੱਲ ਰਹੇ ਅਕਾਦਮਿਕ ਦ੍ਰਿਸ਼ਟੀਕੋਣ ਅਤੇ ਰਣਨੀਤਕ ਭਾਈਵਾਲੀ ਦੁਆਰਾ ਚਲਾਇਆ ਜਾਂਦਾ ਹੈ। ਸਾਡਾ ਟੀਚਾ ਹਮੇਸ਼ਾ ਵਿਦਿਆਰਥੀਆਂ ਨੂੰ ਅਰਥਪੂਰਨ ਅਤੇ ਨਤੀਜਾ-ਮੁਖੀ ਮੌਕਿਆਂ ਰਾਹੀਂ ਇੱਕ ਗਲੋਬਲ ਪਲੇਟਫਾਰਮ 'ਤੇ ਸਸ਼ਕਤ ਕਰਨਾ ਰਿਹਾ ਹੈ। ਗਲੋਬਲ ਲਿੰਕੇਜ ਅਤੇ ਅਕਾਦਮਿਕ ਗਤੀਸ਼ੀਲਤਾ ਵਿੱਚ ਨਿਰੰਤਰ ਨਿਵੇਸ਼ ਦੇ ਨਾਲ, ਐਲਪੀਯੂ ਨਾ ਸਿਰਫ਼ ਆਪਣੀ ਗਲੋਬਲ ਪਹੁੰਚ ਨੂੰ ਮਜ਼ਬੂਤ ਬਣਾ ਰਿਹਾ ਹੈ ਬਲਕਿ ਇੱਕ ਅਜਿਹਾ ਮਾਡਲ ਵੀ ਬਣਾ ਰਿਹਾ ਹੈ ਜਿੱਥੇ ਅੰਤਰਰਾਸ਼ਟਰੀ ਅਨੁਭਵ ਭਾਰਤ ਵਿੱਚ ਮੁੱਖ ਧਾਰਾ ਦੀ ਸਿੱਖਿਆ ਦਾ ਇੱਕ ਅਨਿੱਖੜਵਾਂ ਅੰਗ ਬਣ ਜਾਵੇ।" ਐਲਪੀਯੂ ਨੇ ਫਰਾਂਸ, ਇੰਡੋਨੇਸ਼ੀਆ, ਰੂਸ ਅਤੇ ਅਮਰੀਕਾ ਵਰਗੇ ਦੇਸ਼ਾਂ ਸਮੇਤ ਅਕਾਦਮਿਕ ਆਦਾਨ-ਪ੍ਰਦਾਨ ਅਤੇ ਥੋੜ੍ਹੇ ਸਮੇਂ ਦੇ ਪ੍ਰੋਗਰਾਮਾਂ ਰਾਹੀਂ 500 ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸਵਾਗਤ ਕੀਤਾ ਹੈ।



# ਪੰਜਾਬ ਜੂਨੀਅਰ ਮਹਿਲਾ ਹਾਕੀ ਟੀਮ ਦੇ ਚੋਣ ਟਰਾਇਲ 19 ਨੂੰ

**ਜਲੰਧਰ (ਸ਼ੈਲੀ ਐਲਬਰਟ)**- ਹਾਕੀ ਇੰਡੀਆ ਵਲੋਂ ਆਂਧਰਾ ਪ੍ਰਦੇਸ਼ ਦੇ ਸ਼ਹਿਰ ਕਾਕੀਨਾਡਾ ਵਿੱਚ ਇਕ ਅਗਸਤ ਤੋਂ 12 ਅਗਸਤ ਤੱਕ ਕਰਵਾਈ ਜਾ ਰਹੀ 15ਵੀਂ ਹਾਕੀ ਇੰਡੀਆ ਜੂਨੀਅਰ ਮਹਿਲਾ ਰਾਸ਼ਟਰੀ ਹਾਕੀ ਚੈਂਪੀਅਨਸ਼ਿਪ ਵਿੱਚ ਭਾਗ ਲੈਣ ਵਾਲੀ ਪੰਜਾਬ ਮਹਿਲਾ ਜੂਨੀਅਰ ਹਾਕੀ ਟੀਮ ਦੀ ਚੋਣ ਲਈ ਚੋਣ ਟਰਾਇਲ 19 ਜੁਲਾਈ ਨੂੰ ਸਵੇਰੇ 8 ਵਜੇ ਓਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਜਲੰਧਰ ਵਿੱਚ ਕਰਵਾਏ ਜਾਣਗੇ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਹਾਕੀ ਪੰਜਾਬ ਦੇ ਪ੍ਰਧਾਨ ਨਿਤਿਨ ਕੋਹਲੀ ਅਤੇ ਜਨਰਲ ਸਕੱਤਰ ਅਮਰੀਕ ਸਿੰਘ ਪੁਆਰ ਨੇ ਦੱਸਿਆ ਕਿ ਇਨ੍ਹਾਂ ਚੋਣ ਟਰਾਇਲਾਂ ਵਿੱਚ 1-1-2006 ਤੋਂ ਬਾਅਦ ਦੀਆਂ ਜਨਮੀਆਂ ਪੰਜਾਬ ਨਾਲ ਸੰਬੰਧਤ ਖਿਡਾਰਨਾਂ ਭਾਗ ਲੈ ਸਕਦੀਆਂ ਹਨ। ਚੋਣ ਟਰਾਇਲਾਂ ਵਿੱਚ ਭਾਗ ਲੈਣ ਵਾਲੀਆਂ ਖਿਡਾਰਨਾਂ ਚੋਣ ਟਰਾਇਲਾਂ ਸਮੇਂ ਆਪਣਾ ਅਸਲ ਆਧਾਰ ਕਾਰਡ ਨਾਲ ਲੈ ਕੇ ਆਉਣ। ਬਿਨਾਂ ਅਸਲ ਆਧਾਰ ਕਾਰਡ ਦੇ ਕਿਸੇ ਵੀ ਖਿਡਾਰਨ ਨੂੰ ਚੋਣ ਟਰਾਇਲਾਂ ਵਿੱਚ ਭਾਗ ਨਹੀਂ ਲੈਣ ਦਿੱਤਾ ਜਾਵੇਗਾ। ਚੋਣ ਟਰਾਇਲਾਂ ਦੌਰਾਨ ਚੁਣੀਆਂ ਗਈਆਂ ਖਿਡਾਰਨਾਂ ਦਾ ਕੋਚਿੰਗ ਕੈਂਪ ਵੀ ਲਗਾਇਆ ਜਾਵੇਗਾ।

# ਸ਼ਹੀਦ ਬਾਬਾ ਮੱਤੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਸੰਧਿਆ ਫੇਰੀ ਕੱਢੀ

**ਆਦਮਪੁਰ (ਪਰਮਜੀਤ ਸਿੰਘ)**- ਗੁਰਦੁਆਰਾ ਸ਼ਹੀਦ ਬਾਬਾ ਮੱਤੀ ਸਾਹਿਬ ਪਿੰਡ ਡਰੋਲੀ ਕਲ੍ਹਾਂ ਵਿਖੇ ਧੰਨ ਧੰਨ ਸ਼ਹੀਦ ਬਾਬਾ ਮੱਤੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਸੰਧਿਆ ਫੇਰੀ ਸਜਾਈ ਗਈ।ਸਮਾਗਮਾਂ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਨੇ ਦੱਸਿਆ ਕਿ ਸ਼ਾਮ 5 ਵਜੇ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸੰਧਿਆ ਫੇਰੀ ਕੱਢੀ ਗਈ।ਇਸ ਮੌਕੇ ਸੰਤ ਜਨਕ ਸਿੰਘ ਡੇਰਾ ਸੰਤਪੁਰਾ ਜੱਬੜ ਸਾਹਿਬ, ਬਾਬਾ ਮੋਹਣ ਸਿੰਘ ਡੇਰਾ ਸੰਤਪੁਰਾ ਜੱਬੜ ਸਾਹਿਬ ਵੀ ਸੰਧਿਆ ਫੇਰੀ ਦੀ ਅਰੰਭਤਾ ਮੌਕੇ ਪੁੱਜੇ।ਇਹ ਸੰਧਿਆ ਫੇਰੀ ਗੁਰਦੁਆਰਾ ਸ਼ਹੀਦ ਬਾਬਾ ਮੱਤੀ ਸਾਹਿਬ ਤੋਂ ਦਸ ਗੁਰੂ ਸਹਿਬਾਨਾਂ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕਰਨ ਉਪਰੰਤ ਅਰੰਭ ਹੋਈ।ਜਿਸਨੇ ਸਾਰੇ ਨਗਰ ਡਰੋਲੀ ਕਲਾਂ ਦੀ ਪ੍ਰਕਰਮਾਂ ਕੀਤੀ ਅਤੇ ਪਿੰਡ ਦੇ ਗੁਰਦੁਆਰਾ ਸ਼੍ਰੀ ਗੁਰੂ ਰਵਿਦਾਸ ਮਹਾਰਾਜ, ਸ਼੍ਰੀ ਵਾਲਮੀਕਿ ਜੀ ਮੰਦਰ, ਗੁਰਦੁਆਰਾ ਸਿੰਘ ਸਭਾ ਅਕਾਲੀ ਪਾਤਸ਼ਾਹੀ ਛੇਵੀਂ, ਗੁਰਦੁਆਰਾ ਭਾਈ ਸੁੰਦਰ ਦਾਸ, ਗੁਰੂ ਘਰ ਭਾਈ ਸੁੱਖਾ ਸਿੰਘ ਦੇ ਸੇਵਾਦਾਰਾਂ ਅਤੇ ਸਮੂਹ ਸੰਗਤਾਂ ਵੱਲੋਂ ਸੰਧਿਆ ਫੇਰੀ ਦਾ ਜਿਥੇ ਫੁੱਲਾਂ ਦੀ ਵਰਖਾ ਨਾਲ ਸਵਾਗਤ ਕੀਤਾ ਉਥੇ ਸੰਧਿਆ ਫੇਰੀ ਨਾਲ ਜੁੜੀਆਂ ਸੰਗਤਾਂ ਲਈ ਦੁੱਧ, ਚਾਹ ਤੇ ਮਠਿਆਈਆਂ ਤੇ ਫਲ ਫਰੂਟ ਦੇ ਲੰਗਰ ਵੀ ਲਗਾਏ ਗਏ।ਸੰਧਿਆ ਫੇਰੀ ਰਾਤ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਈ ਉਪਰੰਤ ਰਾਤ ਦੇ ਦੀਵਾਨ ਸਜਾਏ ਗਏ, ਜਿਸ ਵਿੱਚ ਹਜ਼ੂਰੀ ਰਾਗੀ ਜੱਥਾ ਭਾਈ ਗੁਰਜੀਤ ਸਿੰਘ ਰਾਗੀ ਜੱਥਾ ਭਾਈ, ਦਵਿੰਦਰ ਸਿੰਘ (ਬਟਾਲੇ ਵਲੇ) ਹਜ਼ੂਰੀ ਰਾਗੀ ਜੱਥਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆ ਵੱਲੋਂ ਸੰਗਤਾਂ ਨੂੰ ਗੁਰਬਾਣੀ ਕੀਰਤਨ ਕਰ ਨਿਹਾਲ ਕੀਤਾ। ਉਪਰੰਤ ਸੰਗਤਾਂ ਨੂੰ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।ਇਸ ਮੌਕੇ ਪ੍ਰਧਾਨ ਜਥੇਦਾਰ ਮਨੋਹਰ ਸਿੰਘ, ਮੀਤ ਪ੍ਰਧਾਨ ਦਰਸ਼ਨ ਸਿੰਘ, ਸੈਕਟਰੀ ਰਣਵੀਰਪਾਲ ਸਿੰਘ, ਜਰਨੈਲ ਸਿੰਘ, ਕਰਮ ਸਿੰਘ, ਨਰਿੰਦਰ ਸਿੰਘ, ਹਰਦਿਆਲ ਸਿੰਘ, ਸੁਰਿੰਦਰ ਸਿੰਘ, ਗੁਰਜੀਤ ਸਿੰਘ, ਮਨਦੀਪ ਸਿੰਘ, ਇਕਬਾਲ ਸਿੰਘ, ਸਰਪੰਚ ਰਛਪਾਲ ਸਿੰਘ, ਡਾ. ਗੁਰਦੀਪ ਸਿੰਘ, ਕਮਲਜੀਤ ਸਿੰਘ, ਜਸਪਾਲ ਸਿੰਘ, ਸਤਨਾਮ ਸਿੰਘ ਤੇ ਹੋਰ ਸੰਗਤਾਂ ਅਤੇ ਸੇਵਾਦਾਰ ਹਾਜ਼ਰ ਸਨ।



# ਸਿੰਗਲ ਯੂਜ਼ ਪਲਾਸਟਿਕ ਤੇ ਡੀ ਜੇ 'ਤੇ ਰਹੇਗੀ ਪਾਬੰਦੀ : ਆਸ਼ਿਕਾ ਜੈਨ

**ਹੁਸ਼ਿਆਰਪੁਰ (ਓ ਪੀ ਰਾਣਾ, ਬੀ ਐੱਸ ਸੈਣੀ )** 25 ਜੁਲਾਈ ਤੋਂ ਸ਼ੁਰੂ ਹੋਣ ਵਾਲੇ ਮਾਤਾ ਚਿੰਤਪੁਰਨੀ ਮੇਲੇ ਵਿਚ ਲੰਗਰ ਦੌਰਾਨ ਸੁਚਾਰੂ ਪ੍ਰਬੰਧਾਂ ਸਬੰਧੀ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਲੰਗਰ ਕਮੇਟੀਆਂ ਦੇ ਮੁਖੀਆਂ ਨਾਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਕੀਤੀ। ਉਨ੍ਹਾਂ ਕਿਹਾ ਕਿ ਮਾਤਾ ਚਿੰਤਪੁਰਨੀ ਮੇਲੇ ਵਿਚ ਲੰਗਰ ਲਗਾਉਂਦੇ ਸਮੇਂ ਸਾਫ਼-ਸਫ਼ਾਈ ਦਾ ਧਿਆਨ ਰੱਖਣਾ ਚਾਹੀਦਾ ਹੈ ਤਾਂ ਜੋ ਵਾਤਾਵਰਨ ਪ੍ਰਦੂਸ਼ਿਤ ਨਾ ਹੋ ਸਕੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਮੇਲੇ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੇਗਾ। ਡਿਪਟੀ ਕਮਿਸ਼ਨਰ ਨੇ ਮੀਟਿੰਗ ਦੌਰਾਨ ਲੰਗਰ ਕਮੇਟੀਆਂ ਨਾਲ ਵਿਚਾਰ-ਵਟਾਂਦਰੇ ਅਤੇ ਸਹਿਮਤੀ ਤੋਂ ਬਾਅਦ ਕਿਹਾ ਕਿ ਜਨਤਕ ਹਿੱਤ ਵਿਚ ਡੀ.ਜੇ ਅਤੇ ਸਿੰਗਲ-ਯੂਜ਼ ਪਲਾਸਟਿਕ 'ਤੇ ਪਾਬੰਦੀ ਰਹੇਗੀ। ਉਨ੍ਹਾਂ ਲੰਗਰ ਕਮੇਟੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸੁਚਾਰੂ ਆਵਾਜਾਈ ਲਈ ਲੰਗਰ ਕਮੇਟੀਆਂ ਸੜਕ 'ਤੇ ਆ ਕੇ ਲੰਗਰ ਨਾ ਵਰਤਾਉਣ ਅਤੇ ਲੰਗਰ ਕੇਵਲ ਨਿਰਧਾਰਤ ਥਾਵਾਂ 'ਤੇ ਹੀ ਲਗਾਇਆ ਜਾਵੇ। ਉਨ੍ਹਾਂ ਭਰੋਸਾ ਦਿਵਾਉਂਦੇ ਹੋਏ ਕਿਹਾ ਕਿ ਮਾਤਾ ਚਿੰਤਪੁਰਨੀ ਮੇਲੇ ਨੂੰ ਸਫਲ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪੁਖਤਾ ਪ੍ਰਬੰਧ ਯਕੀਨੀ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਲੰਗਰ ਲਗਾਉਣ ਦੇ ਲਈ ਰਜਿਸਟ੍ਰੇਸ਼ਨ ਜ਼ਰੂਰੀ ਹੈ, ਇਸ ਲਈ ਲੰਗਰ ਕਮੇਟੀਆਂ ਵਲੋਂ ਇਹ ਰਜਿਸਟ੍ਰੇਸ਼ਨ ਐਸ.ਡੀ.ਐਮ ਦਫ਼ਤਰ ਹੁਸ਼ਿਆਰਪੁਰ ਤੋਂ ਕਰਵਾਈ ਜਾ ਸਕਦੀ ਹੈ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਸ਼ਰਧਾਲੂਆਂ ਨੂੰ ਅਪੀਲ ਕੀਤੀ ਕਿ ਉਹ ਭਾਰ ਢੋਣ ਵਾਲੇ ਵਾਹਨਾਂ ਦੀ ਵਰਤੋਂ ਨਾ ਕਰਨ। ਉਨ੍ਹਾਂ ਨਗਰ ਨਿਗਮ ਅਤੇ ਪਬਲਿਕ ਹੈਲਥ ਨੂੰ ਸ਼ਰਧਾਲੂਆਂ ਦੀ ਸਹੂਲਤ ਲਈ ਮੋਬਾਈਲ ਪਖਾਨੇ ਆਦਿ ਦਾ ਪ੍ਰਬੰਧ ਕਰਨ ਅਤੇ ਸਿਹਤ ਵਿਭਾਗ ਨੂੰ ਭੋਜਨ ਦੇ ਨਮੂਨੇ, ਐਂਬੂਲੈਂਸਾਂ, ਮੈਡੀਕਲ ਟੀਮਾਂ ਅਤੇ ਹੋਰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਕਿਹਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਨਿਕਾਸ ਕੁਮਾਰ, ਵਧੀਕ ਡਿਪਟੀ ਕਮਿਸ਼ਨਰ (ਜ) ਅਮਰਬੀਰ ਕੌਰ ਭੁੱਲਰ, ਕਮਿਸ਼ਨਰ ਨਗਰ ਨਿਗਮ ਜੋਤੀ ਬਾਲਾ ਮੱਟੂ, ਸਹਾਇਕ ਕਮਿਸ਼ਨਰ ਓਇਸ਼ੀ ਮੰਡਲ, ਐਸ.ਡੀ.ਐਮ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ, ਐਸ.ਪੀ.ਨਵਨੀਤ ਕੌਰ ਗਿੱਲ, ਆਰ.ਟੀ.ਓ ਅਮਨਦੀਪ ਕੌਰ ਘੁੰਮਣ ਤੋਂ ਇਲਾਵਾ ਸ਼੍ਰੀ ਸ਼ਿਵਰਾਤਰੀ ਅਤੇ ਉਤਸਵ ਕਮੇਟੀ ਤੋਂ ਹਰੀਸ਼ ਖੋਸਲਾ, ਭਾਰਤੀ ਸਨਾਤਨ ਧਰਮ ਮਹਾਵੀਰ ਦਲ ਤੋਂ ਕ੍ਰਿਸ਼ਨ ਗੋਪਾਲ ਆਨੰਦ ਅਤੇ ਭਾਰਤ ਭੂਸ਼ਣ ਵਰਮਾ, ਮਈਆ ਜੀ ਅਸੀਂ ਨੌਕਰ ਤੇਰੇ ਤੋਂ ਅਸ਼ਵਨੀ ਸ਼ਰਮਾ, ਮਨਦੀਪ ਸ਼ਰਮਾ, ਪ੍ਰਮੋਦ ਸ਼ਰਮਾ, ਸਵੱਛਤਾ ਦਾ ਲੰਗਰ ਸੇਵਾ ਸੋਸਾਇਟੀ ਦੇ ਨੁਮਾਇੰਦੇ ਅਤੇ ਹੋਰਨਾਂ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।




# ਰੱਕੜਾਂ ਢਾਹਾਂ ਵਿਖੇ ਬੁਖਾਰ ਦੇ ਬਚਾਅ ਲਈ ਕੀਤਾ ਜਾਗਰੂਕ



**ਬਲਾਚੌਰ (ਜਸਵਿੰਦਰ ਬੈਂਸ)**- ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਡਾਕਟਰ ਗੁਰਿੰਦਰਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਨਵਰੀਤ ਕੌਰ ਸੜੋਆ ਦੀ ਯੋਗ ਅਗਵਾਈ ਹੇਠ ਪਿੰਡ ਰੱਕੜਾਂ ਦੇ ਸਰਕਾਰੀ ਹਾਈ ਸਕੂਲ ਵਿਖੇ ਹੈਲਥ ਇੰਸਪੈਕਟਰ ਗੁਰਿੰਦਰ ਸਿੰਘ ਨੇ ਡੇਂਗੂ ਦੇ ਬਚਾਅ ਅਤੇ ਲੱਛਣਾਂ ਸਬੰਧੀ ਜਾਣਕਾਰੀ ਦਿੱਤੀ ਤੇ ਦੱਸਿਆ ਕਿ ਡੇਂਗੂ ਦਾ ਮੱਛਰ ਸਾਫ ਖੜ੍ਹੇ ਪਾਣੀ ਦੇ ਸੋਮਿਆਂ ਵਿੱਚ ਪੈਦਾ ਹੁੰਦਾ ਹੈ ਅਤੇ ਇਹ ਮੱਛਰ ਦਿਨ ਵੇਲੇ ਕੱਟਦਾ ਹੈ। ਬੱਚਿਆਂ ਅਤੇ ਸਕੂਲ ਅਧਿਆਪਕਾਂ ਨੂੰ ਡੇਂਗੂ ਦੇ ਲਾਰਵੇ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਫੀਡਿੰਗ ਚੈੱਕਰ ਪਰਮਬੀਰ ਸਿੰਘ ਦੁਆਰਾ ਸਕੂਲ ਵਿੱਚ ਡੇਂਗੂ ਦਾ ਲਾਰਵਾ ਚੈੱਕ ਕੀਤਾ ਗਿਆ। ਬੱਚਿਆਂ ਨੂੰ ਘਰਾਂ ਵਿੱਚ ਜਾ ਕੇ ਡੇਂਗੂ ਦਾ ਲਾਰਵਾ ਚੈੱਕ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸਕੂਲ ਅਧਿਆਪਕ ਮਲਟੀਪਰਪਜ਼ ਹੈਲਥ ਵਰਕਰ ਬਿੰਦਰ ਕੁਮਾਰ, ਕਮਲੇਸ਼ ਆਸ਼ਾ, ਸੁਪਰਵਾਈਜ਼ਰ ਪੁਸ਼ਮਿੰਦਰ ਕੌਰ, ਆਸ਼ਾ ਵਰਕਰਾਂ ਚਸ਼ਮਾ, ਪਰਵੀਨ ਅਤੇ ਬਰੀਡਿੰਗ ਚੈੱਕਰ ਪਰਮਵੀਰ ਹਾਜ਼ਰ ਸਨ।

# ਵਿਕਟੋਰੀਆ ਇੰਟਰਨੈਸ਼ਨਲ ਸਕੂਲ ਦੀ ਮਾਨਵੀ ਸੈਣੀ ਨੇ ਜਿੱਤਿਆ ਸੋਨ ਤਗਮਾ

**ਅੱਡਾ ਸਰਾਂ (ਜਸਵੀਰ ਕਾਜਲ)**- ਵਿਕਟੋਰੀਆ ਇੰਟਰਨੈਸ਼ਨਲ ਸਕੂਲ ਦੀ ਹੋਣਹਾਰ ਵਿਦਿਆਰਥਣ ਮਾਨਵੀ ਸੈਣੀ ਨੇ ਬੀ.ਡੀ.ਏ. ਕਾਲਜ, ਜਲੰਧਰ ਕੈਂਟ ਵਿਖੇ ਆਯੋਜਿਤ ਖੇਲੋ ਇੰਡੀਆ ਵੁਸ਼ੂ ਅਸਮਿਤਾ ਮਹਿਲਾ ਲੀਗ 2025 ਵਿਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸੋਨ ਤਗਮਾ ਜਿੱਤਿਆ ਹੈ। ਤਗਮਾ ਜਿੱਤਣ ਤੋਂ ਬਾਅਦ ਸਕੂਲ ਪਹੁੰਚਣ 'ਤੇ ਸਕੂਲ ਡਾਇਰੈਕਟਰ ਪ੍ਰੋ. ਜੀ.ਐਸ . ਮੁਲਤਾਨੀ ਅਤੇ ਨੀਰੂ ਮੁਲਤਾਨੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਪੂਜਾ ਪਟਿਆਲ ਦੁਆਰਾ ਮਾਨਵੀ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਨੇ ਕਿਹਾ ਕਿ ਮਾਨਵੀ ਨੇ ਸ਼ਾਨਦਾਰ ਹੁਨਰ ਅਤੇ ਆਤਮਵਿਸ਼ਵਾਸ ਨਾਲ ਰਾਜ ਪੱਧਰੀ ਮੁਕਾਬਲੇ ਵਿਚ ਹਿੱਸਾ ਲਿਆ ਅਤੇ ਰਾਸ਼ਟਰੀ ਮੁਕਾਬਲੇ ਲਈ ਚੁਣੇ ਜਾਣ 'ਤੇ ਸਕੂਲ ਅਤੇ ਖੇਤਰ ਦਾ ਨਾਂਅ ਰੌਸ਼ਨ ਕੀਤਾ ਹੈ।ਸਕੂਲ ਪ੍ਰਬੰਧਨ, ਪ੍ਰਿੰਸੀਪਲ ਅਤੇ ਸਮੁੱਚੇ ਸਟਾਫ਼ ਮਾਨਵੀ ਨੂੰ ਇਸ ਸ਼ਾਨਦਾਰ ਪ੍ਰਾਪਤੀ 'ਤੇ ਵਧਾਈ ਦਿੱਤੀ ਅਤੇ ਰਾਸ਼ਟਰੀ ਪੱਧਰ 'ਤੇ ਉਸਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਹੈ।ਵਿਕਟੋਰੀਆ ਇੰਟਰਨੈਸ਼ਨਲ ਸਕੂਲ ਹਮੇਸ਼ਾ ਆਪਣੇ ਵਿਦਿਆਰਥੀਆਂ ਨੂੰ ਅਕਾਦਮਿਕ ਅਤੇ ਖੇਡਾਂ ਦੋਵਾਂ ਵਿਚ ਉੱਤਮਤਾ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰੇਗਾ। ਇਸ ਮੌਕੇ ਸਕੂਲ ਦੇ ਖੇਡ ਅਧਿਆਪਕ ਅਤੇ ਕੋਚ ਮੌਜੂਦ ਸਨ।



# ਲੱਖ ਦਾਤਾ ਦੇ ਦਰਬਾਰ 'ਤੇ ਜੋੜ ਮੇਲਾ ਅੱਜ ਤੋਂ

**ਬਸਤੀ ਸ਼ੇਖ ਜਲੰਧਰ (ਲਖਵਿੰਦਰ ਸਿੰਘ)**- ਪੀਰ ਬਾਬਾ ਲੱਖ ਦਾਤਾ ਦੇ ਦਰਬਾਰ 'ਤੇ ਨੌਜਵਾਨ ਸਭਾ ਅਤੇ ਐਨ ਆਰ ਆਈ ਵੀਰਾਂ, ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਲਾਨਾ ਸੱਭਿਆਚਾਰਕ ਜੋੜ ਮੇਲਾ ਬੜੀ ਧੂਮਧਾਮ ਨਾਲ 16,17 ਜੁਲਾਈ ਨੂੰ ਪਿੰਡ ਆਧੀ ਜ਼ਿਲ੍ਹਾ ਜਲੰਧਰ ਵਿਖੇ ਮਨਾਇਆ ਜਾ ਰਿਹਾ ਹੈ। ਦਰਬਾਰ ਦੇ ਮੁੱਖ ਸੇਵਾਦਾਰ ਗਾਇਕ ਜਗਤਾਰ ਤਾਰੀ ਨੇ ਦੱਸਿਆ ਕਿ 16 ਜੁਲਾਈ ਦੀ ਰਾਤ ਨੂੰ ਸੁੱਖਾ ਰਾਮ ਸਰੋਆ ਐਂਡ ਪਾਰਟੀ ਵੱਲੋਂ ਬੀਬੀ ਰਜਨੀ ਬਾਰੇ ਡਰਾਮਾ ਪੇਸ਼ ਕੀਤਾ ਜਾਵੇਗਾ ਅਤੇ 17 ਜੁਲਾਈ ਨੂੰ ਸਵੇਰੇ 10 ਵਜੇ ਝੰਡੇ ਦੀ ਰਸਮ ਅਦਾ ਕੀਤੀ ਜਾਵੇਗੀ। 11 ਵਜੇ ਸੱਭਿਆਚਾਰਕ ਮੇਲਾ ਸ਼ੁਰੂ ਕੀਤਾ ਜਾਵੇਗਾ। ਇਸ ਮੌਕੇ ਗਾਇਕ ਜੋੜੀ ਅਮਰੀਕ ਮਾਇਕਲ ਆਰ ਕੌਰ ਰੋਜ਼ੀ, ਜੋਤ ਸ਼ਰਮਾ ਸੂਫੀ ਗਾਇਕ, ਆਰਤੀ ਅਨਮੋਲ ਸੂਫੀ ਗਾਇਕ, ਜਗਤਾਰ ਤਾਰੀ, ਅੰਕੁਸ਼, ਅਤੇ ਜਸਵੀਰ ਸ਼ੀਰਾ ਆਧੀ ਵਾਲੇ ਸੰਗਤਾਂ ਨੂੰ ਸੱਭਿਆਚਾਰ ਗੀਤ ਸੁਣਾ ਕੇ ਨਿਹਾਲ ਕਰਨਗੇ। ਲੰਗਰ ਅਤੁੱਟ ਵਰਤਾਇਆ ਜਾਵੇਗਾ।



# ਫਸਲੀ ਵਿਭਿੰਨਤਾ ਬਾਰੇ ਕਿਸਾਨਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ : ਰਾਜੀਵ ਵਰਮਾ

**ਸ਼ਹੀਦ ਭਗਤ ਸਿੰਘ ਨਗਰ (ਮਨੋਜ ਲਾਡੀ)**- ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਸ਼ਹੀਦ ਭਗਤ ਸਿੰਘ ਨਗਰ ਦੀ ਪ੍ਰਧਾਨਗੀ ਹੇਠ ਖੇਤੀਬਾੜੀ ਪੈਦਾਵਾਰ ਕਮੇਟੀ ਦੀ ਮੀਟਿੰਗ ਕੀਤੀ ਗਈ, ਜਿਸ ਵਿੱਚ ਮੁੱਖ ਖੇਤੀਬਾੜੀ ਅਫ਼ਸਰ ਸ਼ਹੀਦ ਭਗਤ ਸਿੰਘ ਨਗਰ, ਰਾਕੇਸ਼ ਕੁਮਾਰ ਸ਼ਰਮਾ ਕਨਵੀਨਰ ਖੇਤੀਬਾੜੀ ਪੈਦਾਵਾਰ ਕਮੇਟੀ ਤੋਂ ਇਲਾਵਾ ਖੇਤੀਬਾੜੀ ਨਾਲ ਸਬੰਧਤ ਮਹਿਕਮਿਆਂ ਦੇ ਅਧਿਕਾਰੀ ਅਤੇ ਕਿਸਾਨ ਮੈਂਬਰ ਸ਼ਾਮਲ ਹੋਏ।ਵਧੀਕ ਡਿਪਟੀ ਕਮਿਸ਼ਨਰ ਜਨਰਲ, ਸ਼ਹੀਦ ਭਗਤ ਸਿੰਘ ਨਗਰ ਵਲੋਂ ਹਦਾਇਤ ਕੀਤੀ ਗਈ ਕਿ ਕਿਸਾਨਾਂ ਨੂੰ ਵੱਧ ਤੋਂ ਵੱਧ ਫ਼ਸਲੀ ਵਿਭਿੰਨਤਾ ਅਤੇ ਬਾਗਾਂ ਦੀ ਕਾਸ਼ਤ ਸਬੰਧੀ ਜਾਗਰੂਕ ਕੀਤਾ ਜਾਵੇ ਤਾਂ ਜੋ ਰਵਾਇਤੀ ਫਸਲਾਂ ਹੇਠ ਰਕਬਾ ਕੱਢ ਕੇ ਬਾਗਾਂ ਅਤੇ ਸਬਜ਼ੀਆਂ ਹੇਠ ਲਿਆਂਦਾ ਜਾ ਸਕੇ। ਇਸ ਦੌਰਾਨ ਉਹਨਾਂ ਕਿਹਾ ਕਿ ਜ਼ਿਲ੍ਹੇ ਅੰਦਰ ਆੜੂ, ਨਾਖਾਂ ਦੇ ਬਾਗਾਂ ਦੀ ਵਧੀਆ ਕਾਸ਼ਤ ਹੋ ਸਕਦੀ ਹੈ ਅਤੇ ਸਰਕਾਰ ਵਲੋਂ ਬਾਗਾਂ ਦੀ ਕਾਸ਼ਤ ਵਾਸਤੇ 50 ਹਜ਼ਾਰ ਰੁਪਏ ਸਬਸਿਡੀ ਪ੍ਰਤੀ ਹੈਕਟੇਅਰ ਦਿੱਤੀ ਜਾ ਰਹੀ ਹੈ ਜੋ ਕਿ ਪਹਿਲੇ ਸਾਲ 30 ਹਜ਼ਾਰ ਰੁਪਏ ਅਤੇ ਦੂਜੇ ਸਾਲ 20 ਹਜ਼ਾਰ ਰੁਪਏ ਦਿੱਤੀ ਜਾਵੇਗੀ। ਇਸ ਦੌਰਾਨ ਰਾਜੀਵ ਵਰਮਾ ਵਧੀਕ ਡਿਪਟੀ ਕਮਿਸ਼ਨਰ ਜਨਰਲ, ਸ਼ਹੀਦ ਭਗਤ ਸਿੰਘ ਨਗਰ ਨੇ ਖਾਦਾਂ ਦੀ ਆ ਰਹੀ ਕਿੱਲਤ ਸਬੰਧੀ ਮਾਰਕਫੈਡ ਅਤੇ ਇਫ਼ਕੋ ਨੂੰ ਨਿਰਦੇਸ਼ ਦਿੱਤਾ ਕਿ ਇਸ ਹਫ਼ਤੇ ਦੇ ਅੰਦਰ-ਅੰਦਰ ਖ਼ਾਦ ਦੀ ਥੋੜ੍ਹੀ-ਬਹੁਤ ਕਿੱਲਤ ਆ ਰਹੀ ਹੈ, ਉਸ ਨੂੰ ਦੂਰ ਕੀਤਾ ਜਾਵੇ ਅਤੇ ਕਿਸਾਨਾਂ ਨੂੰ ਖ਼ੁਦ ਪ੍ਰਾਪਤ ਕਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਮੀਟਿੰਗ ਦੌਰਾਨ ਉਹਨਾਂ ਮੁੱਖ ਖੇਤੀਬਾੜੀ ਅਫ਼ਸਰ ਅਤੇ ਸਹਾਇਕ ਨਿਰਦੇਸ਼ਕ ਬਗਾਵਾਨੀ ਅਫ਼ਸਰ ਨੂੰ ਨਿਰਦੇਸ਼ ਦਿੱਤਾ ਕਿ ਬੇਬੀ ਕੌਰਨ ਮੱਕੀ, ਆੜੂ ਅਤੇ ਮਟਰਾਂ ਹੇਠ ਰਕਬੇ ਨੂੰ ਵਧਾਇਆ ਜਾਵੇ ਤਾਂ ਜੋ ਜ਼ਿਲ੍ਹੇ ਨੂੰ ਫ਼ਸਲੀ ਵਿਭਿੰਨਤਾ ਦੀ ਹੱਬ ਬਣਾਇਆ ਜਾ ਸਕੇ। ਮੀਟਿੰਗ ਦੌਰਾਨ ਮੁੱਖ ਖੇਤੀਬਾੜੀ ਅਫ਼ਸਰ, ਸ਼ਹੀਦ ਭਗਤ ਸਿੰਘ ਨਗਰ ਵਲੋਂ ਦੱਸਿਆ ਗਿਆ ਕਿ ਕਿਸਾਨਾਂ ਨੂੰ ਨੈਸ਼ਨਲ ਫੂਡ ਸਕਿਊਰਟੀ ਮਿਸ਼ਨ ਅਧੀਨ ਕਿਸਾਨਾਂ ਨੂੰ 8 ਕੁਇੰਟਲ ਗਰਮ ਰੁੱਤ ਦੀ ਮੂੰਗੀ ਦਾ ਬੀਜ ਅਤੇ ਸਾਉਣੀ ਰੁੱਤ ਦੀ ਮੂੰਗੀ ਦਾ 5 ਕੁਇੰਟਲ ਬੀਜ 50 ਰੁਪਏ ਪ੍ਰਤੀ ਕਿਲੋ ਸਬਸਿਡੀ 'ਤੇ ਮੁਹੱਈਆ ਕਰਵਾਇਆ ਗਿਆ। ਫ਼ਸਲੀ ਵਿਭਿੰਨਤਾ ਸਕੀਮ ਅਧੀਨ ਮੱਕੀ ਦੀਆਂ 350 ਹੈਕਟੇਅਰ ਰਕਬੇ ਦੀਆਂ ਪ੍ਰਦਰਸ਼ਨੀਆਂ ਲਗਵਾਈਆਂ ਗਈਆਂ। ਇਸ ਸਮੇਂ ਮੀਟਿੰਗ ਦੌਰਾਨ ਅਗਾਂਹਵਧੂ ਕਿਸਾਨ ਮਹਿੰਦਰ ਸਿੰਘ ਦੁਸਾਂਝ ਵਲੋਂ ਜ਼ਿਲ੍ਹੇ ਅੰਦਰ ਫ਼ਸਲੀ ਵਿਭਿੰਨਤਾ ਵਧਾਉਣ ਲਈ ਜ਼ਰੂਰੀ ਸੁਝਾਅ ਦਿੱਤੇ ਗਏ।



# ਸੀ ਬੀ ਐੱਸ ਈ ਵਾਲੀਬਾਲ ਕਲੱਸਟਰ 18 ਦੀਆਂ ਤਿਆਰੀਆਂ ਮੁਕੰਮਲ

**ਕਪੂਰਥਲਾ (ਹਨੀ)** ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਸੀ ਬੀ ਐਸ ਈ ਵਾਲੀਬਾਲ ਕਲਸਟਰ 18, ਅੰਡਰ 19, ਅੰਡਰ 17, ਅੰਡਰ 14 ਲੜਕੇ ਅਤੇ ਲੜਕੀਆਂ ਦੀ ਪ੍ਰਤੀਯੋਗਤਾ ਦਾ ਆਯੋਜਨ 17 ਤੋਂ 20 ਜੁਲਾਈ ਕੀਤਾ ਜਾ ਰਿਹਾ ਹੈ । ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਪ੍ਰਭਦੀਪ ਕੌਰ ਮੋਂਗਾ ਨੇ ਦੱਸਿਆ ਕਿ ਇਸ ਟੂਰਨਾਮੈਂਟ ਵਿੱਚ ਹਿੱਸਾ ਲੈਣ ਲਈ ਜੰਮੂ, ਟਾਂਡਾ, ਗੁਰਦਾਸਪੁਰ, ਰਈਆ, ਫਗਵਾੜਾ, ਅੰਮ੍ਰਿਤਸਰ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਨਵਾਂਸ਼ਹਿਰ, ਪਠਾਨਕੋਟ ਆਦਿ ਤੋਂ ਟੀਮਾਂ ਹਿੱਸਾ ਲੈ ਰਹੀਆਂ ਹਨ । ਉਨ੍ਹਾਂ ਦੱਸਿਆ ਕਿ ਖਿਡਾਰੀਆਂ ਲਈ ਲੋੜੀਂਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ।ਪ੍ਰਿੰਸੀਪਲ ਮੋਂਗਾ ਨੇ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਸ਼ੁੱਭ ਇਛਾਵਾਂ ਦਿੰਦੇ ਹੋਏ ਕਿਹਾ ਕਿ ਹਰ ਇੱਕ ਵਿਦਿਆਰਥੀ ਨੂੰ ਸਪੋਰਟਸਮੈਨਸ਼ਿਪ ਦੀ ਭਾਵਨਾ ਨਾਲ ਇਸ ਪ੍ਰਤੀਯੋਗਤਾ ਵਿੱਚ ਹਿੱਸਾ ਲੈਣਾ ਚਾਹੀਦਾ ਹੈ ।



# ਵਿਸ਼ਵ ਆਜ਼ਾਦੀ ਦਿਵਸ 'ਤੇ ਸੀ ਐੱਚ ਸੀ ਕਾਲਾ ਬੱਕਰਾ ਵਿਖੇ ਕਰਮਚਾਰੀਆਂ ਦੀ ਮੀਟਿੰਗ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**- ਸਰਕਾਰ ਮੰਤਰਾਲਾ ਸਿਹਤ ਵੱਲੋਂ ਮਿਲੇ ਹੁਕਮਾਂ ਅਤੇ ਸਿਵਲ ਸਰਜਨ ਜਲੰਧਰ ਡਾ. ਗੁਰਮੀਤ ਲਾਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਵਿਸ਼ਵ ਅਬਾਦੀ ਦਿਵਸ ਦੇ ਸਬੰਧ ਵਿੱਚ ਸਿਹਤ ਸੰਸਥਾ ਕਾਲਾ ਬੱਕਰਾ ਵਿਖੇ ਕਰਮਚਾਰੀਆਂ ਦੀ ਮੀਟਿੰਗ ਦਾ ਆਯੋਜਨ ਕੀਤਾ ਗਿਆ। ਸਿਹਤ ਸੰਸਥਾ ਪ੍ਰਮੁੱਖ ਡਾ. ਰਿਚਰਡ ਓਹਰੀ ਨੇ ਕਰਮਚਾਰੀਆਂ ਨੂੰ ਵਿਸ਼ਵ ਆਬਾਦੀ ਦਿਵਸ ਅਤੇ ਸਿਹਤ ਨਾਲ ਸਬੰਧਤ ਕਈ ਹੋਰ ਵਿਸ਼ਿਆਂ 'ਤੇ ਜਾਗਰੂਕ ਕੀਤਾ। ਉਨ੍ਹਾਂ ਨੇ ਕਰਮਚਾਰੀਆਂ ਨੂੰ ਜ਼ੋਰ ਦਿੰਦਿਆਂ ਕਿਹਾ ਕਿ ਵਧ ਰਹੀ ਆਬਾਦੀ ਦੇਸ਼ ਦੀ ਤਰੱਕੀ ਵਿੱਚ ਅੜਚਨ ਹੈ। ਹੁਣ ਦੇ ਸਮੇਂ ਦੌਰਾਨ ਪਰਵਾਰ ਵਿੱਚ ਜ਼ਿਆਦਾ ਬੱਚਿਆਂ ਦੀ ਪਾਲਣ ਪੋਸ਼ਣ ਚੰਗੀ ਤਰ੍ਹਾਂ ਨਹੀਂ ਹੋ ਸਕਦਾ। ਬੱਚਿਆਂ ਦੀ ਪੜ੍ਹਾਈ ਲਿਖਾਈ ਚੰਗੀ ਤਰ੍ਹਾਂ ਨਹੀਂ ਹੁੰਦੀ, ਬੱਚੇ ਸਿਹਤ ਪੱਖੋਂ ਕਮਜ਼ੋਰ ਰਹਿ ਜਾਂਦੇ ਹਨ ਅਤੇ ਜਲਦੀ ਹੀ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਬਿਮਾਰੀਆਂ ਤੋਂ ਬਚਾਅ ਲਈ ਚੰਗੀ ਸਿਹਤ ਦਾ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਮੀਡੀਆ ਰਾਹੀਂ ਬਲਾਕ ਭੋਗਪੁਰ ਦੇ ਪਿੰਡਾਂ ਦੇ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਣੇ ਪਰਵਾਰਾਂ ਨੂੰ ਸੀਮਿਤ ਰੱਖਿਆ ਜਾਵੇ। ਬੱਚਿਆਂ ਨੂੰ ਸੀਮਿਤ ਰੱਖਣ ਲਈ ਸਰਕਾਰ ਨੇ ਹਸਪਤਾਲ ਕਾਲਾ ਬੱਕਰਾ ਵਿੱਚ ਕਈ ਤਰ੍ਹਾਂ ਦੇ ਸਾਧਨ ਮੁਹੱਈਆ ਕਰ ਰੱਖੇ ਹਨ।ਇਸ ਤੋਂ ਇਲਾਵਾ ਬੱਚਿਆਂ ਦੀ ਰੋਕਥਾਮ ਲਈ 16 ਜੁਲਾਈ ਨੂੰ ਹਸਪਤਾਲ ਕਾਲਾ ਬੱਕਰਾ ਵਿੱਚ ਇਕ ਵਿਸ਼ਾਲ ਕੈਂਪ ਲਗਾਇਆ ਜਾ ਰਿਹਾ ਹੈ। ਜਿਸ ਵਿੱਚ ਔਰਤਾਂ ਤੇ ਮਰਦਾਂ ਦੇ ਮੁਫ਼ਤ ਅਪ੍ਰੇਸ਼ਨ ਕੀਤੇ ਜਾਣਗੇ। ਇਸ ਕੈਂਪ ਵਿੱਚ ਲਾਭਪਾਤਰੀਆਂ ਨੂੰ ਸਰਕਾਰ ਵੱਲੋਂ ਵਿੱਤੀ ਸਹਾਇਤਾ ਵੀ ਦਿੱਤੀ ਜਾਵੇਗੀ।

# ਪੈਨਸ਼ਨਰ ਐਸੋਸੀਏਸ਼ਨ ਤਹਿਸੀਲ ਮੁਕੇਰੀਆਂ ਦੀ ਹੋਈ ਵਿਸ਼ੇਸ਼ ਮੀਟਿੰਗ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੈਨਸ਼ਨਰ ਐਸੋਸੀਏਸ਼ਨ ਤਹਿਸੀਲ ਮੁਕੇਰੀਆਂ ਦੀ ਇੱਕ ਵਿਸ਼ੇਸ਼ ਮੀਟਿੰਗ ਸ਼ਨੀਵਾਰ 12 ਜੁਲਾਈ ਨੂੰ ਤਲਵਾੜਾ ਵਿਖੇ ਕੀਤੀ ਗਈ। ਇਸ ਮੀਟਿੰਗ ਦੀ ਪ੍ਰਧਾਨਗੀ ਗਿਆਨ ਸਿੰਘ ਗੁਪਤਾ ਨੇ ਕੀਤੀ। ਮੀਟਿੰਗ ਵਿੱਚ ਪਿਛਲੇ ਸੰਘਰਸ਼ਾਂ ਵਿੱਚ ਕੀਤੀ ਗਈ ਸ਼ਮੂਲੀਅਤ ਦਾ ਲੇਖਾ ਜੋਖਾ ਕੀਤਾ ਗਿਆ ਤੇ ਸ਼ਮੂਲੀਅਤ 'ਤੇ ਤਸੱਲੀ ਪ੍ਰਗਟ ਕੀਤੀ ਗਈ। ਮੀਟਿੰਗ ਵਿੱਚ ਛੇਵੇਂ ਤਨਖਾਹ ਕਮਿਸ਼ਨ ਦੇ ਬਕਾਇਆ ਸਬੰਧੀ ਪੈਨਸ਼ਨਰਾਂ ਨੂੰ ਆ ਰਹੀਆਂ ਮੁਸ਼ਕਲਾਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਪੈਨਸ਼ਨਰਾਂ ਨੂੰ ਦੱਸਿਆ ਗਿਆ ਕਿ ਇਸ ਸਬੰਧੀ ਲੋਕਲ ਬੈਂਕ ਸ਼ਾਖਾਵਾਂ ਨਾਲ ਮੀਟਿੰਗਾਂ ਕੀਤੀਆਂ ਗਈਆਂ ਹਨ। ਜਿਨ੍ਹਾਂ ਪੈਨਸ਼ਨਰਾਂ ਦੇ ਬਕਾਏ ਨਹੀਂ ਪਏ ਹਨ ਉਹ ਆਪਣੀ ਬੈਂਕ ਸ਼ਾਖਾ ਵਿੱਚ ਜਾ ਕੇ ਲਿਖਤੀ ਬੇਨਤੀ ਪੱਤਰ ਦੇਣ। ਜਿਹੜੇ ਪੈਨਸ਼ਨਰ ਜਾਂ ਫੈਮਲੀ ਪੈਨਸ਼ਨਰ ਸਵਰਗ ਸਿਧਾਰ ਚੁੱਕੇ ਹਨ ਅਤੇ ਉਨ੍ਹਾਂ ਦੇ ਵਾਰਸਾਂ ਨੂੰ ਬਕਾਏ ਨਹੀਂ ਮਿਲ ਰਹੇ ਉਹ ਇਸ ਸਬੰਧੀ ਜ਼ਰੂਰੀ ਕਾਗਜ਼ ਪੱਤਰ ਅਤੇ ਵਾਰਸਾਂ ਦੇ ਸਰਟੀਫਿਕੇਟ ਬੈਂਕ ਸ਼ਾਖਾ ਵਿੱਚ ਜਮ੍ਹਾ ਕਰਵਾਉਣ। ਜਿਨ੍ਹਾਂ ਵਾਰਸਾਂ ਦੇ ਪਾਸ ਲਾਈਫ ਟਾਈਮ ਏਰੀਅਰ ਦੇ ਕਾਗਜ਼ਾਤ ਹਨ ਉਹ ਇਹ ਕਾਗਜ਼ਾਤ ਬੈਂਕ ਸ਼ਾਖਾ ਨੂੰ ਵਿਖਾਉਣ ਅਤੇ ਉਨ੍ਹਾਂ ਨੂੰ ਬਕਾਏ ਪ੍ਰਾਪਤ ਕਰਨ ਵਿੱਚ ਆਸਾਨੀ ਹੋ ਸਕਦੀ ਹੈ। ਹੈਡਮਾਸਟਰ ਉੱਤਮ ਸਿੰਘ ਵਿਤ ਸਕੱਤਰ ਅਤੇ ਕੇਹਰ ਸਿੰਘ ਜਨਰਲ ਸਕੱਤਰ ਨੇ ਪਿਛਲੇ ਸੰਘਰਸ਼ਾਂ ਅਤੇ ਕੰਮਾਂ ਦੀ ਰਿਪੋਰਟ ਪੇਸ਼ ਕੀਤੀ। ਆਗੂਆਂ ਨੇ ਪੈਨਸ਼ਨਰਾਂ ਨੂੰ ਸੰਘਰਸ਼ਾਂ ਲਈ ਤਿਆਰ ਬਰ ਤਿਆਰ ਰਹਿਣ ਦਾ ਸੁਨੇਹਾ ਦਿੱਤਾ ਤਾਂ ਹੀ 2.59 ਗੁਣਾਂਕ ਨਾਲ ਪੈਨਸ਼ਨ ਦੋਹਰਾਈ ਸੰਭਵ ਹੋ ਸਕੇਗੀ। ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਕੈਸ਼ਲੈਸ ਹੈਲਥ ਸਕੀਮ ਤੁਰੰਤ ਲਾਗੂ ਕੀਤੀ ਜਾਏ ਅਤੇ ਫਿਕਸ ਮੈਡੀਕਲ ਭੱਤਾ 2000 ਰੁਪਏ ਪ੍ਰਤੀ ਮਹੀਨਾ ਕੀਤਾ ਜਾਵੇ। ਆਗੂਆਂ ਨੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਸੰਘਰਸ਼ਾਂ ਦੀ ਪੂਰਨ ਹਿਮਾਇਤ ਕਰਨ ਦਾ ਫੈਸਲਾ ਲਿਆ। ਆਗੂਆਂ ਨੇ ਕਿਹਾ ਕਿ ਜੇ ਅਸੀਂ ਸਾਂਝੇ ਸੰਘਰਸ਼ਾਂ ਦਾ ਪਿੜ ਨਾ ਮੱਲਿਆ ਤਾਂ ਆਉਣ ਵਾਲੇ ਸਮੇਂ ਵਿੱਚ ਸਾਡੀ ਪੈਨਸ਼ਨ ਦੇ ਉੱਪਰ ਵੀ ਕੁਹਾੜਾ ਚੱਲ ਸਕਦਾ ਹੈ। ਕੇਂਦਰ ਸਰਕਾਰ ਵੱਲੋਂ ਐਲਾਨੇ ਗਏ ਅੱਠਵੇਂ ਤਨਖਾਹ ਕਮਿਸ਼ਨ ਵਿੱਚ ਪੈਨਸ਼ਨਰਾਂ ਦੀ ਪੈਨਸ਼ਨ ਦੁਹਰਾਈ ਨੂੰ ਖੂਹ ਖਾਤੇ ਵਿੱਚ ਪਾਉਣ ਦੀਆਂ ਕਨਸੋਆਂ ਹਨ। ਕੇਂਦਰ ਸਰਕਾਰ ਸਮਾਜ ਭਲਾਈ ਦੇ ਸਾਰੇ ਕੰਮਾਂ 'ਤੇ ਕਟੌਤੀ ਕਰਕੇ ਕਾਰਪੋਰੇਟਾਂ ਦੇ ਹੱਕ ਦੇ ਵਿੱਚ ਖੜ੍ਹੀ ਨਜ਼ਰ ਆ ਰਹੀ ਹੈ। ਇਸ ਦਾ ਮੁਕਾਬਲਾ ਸੰਘਰਸ਼ ਕਰ ਰਹੇ ਸਾਰੇ ਵਰਗਾਂ ਨਾਲ ਮਿਲ ਜੁਲ ਕੇ ਇਕੱਠੇ ਸੰਘਰਸ਼ ਕਰਕੇ ਹੀ ਕੀਤਾ ਜਾ ਸਕਦਾ ਹੈ। ਇਸ ਮੀਟਿੰਗ ਨੂੰ ਮੇਲਾ ਸਿੰਘ, ਵੀਰ ਸਿੰਘ, ਜ਼ਿਲ੍ਹਾ ਜੁਆਇੰਟ ਸਕੱਤਰ ਸ਼ਿਵ ਕੁਮਾਰ ਅਤੇ ਪੰਡਿਤ ਓਮ ਦੱਤ ਨੇ ਵੀ ਸੰਬੋਧਨ ਕੀਤਾ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਰਜਿੰਦਰ ਪ੍ਰਸਾਦ, ਬਲਵੰਤ ਸਿੰਘ, ਕੁੰਦਨ ਲਾਲ, ਬੀਪੀਓ ਹੁਸ਼ਿਆਰ ਸਿੰਘ, ਭਗਵਾਨ ਦਾਸ, ਬਿਸ਼ਨ ਦਾਸ, ਬਲਵੀਰ ਸਿੰਘ, ਬਨਬਾਰੀ ਲਾਲ ਅਤੇ ਪਰਮੇਸ਼ਰੀ ਦਾਸ ਹਾਜੀਪੁਰ ਸਮੇਤ ਵੱਡੀ ਗਿਣਤੀ ਵਿੱਚ ਪੈਨਸ਼ਨਰ ਹਾਜ਼ਰ ਸਨ।



# ਡਿਪਟੀ ਕਮਿਸ਼ਨਰ ਨੇ ਸ਼ੇਖੇ ਪਿੰਡ 'ਚ ਮਾਡਲ ਮੁੜ-ਵਸੇਬਾ ਕੇਂਦਰ ਦਾ ਲਿਆ ਜਾਇਜ਼ਾ

**ਜਲੰਧਰ (ਸ਼ੈਲੀ ਐਲਬਰਟ)**- ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸ਼ੇਖੇ ਪਿੰਡ ਵਿਖੇ ਮਾਡਲ ਮੁੜ ਵਸੇਬਾ ਕੇਂਦਰ ਦਾ ਦੌਰਾ ਕੀਤਾ ਅਤੇ ਸਬੰਧਤ ਵਿਭਾਗਾਂ ਨੂੰ ਅਗਲੇ ਮਹੀਨੇ ਤੱਕ ਇਸ ਪ੍ਰਾਜੈਕਟ ਨੂੰ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ। ਡਾ. ਅਗਰਵਾਲ ਨੇ ਦੱਸਿਆ ਕਿ ਇਸ ਸਥਾਨ 'ਤੇ ਅਤਿ-ਆਧੁਨਿਕ ਮੁੜ ਵਸੇਬਾ ਕੇਂਦਰ ਬਣਾਇਆ ਜਾਵੇਗਾ, ਜੋ ਕਿ ਜਿਮਨੇਜ਼ੀਅਮ, ਹੁਨਰ ਵਿਕਾਸ ਕੇਂਦਰ, ਗਾਰਡਨ, ਕਾਊਂਸਲਿੰਗ ਰੂਮ, ਯੋਗਾ ਕੇਂਦਰ ਅਤੇ ਹੋਰ ਬਹੁਤ ਸਾਰੀਆਂ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਹੋਵੇਗਾ। ਡਾ. ਅਗਰਵਾਲ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਨ੍ਹਾਂ ਸਹੂਲਤਾਂ ਦਾ ਉਦੇਸ਼ ਨਸ਼ੇ ਦੇ ਆਦੀ ਵਿਅਕਤੀਆਂ ਦੀ ਮੁੜ ਵਸੇਬਾ ਪ੍ਰਕਿਰਿਆ ਮੁਕੰਮਲ ਕਰਨਾ ਤੇ ਉਨ੍ਹਾਂ ਦੇ ਜੀਵਨ ਵਿੱਚ ਬਦਲਾਅ ਲਿਆਉਣਾ ਹੈ। ਇਸ ਮੌਕੇ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ ਵਿਵੇਕ ਮੋਦੀ ਵੀ ਮੌਜੂਦ ਸਨ। ਆਪਣੇ ਦੌਰੇ ਦੌਰਾਨ ਡਿਪਟੀ ਕਮਿਸ਼ਨਰ ਨੇ ਚੱਲ ਰਹੇ ਕੰਮ ਦਾ ਜਾਇਜ਼ਾ ਲਿਆ ਅਤੇ ਕੇਂਦਰ ਦੇ ਨਵੀਨੀਕਰਨ ਲਈ ਕੀਤੇ ਗਏ ਕਾਰਜਾਂ ਦਾ ਮੁਲਾਂਕਣ ਕੀਤਾ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਨਿਰਧਾਰਤ ਸਮੇਂ ਦੇ ਅੰਦਰ ਕੰਮ ਮੁਕੰਮਲ ਕੀਤੇ ਜਾਣ। ਡਾ. ਅਗਰਵਾਲ ਨੇ ਦੱਸਿਆ ਕਿ ਮਾਡਲ ਮੁੜ ਵਸੇਬਾ ਕੇਂਦਰ ਦਾ ਉਦਘਾਟਨ ਅਗਸਤ 2025 ਤੱਕ ਹੋਣ ਦੀ ਉਮੀਦ ਹੈ ਅਤੇ ਇਹ ਪੰਜਾਬ ਸਰਕਾਰ ਦੀ ਪ੍ਰਮੁੱਖ ਪਹਿਲਕਦਮੀ ਯੁੱਧ ਨਸ਼ਿਆਂ ਵਿਰੁੱਧ ਤਹਿਤ ਇੱਕ ਹੋਰ ਮਹੱਤਵਪੂਰਨ ਮੀਲ ਪੱਥਰ ਸਾਬਤ ਹੋਵੇਗਾ।ਉਨ੍ਹਾਂ ਜਲੰਧਰ ਪ੍ਰਸ਼ਾਸਨ ਦੀ ਸਮਾਜ ਵਿੱਚੋਂ ਨਸ਼ਿਆਂ ਨੂੰ ਪੂਰੀ ਤਰ੍ਹਾਂ ਖ਼ਤਮ ਅਤੇ ਨਸ਼ੇ ਦੇ ਜਾਲ ਵਿੱਚ ਫਸੇ ਲੋਕਾਂ ਦਾ ਸਹੀ ਇਲਾਜ ਅਤੇ ਮੁੜ ਵਸੇਬਾ ਯਕੀਨੀ ਬਣਾਉਣ ਦੀ ਵਚਨਬੱਧਤਾ ਦੁਹਰਾਈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਕੇਂਦਰ ਨਸ਼ਿਆਂ ਦੀ ਦਲਦਲ 'ਚੋਂ ਨਿਕਲ ਰਹੇ ਵਿਅਕਤੀਆਂ ਨੂੰ ਜ਼ਿੰਦਗੀ ਦੀ ਨਵੀਂ ਸ਼ੁਰੂਆਤ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ ਅਤੇ ਇਹ ਯਕੀਨੀ ਬਣਾਏਗਾ ਕਿ ਉਹ ਸਮਾਜ ਵਿੱਚ ਸਨਮਾਨ ਨਾਲ ਜੁੜ ਸਕਣ।



# ਪ੍ਰਿੰਸੀਪਲ ਨੇ ਕਾਲਜ ਨੂੰ ਸਮਾਰਟ ਕਾਲਜ ਬਣਾਉਣ ਲਈ ਕੈਨੇਡਾ ਵਾਸੀਆਂ ਨਾਲ ਕੀਤੀ ਮੁਲਾਕਾਤ

**ਬੰਗਾ (ਅਵਤਾਰ ਕਲੇਰ)**- ਨੈਸ਼ਨਲ ਕਾਲਜ ਬੰਗਾ ਦੇ ਪ੍ਰਿੰਸੀਪਲ ਤਰਸੇਮ ਸਿੰਘ ਭਿੰਡਰ ਕੈਨੇਡਾ ਦੀ ਫੇਰੀ ਮੌਕੇ ਵੱਖ-ਵੱਖ ਸ਼ਹਿਰਾਂ ਵਿੱਚ ਵਿਚਰਦੇ ਹੋਏ ਆਪਣੇ ਇਲਾਕੇ ਦੇ ਲੋਕਾਂ ਨੂੰ ਮਿਲੇ ਅਤੇ ਉਹਨਾਂ ਨੇ ਬੰਗਾ ਕਾਲਜ ਨੂੰ ਸਮਾਰਟ ਕਾਲਜ ਬਣਾਉਣ ਲਈ ਆਪਣੇ ਵਿਚਾਰ ਸਾਂਝੇ ਕੀਤੇ। 25 ਸਾਲ ਖਾਲਸਾ ਕਾਲਜ ਜਲੰਧਰ ਵਿਖੇ ਪ੍ਰਿੰਸੀਪਲ ਦੀ ਸੇਵਾ ਨਿਭਾਈ ਅਤੇ ਹੁਣ ਆਪਣੇ ਇਲਾਕੇ ਦੇ ਕਾਲਜ ਦੀ ਵਾਗਡੋਰ ਸੰਭਾਲੀ ਹੈ ਜਿਥੇ ਕਿ ਉਹ ਖੁਦ ਵਿਦਿਆਰਥੀ ਵੀ ਰਹੇ ਹਨ। ਉਹਨਾਂ ਦੇ ਨੇਕ ਇਰਾਦਿਆਂ ਨੂੰ ਖੂਬ ਬੂਰ ਪਿਆ ਹੈ। ਕੈਨੇਡਾ ਫੇਰੀ ਦੌਰਾਨ ਹਰਪਾਲ ਸਿੰਘ ਗਰਚਾ, ਮਾਸਟਰ ਸੁਖਦੇਵ ਸਿੰਘ ਗਰਚਾ, ਹਰਦਿਆਲ ਸਿੰਘ ਗਰਚਾ, ਜਸਵਿੰਦਰ ਗਰਚਾ, ਰਣਜੀਤ ਗਰਚਾ ਵਾਸੀ ਸੱਲ੍ਹਾਂ ਆਦਿ ਸੰਗੀ ਸਾਥੀਆਂ ਨੂੰ ਕੈਨੇਡਾ ਵਿਖੇ ਮਿਲੇ। ਜਿੱਥੇ ਉਹਨਾਂ ਨਾਲ ਨਿੱਘੀ ਮੁਲਾਕਾਤ ਹੋਈ ਅਤੇ ਉਹਨਾਂ ਦੇ ਵਿਚਾਰਾਂ ਨਾਲ ਆਦਾਨ-ਪ੍ਰਦਾਨ ਹੋਇਆ। ਸਾਰੇ ਸਾਥੀਆਂ ਨੇ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਗਰਚਾ ਭਰਾਵਾਂ ਨੇ ਕਿਹਾ ਕਿ ਕਾਲਜ ਵਿੱਚ ਮਾਇਕ ਤੌਰ 'ਤੇ ਯੋਗਦਾਨ ਪਾਉਣ ਤੋਂ ਬਾਅਦ ਹੁਣ ਅਸੀਂ ਸਾਰੇ ਭਰਾ ਇਲਾਕੇ ਦੇ ਕਾਲਜ ਲਈ ਸਹਿਯੋਗ ਕਰ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ ਅਤੇ ਬਾਕੀ ਸਾਰਿਆਂ ਜੋ ਵੀ ਇਸ ਕਾਲਜ ਵਿੱਚ ਪੜ੍ਹਦੇ ਰਹੇ ਹਨ ਨੂੰ ਵੀ ਅਪੀਲ ਕਰਦੇ ਹਾਂ ਕਿ ਕਾਲਜ ਨੂੰ ਸਮਾਰਟ ਕਾਲਜ ਬਣਾਉਣ ਲਈ ਯੋਗਦਾਨ ਪਾਈਏ।



# ਭਾਜਪਾ ਜ਼ਿਲ੍ਹਾ ਪ੍ਰਧਾਨ ਲੱਕੀ ਵੱਲੋਂ ਪੰਜਾਬ ਪ੍ਰਧਾਨ ਜਾਖੜ ਤੇ ਚੇਅਰਮੈਨ ਲਾਲਪੁਰਾ ਨਾਲ ਵਿਸ਼ੇਸ਼ ਮੁਲਾਕਾਤ

**ਬਲਾਚੌਰ (ਜਸਵਿੰਦਰ ਬੈਂਸ)**- ਭਾਜਪਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਵੱਲੋਂ ਪਾਰਟੀ ਦਫਤਰ ਚੰਡੀਗੜ੍ਹ ਵਿਖੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਲੱਕੀ ਨੇ ਦੱਸਿਆ ਕਿ ਪ੍ਰਧਾਨ ਸੁਨੀਲ ਜਾਖੜ ਨਾਲ ਹਲਕਾ ਬਲਾਚੌਰ ਅੰਦਰ ਪਾਰਟੀ ਗਤੀਵਿਧੀਆਂ ਨੂੰ ਲੈ ਕੇ ਵਿਚਾਰ ਵਟਾਂਦਰੇ ਕੀਤੇ ਗਏ। ਉਨ੍ਹਾਂ ਦੱਸਿਆ ਕਿ ਪਾਰਟੀ ਵੱਲੋਂ ਪਿਛਲੇ ਕੁਝ ਦਿਨਾਂ ਤੋਂ ਕੇਂਦਰ ਸਰਕਾਰ ਦੁਆਰਾ ਚਲਾਈ ਗਈ ਮੁਹਿੰਮ ਤਹਿਤ ਕੇਂਦਰੀ ਸਕੀਮਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਪਿੰਡ ਪਿੰਡ ਕੈਂਪ ਲਗਾਏ ਜਾ ਰਹੇ ਹਨ ਜਿਨ੍ਹਾਂ ਵਿੱਚ ਬਹੁਗਿਣਤੀ ਲੋਕਾਂ ਵੱਲੋਂ ਸ਼ਮੂਲੀਅਤ ਕੀਤੀ ਜਾ ਰਹੀ ਹੈ ਅਤੇ ਕੇਂਦਰ ਸਰਕਾਰ ਦੀਆਂ ਸਕੀਮਾਂ ਦਾ ਲਾਭ ਉਠਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਾਰਟੀ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਪਿੰਡ ਪੱਧਰ 'ਤੇ ਬਰੀਕੀ ਨਾਲ ਜਨ ਸੰਪਰਕ ਕਰਕੇ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਵਾਲੀਆਂ ਚੋਣਾਂ ਲਈ ਮਜ਼ਬੂਤ ਪਲੇਟਫਾਰਮ ਤਿਆਰ ਕੀਤਾ ਜਾਵੇ ਤਾਂ ਜੋ ਪੰਜਾਬ ਅੰਦਰ ਭਾਜਪਾ ਦੀ ਸਰਕਾਰ ਬਣਾਉਣ ਦਾ ਰਾਹ ਸੁਖਾਲਾ ਹੋ ਸਕੇ। ਇਸ ਮੌਕੇ ਐਡਵੋਕੇਟ ਅਮਨ ਰਾਣਾ ਜ਼ਿਲ੍ਹਾ ਜਨਰਲ ਸਕੱਤਰ, ਜ਼ਿਲ੍ਹਾ ਉਪ ਪ੍ਰਧਾਨ ਅਜੈ ਕਟਾਰੀਆ, ਜ਼ਿਲ੍ਹਾ ਯੂਥ ਪ੍ਰਧਾਨ ਪੰਕਜ ਕੁਮਾਰ ਅਤੇ ਹੋਰ ਵੱਖ-ਵੱਖ ਸ਼ਖਸੀਅਤਾਂ ਹਾਜ਼ਰ ਸਨ।



# ਗੁਰਦੁਆਰੇ ਦੀ ਬਿਲਡਿੰਗ ਦੀ ਸੇਵਾ ਲਈ ਐੱਸ ਜੀ ਪੀ ਸੀ ਵੱਲੋਂ 50 ਹਜ਼ਾਰ ਦਾ ਸਹਾਇਤਾ ਚੈੱਕ ਭੇਟ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਪੰਡੋਰੀ ਕੱਦ (ਹੁਸ਼ਿਆਰਪੁਰ) ਗੁਰਦੁਆਰਾ ਸਿੰਘ ਸਭਾ ਸਾਹਿਬ ਦੇ ਪ੍ਰਧਾਨ ਜਥੇਦਾਰ ਹਜਾਰਾ ਸਿੰਘ ਅਤੇ ਸੈਕਟਰੀ ਜਥੇਦਾਰ ਮਾਸਟਰ ਮਲਕੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰਦੁਆਰਾ ਸਾਹਿਬ ਦੀ ਉਸਾਰੀ ਚੱਲ ਰਹੀ ਹੈ, ਜਿਸ ਵਿੱਚ ਨਗਰ, ਇਲਾਕੇ ਦੀਆਂ ਸੰਗਤਾਂ ਅਤੇ ਐਨ ਆਰ ਆਈ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੀ ਪੁਰਾਤਨ ਇਮਾਰਤ ਦੀ ਜਗ੍ਹਾ ਨਵੀਂ ਇਮਾਰਤ ਦੀ ਉਸਾਰੀ ਕੀਤੀ ਜਾ ਰਹੀ ਹੈ। ਜਿਸ ਪਿੰਡ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਲਕੇ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਜਥੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਨਾਲ ਰਾਬਤਾ ਕੀਤਾ ਗਿਆ । ਉਨ੍ਹਾਂ ਐਸ ਜੀ ਪੀ ਸੀ ਤੋਂ ਬੀਤੇ ਦਿਨੀਂ ਪਿੰਡ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹਾਜ਼ਰੀ ਵਿੱਚ 50 ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦਾ ਚੈੱਕ ਭੇਟ ਕੀਤਾ ਗਿਆ ।ਇਸ ਮੌਕੇ ਕਮੇਟੀ ਪ੍ਰਧਾਨ ਜਥੇਦਾਰ ਹਜਾਰਾ ਸਿੰਘ, ਸਕੱਤਰ ਜਥੇਦਾਰ ਮਾਸਟਰ ਮਲਕੀਤ ਸਿੰਘ, ਖਜ਼ਾਨਚੀ ਸਰਵਣ ਸਿੰਘ, ਮੈਂਬਰ ਦਵਿੰਦਰ ਸਿੰਘ, ਸੁੱਚਾ ਸਿੰਘ, ਸੁਖਵਿੰਦਰ ਸਿੰਘ ਇਕਬਾਲ ਸਿੰਘ, ਸਤਪਾਲ ਸਿੰਘ, ਹਰਪਾਲ ਸਿੰਘ ਬਲਕਾਰ ਸਿੰਘ, ਜਥੇਦਾਰ ਸੁਰਜੀਤ ਸਿੰਘ ਮਸੂਤਾ ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਹਰਿ ਰਾਇ ਸਾਹਿਬ ਭੁੰਗਰਨੀ, ਉਂਕਾਰ ਸਿੰਘ ਜਗਤਾਰ ਸਿੰਘ ਭੁੰਗਰਨੀ ਆਦਿ ਹਾਜ਼ਰ ਸਨ ।

ਜਨਮ ਦਿਨ ਮੁਬਾਰਕ



ਨਵਰਾਜ ਸਿੰਘ ਔਜਲਾ
ਪਿਤਾ : ਰਣਜੀਤ ਸਿੰਘ
ਮਾਤਾ : ਰਾਵਿੰਦਰ ਕੌਰ
ਵਾਸੀ : ਕਪੂਰਥਲਾ